
**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
COLDWELL BANKER
Residential Brokerage
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193


**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet
Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery



**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com Associate Broker





Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 21, Issue 19, May 9, 2020 20451 N. Plum Grove Rd., Palatine, IL 60074 Ph:847-359-0746, Fax:847-705-9388


# ਕੈਪਟਨ ਅਮਰਿੰਦਰ ਸਿੰਘ ਦੀ ਕਪਤਾਨੀ ਉਤੇ ਫਿਰ ਸਵਾਲ

## ਕਰੋਨਾ ਬਾਰੇ ਦਾਅਵਿਆਂ ਦੀ ਪੋਲ ਖੁੱਲ੍ਹੀ

**ਚੰਡੀਗੜ੍ਹ:** ਹਜ਼ੂਰ ਸਾਹਿਬ ਤੋਂ ਪਰਤੇ ਵੱਡੀ ਗਿਣਤੀ ਸਿੱਖ ਸ਼ਰਧਾਲੂਆਂ ਦੇ ਕਰੋਨਾ ਪਾਜ਼ੇਟਿਵ ਆਉਣ ਨਾਲ ਪੰਜਾਬ ਸਰਕਾਰ ਦੇ ਇਸ ਮਹਾਮਾਰੀ ਖਿਲਾਫ ਵਿੱਢੀ ਜੰਗ ਬਾਰੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ ਹੈ। ਨਾਂਦੇੜ ਵਿਚ ਤਕਰੀਬਨ ਡੇਢ ਮਹੀਨੇ ਤੋਂ ਫਸੇ 4000 ਤੋਂ ਵੱਧ ਸ਼ਰਧਾਲੂ ਬੜੇ ਚਾਅ ਨਾਲ ਇਥੋਂ ਘਰ ਵਾਪਸੀ ਲਈ ਤੁਰੇ ਸਨ ਪਰ ਸਰਕਾਰ ਦੇ ਕੁਚੱਜੇ ਪ੍ਰਬੰਧਾਂ ਕਾਰਨ ਉਹ ਮਹਾਮਾਰੀ ਦੀ ਲਪੇਟ ਵਿਚ ਆ ਗਏ।

ਮਹਾਰਾਸ਼ਟਰ ਸਰਕਾਰ ਨੇ ਸ਼ਰਧਾਲੂਆਂ ਨੂੰ ਭੇਜਣ ਤੋਂ ਪਹਿਲਾਂ ਸਾਫ ਆਖਿਆ ਸੀ ਕਿ ਇਨ੍ਹਾਂ ਦੀ ਸਿਰਫ ਸਕੈਨਿੰਗ ਕੀਤੀ ਗਈ ਹੈ, ਕਿਸੇ ਦਾ ਟੈਸਟ ਨਹੀਂ ਹੋਇਆ। ਇਸ ਦੇ ਬਾਵਜੂਦ ਸ਼ਰਧਾਲੂਆਂ ਨੂੰ ਬਿਨਾਂ ਕਿਸੇ ਟੈਸਟ ਦੇ ਘਰਾਂ ਨੂੰ ਤੋਰ ਦਿੱਤਾ ਗਿਆ। ਇਹ ਵੀ ਸਾਹਮਣੇ ਆਇਆ ਹੈ ਕਿ ਮਹਾਰਾਸ਼ਟਰ ਵਿਚ ਦਿਹਾੜੀ ਲਈ ਪੰਜਾਬ ਤੋਂ ਗਏ ਵੱਡੀ ਗਿਣਤੀ ਕਾਮਿਆਂ ਨੂੰ ਵੀ ਸ਼ਰਧਾਲੂਆਂ ਦੇ ਨਾਲ ਬੱਸਾਂ ਵਿਚ ਚਾੜ੍ਹ ਦਿੱਤਾ ਗਿਆ।

ਇਸ ਤੋਂ ਵੀ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਸਿਆਸੀ ਲਾਹਾ ਲੈਣ ਲਈ ਸ਼ੱਕੀ ਸ਼ਰਧਾਲੂਆਂ ਨਾਲ ਕੈਦੀਆਂ ਤੋਂ ਵੀ ਮਾੜਾ ਸਲੂਕ ਕੀਤਾ ਜਾ ਗਿਆ। ਸ਼੍ਰੋਮਣੀ ਕਮੇਟੀ ਵਲੋਂ ਸ਼ਰਧਾਲੂਆਂ ਨੂੰ ਸਰਾਵਾਂ ਵਿਚ ਰੱਖਣ ਦੀ ਪੇਸ਼ਕਸ਼ ਠੁਕਰਾ ਕੇ ਉਨ੍ਹਾਂ ਨੂੰ ਡੇਰਿਆਂ ਤੇ ਸਕੂਲਾਂ ਵਿਚ ਤੂੜਿਆ ਗਿਆ। ਵੱਡੀ ਗਿਣਤੀ ਸ਼ਰਧਾਲੂ ਇਥੇ ਮਾੜੇ ਪ੍ਰਬੰਧਾਂ ਦੀਆਂ ਸ਼ਿਕਾਇਤਾਂ ਕਰਦੇ ਰਹੇ ਪਰ ਸਰਕਾਰ ਸਿਆਸੀ ਲਾਹੇ ਵਲ ਵੱਧ ਜ਼ੋਰ ਦਿੱਤਾ। ਉਧਰ, ਹਜ਼ੂਰ ਸਾਹਿਬ ਤੋਂ ਚੰਗੇ ਭਲੇ ਤੁਰੇ ਇਨ੍ਹਾਂ ਸ਼ਰਧਾਲੂਆਂ ਨੂੰ ਪੰਜਾਬ ਵੜਦੇ ਹੀ ਕਰੋਨਾ ਹੋਣ ਉਤੇ ਵੀ ਸਵਾਲ ਉਠ ਰਹੇ ਹਨ। ਕਰੋਨਾ ਪਾਜ਼ੇਟਿਵ ਆਏ ਸ਼ਰਧਾਲੂ ਖੁਦ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਵੀਡੀਓ/ਆਡੀਓ ਜਾਰੀ ਕਰ ਕੇ ਸਵਾਲ ਕਰ ਰਹੇ ਹਨ ਕਿ ਉਹ ਹੁਣ ਵੀ ਬਿਲਕੁਲ ਚੰਗੇ ਭਲੇ ਹਨ, ਕਿਸੇ ਨੂੰ ਕੋਈ ਤਕਲੀਫ ਨਹੀਂ, ਫਿਰ ਸਰਕਾਰ ਨੇ ਕਿਸ ਆਧਾਰ ਉਤੇ ਉਨ੍ਹਾਂ ਨੂੰ ਵਾਇਰਸ ਪੀੜਤ ਐਲਾਨ ਦਿੱਤਾ। ਇਕ ਸ਼ਰਧਾਲੂ ਨੇ ਤਾਂ ਇਥੋਂ ਤੱਕ ਆਖ ਦਿੱਤਾ ਹੈ ਕਿ ਉਨ੍ਹਾਂ ਦੇ 3000 ਦੇ ਜਥੇ ਵਿਚ ਬਜ਼ੁਰਗ ਤੇ ਬੱਚੇ ਵੀ ਸਨ, ਤੇ ਚੰਗੇ ਭਲੇ ਹਨ, ਉਹ ਖੁਦ ਹੈਰਾਨ ਹਨ ਕਿ ਉਨ੍ਹਾਂ ਨਾਲ ਇਹ ਹੋ ਕੀ ਗਿਆ?



ਸਵਾਲ ਇਹ ਵੀ ਹੈ ਕਿ ਹਰਿਆਣਾ ਦੇ ਹਜ਼ੂਰ ਸਾਹਿਬ ਵਿਖੇ ਫਸੇ 452 ਸ਼ਰਧਾਲੂ ਪੰਜਾਬ ਦੀ ਸੰਗਤ ਦੇ ਨਾਲ ਹੀ ਰਹੇ ਸਨ ਤੇ ਵਾਪਸ ਆਏ ਹਨ। ਅੰਬਾਲਾ ਵਿਖੇ ਹਰਿਆਣਾ ਸਰਕਾਰ ਨੇ ਇਨ੍ਹਾਂ ਸਾਰੇ ਸ਼ਰਧਾਲੂਆਂ ਦੇ ਕਰੋਨਾ ਟੈਸਟ ਕਰਵਾਏ ਹਨ ਤੇ ਇਨ੍ਹਾਂ ਵਿਚੋਂ ਇਕ ਵੀ ਸ਼ਰਧਾਲੂ ਪਾਜ਼ੇਟਿਵ


*(ਬਾਕੀ ਸਫਾ 6 ਉਤੇ)*


## ਸਿਆਸੀ ਧਿਰਾਂ ਦੀ ਇਕ-ਦੂਜੇ ਵਲ ਉਂਗਲ

ਪੰਜਾਬ ਤੇ ਮਹਾਰਾਸ਼ਟਰ ਦੀਆਂ ਸਰਕਾਰਾਂ ਤੇ ਸਿਆਸੀ ਪਾਰਟੀਆਂ, ਮਹਾਰਾਸ਼ਟਰ ਤੋਂ ਪੰਜਾਬ ਲਿਆਂਦੇ ਗਏ ਸ਼ਰਧਾਲੂਆਂ ਦੇ ਕਰੋਨਾ ਪਾਜ਼ੇਟਿਵ ਹੋਣ ਬਾਰੇ ਇਕ ਦੂਜੇ ਨੂੰ ਦੋਸ਼ ਦੇਣ ਵਿਚ ਰੁੱਝੀਆਂ ਹੋਈਆਂ ਹਨ। ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਕਹਿਣਾ ਹੈ ਕਿ ਉਨ੍ਹਾਂ ਪੰਜਾਬ ਸਰਕਾਰ ਨੂੰ ਤਖਤ ਹਜ਼ੂਰ ਸਾਹਿਬ ਤੋਂ ਆਉਣ ਵਾਲੇ ਸਾਰੇ ਸ਼ਰਧਾਲੂਆਂ ਦੀ ਟੈਸਟਿੰਗ ਲਾਜ਼ਮੀ ਕਰਵਾਉਣ ਲਈ ਅਗਾਊਂ ਚੌਕਸ ਕੀਤਾ ਸੀ। ਸੂਬਾ ਸਰਕਾਰ ਦੀ ਇਸੇ ਕੁਤਾਹੀ ਦਾ ਹੀ ਨਤੀਜਾ ਹੈ ਜੋ ਪੂਰੇ ਪੰਜਾਬ ਨੂੰ ਭੁਗਤਣਾ ਪੈ ਸਕਦਾ ਹੈ। ਇਹੀ ਨਹੀਂ, ਕਈ ਕਾਂਗਰਸੀ ਵਿਧਾਇਕ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਸਰਕਾਰ ਦੇ ਅਕਸ ਸੁਧਾਰਨ ਦੇ ਕੀਤੇ ਜਾ ਰਹੇ ਯਤਨਾਂ 'ਤੇ ਹੀ ਪਾਣੀ ਫੇਰ ਰਹੇ ਹਨ। ਕਾਂਗਰਸ ਦੇ ਕਈ ਆਗੂ ਸਰਕਾਰ ਨੂੰ ਇਹ ਤਰਕ ਦੇ ਰਹੇ ਹਨ ਕਿ ਜੇ ਸ਼ਰਧਾਲੂਆਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਸਰਾਵਾਂ ਵਿਚ ਠਹਿਰਾ ਦਿੱਤਾ ਤਾਂ ਇਸ ਦਾ ਰਾਜਸੀ ਲਾਹਾ ਸ਼੍ਰੋਮਣੀ ਅਕਾਲੀ ਦਲ ਨੂੰ ਚਲਾ ਜਾਵੇਗਾ ਤੇ ਕਾਂਗਰਸ ਨੂੰ ਭਵਿੱਖ ਵਿਚ ਨੁਕਸਾਨ ਹੋਵੇਗਾ। ਕਈ ਕਾਂਗਰਸੀ ਵਿਧਾਇਕ ਇਹ ਪ੍ਰਚਾਰ ਕਰਨ ਲੱਗੇ ਹੋਏ ਹਨ ਕਿ ਗੁਰਦੁਆਰਿਆਂ ਦੇ ਪ੍ਰਬੰਧਕ ਹੀ ਨਾਂਦੇੜ ਸਾਹਿਬ ਦੀਆਂ ਸੰਗਤਾਂ ਨੂੰ ਰੱਖਣ ਤੋਂ ਇਨਕਾਰ ਕਰ ਰਹੇ ਹਨ; ਹਾਲਾਂਕਿ ਕੈਪਟਨ ਅਮਰਿੰਦਰ ਸਿੰਘ ਸਣੇ ਕੁਝ ਮੰਤਰੀ ਇਸ ਨੂੰ ਖਹਿਬਾਜ਼ੀ ਆਖ ਕੇ ਖਹਿੜਾ ਛਡਾ ਰਹੇ ਹਨ।

## ਸਿੱਖਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼?

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਹੋਰ ਸਿੱਖ ਸੰਸਥਾਵਾਂ ਦੇ ਆਗੂਆਂ ਨੇ ਨਾਂਦੇੜ ਸਾਹਿਬ ਤੋਂ ਆਏ ਸ਼ਰਧਾਲੂਆਂ ਦੀਆਂ ਰਿਪੋਰਟਾਂ ਨੂੰ ਪਾਜ਼ੇਟਿਵ ਆਉਣ 'ਤੇ ਸ਼ੱਕ ਪ੍ਰਗਟਾਇਆ ਹੈ। ਜਥੇਦਾਰ ਦਾ ਕਹਿਣਾ ਹੈ ਕਿ ਡੇਢ ਮਹੀਨੇ ਤੋਂ ਤਖਤ ਹਜ਼ੂਰ ਸਾਹਿਬ ਨਾਂਦੇੜ ਵਿਖੇ ਗੁਰੂ ਘਰ ਵਿਚ ਰਹਿ ਰਹੇ ਸੈਂਕੜੇ ਸ਼ਰਧਾਲੂਆਂ ਦਾ ਮਹਾਰਾਸ਼ਟਰ ਸਰਕਾਰ ਵਲੋਂ ਵਾਰ-ਵਾਰ ਕਰਵਾਈ ਮੈਡੀਕਲ ਜਾਂਚ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਭੇਜੀਆਂ ਬੱਸਾਂ ਵਿਚ ਵਾਪਸ ਲਿਆਂਦਾ ਗਿਆ ਤਾਂ ਕੁਝ ਘੰਟਿਆਂ ਵਿਚ ਹੀ ਇਹ ਸ਼ਰਧਾਲੂ ਕਰੋਨਾ ਪਾਜ਼ੇਟਿਵ ਆਉਣੇ ਸ਼ੁਰੂ ਹੋ ਗਏ, ਕਿਤੇ ਇਹ ਸਿੱਖ ਕੌਮ ਨੂੰ ਮੁਸਲਮਾਨ ਭਾਈਚਾਰੇ ਵਾਂਗ ਬਦਨਾਮ ਕਰਨ ਦੀ ਸਾਜ਼ਿਸ਼ ਤਾਂ ਨਹੀਂ?

ਜਥੇਦਾਰ ਨੇ ਕਿਹਾ ਹੈ ਕਿ ਇਹ ਮਾਮਲਾ ਪਹਿਲੇ ਨਜ਼ਰੇ ਹੀ ਸ਼ੱਕੀ ਜਾਪ ਰਿਹਾ ਹੈ ਤੇ ਇਹ ਸਿੱਖਾਂ ਨੂੰ ਬਦਨਾਮ ਕਰਨ ਦੀ ਚਾਲ ਹੈ। ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਕਿਹਾ ਹੈ ਕਿ ਕਾਂਗਰਸੀ ਆਗੂ ਦਿਗਵਿਜੈ ਸਿੰਘ ਕੋਲ ਟਵੀਟ ਕਰ ਕੇ ਸਿੱਖਾਂ ਦੀ ਤੁਲਨਾ ਤਬਲੀਗੀਆਂ ਨਾਲ ਕਰਨ ਦਾ ਕੋਈ ਹੱਕ ਨਹੀਂ ਹੈ। ਸਿੱਖ ਕੌਮ ਨੇ ਕਦੇ ਕਿਸੇ ਜ਼ਾਬਤੇ ਜਾਂ ਸਰਕਾਰੀ ਹਦਾਇਤਾਂ ਦੀ ਉਲੰਘਣਾ ਨਹੀਂ ਕੀਤੀ। ਇਸ ਲਈ ਬਤੌਰ ਸਿੱਖ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅੱਗੇ ਆ ਕੇ ਅਜਿਹੇ ਵਿਅਕਤੀ ਨੂੰ ਜੁਆਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗ਼ੈਰ ਸਿੱਖਾਂ ਵਲੋਂ ਸਿੱਖ ਕੌਮ ਨੂੰ ਜਾਣਬੁੱਝ ਕੇ ਬਦਨਾਮ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ।


**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com



**WorldWide Travel, Inc**
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details



**Regal Jewels**
2625 W. Devon Ave. Chicago, IL 60659
773-262-4377 773-517-0517
WWW.REGALJEWELS.COM
Open 11am to 8pm Closed on Tuesday

# ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸ ਮਾਰਗ 'ਚ ਬਦਲੀ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸ ਮਾਰਗ ਦੀ ਬਣਾਈ ਯੋਜਨਾ ਵਿਚ ਪੰਜਾਬ ਪੱਧਰ ਉਤੇ ਤਬਦੀਲੀ ਕਰਨ ਦਾ ਮਾਮਲਾ ਭਖਣ ਲੱਗਿਆ ਹੈ। ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਪ੍ਰਧਾਨ



ਮੰਤਰੀ, ਕੇਂਦਰੀ ਮੰਤਰੀ ਨਿਤਿਨ ਗਡਕਰੀ ਅਤੇ ਹਰਦੀਪ ਸਿੰਘ ਪੁਰੀ ਨੂੰ ਪੱਤਰ ਭੇਜ ਕੇ ਇਸ ਐਕਸਪ੍ਰੈੱਸ ਮਾਰਗ ਵਿਚ ਕੀਤੀ ਤਬਦੀਲੀ ਰੱਦ ਕਰਨ ਦੀ ਮੰਗ ਕੀਤੀ। ਇਸੇ ਤਰ੍ਹਾਂ ਕਾਂਗਰਸੀ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਭੇਜਿਆ ਹੈ।

ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਆਖਿਆ ਕਿ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੂੰ ਇਸ ਸਬੰਧੀ ਪੱਤਰ ਭੇਜੇ ਹਨ, ਜਦੋਂਕਿ ਹਰਦੀਪ ਸਿੰਘ ਪੁਰੀ ਨਾਲ ਖੁਦ ਗੱਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਨੂੰ ਉਨ੍ਹਾਂ ਲੰਮੇ ਯਤਨਾਂ ਮਗਰੋਂ ਪ੍ਰਵਾਨਗੀ ਦਿਵਾਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਇਕ ਮੰਤਰੀ ਵੱਲੋਂ ਇਸ ਐਕਸਪ੍ਰੈੱਸ ਮਾਰਗ ਵਿਚ ਆਪਣੇ ਪੱਧਰ ਉਤੇ ਤਬਦੀਲੀ ਕੀਤੀ ਗਈ ਹੈ ਅਤੇ ਇਸ ਦਾ ਨਾਂ ਵੀ ਬਦਲ ਦਿੱਤਾ ਗਿਆ ਹੈ। ਇਸ ਮਾਰਗ ਨੂੰ ਦਿੱਲੀ-ਲੁਧਿਆਣਾ-ਕਟੜਾ ਕਰ ਦਿੱਤਾ ਗਿਆ ਹੈ ਅਤੇ ਅੰਮ੍ਰਿਤਸਰ ਨੂੰ ਇਸ ਵਿਚੋਂ ਮਨਫੀ ਕਰ ਦਿੱਤਾ ਗਿਆ ਹੈ। ਜਦੋਂਕਿ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡਾ, ਅੰਤਰ ਰਾਸ਼ਟਰੀ ਤੇ ਅੰਤਰਰਾਜੀ ਬੱਸ ਅੱਡਾ ਅਤੇ ਸਰਹੱਦੀ ਸ਼ਹਿਰ ਹੈ, ਜਿਥੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਆਉਂਦੇ ਹਨ। ਇਹ ਸ਼ਰਧਾਲੂ ਇਥੋਂ ਹੀ ਹਿਮਾਚਲ ਦੇ ਵੱਖ-ਵੱਖ ਥਾਵਾਂ ਅਤੇ ਕਟੜਾ ਸਥਿਤ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਵਾਸਤੇ ਵੀ ਜਾਂਦੇ ਹਨ। ਉਨ੍ਹਾਂ ਆਖਿਆ ਕਿ ਇਸ ਵਿਚ ਤਬਦੀਲੀ ਕਿਸੇ ਵੀ ਤਰ੍ਹਾਂ ਮਨਜ਼ੂਰ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਨਿਆਂ ਦਾ ਭਰੋਸਾ ਦਿੱਤਾ ਹੈ।

ਇਸ ਦੌਰਾਨ ਕਾਂਗਰਸੀ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਵੀ ਦੋ ਸਫਿਆਂ ਦਾ ਇਕ ਪੱਤਰ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖਿਆ ਹੈ, ਜਿਸ ਵਿਚ ਇਸ ਐਕਸਪ੍ਰੈੱਸ ਮਾਰਗ ਵਿਚ ਕੀਤੀ ਤਬਦੀਲੀ ਦਾ ਮੁੱਦਾ ਉਠਾਇਆ। ਉਨ੍ਹਾਂ ਆਖਿਆ ਕਿ ਇਸ ਐਕਸਪ੍ਰੈੱਸ ਮਾਰਗ ਦਾ ਮੁੱਖ ਮੰਤਵ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਨੂੰ ਸਿੱਧਾ ਗੁਰੂ ਨਗਰੀ ਅੰਮ੍ਰਿਤਸਰ ਨਾਲ ਅਤੇ ਕਟੜਾ ਸਥਿਤ ਵੈਸ਼ਨੋ ਦੇਵੀ ਮੰਦਿਰ ਨਾਲ ਜੋੜਨਾ ਸੀ। ਇਹ ਯੋਜਨਾ ਕੇਂਦਰ ਸਰਕਾਰ ਵੱਲੋਂ ਭਾਰਤ ਮਾਲਾ ਸਕੀਮ ਹੇਠ ਬਣਾਈ ਗਈ ਸੀ ਪਰ ਇਸ ਵਿਚੋਂ ਅੰਮ੍ਰਿਤਸਰ ਨੂੰ ਮਨਫੀ ਕਰਨ ਨਾਲ ਇਹ ਮਾਲਾ ਕਦੇ ਵੀ ਪੂਰੀ ਨਹੀਂ ਹੋ ਸਕਦੀ। ਇਸ ਤੋਂ ਪਹਿਲਾਂ ਸ੍ਰੀ ਔਜਲਾ ਵੱਲੋਂ ਪ੍ਰਧਾਨ ਮੰਤਰੀ ਨੂੰ ਵੀ ਇਸੇ ਸਬੰਧੀ ਇਕ ਪੱਤਰ ਭੇਜਿਆ ਗਿਆ ਹੈ।

## ਸ਼੍ਰੋਮਣੀ ਕਮੇਟੀ ਨੇ ਕੇਂਦਰ ਤੋਂ ਸਪਸ਼ਟੀਕਰਨ ਮੰਗਿਆ

**ਅੰਮ੍ਰਿਤਸਰ:** ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈਸ ਮਾਰਗ ਵਿਚ ਕੀਤੀ ਤਬਦੀਲੀ ਸਬੰਧੀ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਪਾਸੋਂ ਸਥਿਤੀ ਸਪੱਸ਼ਟ ਕਰਨ ਦੀ ਮੰਗ ਕੀਤੀ ਹੈ। ਇਸੇ ਤਰ੍ਹਾਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਵੀ ਆਖਿਆ ਕਿ ਇਹ ਐਕਸਪ੍ਰੈਸ ਮਾਰਗ ਨਾਲ ਜਦੋਂ ਤੱਕ ਅੰਮ੍ਰਿਤਸਰ ਨੂੰ ਨਹੀਂ ਜੋੜਿਆ ਜਾਵੇਗਾ, ਇਸ ਦੀ ਸਾਰਥਿਕਤਾ ਮੁਕੰਮਲ ਨਹੀਂ ਹੋਵੇਗੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਕੁਝ ਦਿਨਾਂ ਤੋਂ ਇਸ ਯੋਜਨਾ ਵਿਚੋਂ ਅੰਮ੍ਰਿਤਸਰ ਨੂੰ ਬਾਹਰ ਕਰਨ ਦੀ ਚਰਚਾ ਚਲ ਰਹੀ ਹੈ। ਜੇਕਰ ਅਜਿਹਾ ਹੈ ਤਾਂ ਇਹ ਜਾਇਜ਼ ਨਹੀਂ। ਕੇਂਦਰ ਸਰਕਾਰ ਨੂੰ ਇਸ ਬਾਰੇ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ।

## ਅੰਮ੍ਰਿਤਸਰ 'ਚੋਂ ਹੀ ਲੰਘੇਗਾ ਐਕਸਪ੍ਰੈੱਸ ਮਾਰਗ: ਹਰਸਿਮਰਤ

**ਚੰਡੀਗੜ੍ਹ:** ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸ ਮਾਰਗ ਕਰਤਾਰਪੁਰ ਵਿਚ ਦੋ ਹਿੱਸਿਆਂ 'ਚ ਵੰਡੇ ਜਾਣ ਮਗਰੋਂ ਇਸ ਦਾ ਇਕ ਹਿੱਸਾ ਅੰਮ੍ਰਿਤਸਰ ਵਿਚੋਂ ਦੀ ਹੋ ਕੇ ਲੰਘੇਗਾ, ਜਦਕਿ ਦੂਜਾ ਹਿੱਸਾ ਗੁਰਦਾਸਪੁਰ ਹੋ ਕੇ ਕਟੜਾ ਜਾਵੇਗਾ। ਕੇਂਦਰੀ ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ ਵਿਕਾਸ ਮੰਚ ਅਤੇ ਕੁਝ ਹੋਰ ਸਮਾਜ ਸੇਵੀ ਸੰਗਠਨਾਂ ਵੱਲੋਂ ਹਾਲ ਹੀ ਵਿਚ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ ਇਹ ਐਕਸਪ੍ਰੈੱਸ ਮਾਰਗ ਅੰਮ੍ਰਿਤਸਰ ਵਿਚੋਂ ਦੀ ਨਹੀਂ ਲੰਘ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਕੋਲ ਉਠਾਇਆ ਸੀ ਅਤੇ ਸ੍ਰੀ ਗਡਕਰੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਲੋਕਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ।

# ਪੰਜਾਬ ਵਿਚ ਕਰਫਿਊ ਅਜੇ ਜਾਰੀ ਰਹੇਗਾ; ਦੋ ਹਫਤੇ ਹੋਰ ਵਧਾਏ

**ਚੰਡੀਗੜ੍ਹ:** ਪੰਜਾਬ ਵਿਚ ਹੁਣ 17 ਮਈ ਤੱਕ ਕਰਫਿਊ ਜਾਰੀ ਰਹੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਕਰਫਿਊ ਦੇ ਵਾਧੇ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਵਿਚ 3 ਮਈ ਤੋਂ ਬਾਅਦ ਦੋ ਹਫਤਿਆਂ ਲਈ ਹੋਰ ਕਰਫਿਊ ਲਾਗੂ ਰਹੇਗਾ, ਪਰ ਲੌਕਡਾਊਨ ਦੌਰਾਨ ਆਇਦ ਪਾਬੰਦੀਆਂ ਵਿਚ ਚਾਰ ਘੰਟਿਆਂ ਲਈ ਛੋਟ ਦਿੱਤੀ ਜਾਵੇਗੀ।



ਸੀਮਤ ਤੇ ਰੈੱਡ ਜ਼ੋਨਾਂ ਵਾਲੇ ਖੇਤਰਾਂ ਵਿਚ ਹਾਲਾਂਕਿ ਪਾਬੰਦੀਆਂ ਪਹਿਲਾਂ ਵਾਂਗ ਜਾਰੀ ਰਹਿਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੂੰ ਕੋਵਿਡ ਦੀ ਸਥਿਤੀ 'ਚੋਂ ਬਾਹਰ ਕੱਢਣ ਲਈ ਬਣਾਈ ਗਈ ਮਾਹਿਰਾਂ ਦੀ ਕਮੇਟੀ ਦੀ ਰਿਪੋਰਟ ਅਤੇ ਸਮਾਜ ਦੇ ਵੱਖ-ਵੱਖ ਖੇਤਰਾਂ ਤੋਂ ਪ੍ਰਾਪਤ ਫੀਡਬੈਕ ਦੇ ਆਧਾਰ ਉਤੇ ਇਹ ਜ਼ਰੂਰੀ ਹੈ ਕਿ ਲੌਕਡਾਊਨ ਦੌਰਾਨ ਆਇਦ ਪਾਬੰਦੀਆਂ ਅਜੇ ਥੋੜ੍ਹਾ ਸਮਾਂ ਹੋਰ ਜਾਰੀ ਰੱਖੀਆਂ ਜਾਣ। ਮੁੱਖ ਮੰਤਰੀ ਨੇ ਕਿਹਾ ਕਿ ਕਰੋਨਾ ਵਾਇਰਸ ਮਹਾਮਾਰੀ ਨੂੰ ਲੈ ਕੇ ਮਾਹਿਰਾਂ ਦੀ ਵੱਖ-ਵੱਖ ਰਾਏ ਹੈ, ਪਰ ਅਜਿਹੇ ਸੰਕੇਤ ਮਿਲਦੇ ਹਨ ਕਿ ਕਰੋਨਾ ਸੰਕਟ ਜੁਲਾਈ/ਅਗਸਤ ਤੱਕ ਜਾਂ ਫਿਰ ਸਤੰਬਰ ਤੱਕ ਜਾਰੀ ਰਹੇਗਾ।

ਪੰਜਾਬ ਵਿਚ ਕਰਫਿਊ/ਲੌਕਡਾਊਨ ਹੁਣ 17 ਮਈ ਤੱਕ ਜਾਰੀ ਰਹੇਗਾ, ਪਰ ਇਸ ਦੇ ਨਾਲ ਹੀ ਰੋਜ਼ਾਨਾ ਸਵੇਰੇ 7 ਤੋਂ 11 ਵਜੇ ਤੱਕ ਥੋੜ੍ਹੀਆਂ ਛੋਟਾਂ ਜ਼ਰੂਰ ਮਿਲਣਗੀਆਂ। ਸੀਮਤ ਅਤੇ ਰੈੱਡ ਜ਼ੋਨ ਵਾਲੇ ਖੇਤਰਾਂ ਵਿਚ ਪਹਿਲਾਂ ਵਾਂਗ ਹੀ ਲੌਕਡਾਊਨ ਦੀਆਂ ਬੰਦਸ਼ਾਂ ਮੁਕੰਮਲ ਤੌਰ ਉਤੇ ਸਖਤੀ ਨਾਲ ਲਾਗੂ ਰਹਿਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਪੂਰੇ ਹਾਲਾਤ ਦੀ ਦੋ ਹਫਤਿਆਂ ਬਾਅਦ ਸਮੀਖਿਆ ਕੀਤੀ ਜਾਵੇਗੀ ਅਤੇ ਜੇਕਰ ਮਹਾਮਾਰੀ ਕੰਟਰੋਲ ਵਿਚ ਰਹੀ ਤਾਂ ਪਾਬੰਦੀਆਂ ਵਿਚ ਹੋਰ ਢਿੱਲਾਂ ਦਿੱਤੀਆਂ ਜਾ ਸਕਦੀਆਂ ਹਨ।

ਮੁੱਖ ਮੰਤਰੀ ਵੱਲੋਂ ਥੋੜ੍ਹੀਆਂ ਰਾਹਤਾਂ ਦੇਣ ਦੇ ਕੀਤੇ ਐਲਾਨ ਤਹਿਤ ਕੁਝ ਦੁਕਾਨਾਂ ਨੂੰ ਸਬੰਧਤ ਖੇਤਰਾਂ ਵਿਚ ਰੋਟੇਸ਼ਨ ਨਾਲ ਖੋਲ੍ਹਣ ਦੀ ਆਗਿਆ ਹੋਵੇਗੀ। ਇਹ ਦੁਕਾਨਾਂ ਰੋਜ਼ਾਨਾ ਸਵੇਰੇ 7 ਤੋਂ 11 ਵਜੇ ਤੱਕ 50 ਫੀਸਦੀ ਸਟਾਫ ਸਮਰੱਥਾ ਨਾਲ ਖੋਲ੍ਹੀਆਂ ਜਾ ਸਕਣਗੀਆਂ। ਡਿਪਟੀ ਕਮਿਸ਼ਨਰਾਂ ਨੂੰ ਮੁੱਖ ਮੰਤਰੀ ਦੇ ਨਿਰਦੇਸ਼ਾਂ ਤਹਿਤ ਦੁਕਾਨਾਂ ਨੂੰ ਖੋਲ੍ਹਣ ਲਈ ਰੋਟੇਸ਼ਨਲ ਸਮਾਂ-ਸਾਰਣੀ ਬਣਾ ਲੈਣ ਦੀ ਹਦਾਇਤ ਕਰ ਦਿੱਤੀ ਗਈ ਹੈ। ਇਹ ਆਦੇਸ਼ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੇ ਲਾਗੂ ਹੋਣ ਦੇ ਚਾਰ ਦਿਨ ਬਾਅਦ ਕੀਤੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਲੌਕਡਾਊਨ/ਕਰਫਿਊ ਸਵੇਰੇ 11 ਵਜੇ ਤੋਂ ਪਹਿਲਾਂ ਵਾਂਗ ਜਾਰੀ ਰਹੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਮਾਜਿਕ ਦੂਰੀ ਦੀ ਪਾਲਣਾ ਕਰਦੇ ਹੋਏ ਤੈਅ ਸਮੇਂ ਤੱਕ ਆਪਣੇ ਘਰਾਂ ਵਿਚ ਪਰਤ ਜਾਇਆ ਕਰਨ। ਛੋਟ ਵਾਲੇ ਸਮੇਂ ਦੌਰਾਨ ਬਾਹਰ ਨਿਕਲਣ ਵਾਲੇ ਵਿਅਕਤੀ ਨੂੰ ਮਾਸਕ ਪਹਿਨਣਾ ਅਤੇ ਦੂਜੇ ਵਿਅਕਤੀ ਤੋਂ 2 ਮੀਟਰ ਦੀ ਦੂਰੀ ਬਣਾਈ ਰੱਖਣੀ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਰਾਹਤ ਲੋਕਾਂ ਦੀ ਸਹੂਲਤ ਲਈ ਦਿੱਤੀ ਗਈ ਹੈ। ਉਹ ਇਸ ਰਾਹਤ ਦੇ ਸਮੇਂ ਦੌਰਾਨ ਦੋਸਤਾਂ ਜਾਂ ਹੋਰਨਾਂ ਨੂੰ ਨਾ ਮਿਲਣ। ਉਨ੍ਹਾਂ ਕਿਹਾ ਕਿ ਜੇਕਰ ਆਉਂਦੇ ਹਫਤਿਆਂ ਨੂੰ ਸਥਿਤੀ ਵਿਚ ਸੁਧਾਰ ਹੋਇਆ ਤਾਂ ਅਸੀਂ ਹੋਰ ਕਦਮ ਚੁੱਕ ਸਕਦੇ ਹਨ।

## ਭਗਵੰਤ ਮਾਨ ਵਲੋਂ ਕੈਪਟਨ ਤੇ ਮੋਦੀ ਸਰਕਾਰ ਦੀ ਨਿਖੇਧੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਨਿਕੰਮੇ ਪ੍ਰਬੰਧਾਂ ਕਾਰਨ ਕਰੋਨਾ ਵਿਰੁੱਧ 'ਅਪਰੇਸ਼ਨ ਫਤਿਹ' ਅਸਲੀਅਤ 'ਚ 'ਅਪਰੇਸ਼ਨ ਫੇਲ੍ਹ' ਬਣ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਸਮੇਤ ਕਾਂਗਰਸ ਲੀਡਰਸ਼ਿਪ ਕਰੋਨਾ ਵਿਰੁੱਧ ਲੜਨ ਦੇ ਜੋ ਦਾਅਵੇ ਕਰ ਰਹੇ ਹਨ, ਉਹ ਜ਼ਮੀਨੀ ਹਕੀਕਤ ਸਾਹਮਣੇ ਲਗਾਤਾਰ ਫੇਲ੍ਹ ਅਤੇ ਫਲਾਪ ਸਿੱਧ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਭਰ ਦੇ ਹਸਪਤਾਲਾਂ 'ਚ ਨਿਹੱਥੇ ਲੜਾਈ ਲੜ ਰਹੇ ਡਾਕਟਰਾਂ ਨੇ ਸਰਕਾਰ ਦੀ ਪੋਲ ਖੋਲ੍ਹ ਦਿੱਤੀ ਹੈ। ਸ੍ਰੀ ਮਾਨ ਨੇ ਕੇਂਦਰ ਸਰਕਾਰ ਉਤੇ ਵਰ੍ਹਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੀ 'ਪ੍ਰਵਚਨ' ਦੇਣ ਤੋਂ ਸਿਵਾਏ ਕੁਝ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰਾਂ ਦੀ ਤਨਖਾਹ ਉਤੇ ਬੇਸ਼ੱਕ 30 ਦੀ ਥਾਂ 50 ਫੀਸਦ ਕੱਟ ਲਾਇਆ ਜਾਵੇ ਪਰ ਸੰਸਦ ਮੈਂਬਰਾਂ ਨੂੰ ਲੋਕਾਂ ਦੇ ਵਿਕਾਸ ਲਈ ਮਿਲਦੀ ਐਮਪੀਲੈਡ ਰਾਸ਼ੀ 'ਤੇ ਰੋਕ ਨਾ ਲੱਗੇ।

# ਐਸ.ਟੀ.ਐਫ. ਨੇ 43 ਕਰੋੜ ਰੁਪਏ ਦੀ ਹੈਰੋਇਨ ਫੜੀ

**ਰਮਦਾਸ:** ਐਸ.ਟੀ.ਐਫ. ਨੇ ਤਿੰਨ ਕੌਮਾਂਤਰੀ ਤਸਕਰਾਂ ਤੋਂ ਪਾਕਿਸਤਾਨ ਵੱਲੋਂ ਸਮਗਲ ਹੋ ਕੇ ਆਈ 43 ਕਰੋੜ ਰੁਪਏ ਤੋਂ ਵੱਧ ਕੀਮਤ ਦੀ 8 ਕਿਲੋ 690 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਦੌਰਾਨ ਗੋਲੀ ਲੱਗਣ ਕਾਰਨ ਇਕ ਤਸਕਰ ਫੱਟੜ ਵੀ ਹੋਇਆ ਹੈ।

ਏ.ਆਈ.ਜੀ. ਰਛਪਾਲ ਸਿੰਘ ਨੇ ਦੱਸਿਆ ਕਿ ਐਸ.ਟੀ.ਐਫ. ਬਾਰਡਰ ਰੇਂਜ ਅੰਮ੍ਰਿਤਸਰ ਨੂੰ ਸੂਚਨਾ ਮਿਲੀ ਸੀ ਕਿ ਬੀ.ਐਸ.ਐਫ. ਸੈਕਟਰ ਅਜਨਾਲਾ ਦੇ ਖੇਤਰ 'ਚ ਭਾਰਤ-ਪਾਕਿ ਸਰਹੱਦ ਦੀਆਂ ਤਾਰਾਂ ਤੋਂ ਪਾਰ ਹੈਰੋਇਨ ਲੁਕਾ ਕੇ ਰੱਖੀ ਹੋਈ ਹੈ। ਇਸ ਦੇ ਆਧਾਰ ਉਤੇ ਥਾਣਾ (ਐਸ.ਟੀ.ਐਫ.) ਐਸ.ਏ.ਐਸ. ਨਗਰ 'ਚ ਕੇਸ ਦਰਜ ਕੀਤਾ ਗਿਆ ਸੀ। ਡੀ.ਐਸ.ਪੀ. ਵਰਿੰਦਰ ਮਹਾਜਨ ਨੇ ਤਫਤੀਸ਼ ਦੌਰਾਨ ਕਰਮ ਸਿੰਘ ਉਰਫ ਗਾਲੂ ਵਾਸੀ ਕਮੀਰਪੁਰ ਚੱਕ ਬਾਲਾ ਥਾਣਾ ਰਮਦਾਸ ਨੂੰ ਗ੍ਰਿਫਤਾਰ ਕੀਤਾ ਸੀ। ਮੁਲਜ਼ਮ ਦੀ ਨਿਸ਼ਾਨਦੇਹੀ ਉਤੇ ਬੀ.ਐਸ.ਐਫ. ਦੀ ਮਦਦ ਨਾਲ ਖੇਤਾਂ ਵਿਚੋਂ 6 ਕਿਲੋ 690 ਗ੍ਰਾਮ ਹੈਰੋਇਨ ਬਰਾਮਦ ਕਰ ਲਈ ਗਈ ਹੈ।

ਉਨ੍ਹਾਂ ਦੱਸਿਆ ਕਿ ਇਸੇ ਵਕਤ ਹੀ ਟੀਮ ਨੂੰ ਸੂਹ ਮਿਲੀ ਕਿ ਗੁਰਵਿੰਦਰ ਸਿੰਘ ਉਰਫ ਮਾਨ ਸਿੰਘ ਵਾਸੀ ਜੱਜੇਆਣੀ ਥਾਣਾ ਮਜੀਠਾ ਅਤੇ ਸੰਦੀਪ ਸਿੰਘ ਉਰਫ ਸੋਨੂ ਪਿੰਡ ਕੋਟ ਧਰਮ ਚੰਦ ਖੁਰਦ ਥਾਣਾ ਝਬਾਲ ਸਕਾਰਪੀਓ ਗੱਡੀ (ਪੀਬੀ 07 ਯੂ 9327) 'ਚ ਹੈਰੋਇਨ ਸਪਲਾਈ ਕਰਨ ਲਈ ਰਮਦਾਸ ਤੋਂ ਅਜਨਾਲਾ ਆ ਰਹੇ ਹਨ। ਪੁਲਿਸ ਨੇ ਗੁੱਜਰਪੁਰਾ ਨੇੜੇ ਨਾਕਾ ਲਾਇਆ ਤੇ ਡੀ.ਐਸ.ਪੀ. ਵਰਿੰਦਰ ਮਹਾਜਨ ਵੀ ਮੌਕੇ ਉਤੇ ਪੁੱਜ ਗਏ। ਐਸ.ਟੀ.ਐਫ. ਦੀ ਟੀਮ ਨੂੰ ਦੇਖ ਕੇ ਤਸਕਰਾਂ ਨੇ ਗੱਡੀ ਟੀਮ ਮੈਂਬਰਾਂ ਉਤੇ ਚੜ੍ਹਾਉਣ ਦਾ ਯਤਨ ਕੀਤਾ। ਏ.ਐਸ.ਆਈ. ਦਿਲਬਾਗ ਸਿੰਘ ਨੇ ਸਕਾਰਪੀਓ ਦਾ ਪਿੱਛਾ ਕੀਤਾ ਤੇ ਡੀ.ਐਸ.ਪੀ. ਵਰਿੰਦਰ ਮਹਾਜਨ ਅਤੇ ਟੀਮ ਨੇ ਸਵੈ-ਰੱਖਿਆ ਲਈ ਮੁਲਜ਼ਮਾਂ ਦੀ ਗੱਡੀ ਦੇ ਟਾਇਰਾਂ ਵੱਲ ਗੋਲੀਆਂ ਵੀ ਮਾਰੀਆਂ।

ਟੀਮ ਨੇ ਚੱਕ ਮਿਸ਼ਰੀ ਖਾਂ ਨੇੜੇ ਇਨ੍ਹਾਂ ਨੂੰ ਕਾਬੂ ਕਰ ਲਿਆ ਅਤੇ ਗੱਡੀ ਵਿਚੋਂ 2 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ। ਸਕਾਰਪੀਓ ਚਾਲਕ ਸੰਦੀਪ ਸਿੰਘ ਉਰਫ ਸੋਨੂ ਦੀ ਖੱਬੀ ਲੱਤ ਵਿਚ ਗੋਲੀ ਲੱਗਣ ਕਾਰਨ ਉਸ ਨੂੰ ਗੁਰੂ ਨਾਨਕ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਦਕਿ ਉਸ ਦੇ ਸਾਥੀ ਗੁਰਵਿੰਦਰ ਸਿੰਘ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮਾਂ ਖਿਲਾਫ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕਣ ਲਈ ਤਰੱਦਦ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸ਼ਾਹਪੁਰ ਕੰਢੀ ਡੈਮ ਵੱਕਾਰੀ ਪ੍ਰੋਜੈਕਟ ਦੀ ਉਸਾਰੀ ਦਾ ਕੰਮ ਮੌਕੇ ਉਤੇ ਮੌਜੂਦ ਮਜ਼ਦੂਰਾਂ ਦੀ ਉਪਲੱਬਧਤਾ ਨੂੰ ਦੇਖਦਿਆਂ ਅਤੇ ਕੋਵਿਡ-19 ਰੱਖਿਅਕ ਪ੍ਰੋਟੋਕਾਲ ਦੀ ਪਾਲਣਾ ਨਾਲ ਮੁੜ ਸ਼ੁਰੂ ਕਰ ਦਿੱਤਾ ਗਿਆ ਹੈ।



ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਡੈਮ ਪੰਜਾਬ ਸਰਕਾਰ ਵੱਲੋਂ 2700 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਰਾਵੀ ਦਰਿਆ ਉਤੇ ਉਸਾਰਿਆ ਜਾ ਰਿਹਾ ਹੈ। ਇਸ ਡੈਮ ਦੇ ਮੁਕੰਮਲ ਹੋਣ ਨਾਲ ਜਿਥੇ ਪਾਕਿਸਤਾਨ ਵੱਲ ਜਾਂਦਾ ਪਾਣੀ ਦਾ ਵਹਾਅ ਘਟ ਜਾਵੇਗਾ, ਉਥੇ ਹੀ ਇਸ ਦਾ ਪੰਜਾਬ ਤੇ ਜੰਮੂ ਤੇ ਕਸ਼ਮੀਰ ਨੂੰ ਫਾਇਦਾ ਹੋਵੇਗਾ।

ਉਨ੍ਹਾਂ ਦੱਸਿਆ ਕਿ ਕੇਂਦਰੀ ਗ੍ਰਿਹ ਮੰਤਰਾਲੇ ਵੱਲੋਂ ਮਿਉਂਸਪਲ ਹੱਦ ਤੋਂ ਬਾਹਰ ਸਿੰਜਾਈ ਪ੍ਰੋਜੈਕਟਾਂ ਦੀ ਉਸਾਰੀ ਦਾ ਕੰਮ ਸ਼ੁਰੂ ਕਰਨ ਦੀ ਆਗਿਆ ਦਿੱਤੀ ਸੀ ਬਸ਼ਰਤੇ ਇਹ ਖੇਤਰ ਸੀਮਤ ਜ਼ੋਨ ਵਿਚ ਨਾ ਪੈਂਦਾ ਹੋਵੇ। ਜ਼ਿਲ੍ਹਾ ਪ੍ਰਸ਼ਾਸਨ ਨੇ ਸਥਿਤੀ ਦਾ ਮੁਲਾਂਕਣ ਕਰਨ ਲਈ ਤਿੰਨ ਮੈਂਬਰੀ ਕਮੇਟੀ ਬਣਾਈ, ਜਿਸ ਨੇ ਜਾਇਜ਼ਾ ਲਿਆ ਅਤੇ ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਡੈਮ ਵਾਲੀ ਥਾਂ ਉਤੇ ਹੀ ਸ਼ੈਡਾਂ ਵਿਚ ਮਜ਼ਦੂਰ ਠਹਿਰੇ ਹੋਏ ਹਨ। ਟੀਮ ਨੂੰ ਪਤਾ ਲੱਗਿਆ ਕਿ 'ਕੋਵਿਡ-19' ਦੀ ਰੋਕਥਾਮ ਲਈ ਇਹਤਿਆਤੀ ਕਦਮ ਵੀ ਚੁੱਕੇ ਜਾ ਰਹੇ ਹਨ। ਪੰਜਾਬ ਸਰਕਾਰ ਅਨੁਸਾਰ ਟੀਮ ਦੀ ਸੂਚਨਾ ਦੇ ਆਧਾਰ ਉਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਏਜੰਸੀ 'ਸੋਮਾ ਬੂਰੀਆ ਜੇਵੀ' ਪਾਸੋਂ ਕੋਵਿਡ ਸਬੰਧੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਇਕਰਾਰਨਾਮਾ ਹਾਸਲ ਕਰਨ ਤੋਂ ਬਾਅਦ ਨਿਰਮਾਣ ਸ਼ੁਰੂ ਕਰਨ ਲਈ ਹਰੀ ਝੰਡੀ ਦਿੱਤੀ ਹੈ। ਇਹ ਪ੍ਰੋਜੈਕਟ ਮੁਕੰਮਲ ਹੋਣ ਉਤੇ 206 ਮੈਗਾਵਾਟ ਬਿਜਲੀ ਪੈਦਾ ਕਰੇਗਾ। ਇਹ ਪ੍ਰੋਜੈਕਟ, ਮਾਧੋਪੁਰ ਹੈੱਡ ਵਰਕਸ ਨੂੰ ਛੱਡ ਕੇ ਨਹਿਰੀ ਪ੍ਰਣਾਲੀ ਨੂੰ ਇਕਸਾਰ ਪਾਣੀ ਸਪਲਾਈ ਯਕੀਨੀ ਬਣਾਉਣ ਲਈ ਸੰਤੁਲਿਤ ਭੰਡਾਰ ਮੁਹੱਈਆ ਕਰਵਾਏਗਾ।

# ਸੋਨੇ ਦੀਆਂ ਕੀਮਤਾਂ 'ਚ ਤੇਜ਼ੀ

**ਨਵੀਂ ਦਿੱਲੀ:** ਘਰੇਲੂ ਮੰਗ ਵਧਣ ਕਾਰਨ ਸੋਨੇ ਦੀ ਬਾਜ਼ਾਰੀ ਕੀਮਤ 'ਚ 213 ਰੁਪਏ ਦਾ ਵਾਧਾ ਦਰਜ ਕੀਤਾ ਗਿਆ ਹੈ। ਸੋਨੇ ਦੀ ਪ੍ਰਤੀ 10 ਗ੍ਰਾਮ ਦੀ ਕੀਮਤ 45,740 ਰੁਪਏ ਦਰਜ ਕੀਤੀ ਗਈ।

ਬਾਜ਼ਾਰ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਘਰੇਲੂ ਮੰਗ ਵਧਣ ਅਤੇ ਤਾਜ਼ਾ ਸੌਦਿਆਂ ਕਾਰਨ ਸੋਨੇ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ। ਵਿਸ਼ਵ ਪੱਧਰ 'ਤੇ ਸੋਨਾ 0.76 ਦੀ ਤੇਜ਼ੀ ਨਾਲ 1713.90 ਡਾਲਰ ਪ੍ਰਤੀ ਔਂਸ ਹੋ ਗਿਆ।

# ਜਦੋਂ ਪੰਜ ਵਰ੍ਹਿਆਂ ਦੇ ਬਾਲਕ ਨੇ ਕਾਰ ਚਲਾਈ...

**ਕੋਲੋਰਾਡੋ, ਯੂਟਾ (ਬਿਊਰੋ):** ਯੂਟਾ ਸਟੇਟ ਦਾ ਪੰਜ ਵਰ੍ਹਿਆਂ ਦਾ ਇਕ ਬੱਚਾ ਆਪਣੀ ਪਸੰਦ ਦੀ ਸਪੋਰਟਸ ਕਾਰ 'ਲੈਂਬਰਗੀਨੀ' ਖਰੀਦਣ ਲਈ ਆਪਣੀ ਮਾਂ ਦੀ ਕਾਰ (ਐਸ. ਯੂ. ਵੀ.) ਖੁਦ ਚਲਾ ਕੇ ਕੈਲੀਫੋਰਨੀਆ ਲਈ ਰਵਾਨਾ ਹੋ ਗਿਆ। ਉਸ ਨੇ ਕਈ ਸਟੇਟ ਪਾਰ ਕਰ ਕੇ ਕੈਲੀਫੋਰਨੀਆ ਪੁੱਜਣਾ ਸੀ, ਪਰ ਉਹ ਅਜੇ ਆਪਣੇ ਘਰੋਂ ਨਿਕਲਿਆ ਹੀ ਸੀ ਕਿ ਪੰਜ ਮਿੰਟ ਬਾਅਦ ਪੁਲਿਸ ਨੇ ਉਸ ਨੂੰ ਰੋਕ ਲਿਆ। ਉਸ ਵਕਤ ਉਸ ਦੇ ਵਾਲੇਟ ਵਿਚ ਤਿੰਨ ਡਾਲਰ ਸਨ। ਯਾਦ ਰਹੇ, ਲੈਂਬਰਗੀਨੀ ਦੀ ਘੱਟੋ-ਘੱਟ ਕੀਮਤ 20 ਹਜ਼ਾਰ ਡਾਲਰ ਹੈ।



ਅਸਲ ਵਿਚ ਇਹ ਬੱਚਾ ਆਪਣੀ ਮਾਂ ਤੋਂ ਕਾਰ ਮੰਗਦਾ ਸੀ ਅਤੇ ਜਦੋਂ ਮਾਂ ਨੇ ਮਨ੍ਹਾਂ ਕੀਤਾ ਤਾਂ ਉਹ ਉਸ ਦੀ ਕਾਰ ਲੈ ਕੇ ਆਪਣੇ ਲਈ ਕਾਰ ਖਰੀਦਣ ਤੁਰ ਪਿਆ। ਪੁਲਿਸ ਨੇ ਇਸ ਸਬੰਧੀ ਇਕ ਵੀਡੀਓ ਵੀ ਜਾਰੀ ਕੀਤੀ ਹੈ, ਜਿਸ ਵਿਚ ਪੈਟਰੋਲ ਟਰੂਪਰ, ਇਸ ਬੱਚੇ ਨਾਲ ਗੱਲਾਂ ਕਰਦਾ ਸੁਣਾਈ ਦੇ ਰਿਹਾ ਹੈ। ਟਰੂਪਰ ਇਸ ਗੱਲ ਤੋਂ ਵੀ ਹੈਰਾਨ ਸੀ ਕਿ ਮੁੰਡਾ ਕਾਰ ਕਿਵੇਂ ਚਲਾ ਰਿਹਾ ਹੈ! ਮੁੰਡੇ ਦੀ ਮਾਂ ਦਾ ਆਖਣਾ ਸੀ ਕਿ ਇਸ ਨੇ ਪਹਿਲਾਂ ਕਦੀ ਕਾਰ ਨਹੀਂ ਚਲਾਈ।

ਅਸਲ ਵਿਚ, ਲੈਫਟੀਨੈਂਟ ਨਿੱਕ ਸਟ੍ਰੀਟ ਨੇ ਇਹ ਕਾਰ ਇਸ ਸ਼ੱਕ ਵਿਚ ਰੋਕੀ ਸੀ ਕਿ ਡਰਾਈਵਰ ਸਹੀ ਡਰਾਈਵਿੰਗ ਨਹੀਂ ਕਰ ਰਿਹਾ। ਉਸ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਕਾਰ ਦਾ ਡਰਾਈਵਰ ਪੰਜ ਵਰ੍ਹਿਆਂ ਦਾ ਬੱਚਾ ਹੋ ਸਕਦਾ ਹੈ। ਜਦੋਂ ਕਾਰ ਰੋਕੀ ਤਾਂ ਬੱਚਾ ਸੀਟ ਦੇ ਐਨ ਕਿਨਾਰੇ 'ਤੇ ਬੈਠਾ ਹੋਇਆ ਸੀ ਤਾਂ ਕਿ ਉਸ ਦੇ ਪੈਰ ਹੇਠਾਂ ਲੱਗ ਸਕਣ। ਉਸ ਦਾ ਸਿਰ ਮਸੀਂ ਸਟੀਅਰਿੰਗ ਤਕ ਪੁੱਜਦਾ ਸੀ। ਲੈਫਟੀਨੈਂਟ ਨੇ ਸ਼ੁਕਰ ਮਨਾਇਆ ਕਿ ਕਿਸੇ ਵੀ ਤਰ੍ਹਾਂ ਦੇ ਹਾਦਸੇ ਤੋਂ ਬਚਾਅ ਰਿਹਾ ਹੈ।

# ਅਮਰੀਕੀ ਅਰਥਵਿਵਸਥਾ ਸੁੰਗੜ ਕੇ 4.8 ਫੀਸਦ 'ਤੇ ਆਈ

**ਵਾਸ਼ਿੰਗਟਨ:** ਕਰੋਨਾ ਵਾਇਰਸ ਮਹਾਮਾਰੀ ਦੇ ਮੱਦੇਨਜ਼ਰ ਦੇਸ਼ ਵਿਚ ਕੀਤੇ ਗਏ ਲੌਕਡਾਊਨ ਕਾਰਨ ਪਿਛਲੇ ਵਿੱਤੀ ਵਰ੍ਹੇ ਦੀ ਆਖਰੀ ਤਿਮਾਹੀ ਵਿਚ ਅਮਰੀਕੀ ਅਰਥਵਿਵਸਥਾ ਸੁੰਗੜ ਕੇ ਸਾਲਾਨਾ 4.8 ਫੀਸਦ ਰਹਿ ਗਈ ਅਤੇ ਇਸ ਨਾਲ ਮੰਦੀ ਆਉਣੀ ਸ਼ੁਰੂ ਹੋ ਗਈ ਹੈ, ਜੋ ਅੱਜ ਤੱਕ ਦੀ ਸਭ ਤੋਂ ਲੰਬੀ ਚੱਲਣ ਵਾਲੀ ਮੰਦੀ ਰਹੇਗੀ। ਵਣਜ ਵਿਭਾਗ ਮੁਤਾਬਕ ਕੁੱਲ ਘਰੇਲੂ ਉਤਪਾਦ, ਵਸਤਾਂ ਤੇ ਸੇਵਾਵਾਂ ਦਾ ਕੁੱਲ ਆਊਟਪੁੱਟ ਪਿਛਲੇ ਛੇ ਸਾਲਾਂ 'ਚ ਪਹਿਲੀ ਵਾਰ ਇਕ ਤਿਮਾਹੀ 'ਚ ਐਨਾ ਡਿੱਗਾ ਹੈ।

ਸਾਲ 2008 ਵਿਚ ਆਈ ਵੱਡੀ ਵਿਸ਼ਵ-ਵਿਆਪੀ ਮੰਦੀ ਵਿਚ ਚੌਥੀ ਤਿਮਾਹੀ 'ਚ ਦੇਸ਼ ਦੀ ਸਾਲਾਨਾ ਵਿਕਾਸ ਦਰ 8.4 ਫੀਸਦ ਰਹਿ ਗਈ ਸੀ। ਉਸ ਤੋਂ ਬਾਅਦ ਇਹ ਸਭ ਤੋਂ ਵੱਡਾ ਨਿਘਾਰ ਹੈ। ਸਮੂਹਕ ਬਜਟ ਦਫਤਰ ਦਾ ਅਨੁਮਾਨ ਹੈ ਕਿ ਲੌਕਡਾਊਨ ਕਾਰਨ ਸਾਰੇ ਕਾਰੋਬਾਰ ਬੰਦ ਰਹਿਣ ਕਰ ਕੇ ਇਸ ਤਿਮਾਹੀ ਵਿਚ ਵਿਕਾਸ ਦਰ 40 ਫੀਸਦ ਸਾਲਾਨਾ ਦਰ ਨਾਲ ਡੁੱਬੇਗੀ।

# ਅਖਬਾਰਾਂ ਨੂੰ ਝੱਲਣਾ ਪੈ ਸਕਦਾ ਹੈ ਕਰੋੜਾਂ ਦਾ ਘਾਟਾ

**ਨਵੀਂ ਦਿੱਲੀ:** ਇੰਡੀਅਨ ਨਿਊਜ਼ ਪੇਪਰ ਸੁਸਾਇਟੀ (ਆਈ.ਐਨ.ਐਸ.) ਨੇ ਸਰਕਾਰ ਤੋਂ ਬੇਨਤੀ ਕੀਤੀ ਹੈ ਕਿ ਅਖਬਾਰ ਇੰਡਸਟਰੀ ਲਈ ਇਕ ਵੱਡਾ ਰਾਹਤ ਪੈਕੇਜ ਐਲਾਨਿਆ ਜਾਵੇ ਕਿਉਂਕਿ ਹੁਣ ਤੱਕ ਅਖਬਾਰ ਸਨਅਤ ਦਾ 4,000 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਿਆ ਹੈ ਅਤੇ ਜੇਕਰ ਵੱਡੀ ਰਾਹਤ ਨਾ ਦਿੱਤੀ ਗਈ ਤਾਂ ਅਗਲੇ ਛੇ-ਸੱਤ ਮਹੀਨਿਆਂ ਵਿਚ 15,000 ਕਰੋੜ ਰੁਪਏ ਤੱਕ ਦਾ ਹੋਰ ਘਾਟਾ ਹੋ ਸਕਦਾ ਹੈ।

ਸੂਚਨਾ ਤੇ ਪ੍ਰਸਾਰਨ ਸਕੱਤਰ ਨੂੰ ਲਿਖੇ ਇਕ ਪੱਤਰ ਵਿਚ ਆਈ.ਐਨ.ਐਸ. ਨੇ ਕਿਹਾ ਕਿ ਕਰੋਨਾ ਵਾਇਰਸ ਦੇ ਮੱਦੇਨਜ਼ਰ ਕੀਤੇ ਗਏ ਦੇਸ਼ਵਿਆਪੀ ਲੌਕਡਾਊਨ ਦੌਰਾਨ ਭਾਰਤ 'ਚ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੀਆਂ ਸਨਅਤਾਂ ਵਿਚ ਅਖਬਾਰ ਇੰਡਸਟਰੀ ਵੀ ਸ਼ਾਮਲ ਹੈ। ਲੌਕਡਾਊਨ ਕਾਰਨ ਅਖਬਾਰਾਂ ਕੋਲ ਨਾ ਤਾਂ ਇਸ਼ਤਿਹਾਰਾਂ ਰਾਹੀਂ ਤੇ ਨਾ ਹੀ ਸਰਕੁਲੇਸ਼ਨ ਰਾਹੀਂ ਕੋਈ ਮਾਲੀਆ ਆ ਰਿਹਾ ਹੈ।

ਆਈ.ਐਨ.ਐਸ. ਦੇ ਪ੍ਰਧਾਨ ਸ਼ੈਲੇਸ਼ ਗੁਪਤਾ ਵਲੋਂ ਹਸਤਾਖਰਤ ਆਈ.ਐਨ.ਐਸ. ਦੇ ਇਸ ਪੱਤਰ ਵਿਚ ਲਿਖਿਆ ਗਿਆ ਹੈ, "ਪਿਛਲੇ ਦੋ ਮਹੀਨਿਆਂ ਵਿਚ ਅਖਬਾਰ ਇੰਡਸਟਰੀ ਦਾ 4000 ਤੋਂ 4500 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਿਆ ਹੈ। ਹੁਣ ਜਦੋਂ ਆਰਥਿਕ ਗਤੀਵਿਧੀਆਂ ਰੁਕ ਚੁੱਕੀਆਂ ਹਨ ਅਤੇ ਨਿੱਜੀ ਖੇਤਰ ਤੋਂ ਇਸ਼ਤਿਹਾਰ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ ਤਾਂ ਅਜਿਹੇ ਵਿਚ ਜੇਕਰ ਸਰਕਾਰ ਵਲੋਂ ਕੋਈ ਵੱਡਾ ਰਾਹਤ ਪੈਕੇਜ ਨਾ ਦਿੱਤਾ ਗਿਆ ਤਾਂ ਅਗਲੇ ਛੇ-ਸੱਤ ਮਹੀਨਿਆਂ ਵਿਚ 12,000 ਤੋਂ 15,000 ਤੱਕ ਦਾ ਹੋਰ ਘਾਟਾ ਹੋਣ ਦੀ ਸੰਭਾਵਨਾ ਹੈ।"

# ਐਟਲਾਂਟਾ ਦੇ ਸਿੱਖ ਭਾਈਚਾਰੇ ਨੇ ਹਸਪਤਾਲ ਦੇ ਕਰਮਚਾਰੀਆਂ ਨੂੰ ਭੋਜਨ ਵੰਡਿਆ


**ਅਟਲਾਂਟਾ, ਜਾਰਜੀਆ (ਬਿਊਰੋ):** ਕਰੋਨਾ ਸੰਕਟ ਕਾਰਨ ਪੈਦਾ ਹੋਈ ਸਥਿਤੀ ਵਿਚ ਸਥਾਨਕ ਸਿੱਖ ਭਾਈਚਾਰੇ ਨੇ ਗ੍ਰੇਟਰ ਅਟਲਾਂਟਾ ਦੇ 11 ਹਸਪਤਾਲਾਂ ਵਿਚ ਸਿਹਤ ਸੇਵਾਵਾਂ ਦੇਣ ਵਾਲੇ ਕਰਮਚਾਰੀਆਂ ਨੂੰ ਭੋਜਨ ਵੰਡਿਆ।

ਸ. ਜਸਵੀਰ ਸਿੰਘ ਬੈਂਸ ਨੇ ਦੱਸਿਆ ਕਿ ਸਿੱਖ ਭਾਈਚਾਰੇ ਨੇ ਡਾਕਟਰਾਂ, ਨਰਸਾਂ ਅਤੇ ਸਿਹਤ ਸੰਭਾਲ ਅਮਲੇ ਦੀ ਕੋਵਿਡ-19 ਮਹਾਮਾਰੀ ਨਾਲ ਲੜਨ ਦੀ ਨਿਰੰਤਰ ਮਦਦ ਲਈ ਭਰਵੀਂ ਸ਼ਲਾਘਾ ਕੀਤੀ ਅਤੇ ਵੱਡੇ ਹਸਪਤਾਲਾਂ ਵਿਚ ਸਿਹਤ ਸੰਭਾਲ ਅਮਲੇ ਨੂੰ 450 ਤੋਂ ਵੱਧ ਭੋਜਨ ਦੇ ਪੈਕਟ ਵੰਡੇ।



Singh Tax & Accounting Services LLC.
Individual & Business Taxes, Accounting, Payroll & Financial Consulting Services.
Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036

Mohan Singh
M.COM, MBA (Finance), ACA
Master in Taxation.
IRS Enrolled agent,
Notary Public
Office Locations
Michigan: 38565 Joy Rd, Westland, MI 48185
Minnesota: 6043 Hudson Rd, Suite#399A Woodbury, Minnesota 55125
Email : jhand_mohan@yahoo.com; www.SinghTaxServices.com



Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.




Madan Khatri
Want to Buy/Sell Homes, THs, Condos!
Call Madan Khatri
Ph: 847-530-1550
www.PropertyZoo.com
CALL TO BUY / SELL HOME TODAY!
Top Producer at the office in 2011-2013-2014
*****A Broker who can work with you from Beginning to End, Call Now!!!*****
BHHS American Heritage
1010 Rohwing Road, Elk Grove Village, IL



Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ


*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298



Personalized Service-Committed To Quality
Solutions Financial Mortgage Company
Purchase & Refinance Your Home Loans

Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

# ਅਮਰੀਕਾ ਨੂੰ 'ਰੇਮਡੇਸੀਵਿਰ' ਨੇ ਆਸ ਦੀ ਕਿਰਨ ਦਿਖਾਈ



**ਸਿਆਟਲ:** ਇਕ ਅਮਰੀਕੀ ਦਵਾਈ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਭਾਰਤੀ-ਅਮਰੀਕੀ ਸਿਹਤ ਮਾਹਿਰਾਂ ਦੀ ਅਗਵਾਈ ਵਿਚ ਤੀਜੇ ਫੇਜ਼ ਦੇ ਕੀਤੇ ਟ੍ਰਾਇਲ ਵਿਚ 'ਰੇਮਡੇਸੀਵਿਰ' ਨਾਂ ਦੀ ਦਵਾਈ ਨੇ ਕਰੋਨਾ ਮਰੀਜ਼ਾਂ ਉਤੇ ਆਪਣਾ ਜਾਦੂਈ ਅਸਰ ਦਿਖਾਇਆ ਹੈ। ਕੈਲੀਫੋਰਨੀਆ ਦੀ ਦਵਾਈ ਕੰਪਨੀ ਗਿਲੀਡ ਸਾਇੰਸਜ਼ ਨੇ ਦੱਸਿਆ ਕਿ ਸ਼ੁਰੂਆਤੀ ਨਤੀਜਿਆਂ 'ਚ ਕੋਵਿਡ-19 ਦੇ 50 ਫੀਸਦੀ ਮਰੀਜ਼ਾਂ ਨੂੰ 5 ਦਿਨ ਇਹ ਦਵਾਈ ਦੇਣ ਨਾਲ ਉਨ੍ਹਾਂ ਦੀ ਸਿਹਤ ਵਿਚ ਸੁਧਾਰ ਹੋਇਆ ਅਤੇ ਇਨ੍ਹਾਂ 'ਚੋਂ ਅੱਧਿਆਂ ਤੋਂ ਵੱਧ ਨੂੰ ਦੋ ਹਫਤਿਆਂ 'ਚ ਠੀਕ ਹੋਣ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ।

ਤੀਜੇ ਫੇਜ਼ ਦੇ ਕਲੀਨਿਕਲ ਟ੍ਰਾਇਲ ਨੂੰ ਕਿਸੇ ਦਵਾਈ ਨੂੰ ਪ੍ਰਵਾਨਗੀ ਦੇਣ ਦੀ ਪ੍ਰਕਿਰਿਆ ਦਾ ਆਖਰੀ ਪੜਾਅ ਕਿਹਾ ਜਾਂਦਾ ਹੈ। ਅਮਰੀਕਾ ਦੇ ਵਿਗਿਆਨੀਆਂ ਦੇ ਦਾਅਵੇ ਨਾਲ ਦੁਨੀਆਂ ਭਰ ਵਿਚ ਕਰੋਨਾ ਤੋਂ ਮੁਕਤੀ ਦੀ ਆਸ ਬੱਝੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਲਾਹਕਾਰ ਡਾਕਟਰ ਐਨਥਲੀ ਫਾਉਂਸੀ ਨੇ ਕਿਹਾ ਕਿ 'ਰੇਮਡੇਸੀਵਿਰ' ਦਵਾਈ ਨਾਲ ਮਰੀਜ਼ਾਂ ਦੇ ਠੀਕ ਹੋਣ ਦੇ ਸਮੇਂ 'ਚ ਬਹੁਤ ਸਪੱਸ਼ਟ ਪ੍ਰਭਾਵੀ ਅਤੇ ਚੰਗਾ ਪ੍ਰਭਾਵ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ 'ਰੇਮਡੇਸੀਵਿਰ' ਦਵਾਈ ਦਾ ਅਮਰੀਕਾ, ਯੂਰਪ ਅਤੇ ਏਸ਼ੀਆ ਦੇ 68 ਸਥਾਨਾਂ ਉਤੇ 1065 ਲੋਕਾਂ 'ਤੇ ਟ੍ਰਾਇਲ ਕੀਤਾ ਗਿਆ। ਇਸ ਟ੍ਰਾਇਲ ਦੌਰਾਨ ਪਤਾ ਲੱਗਾ ਕਿ ਇਹ ਦਵਾਈ ਇਸ ਕਰੋਨਾ ਵਾਇਰਸ ਨੂੰ ਰੋਕ ਸਕਦੀ ਹੈ।

ਡਾਕਟਰ ਫਾਉਂਸੀ ਨੇ ਕਿਹਾ ਕਿ ਇਸ ਦਵਾਈ ਨਾਲ ਪੂਰੀ ਦੁਨੀਆਂ ਵਿਚ ਆਸ ਜਾਗੀ ਹੈ। 'ਰੇਮਡੇਸੀਵਿਰ' ਦਵਾਈ ਨਾਲ ਕਰੋਨਾ ਵਾਇਰਸ ਨਾਲ ਜੰਗ ਜਿੱਤੀ ਜਾ ਸਕਦੀ ਹੈ। ਇਸ ਦਵਾਈ ਨਾਲ ਹੋਰ ਕਈ ਤਰ੍ਹਾਂ ਦੇ ਵਾਇਰਸ ਵੀ ਖਤਮ ਹੋ ਸਕਦੇ ਹਨ। ਇਸ ਤੋਂ ਪਹਿਲਾਂ ਅਮਰੀਕਾ ਦੇ ਸ਼ਿਕਾਗੋ ਸ਼ਹਿਰ 'ਚ ਕਰੋਨਾ ਵਾਇਰਸ ਨਾਲ ਗੰਭੀਰ ਰੂਪ 'ਚ ਬਿਮਾਰ 125 ਲੋਕਾਂ 'ਚੋਂ 123 ਲੋਕ ਇਸੇ ਦਵਾਈ ਨਾਲ ਠੀਕ ਹੋਏ ਹਨ।

## ਕਰੋਨਾ ਮਰੀਜ਼ਾਂ ਨੂੰ ਨਵੀਂ ਦਵਾਈ ਦੇਣ ਦੀ ਇਜਾਜ਼ਤ

**ਵਾਸ਼ਿੰਗਟਨ:** ਅਮਰੀਕਾ ਵਿਚ ਖੁਰਾਕ ਤੇ ਦਵਾਈ ਪ੍ਰਸ਼ਾਸਨ ਨੇ ਕੋਵਿਡ-19 ਦੇ ਮਰੀਜ਼ਾਂ ਦੇ ਇਲਾਜ ਲਈ ਵਾਇਰਲ ਰੋਕੂ ਦਵਾਈ ਦੀ ਹੰਗਾਮੀ ਹਾਲਤ ਵਿਚ ਵਰਤੋਂ ਦੀ ਮਨਜ਼ੂਰੀ ਦੇ ਦਿੱਤੀ ਹੈ। ਵਿਗਿਆਨੀਆਂ ਨੇ ਆਪਣੀ ਖੋਜ ਵਿਚ ਪਤਾ ਲਾਇਆ ਕਿ ਇਹ ਦਵਾਈ ਮਰੀਜ਼ਾਂ ਉਪਰ ਤੇਜ਼ੀ ਨਾਲ ਅਸਰ ਕਰਦੀ ਹੈ। ਵਿਗਿਆਨੀਆਂ ਦੀ ਟੀਮ ਵਿਚ ਭਾਰਤੀ ਮੂਲ ਦੀ ਡਾਕਟਰ ਅਰੁਣਾ ਸੁਬਰਾਮਨੀਅਮ ਸ਼ਾਮਲ ਹੈ। ਰੇਮਡੇਸੀਵਿਰ ਨਾਮ ਦੀ ਦਵਾਈ ਦੇ ਤਜਰਬੇ ਦੌਰਾਨ ਵਿਗਿਆਨੀਆਂ ਨੇ ਦੇਖਿਆ ਕਿ ਇਸ ਨੂੰ ਦੇਣ ਨਾਲ ਕਰੋਨਾ ਮਰੀਜ਼ ਦੀ ਹਾਲਤ ਵਿਚ ਸੁਧਾਰ ਤੇਜ਼ੀ ਨਾਲ ਹੁੰਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਖੁਰਾਕ ਤੇ ਦਵਾਈ ਪ੍ਰਸ਼ਾਸਨ ਨੇ ਰੇਮਡੇਸੀਵਿਰ ਦੀ ਹੰਗਾਮੀ ਹਾਲਤ ਵਿਚ ਵਰਤੋਂ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ।

## ਰੋਗਾਂ ਨਾਲ ਲੜਨ ਦੀ ਸ਼ਕਤੀ ਵਾਲੇ ਸੈੱਲ ਘਟਾਉਂਦਾ ਹੈ ਕਰੋਨਾ

**ਪੇਈਚਿੰਗ:** ਕੋਵਿਡ-19 ਦੇ ਮਰੀਜ਼ਾਂ ਦੇ ਸਰੀਰ 'ਚ ਰੋਗਾਂ ਨਾਲ ਲੜਨ ਦੀ ਸ਼ਕਤੀ ਵਾਲੇ ਵਿਸ਼ੇਸ਼ ਤਰ੍ਹਾਂ ਦੇ ਸੈੱਲਾਂ ਦੀ ਗਿਣਤੀ ਬਹੁਤ ਘੱਟ ਪਾਈ ਗਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਜਿੰਨੀ ਇਨ੍ਹਾਂ ਸੈੱਲਾਂ ਦੀ ਗਿਣਤੀ ਘੱਟ ਹੋਵੇਗੀ, ਉਨੀ ਹੀ ਬਿਮਾਰੀ ਦੀ ਮਾਰ ਵੱਧ ਹੋਵੇਗੀ। ਇਹ ਖੁਲਾਸਾ ਇਕ ਅਧਿਐਨ ਵਿਚ ਹੋਇਆ ਹੈ, ਜਿਸ ਅਨੁਸਾਰ ਇਸ ਬਿਮਾਰੀ ਵਿਰੁੱਧ ਨਵੀਆਂ ਦਵਾਈਆਂ ਵਿਕਸਿਤ ਕਰਨ ਵਿਚ ਇਹ ਜਾਣਕਾਰੀ ਲਾਭਕਾਰੀ ਹੋਵੇਗੀ। ਚੀਨ ਵਿਚ ਕੋਵਿਡ-19 ਮਰੀਜ਼ਾਂ ਦੇ ਕੀਤੇ ਗਏ ਅਧਿਐਨ 'ਤੇ ਆਧਾਰਿਤ ਇਹ ਰਿਪੋਰਟ ਫਰੰਟੀਅਰਜ਼ ਇਨ ਇਮਿਊਨੋਲੋਜੀ ਨਾਂ ਦੇ ਰਸਾਲੇ ਵਿਚ ਛਪੀ ਹੈ। ਇਸ ਅਧਿਐਨ ਵਿਚ ਖੁਲਾਸਾ ਹੋਇਆ ਹੈ ਕਿ ਸਰੀਰ ਵਿਚ ਰੋਗਾਂ ਨਾਲ ਲੜਨ ਦੀ ਸ਼ਕਤੀ ਵਾਲੇ ਟੀ-ਸੈੱਲਾਂ ਦੀ ਗਿਣਤੀ ਘਟਣ ਨਾਲ ਬਿਮਾਰੀ ਘਾਤਕ ਹੁੰਦੀ ਜਾਂਦੀ ਹੈ।

# ਅਦਾਲਤ ਵਲੋਂ ਕੋਵਿਡ-19 ਦੇ ਇਲਾਜ 'ਚ ਦਖਲ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੋਵਿਡ-19 ਦੀ ਲਾਗ ਨਾਲ ਪੀੜਤ ਗੰਭੀਰ ਮਰੀਜ਼ਾਂ ਦੇ ਇਲਾਜ ਨਾਲ ਸਬੰਧਤ ਸੇਧਾਂ 'ਚ ਫੇਰਬਦਲ ਦੀ ਮੰਗ ਕਰਦੀ ਪਟੀਸ਼ਨ ਉਤੇ ਕੋਈ ਹਦਾਇਤਾਂ ਦੇਣ ਤੋਂ ਨਾਂਹ ਕਰ ਦਿੱਤੀ ਹੈ। ਸਿਖਰਲੀ ਅਦਾਲਤ ਨੇ ਸਾਫ ਕਰ ਦਿੱਤਾ ਕਿ ਉਹ ਇਲਾਜ ਦੇ ਅਮਲ ਵਿਚ ਦਖਲ ਨਹੀਂ ਦੇਵੇਗੀ ਕਿਉਂਕਿ ਇਸ ਵਿਸ਼ੇ ਦੀ ਮਾਹਿਰ ਨਹੀਂ ਹੈ। ਕਰੋਨਾ ਪਾਜ਼ੇਟਿਵ ਮਰੀਜ਼ਾਂ ਨੂੰ ਇਸ ਵੇਲੇ ਐਂਟੀ ਮਲੇਰੀਆ ਦਵਾਈ ਹਾਈਡ੍ਰੋਕਸੀਕਲੋਰੋਕੁਈਨ (ਐਚ.ਸੀ.ਕਿਊ.) ਤੇ ਐਂਟੀਬਾਇਟਿਕ ਐਜ਼ੀਥ੍ਰੋਮਾਇਸਿਨ (ਏ.ਜ਼ੈਡ.ਐਮ.) ਦੇ ਸੁਮੇਲ ਵਾਲੀ ਡੋਜ਼ ਦਿੱਤੀ ਜਾ ਰਹੀ ਹੈ।

ਜਸਟਿਸ ਐਨ.ਵੀ.ਰਾਮੰਨਾ, ਸੰਜੈ ਕਿਸ਼ਨ ਕੌਲ ਤੇ ਬੀ.ਆਰ.ਗਵਈ ਦੀ ਸ਼ਮੂਲੀਅਤ ਵਾਲਾ ਬੈਂਚ ਐਨ.ਜੀ.ਓ. 'ਪੀਪਲ ਫਾਰ ਬੈਟਰ ਟਰੀਟਮੈਂਟ' (ਪੀ.ਬੀ.ਟੀ.) ਵਲੋਂ ਦਾਇਰ ਪਟੀਸ਼ਨ ਉਤੇ ਸੁਣਵਾਈ ਕਰ ਰਿਹਾ ਸੀ। ਬੈਂਚ ਨੇ ਕਿਹਾ ਐਨ.ਜੀ.ਓ. ਦੀ ਪਟੀਸ਼ਨ ਨੂੰ ਭਾਰਤੀ ਮੈਡੀਕਲ ਖੋਜ ਕੌਂਸਲ ਕੋਲ ਦਾਇਰ ਅਰਜ਼ੀ ਸਮਝਿਆ ਜਾਵੇ। ਪਟੀਸ਼ਨਰ ਓਹਾਇਓ ਅਧਾਰਿਤ ਭਾਰਤੀ ਮੂਲ ਦੇ ਡਾਕਟਰ ਤੇ ਪੀ.ਬੀ.ਟੀ. ਦੇ ਮੁਖੀ ਕੁਨਾਲ ਸਾਹਾ ਨੇ ਕਿਹਾ ਕਿ ਉਨ੍ਹਾਂ ਪਟੀਸ਼ਨ ਵਿਚ ਕੋਵਿਡ-19 ਲਈ ਨਿਰਧਾਰਿਤ ਟਰੀਟਮੈਂਟ ਲਾਈਨ (ਇਲਾਜ ਲਈ ਨਿਰਧਾਰਿਤ ਮਾਪਦੰਡਾਂ) ਨੂੰ ਨਹੀਂ ਬਲਕਿ ਐਚ.ਸੀ.ਕਿਊ. ਤੇ ਏ.ਜ਼ੈਡ.ਐਮ. ਦੇ ਸੁਮੇਲ ਨਾਲ ਬਣੀ ਡੋਜ਼ ਵਰਤਣ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਦਵਾਈ ਦੇ ਸਾਈਡ ਇਫੈਕਟਸ ਵੀ ਹਨ ਤੇ ਲੋਕਾਂ ਨੂੰ ਇਸ ਕਰਕੇ ਜਾਨ ਤੋਂ ਹੱਥ ਧੋਣਾ ਪੈ ਰਿਹਾ।

# ਅਰਥਚਾਰੇ ਨੂੰ ਛੇਤੀ ਖੋਲ੍ਹਣ ਦੀ ਲੋੜ: ਰਾਜਨ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਕਿਹਾ ਕਿ ਲੌਕਡਾਊਨ ਤਹਿਤ ਆਇਦ ਪਾਬੰਦੀਆਂ ਨੂੰ ਖਤਮ ਕਰਨ ਮੌਕੇ ਭਾਰਤ ਨੂੰ 'ਚਤੁਰਾਈ' ਨਾਲ ਕੰਮ ਲੈਣਾ ਚਾਹੀਦਾ ਹੈ। ਰਾਜਨ ਨੇ ਕਿਹਾ ਕਿ ਜੇਕਰ ਨੌਕਰੀਆਂ ਬਚਾਉਣੀਆਂ ਹਨ ਤਾਂ ਅਰਥਚਾਰੇ ਨੂੰ ਜਲਦੀ ਹੀ 'ਸੰਤੁਲਿਤ ਢੰਗ' ਨਾਲ ਖੋਲ੍ਹ ਦੇਣਾ ਚਾਹੀਦਾ ਹੈ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਕਰੋਨਾ ਵਾਇਰਸ ਦੇ ਸੰਕਟ ਦਰਮਿਆਨ ਗਰੀਬ ਤਬਕੇ ਦੀ ਮਦਦ ਲਈ 65000 ਕਰੋੜ ਰੁਪਏ ਖਰਚੇ ਹੋਣਗੇ। ਰਾਜਨ ਕਾਂਗਰਸ ਦੇ ਸੋਸ਼ਲ ਮੀਡੀਆ ਹੈਂਡਲਜ਼ ਉਤੇ ਪ੍ਰਸਾਰਿਤ ਆਪਣੇ ਤਰ੍ਹਾਂ ਦੇ ਪਹਿਲੇ ਸੰਵਾਦ ਦੌਰਾਨ ਬੋਲ ਰਹੇ ਸਨ। ਇਸ ਸੰਵਾਦ ਵਿਚ ਕਾਂਗਰਸ ਆਗੂ ਰਾਹੁਲ ਗਾਂਧੀ ਵੀ ਮੌਜੂਦ ਸਨ। ਰਾਜਨ, ਜੋ ਕਿ ਇਸ ਵੇਲੇ ਅਮਰੀਕਾ ਵਿਚ ਹਨ, ਨੇ ਕੋਵਿਡ-19 ਦੇ ਅਰਥਚਾਰੇ ਉਤੇ ਪੈਣ ਵਾਲੇ ਅਸਰ ਬਾਰੇ ਸਲਾਹ ਮਸ਼ਵਰਾ ਕੀਤਾ। ਵੀਡੀਓ ਕਾਨਫਰੰਸ ਦੌਰਾਨ ਹੋਇਆ ਇਹ ਸੰਵਾਦ ਲਗਭਗ 30 ਮਿੰਟ ਤੱਕ ਚੱਲਿਆ।

ਰਾਜਨ ਨੇ ਕਿਹਾ, 'ਸਾਨੂੰ ਪਾਬੰਦੀਆਂ ਹਟਾਉਣ ਮੌਕੇ ਚਤੁਰਾਈ ਨਾਲ ਕੰਮ ਲੈਣਾ ਹੋਵੇਗਾ। ਲੋੜ ਹੈ ਕਿ ਅਸੀਂ ਸੰਤੁਲਿਤ ਢੰਗ ਨਾਲ ਅਰਥਚਾਰੇ ਨੂੰ ਖੋਲ੍ਹੀਏ, ਪਰ ਸਾਨੂੰ ਇਹ ਕੰਮ ਜਿੰਨਾ ਛੇਤੀ ਹੋ ਸਕੇ, ਕਰਨਾ ਹੋਵੇਗਾ ਤਾਂ ਕਿ ਲੋਕਾਂ ਨੂੰ ਮੁੜ ਆਪਣੀਆਂ ਨੌਕਰੀਆਂ ਮਿਲਣ। ਅਸੀਂ ਅਜੇ ਇੰਨੇ ਸਮਰੱਥ ਨਹੀਂ ਹੋਏ ਕਿ (ਲੌਕਡਾਊਨ ਦੌਰਾਨ) ਲੰਮਾ ਸਮਾਂ ਲੋਕਾਂ ਦੀ (ਵਿੱਤੀ) ਮਦਦ ਕਰ ਸਕੀਏ। ਮੁਕਾਬਲਤਨ ਗਰੀਬ ਮੁਲਕ ਹੋਣ ਕਰਕੇ ਲੋਕਾਂ ਕੋਲ ਪੈਸਾ ਟਕਾ ਮੁੱਕ ਗਿਆ ਹੈ, ਜਿਸ ਕਰਕੇ ਉਹ ਬਾਹਰ ਆਉਣ ਲਈ ਮਜਬੂਰ ਹਨ।' ਸਾਬਕਾ ਗਵਰਨਰ ਨੇ ਕਿਹਾ, 'ਹਮੇਸ਼ਾ ਲਈ ਲੌਕਡਾਊਨ ਰੱਖਣਾ ਕੋਈ ਔਖਾ ਕਾਰਜ ਨਹੀਂ, ਪਰ ਪ੍ਰਤੱਖ ਤੌਰ ਉਤੇ ਇਹ ਅਰਥਚਾਰੇ ਲਈ ਨੁਕਸਾਨਦਾਇਕ ਹੈ।'

ਰਾਹੁਲ ਵਲੋਂ ਪੁੱਛੇ ਸਵਾਲ ਕਿ ਗਰੀਬਾਂ ਦੀ ਮਦਦ ਲਈ ਸਬਸਿਡੀਆਂ, ਖੁਰਾਕ ਤੇ ਨਗਦੀ ਦੇ ਰੂਪ ਵਿਚ ਕਿੰਨਾ ਪੈਸਾ ਲੋੜੀਂਦਾ ਹੈ ਤਾਂ ਆਰ.ਬੀ.ਆਈ. ਦੇ ਸਾਬਕਾ ਗਵਰਨਰ ਨੇ ਕਿਹਾ ਕਿ ਮਹਾਮਾਰੀ ਦੇ ਸੰਕਟ ਦਰਮਿਆਨ ਭਾਰਤ ਨੂੰ ਗਰੀਬ ਗੁਰਬੇ ਦੀ ਬਾਂਹ ਫੜਨ ਲਈ 65000 ਕਰੋੜ ਰੁਪਏ ਲੋੜੀਂਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕੁੱਲ ਜੀ.ਡੀ.ਪੀ. ਨੂੰ ਵੇਖੀਏ ਤਾਂ ਭਾਰਤ ਇਸ ਰਕਮ ਨੂੰ ਝੱਲਣ ਦੇ ਸਮਰੱਥ ਹੈ। ਅਰਥਸ਼ਾਸਤਰੀ ਨੇ ਕਿਹਾ, 'ਸਾਡੀ ਜੀ.ਡੀ.ਪੀ. 200 ਲੱਖ ਕਰੋੜ ਹੈ ਤੇ ਇਸ ਵਿਚੋਂ 65000 ਕਰੋੜ ਕੋਈ ਵੱਡੀ ਰਕਮ ਨਹੀਂ ਹੈ। ਲਿਹਾਜ਼ਾ ਅਸੀਂ ਇਹ ਕਰ ਸਕਦੇ ਹਾਂ।' ਰਾਜਨ ਨੇ ਕਿਹਾ ਕਿ ਭਾਰਤ ਆਪਣੀ ਸਨਅਤ ਤੇ ਸਪਲਾਈ ਚੇਨ ਨੂੰ ਥਾਂ ਸਿਰ ਕਰਨ ਲਈ ਮੌਕਾ ਲੱਭ ਲਏਗਾ।

# ਪ੍ਰਦੂਸ਼ਣ ਫੈਲਾਉਣ ਵਾਲਿਆਂ ਨੂੰ ਛੋਟ ਨਾ ਮਿਲੇ: ਗੁਟੇਰੇਜ਼

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਟੇਰੇਜ਼ ਅਨੁਸਾਰ ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਨੂੰ ਕੋਵਿਡ-19 ਮਹਾਮਾਰੀ ਤੋਂ ਉੱਭਰਨ ਦੇ ਉਪਰਾਲਿਆਂ ਦੌਰਾਨ ਕੋਈ ਛੋਟ ਨਹੀਂ ਮਿਲਣੀ ਚਾਹੀਦੀ ਹੈ।

ਜਲਵਾਯੂ ਬਦਲਾਅ ਸਬੰਧੀ ਪੀਟਰਜ਼ਬਰਗ ਵਿਚਾਰ-ਚਰਚਾ ਨੂੰ ਆਨਲਾਈਨ ਸੰਬੋਧਨ ਕਰਦਿਆਂ ਸ੍ਰੀ ਗੁਟੇਰੇਜ਼ ਨੇ ਕਿਹਾ, "ਕੋਵਿਡ-19 ਤੋਂ ਉਭਰਨ ਦੀ ਪ੍ਰਕਿਰਿਆ ਦੌਰਾਨ ਕਾਰਬਨ ਦਾ ਪ੍ਰਵਾਹ ਘਟਾ ਕੇ ਅਤੇ ਜਲਵਾਯੂ ਪੱਖੀ ਵਿਕਾਸ ਕਰ ਕੇ ਅਸੀਂ ਸਾਰਿਆਂ ਲਈ ਇਕ ਸਾਫ, ਹਰੀ-ਭਰੀ, ਸੁਰੱਖਿਅਤ ਅਤੇ ਖੁਸ਼ਹਾਲ ਦੁਨੀਆ ਬਣਾ ਸਕਦੇ ਹਾਂ।" ਉਨ੍ਹਾਂ ਕਿਹਾ ਕਿ ਕਰੋਨਾ ਵਾਇਰਸ ਅਤੇ ਜਲਵਾਯੂ ਬਦਲਾਅ ਇਨ੍ਹਾਂ ਦੋਹਾਂ ਸਮੱਸਿਆਵਾਂ ਦੇ ਹੱਲ ਲਈ ਕੌਮਾਂਤਰੀ ਪੱਧਰ 'ਤੇ ਸਾਂਝੇ ਯਤਨਾਂ ਦੀ ਲੋੜ ਹੈ। ਉਨ੍ਹਾਂ ਕਿਹਾ, "ਜਿਵੇਂ ਕਿ ਅਸੀਂ ਕਰੋਨਾ ਵਾਇਰਸ ਮਹਾਮਾਰੀ ਤੋਂ ਉੱਭਰਨ ਦੀ ਯੋਜਨਾ ਬਣਾ ਰਹੇ ਹਨ, ਸਾਡੇ ਕੋਲ ਆਪਣੇ ਵਿਸ਼ਵ ਨੂੰ ਵਧੇਰੇ ਟਿਕੇ ਰਹਿਣ ਵਾਲੇ ਰਾਹ 'ਤੇ ਤੋਰਨ ਦਾ ਮੌਕਾ ਹੈ। ਇਕ ਅਜਿਹਾ ਰਾਹ ਜੋ ਜਲਵਾਯੂ ਬਦਲਾਅ ਸਬੰਧੀ ਸਮੱਸਿਆ ਦਾ ਮੁਕਾਬਲਾ ਕਰ ਸਕੇ ਅਤੇ ਮਨੁੱਖ ਦੀ ਲੰਬੇ ਸਮੇਂ ਤੱਕ ਸਿਹਤ ਤੇ ਸੁਰੱਖਿਆ ਯਕੀਨੀ ਬਣਾ ਸਕੇ।"

ਜਲਵਾਯੂ ਪੱਖੀ ਯੋਜਨਾ ਦੀ ਲੋੜ ਉਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ, "ਜਿਥੇ ਕਰਦਾਤਾਵਾਂ ਦੇ ਪੈਸੇ ਦੀ ਲੋੜ ਕਾਰੋਬਾਰ ਬਚਾਉਣ ਲਈ ਹੈ, ਉਥੇ ਹੀ ਵਾਤਾਵਰਨ ਪੱਖੀ ਰੁਜ਼ਗਾਰ ਅਤੇ ਲੰਬੇ ਸਮੇਂ ਤੱਕ ਟਿਕੇ ਰਹਿਣ ਤੇ ਸੰਮਲਿਤ ਵਿਕਾਸ ਦੀ ਲੋੜ ਵੀ ਹੈ। ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਛੋਟ ਨਹੀਂ ਦਿੱਤੀ ਜਾਣੀ ਚਾਹੀਦੀ ਹੈ। ਉੱਭਰਨ ਦੇ ਉਪਰਾਲਿਆਂ ਤਹਿਤ ਖਰਚੇ ਜਾਣ ਵਾਲੇ ਖਰਬਾਂ ਵਾਤਾਵਰਨ ਪੱਖੀ ਰੁਜ਼ਗਾਰ ਤੇ ਕਾਰੋਬਾਰ ਸਥਾਪਤ ਕਰਨ ਲਈ ਇਸਤੇਮਾਲ ਕੀਤੇ ਜਾਣੇ ਚਾਹੀਦੇ ਹਨ।" ਉਨ੍ਹਾਂ ਕਿਹਾ ਬਾਲਣ ਉਤੇ ਦਿੱਤੀ ਜਾਂਦੀ ਸਬਸਿਡੀ ਖਤਮ ਕੀਤੀ ਜਾਣੀ ਚਾਹੀਦੀ ਹੈ ਅਤੇ ਪ੍ਰਦੂਸ਼ਣ ਫੈਲਾਉਣ ਵਾਲਿਆਂ 'ਤੇ ਜੁਰਮਾਨਾ ਲਗਾਉਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਪੀਟਰਜ਼ਬਰਗ ਗੱਲਬਾਤ ਦੌਰਾਨ 30 ਦੇਸ਼ਾਂ ਵਲੋਂ ਜਲਵਾਯੂ ਬਦਲਾਅ ਬਾਰੇ ਕੌਮਾਂਤਰੀ ਪੱਧਰੀ ਗੱਲਬਾਤ ਕੀਤੀ ਗਈ।

# ਬੈਂਕ ਡਿਫਾਲਟਰਾਂ ਦੇ ਕਰਜ਼ਿਆਂ 'ਤੇ ਲੀਕ ਮਾਰਨ ਦੇ ਮਾਮਲੇ 'ਤੇ ਘਿਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਬੈਂਕ ਡਿਫਾਲਟਰਾਂ ਦੇ ਕਰਜ਼ਿਆਂ ਉਤੇ ਚੁੱਪ ਚਪੀਤੇ ਲੀਕ ਮਾਰਨ ਦਾ ਮਾਮਲਾ ਭਖ ਗਿਆ ਹੈ। ਵਿਰੋਧੀ ਧਿਰਾਂ ਨੇ ਇਸ ਮੁੱਦੇ ਉਤੇ ਮੋਦੀ ਸਰਕਾਰ ਨੂੰ ਘੇਰ ਲਿਆ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਸਰਕਾਰ ਨੇ ਜਾਣਬੁਝ ਕੇ ਸੰਸਦ ਵਿਚ ਪੰਜਾਹ ਡਿਫਾਲਟਰਾਂ ਦੇ ਨਾਮ ਛੁਪਾਏ ਸਨ। ਉਨ੍ਹਾਂ 16 ਮਾਰਚ ਨੂੰ ਲੋਕ ਸਭਾ ਵਿਚ ਵਿੱਤ ਮੰਤਰੀ ਤੋਂ ਡਿਫਾਲਟਰਾਂ ਦੀ ਸੂਚੀ ਮੰਗੀ ਸੀ ਪਰ ਸਰਕਾਰ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਮਾਲਿਆ ਦੀ ਕਿੰਗਫਿਸ਼ਰ ਏਅਰਲਾਈਨਜ਼ ਇਸ ਸੂਚੀ ਵਿਚ 9ਵੇਂ ਨੰਬਰ ਉਤੇ ਹੈ, ਜਿਸ ਵੱਲ 1943 ਕਰੋੜ ਰੁਪਏ ਦਾ ਬਕਾਇਆ ਸੀ, ਜਿਸ ਨੂੰ ਬੈਂਕਾਂ ਨੇ ਡੁੱਬਿਆ ਕਰਜ਼ਾ ਦੱਸ ਕੇ ਲੀਕ ਮਾਰ ਦਿੱਤੀ। ਫੌਰਐਵਰ ਪ੍ਰੈਸ਼ੀਅਸ ਜਿਊਲਰੀ ਤੇ ਡਾਇਮੰਡ ਪ੍ਰਾਈਵੇਟ ਲਿਮਿਟਡ ਦੇ 1962 ਕਰੋੜ ਰੁਪਏ ਦਾ ਕਰਜ਼ਾ ਵੱਟੇ ਖਾਤੇ ਪਾਇਆ ਗਿਆ ਤਾਂ ਡੈਕਨ ਕਰੌਨੀਕਲਜ਼ ਹੋਲਡਿੰਗਜ਼ ਲਿਮਟਿਡ ਦਾ 1915 ਕਰੋੜ ਰੁਪਏ ਦੇ ਕਰਜ਼ੇ ਨੂੰ ਐਨ.ਪੀ.ਏ. ਐਲਾਨ ਦਿੱਤਾ। ਉਧਰ, ਕਾਂਗਰਸ ਉਤੇ ਮੋੜਵਾਂ ਵਾਰ ਕਰਦਿਆਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਹੈ ਕਿ ਜਾਣਬੁੱਝ ਕੇ ਕਰਜ਼ਾ ਨਾ ਮੋੜਨ ਵਾਲਿਆਂ ਨੇ ਯੂ.ਪੀ.ਏ. ਸਰਕਾਰ ਦੀ ਫੋਨ ਬੈਂਕਿੰਗ ਦਾ ਲਾਹਾ ਲਿਆ ਹੈ, ਜਦ ਕਿ ਮੋਦੀ ਸਰਕਾਰ ਉਨ੍ਹਾਂ ਤੋਂ ਬਕਾਇਆ ਲੈਣ ਲਈ ਪਿੱਛੇ ਪਈ ਹੋਈ ਹੈ।



ਦੱਸ ਦਈਏ ਕਿ ਭਾਰਤੀ ਰਿਜ਼ਰਵ ਬੈਂਕ ਨੇ ਆਰ.ਟੀ.ਆਈ. ਤਹਿਤ ਮੰਗੀ ਜਾਣਕਾਰੀ ਦੇ ਜਵਾਬ ਵਿਚ ਖੁਲਾਸਾ ਕੀਤਾ ਹੈ ਕਿ ਮੇਹੁਲ ਚੋਕਸੀ ਤੇ ਵਿਜੈ ਮਾਲਿਆ ਦੀਆਂ ਫਰਮਾਂ ਸਮੇਤ ਕੁੱਲ ਮਿਲਾ ਕੇ ਮੁਲਕ ਵਿਚ 50 ਅਜਿਹੇ ਬੈਂਕ ਡਿਫਾਲਟਰ ਹਨ, ਜਿਨ੍ਹਾਂ ਵੱਲ 68,607 ਕਰੋੜ ਰੁਪਏ ਦੇ ਬਕਾਇਆਂ ਉਤੇ 30 ਸਤੰਬਰ 2019 ਤੱਕ ਤਕਨੀਕੀ ਤੌਰ 'ਤੇ ਲੀਕ ਮਾਰੀ ਜਾ ਚੁੱਕੀ ਹੈ। ਆਰ.ਬੀ.ਆਈ. ਵੱਲੋਂ ਜਾਰੀ ਡਿਫਾਲਟਰਾਂ ਦੀ ਇਸ ਸੂਚੀ ਵਿਚ 5492 ਕਰੋੜ ਰੁਪਏ ਦੇ ਮੋਟੇ ਬਕਾਏ ਨਾਲ ਭਗੌੜੇ ਹੀਰਾ ਕਾਰੋਬਾਰੀ ਚੋਕਸੀ ਦੀ ਕੰਪਨੀ ਗੀਤਾਂਜਲੀ ਜੈੱਮਸ ਸਿਖਰ ਉਤੇ ਹੈ। ਆਰ.ਈ.ਆਈ. ਐਗਰੋ 4314 ਕਰੋੜ ਰੁਪਏ ਨਾਲ ਦੂਜੇ ਤੇ ਵਿਨਸਮ ਡਾਇਮੰਡਜ਼ 4076 ਕਰੋੜ ਰੁਪਏ ਦੇ ਬਕਾਏ ਨਾਲ ਤੀਜੀ ਥਾਵੇਂ ਹੈ। ਆਰ.ਟੀ.ਆਈ. ਕਾਰਕੁਨ ਸਾਕੇਤ ਗੋਖਲੇ ਨੇ ਪਹਿਲਾਂ 16 ਫਰਵਰੀ ਨੂੰ ਕੇਂਦਰੀ ਬੈਂਕ ਤੋਂ ਡਿਫਾਲਟਰਾਂ ਦੀ ਸੂਚੀ ਮੰਗੀ ਸੀ, ਪਰ ਉਸ ਮੌਕੇ 'ਮੰਗੀ ਗਈ ਜਾਣਕਾਰੀ ਉਪਲੱਬਧ ਨਾ ਹੋਣ' ਦੇ ਹਵਾਲੇ ਨਾਲ ਨਹੀਂ ਦਿੱਤੀ ਗਈ ਸੀ।

ਰੋਟੋਮੈਕ ਗਲੋਬਲ ਪ੍ਰਾਈਵੇਟ ਲਿਮਟਿਡ ਵੱਲੋਂ ਐਡਵਾਂਸ ਫੰਡਾਂ ਦੇ ਰੂਪ ਵਿਚ ਦਿੱਤੇ 2850 ਕਰੋੜ ਨੂੰ ਤਕਨੀਕੀ ਰੂਪ ਵਿਚ ਮੁਆਫ ਕੀਤਾ ਗਿਆ। ਹੋਰਨਾਂ ਕੰਪਨੀਆਂ ਵਿਚ ਕੁਡੋਜ਼ ਕੈਮੀ ਲਿਮਟਿਡ ਦੇ 2326 ਕਰੋੜ, ਰੁਚੀ ਸੋਯਾ ਇੰਡਸਟਰੀਜ਼ ਲਿਮਟਿਡ (ਜਿਸ ਦੀ ਮਾਲਕੀ ਹੁਣ ਰਾਮਦੇਵ ਪਤੰਜਲੀ ਪੁੱਛਿਆ ਸੀ ਪਰ ਵਿੱਤ ਮੰਤਰੀ ਨੇ ਇਸ ਦਾ ਜਵਾਬ ਦੇਣ ਤੋਂ ਮਨ੍ਹਾਂ ਕਰ ਦਿੱਤਾ।' ਉਨ੍ਹਾਂ ਕਿਹਾ ਕਿ ਹੁਣ ਰਿਜ਼ਰਵ ਬੈਂਕ ਨੇ ਨੀਰਵ ਮੋਦੀ, ਮੇਹੁਲ ਚੋਕਸੀ ਤੇ ਸਾਰੇ ਭਾਜਪਾ ਮਿੱਤਰਾਂ ਦੀ ਸੂਚੀ ਜਾਰੀ ਕੀਤੀ ਹੈ। ਇਹੀ ਕਾਰਨ ਸੀ ਕਿ ਸੰਸਦ ਵਿਚ ਇਹ ਗੱਲ ਛੁਪਾਈ ਗਈ। ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੂਰਜੇਵਾਲਾ ਨੇ ਪਹਿਲਾਂ ਦੋਸ਼ ਲਾਇਆ ਸੀ ਕਿ ਭਾਜਪਾ ਦਾ ਮੁੱਖ ਏਜੰਡਾ ਭਗੌੜਿਆਂ ਦੀ ਮਦਦ ਕਰਨਾ ਅਤੇ ਉਨ੍ਹਾਂ ਦੇ ਕਰਜ਼ਿਆਂ ਉਤੇ ਪੋਚਾ ਮਾਰਨਾ ਹੈ। ਇੰਜ ਹੀ ਰਾਹੁਲ ਗਾਂਧੀ ਨੇ 16 ਮਾਰਚ ਨੂੰ ਸੰਸਦ ਵਿਚ ਮੋਦੀ ਸਰਕਾਰ ਤੋਂ ਬੈਂਕਾਂ ਨਾਲ ਘਪਲੇ ਕਰਨ ਵਾਲੇ 50 ਵਿਅਕਤੀਆਂ ਦੇ ਨਾਮ ਪੁੱਛੇ ਸਨ। ਸਰਕਾਰ ਤੇ ਵਿੱਤ ਮੰਤਰੀ ਨੇ ਇਸ ਮਾਮਲੇ 'ਤੇ ਚੁੱਪ ਵੱਟ ਲਈ ਸੀ ਅਤੇ ਨਾਮ ਜਨਤਕ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਕਰਦਾਤਾਵਾਂ ਦਾ ਪੈਸਾ ਸਰਕਾਰ ਦੇ ਜਾਗੀਰਦਾਰ ਮਿੱਤਰਾਂ ਨੂੰ ਬਚਾਉਣ ਲਈ ਵਰਤਿਆ ਜਾ ਰਿਹਾ ਹੈ।

## ਪ੍ਰਧਾਨ ਮੰਤਰੀ ਕੇਅਰਜ਼ ਫੰਡਾਂ ਦਾ ਆਡਿਟ ਹੋਵੇ: ਪ੍ਰਿਯੰਕਾ

**ਨਵੀਂ ਦਿੱਲੀ:** ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਕਿਹਾ ਕਿ ਪੀ.ਐਮ. ਕੇਅਰਜ਼ ਫੰਡ ਦਾ ਸਰਕਾਰੀ ਆਡਿਟ ਹੋਣਾ ਚਾਹੀਦਾ ਹੈ। ਉਨ੍ਹਾਂ ਯੂਪੀ ਦੇ ਭਦੋਹੀ ਜ਼ਿਲ੍ਹੇ 'ਚ ਜ਼ਿਲ੍ਹਾ ਅਧਿਕਾਰੀ ਵੱਲੋਂ ਲੋਕਾਂ ਨੂੰ ਸੌ-ਸੌ ਰੁਪਏ ਦਾ ਯੋਗਦਾਨ ਦੇਣ ਦੇ ਦਿੱਤੇ ਹੁਕਮ ਦਾ ਹਵਾਲਾ ਦਿੰਦਿਆਂ ਕਿਹਾ ਦੇਸ਼ 'ਚ ਕਈ ਪੂੰਜੀਪਤੀਆਂ ਦੇ 68 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਨ ਦਾ ਹਿਸਾਬ ਵੀ ਸਰਕਾਰ ਨੂੰ ਦੇਣਾ ਚਾਹੀਦਾ ਹੈ। ਉਨ੍ਹਾਂ ਟਵੀਟ ਕੀਤਾ, 'ਜਦੋਂ ਲੋਕਾਂ ਦਾ ਕਚੂਮਰ ਨਿਕਲਿਆ ਪਿਆ ਹੈ, ਰਾਸ਼ਨ-ਪਾਣੀ ਦੀ ਕਿੱਲਤ ਹੈ ਤੇ ਸਰਕਾਰੀ ਮਹਿਕਮਾ ਸੌ-ਸੌ ਰੁਪਏ ਵਸੂਲ ਰਿਹਾ ਹੈ ਤਾਂ ਹਰ ਨਜ਼ਰੀਏ ਤੋਂ ਸਹੀ ਹੈ ਕਿ ਪੀ.ਐਮ. ਕੇਅਰਜ਼ ਫੰਡ ਦਾ ਸਰਕਾਰੀ ਆਡਿਟ ਵੀ ਹੋਵੇ।'

# ਬੀਬੀ ਮਹਿੰਦਰ ਕੌਰ ਗਿੱਧਾ ਸੁਰਗਵਾਸ



**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਦੇ ਸਾਬਕਾ ਪ੍ਰਧਾਨ ਸ. ਅਮੋਲਕ ਸਿੰਘ ਗਿੱਧਾ ਦੀ ਸੁਪਤਨੀ ਬੀਬੀ ਮਹਿੰਦਰ ਕੌਰ ਗਿੱਧਾ ਲੰਘੀ 29 ਅਪਰੈਲ ਨੂੰ ਅਕਾਲ ਚਲਾਣਾ ਕਰ ਗਏ। ਕਰੀਬ 80 ਸਾਲਾ ਸਵਰਗੀ ਬੀਬੀ ਮਹਿੰਦਰ ਕੌਰ ਗਿੱਧਾ ਪਿਛਲੇ ਕਈ ਮਹੀਨਿਆਂ ਤੋਂ ਸਿਹਤ ਪੱਖੋਂ ਠੀਕ ਨਹੀਂ ਸਨ। ਗੁਰਦੁਆਰਾ ਸਾਹਿਬ ਵਿਚ ਅਤੇ ਭਾਈਚਾਰਕ ਸੇਵਾਵਾਂ ਕੀਤੇ ਜਾਣ ਕਾਰਨ ਭਾਈਚਾਰੇ ਵਿਚ ਉਨ੍ਹਾਂ ਨੂੰ ਕਾਫੀ ਮਾਣ-ਸਤਿਕਾਰ ਮਿਲਿਆ।

ਉਹ ਆਪਣੇ ਪਿਛੇ ਪਤੀ ਸ. ਗਿੱਧਾ ਤੋਂ ਇਲਾਵਾ ਧੀ ਹਰਵਿੰਦਰ ਕੌਰ ਸੈਣੀ ਤੇ ਜਵਾਈ, ਦੋਹਤੀ ਹਰਲੀਨ ਕੌਰ, ਦੋਹਤੇ-ਜਸਕਰਨ ਸਿੰਘ ਤੇ ਜੀਵਨਜੋਤ ਸਿੰਘ ਅਤੇ ਭੈਣਾਂ-ਭਰਾਵਾਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਹ ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਦੇ ਸਾਬਕਾ ਪ੍ਰਧਾਨ ਤੇ ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਐਗਜ਼ੀਕਿਊਟਿਵ ਸੈਕਟਰੀ ਸ. ਮਹਿੰਦਰਜੀਤ ਸਿੰਘ ਸੈਣੀ ਦੇ ਸੱਸ ਸਨ।

ਸਵਰਗੀ ਮਹਿੰਦਰ ਕੌਰ ਗਿੱਧਾ ਦਾ ਅੰਤਿਮ ਸਸਕਾਰ ਸਨਿਚਰਵਾਰ, 9 ਮਈ ਨੂੰ ਦੁਪਹਿਰ 12 ਤੋਂ 2 ਵਜੇ ਦਰਮਿਆਨ ਡੇਵਨਪੋਰਟ ਫਿਊਨਰਲ ਹੋਮ, ਲੇਕ ਜ਼ਿਊਰਿਕ ਵਿਖੇ ਹੋਵੇਗਾ। ਕੋਵਿਡ-19 ਕਾਰਨ ਇਲੀਨਾਏ ਸਟੇਟ ਵਲੋਂ ਜਾਰੀ ਹਦਾਇਤਾਂ ਮੁਤਾਬਕ ਸਿਰਫ 10 ਮੈਂਬਰ ਹੀ ਅੰਤਿਮ ਸਸਕਾਰ ਦੀਆਂ ਰਸਮਾਂ 'ਚ ਸ਼ਾਮਲ ਹੋ ਸਕਦੇ ਹਨ। ਜ਼ੂਮ ਐਪ (Meeting ID: 856 3898 4244, Password: 711321) ਰਾਹੀਂ ਸਸਕਾਰ ਦੀਆਂ ਰਸਮਾਂ ਵਿਚ ਦੁਪਹਿਰ 11:45 ਤੋਂ ਸ਼ਾਮਲ ਹੋਇਆ ਜਾ ਸਕਦਾ ਹੈ।

ਪੀ. ਸੀ. ਐਸ. ਨੇ ਗਿੱਧਾ ਅਤੇ ਸੈਣੀ ਪਰਿਵਾਰ ਦੇ ਦੁੱਖ 'ਚ ਸ਼ਾਮਲ ਹੁੰਦਿਆਂ ਵਾਹਿਗੁਰੂ ਅੱਗੇ ਵਿਛੜੀ ਰੂਹ ਦੀ ਆਤਮਾ ਦੀ ਸ਼ਾਂਤੀ ਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ ਹੈ।

ਪਰਿਵਾਰ ਨਾਲ ਸੰਪਰਕ ਮਹਿੰਦਰਜੀਤ ਸਿੰਘ ਸੈਣੀ, ਫੋਨ: 847-705-0434 ਜਾਂ ਈਮੇਲ: mjssaini@sbcglobal.net ਰਾਹੀਂ ਕੀਤਾ ਜਾ ਸਕਦਾ ਹੈ।

# ਪੰਜਾਬ 'ਚ ਰੋਜ਼ ਛੇ ਹਜ਼ਾਰ ਟੈਸਟ ਕਰਨ ਦੇ ਨਿਰਦੇਸ਼

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਹਤ ਵਿਭਾਗ ਨੂੰ 15 ਮਈ ਤੱਕ ਰੋਜ਼ਾਨਾ 6000 ਕੋਵਿਡ ਟੈਸਟਿੰਗ ਕਰਨ ਲਈ ਆਖਿਆ ਹੈ। ਵਿਭਾਗ ਨੇ ਮਈ ਦੇ ਅਖੀਰ ਤੱਕ ਰੋਜ਼ਾਨਾ 5800 ਟੈਸਟਾਂ ਦਾ ਟੀਚਾ ਮਿੱਥਿਆ ਸੀ। ਮੁੱਖ ਮੰਤਰੀ ਨੇ ਸੂਬੇ 'ਚ ਘਰ ਵਾਪਸੀ ਕਰਨ ਵਾਲੇ ਪੰਜਾਬੀਆਂ ਦੇ ਬਾਹਰੀ ਸੂਬਿਆਂ ਵਿਚ ਹੋਏ ਟੈਸਟਾਂ ਨੂੰ ਹੀ ਆਧਾਰ ਮੰਨ ਲੈਣ ਦੀ ਥਾਂ ਆਪਣੇ ਪੱਧਰ ਉਤੇ ਟੈਸਟ ਕਰਨ ਦੀ ਹਦਾਇਤ ਕੀਤੀ।

ਮੁੱਖ ਮੰਤਰੀ ਨੇ ਸਪਸ਼ਟ ਕੀਤਾ ਕਿ ਬਾਹਰੀ ਸੂਬਿਆਂ 'ਚ ਫਸੇ ਹੋਏ ਜਿਹੜੇ ਪੰਜਾਬੀਆਂ ਦੇ ਟੈਸਟ ਸਬੰਧਤ ਸੂਬਿਆਂ ਵਿਚ ਹੋਏ ਹਨ, ਪੰਜਾਬ ਉਨ੍ਹਾਂ ਉਤੇ ਭਰੋਸਾ ਨਹੀਂ ਕਰ ਸਕਦਾ। ਮੁੱਖ ਮੰਤਰੀ ਨੇ ਨਾਂਦੇੜ ਸਾਹਿਬ ਤੋਂ ਆਏ ਸ਼ਰਧਾਲੂਆਂ ਸਬੰਧੀ ਅਕਾਲੀ ਆਗੂਆਂ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਵਿਰੋਧੀ ਧਿਰਾਂ ਨੂੰ ਅਜਿਹੇ ਗੰਭੀਰ ਮਸਲੇ 'ਤੇ ਘਟੀਆ ਸਿਆਸਤ ਬੰਦ ਕਰਨੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਫਰੀਦ ਯੂਨੀਵਰਸਿਟੀ ਫਰੀਦਕੋਟ ਦੇ ਉਪ ਕੁਲਪਤੀ ਨੂੰ ਵੀ ਕਿਹਾ ਕਿ ਉਹ ਜਲੰਧਰ 'ਚ ਵੀ ਟੈਸਟ ਕਰਨ ਦੀ ਵਿਵਸਥਾ ਸਥਾਪਤ ਕਰਨ ਦੀ ਸੰਭਾਵਨਾ ਤਲਾਸ਼ਣ ਤੇ ਇਸ ਲਈ ਸਰਕਾਰ 1 ਕਰੋੜ ਰੁਪਏ ਦੀ ਗਰਾਂਟ ਮਨਜ਼ੂਰ ਕਰਨ ਨੂੰ ਤਿਆਰ ਹੈ।

ਕੁਝ ਮੰਤਰੀਆਂ ਦੇ ਸੁਝਾਵਾਂ ਬਾਰੇ ਮੁੱਖ ਮੰਤਰੀ ਸਹਿਮਤ ਹੋਏ ਕਿ ਦੂਜੇ ਸੂਬਿਆਂ ਤੋਂ ਪਰਤਣ ਵਾਲਿਆਂ ਨੂੰ ਸਬੰਧਤ ਪਿੰਡ ਦੇ ਸਰਪੰਚ ਅਤੇ ਪੰਚਾਇਤ ਨਾਲ ਤਾਲਮੇਲ ਕਰਕੇ ਘਰ ਵਿਚ ਹੀ ਇਕਾਂਤਵਾਸ ਦੀ ਤਜਵੀਜ਼ ਦੀ ਸਮੀਖਿਆ ਕੀਤੀ ਜਾਵੇ। ਇਸੇ ਦੌਰਾਨ ਪੰਜਾਬ ਵਜ਼ਾਰਤ ਨੇ 7 ਸਾਲ ਤੱਕ ਸਜ਼ਾ ਵਾਲੇ ਕੈਦੀਆਂ ਲਈ ਪੈਰੋਲ ਦੀ ਮਿਆਦ 16 ਹਫਤਿਆਂ ਤੋਂ ਵਧਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ।

# ਸ਼੍ਰੋਮਣੀ ਕਮੇਟੀ ਪ੍ਰਧਾਨ ਲੌਂਗੋਵਾਲ ਦੀ ਪਤਨੀ ਦਾ ਦੇਹਾਂਤ



**ਸੰਗਰੂਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਪਤਨੀ ਬੀਬੀ ਅਮਰਪਾਲ ਕੌਰ (60 ਸਾਲ) ਦਾ ਦੇਹਾਂਤ ਹੋ ਗਿਆ। ਉਹ ਸ਼ਾਮ ਵੇਲੇ ਚੱਕਰ ਆਉਣ ਕਾਰਨ ਡਿੱਗ ਗਏ। ਉਨ੍ਹਾਂ ਨੂੰ ਪਹਿਲਾਂ ਲੌਂਗੋਵਾਲ ਦੇ ਹਸਪਤਾਲ ਲਿਜਾਇਆ ਗਿਆ, ਜਿਥੋਂ ਉਨ੍ਹਾਂ ਨੂੰ ਸੰਗਰੂਰ ਦੇ ਇਕ ਨਿਜੀ ਹਸਪਤਾਲ ਰੈਫਰ ਕਰ ਦਿੱਤਾ ਗਿਆ। ਇਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਬੀਬੀ ਅਮਰਪਾਲ ਕੌਰ ਪਿੰਗਲਵਾੜਾ ਦੀ ਮੁੱਖ ਸੇਵਾਦਾਰ ਬੀਬੀ ਇੰਦਰਜੀਤ ਕੌਰ ਦੀ ਛੋਟੀ ਭੈਣ ਸੀ। ਉਹ ਆਪਣੇ ਪਿੱਛੇ ਦੋ ਬੱਚੇ ਛੱਡ ਗਏ ਹਨ। ਉਹ ਸੇਵਾਮੁਕਤ ਸਰਕਾਰੀ ਅਧਿਆਪਕ ਸਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗੋਬਿੰਦ ਸਿੰਘ ਲੌਂਗੋਵਾਲ ਦੀ ਪਤਨੀ ਬੀਬੀ ਅਮਰਪਾਲ ਕੌਰ ਦੀ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਇਸੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਾਜਿੰਦਰ ਸਿੰਘ ਮਹਿਤਾ, ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ਼੍ਰੋਮਣੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਸਮੇਤ ਹੋਰਨਾਂ ਧਾਰਮਿਕ ਤੇ ਸਿਆਸੀ ਹਸਤੀਆਂ ਨੇ ਵੀ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ।


# ਗਾਇਕ ਰਣਜੀਤ ਬਾਵਾ ਵਿਰੁਧ ਕੇਸ ਦਰਜ



**ਜਲੰਧਰ:** ਪੰਜਾਬੀ ਗਾਇਕ ਰਣਜੀਤ ਬਾਵਾ ਦੇ ਯੂਟਿਊਬ ਉਤੇ ਰਿਲੀਜ਼ ਹੋਇਆ ਗਾਣਾ 'ਮੇਰਾ ਕੀ ਕਸੂਰ' ਸਬੰਧੀ ਥਾਣਾ ਡਵੀਜ਼ਨ ਨੰਬਰ ਤਿੰਨ ਵਿਚ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਕੇਸ ਦਰਜ ਕੀਤਾ ਗਿਆ ਹੈ। ਇਸ ਗੀਤ ਨੂੰ ਲੈ ਕੇ ਦੋਸ਼ ਲਾਇਆ ਜਾ ਰਿਹਾ ਕਿ ਇਸ 'ਚ ਕੁਝ ਅਜਿਹੇ ਬੋਲ ਹਨ ਜੋ ਕਿ ਕਥਿਤ ਤੌਰ ਉਤੇ ਹਿੰਦੂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ।

ਪੰਜਾਬ ਯੁਵਾ ਭਾਜਪਾ ਦੇ ਮੀਡੀਆ ਇੰਚਾਰਜ ਤੇ ਐਡਵੋਕੇਟ ਅਸ਼ੋਕ ਸਰੀਨ ਹਿੱਕੀ ਨੇ ਜਲੰਧਰ ਸ਼ਹਿਰ ਦੇ ਥਾਣਾ ਤਿੰਨ 'ਚ ਟਵਿੱਟਰ ਤੇ ਈਮੇਲ ਰਾਹੀਂ ਵੀਡੀਓ ਸਬੂਤ ਦੇ ਕੇ ਸ਼ਿਕਾਇਤ ਦਰਜ ਕਰਵਾਈ। ਅਸ਼ੋਕ ਸਰੀਨ ਨੇ ਦੱਸਿਆ ਉਨ੍ਹਾਂ ਨੇ ਗਾਇਕ ਰਣਜੀਤ ਬਾਵਾ ਸਮੇਤ ਗੀਤ ਦੇ ਲੇਖਕ ਬੀਰ ਸਿੰਘ, ਮਿਊਜ਼ਿਕ ਡਾਇਰੈਕਟਰ ਗੁਰਮੋਹ, ਵੀਡੀਓ ਡਾਇਰੈਕਟਰ ਧੀਮਾਨ ਤੇ ਹੋਰਾਂ ਵਿਰੁੱਧ ਵੀ ਕੇਸ ਦਰਜ ਕਰਵਾਇਆ ਹੈ।


SERVING
Wisconsin & Illinois State
Residential or Commercial
Buying, Selling, Renting or Investing
Buy thru us Get Best Service
+ Thousands of Dollars cash back.
Buying: Have access to more than 60 websites to find your dream home or future investment!
New constructions homes-Get 60% cash back.
Affordable Listing Commission.
Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!



For the best deal call:
Jesse Singh (e-PRO, SFR, CIAS)
Broker/Realtor
Cell: 847-606-3664
Email: jsingh@remax.net
Web Site: jsingh.illinoisproperty.com
12 years experience (Full time service)
Sold: #780 Homes and #82 Commercials.
RE/MAX COMMERCIAL · RE/MAX PLATINUM CLUB · e-PRO · SFR SHORT SALES & FORECLOSURE RESOURCE · CIAS Certified Investor Agent Specialist






For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store
MIDWAY Business Broker
We Build Your Dreams
MIDWAY REALTY GROUP
We Build Your Dreams
MIDWAY REALTY GROUP
For all your Residential Real Estate Needs
Join our team, we are hiring real estate agents.
We help you to
Home Selling
Home Buying
Rental / Lease
New Construction
Foreclosed / Short Sale
REO'S / HUD Property
WE WILL ASSIST YOU TO PROVIDE FUNDING FROM $25K TO 500K IN 48HRS
List your business at WWW.MBBBIZ.COM
AJEET SINGH : 847-529-9778
NICK VERMA : 630-664-1435

**Punjab Times**
Established in 2000
21st Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਰੋਨਾ ਨੇ ਸਮੁੱਚੇ ਪੰਜਾਬ ਨੂੰ ਲਪੇਟੇ 'ਚ ਲਿਆ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਵਾਇਰਸ ਦੀ ਜ਼ੱਦ ਵਿਚ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਵਿਚ ਇਕਦਮ ਰਿਕਾਰਡ ਵਾਧਾ ਹੋਇਆ ਹੈ। ਇਹ ਖਤਰਨਾਕ ਵਾਇਰਸ ਹੁਣ ਤੱਕ ਸਮੁੱਚੇ ਪੰਜਾਬ ਨੂੰ ਆਪਣੀ ਲਪੇਟ ਵਿਚ ਲੈ ਚੁੱਕਾ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਹਜ਼ੂਰ ਸਾਹਿਬ ਤੇ ਹੋਰਨਾਂ ਥਾਵਾਂ ਤੋਂ ਆਏ ਵਿਅਕਤੀਆਂ ਨੂੰ ਜਿਸ ਤਰ੍ਹਾਂ ਲਾਗ ਲੱਗਣ ਦੇ ਲੱਛਣ ਸਾਹਮਣੇ ਆ ਰਹੇ ਹਨ, ਉਸ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ ਹੀ ਪ੍ਰਭਾਵਿਤ ਵਿਅਕਤੀਆਂ ਦੀ ਗਿਣਤੀ 2 ਹਜ਼ਾਰ ਤੱਕ ਵੀ ਪਹੁੰਚ ਜਾਵੇਗੀ ਹੈ। ਇਸੇ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਦਿੱਤੀ ਖੁੱਲ੍ਹ ਸਦਕਾ ਹੁਣ 12 ਹਜ਼ਾਰ ਹੋਰ ਵਿਅਕਤੀ, ਜੋ ਬਾਹਰਲੇ ਸੂਬਿਆਂ ਵਿੱਚ ਬੈਠੇ ਹਨ, ਨੇ ਪੰਜਾਬ ਆਉਣ ਦੀ ਇੱਛਾ ਜਤਾਈ ਹੈ। ਹਜ਼ੂਰ ਸਾਹਿਬ ਅਤੇ ਹੋਰਨਾਂ ਸੂਬਿਆਂ ਤੋਂ ਪੰਜਾਬ ਆਏ ਵਿਅਕਤੀ ਸਰਕਾਰ ਲਈ ਵੱਡੀ ਫਿਕਰਮੰਦੀ ਦਾ ਵਿਸ਼ਾ ਬਣੇ ਹੋਏ ਹਨ। ਸਿਹਤ ਵਿਭਾਗ ਵੱਲੋਂ ਬਾਹਰਲੇ ਸੂਬਿਆਂ ਤੋਂ ਆਏ ਵਿਅਕਤੀਆਂ ਦੇ ਲਗਾਤਾਰ ਸੈਂਪਲ ਲਏ ਜਾ ਰਹੇ ਹਨ ਤੇ ਹੁਣ ਤੱਕ 28,545 ਸੈਂਪਲ ਲਏ ਗਏ ਹਨ।

ਉਧਰ, ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ਾਂ ਨੇ ਪਰਵਾਸੀਆਂ ਅਤੇ ਰਾਜ ਸਰਕਾਰ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਪਿੱਤਰੀ ਰਾਜਾਂ ਨੂੰ ਸਿਰਫ ਅਜਿਹੇ ਪਰਵਾਸੀਆਂ ਨੂੰ ਹੀ ਭੇਜਿਆ ਜਾ ਸਕਦਾ ਹੈ ਜੋ ਰਾਜ ਸਰਕਾਰਾਂ ਜਾਂ ਕੇਂਦਰ ਵੱਲੋਂ ਐਲਾਨੇ ਲੌਕਡਾਊਨ ਕਾਰਨ ਅਚਨਚੇਤ ਹੀ ਆਪਣੇ ਜੱਦੀ ਘਰ ਤੋਂ ਦੂਰ ਫਸ ਗਏ ਹੋਣ। ਨਵੀਆਂ ਹਦਾਇਤਾਂ ਮੁਤਾਬਕ ਜਿਹੜੇ ਪਰਵਾਸੀ ਕਾਮੇ ਪਹਿਲਾਂ ਤੋਂ ਹੀ ਕਿਸੇ ਸੂਬੇ ਵਿਚ ਰਹਿ ਕੇ ਆਪਣੀ ਰੋਜ਼ੀ-ਰੋਟੀ ਲਈ ਪੱਕੀ ਜਾਂ ਆਰਜ਼ੀ ਨੌਕਰੀ ਕਰਦੇ ਹਨ, ਉਨ੍ਹਾਂ ਨੂੰ ਪਿੱਤਰੀ ਰਾਜਾਂ ਵਿਚ ਨਹੀਂ ਭੇਜਿਆ ਜਾ ਸਕਦਾ ਹੈ। ਇਨ੍ਹਾਂ ਹਦਾਇਤਾਂ ਨੇ ਰਾਜ ਸਰਕਾਰ ਲਈ ਵੀ ਵੱਡਾ ਭੰਬਲਭੂਸਾ ਖੜ੍ਹਾ ਕਰ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਗ੍ਰਹਿ ਵਿਭਾਗ ਦੀ ਨਿਗਰਾਨੀ ਹੇਠ ਚਲਾਈ ਜਾ ਰਹੀ ਮੁਹਿੰਮ ਤਹਿਤ ਪਿੱਤਰੀ ਰਾਜਾਂ ਨੂੰ ਜਾਣ ਵਾਲੇ ਪਰਵਾਸੀਆਂ ਦਾ ਅੰਕੜਾ 9 ਲੱਖ ਤੱਕ ਪਹੁੰਚ ਗਿਆ ਹੈ।

# ਸਿੱਧੂ ਮੂਸੇਵਾਲਾ ਤੇ ਪੰਜ ਪੁਲਿਸ ਮੁਲਾਜ਼ਮਾਂ ਸਣੇ 9 ਵਿਰੁੱਧ ਕੇਸ ਦਰਜ

**ਧਨੌਲਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਅਤੇ ਪੰਜ ਪੁਲਿਸ ਮੁਲਾਜ਼ਮਾਂ ਸਮੇਤ 9 ਲੋਕਾਂ ਵਿਰੁੱਧ ਕਰਫਿਊ ਨਿਯਮਾਂ ਦੀ ਉਲੰਘਣਾ ਅਤੇ ਹੋਰ ਦੋਸ਼ਾਂ ਹੇਠ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿਚ ਪੁਲਿਸ ਮੁਲਾਜ਼ਮਾਂ ਨਾਲ ਖੜ੍ਹਾ ਸਿੱਧੂ ਮੂਸੇਵਾਲਾ ਫਾਇਰ ਕਰ ਰਿਹਾ ਹੈ।

ਇਸ ਤੋਂ ਬਾਅਦ ਪੁਲਿਸ ਨੂੰ ਸੂਚਨਾ ਮਿਲੀ ਕਿ ਬਡਬਰ ਦੇ ਲੌਂਗੋਵਾਲ ਰੋਡ 'ਤੇ ਸੰਗਰੂਰ ਵਾਸੀ ਕਰਮ ਸਿੰਘ ਲਹਿਲ ਵੱਲੋਂ ਬਣਾਈ ਗਈ ਸ਼ੂਟਿੰਗ ਲੋਕੇਸ਼ਨ ਉਤੇ ਸਿੱਧੂ ਮੂਸੇਵਾਲਾ ਕੁਝ ਪੁਲਿਸ ਮੁਲਾਜ਼ਮਾਂ ਨਾਲ ਇਕੱਠ ਕਰ ਕੇ ਕਰਫਿਊ ਦੀ ਉਲੰਘਣਾ ਕਰਦਾ ਹੋਇਆ ਲੋਕਾਂ ਦੀ ਜਾਨ ਖਤਰੇ ਵਿਚ ਪਾ ਰਿਹਾ ਹੈ।

ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਗੋਇਲ ਨੇ ਘਟਨਾ ਦਾ ਨੋਟਿਸ ਲੈਂਦਿਆਂ ਕਾਰਵਾਈ ਅਮਲ ਵਿਚ ਲਿਆਉਣ ਦੇ ਹੁਕਮ ਜਾਰੀ ਕੀਤੇ। ਸੰਦੀਪ ਗੋਇਲ ਨੇ ਦੱਸਿਆ ਕਿ ਸਿੱਧੂ ਮੂਸੇਵਾਲਾ, ਏ.ਐਸ.ਆਈ. ਬਲਕਾਰ ਸਿੰਘ, ਹੌਲਦਾਰ ਗੁਰਜਿੰਦਰ ਸਿੰਘ, ਗਗਨਦੀਪ ਸਿੰਘ, ਸਿਪਾਹੀ ਜਸਵੀਰ ਸਿੰਘ ਅਤੇ ਹਰਵਿੰਦਰ ਸਿੰਘ ਸਮੇਤ 9 ਲੋਕਾਂ ਵਿਰੁੱਧ ਥਾਣਾ ਧਨੌਲਾ ਵਿਚ ਮੁਕੱਦਮਾ ਦਰਜ ਕੀਤਾ ਗਿਆ ਹੈ। ਸਿੱਧੂ ਏ.ਕੇ. 47 ਨਾਲ ਫਾਇਰ ਕਰਦਾ ਨਜ਼ਰ ਆਇਆ ਸੀ।

# ਕਰੋਨਾ ਕਾਰਨ ਸੂਬਿਆਂ ਨੂੰ ਪਈ ਵੱਡੀ ਵਿੱਤੀ ਮਾਰ

**ਨਵੀਂ ਦਿੱਲੀ:** ਕੋਵਿਡ-19 ਮਹਾਮਾਰੀ ਤੇ ਦੇਸ਼ ਵਿਆਪੀ ਲੌਕਡਾਊਨ ਨੇ ਰਾਜਾਂ ਨੂੰ ਜੀ.ਐਸ.ਟੀ. ਤੋਂ ਮਾਲੀਏ ਦੇ ਰੂਪ ਵਿਚ ਹੁੰਦੀ ਕਮਾਈ ਨੂੰ ਵੱਡਾ ਖੋਰਾ ਲਾਇਆ ਹੈ। ਇਹੀ ਵਜ੍ਹਾ ਹੈ ਕਿ ਸੂਬੇ ਜੀ.ਐਸ.ਟੀ. ਕੁਲੈਕਸ਼ਨ ਨੂੰ ਵਧਾਉਣ ਲਈ ਸਰਕਾਰ ਵੱਲੋਂ ਐਲਾਨੀਆਂ ਛੋਟਾਂ ਦੇ ਪਹਿਲੇ ਗੇੜ ਵਿਚ ਸ਼ਰਾਬ ਦੇ ਠੇਕਿਆਂ ਅਤੇ ਪਾਨ ਤੇ ਗੁਟਕਾ ਦੁਕਾਨਾਂ ਨੂੰ ਪੜਾਅਵਾਰ ਖੋਲ੍ਹਣ ਲਈ ਜ਼ੋਰ ਪਾ ਰਹੇ ਹਨ। ਸੂਬਾ ਸਰਕਾਰਾਂ ਵਿਚਲੇ ਸੂਤਰਾਂ ਨੇ ਕਿਹਾ ਕਿ ਜੀ.ਐਸ.ਟੀ. ਤੋਂ ਹੁੰਦੀ ਕਮਾਈ ਰਾਜਾਂ ਦੇ ਮਾਲੀਏ ਦੇ ਪ੍ਰਮੁੱਖ ਸਰੋਤਾਂ 'ਚੋਂ ਇਕ ਹੈ। ਅਪਰੈਲ ਮਹੀਨੇ ਵਿਚ ਜੀ.ਐਸ.ਟੀ. ਤੋਂ ਇਕੱਤਰ ਮਾਲੀਏ ਵਿਚ ਵੱਡਾ ਨਿਘਾਰ ਆਇਆ ਹੈ। ਕੁਝ ਕੇਸਾਂ 'ਚ ਇਹ ਨਿਘਾਰ 80 ਤੋਂ 90% ਤੱਕ ਹੈ।

ਜੀ.ਐਸ.ਟੀ. ਕੁਲੈਕਸ਼ਨ ਵਿਚ ਆਏ ਵੱਡੇ ਨਿਘਾਰ ਤੋਂ ਫਿਕਰਮੰਦ ਕੇਂਦਰ ਸਰਕਾਰ ਨੇ ਅਜੇ ਤੱਕ ਅਪਰੈਲ ਮਹੀਨੇ ਲਈ ਅੰਕੜੇ ਜਾਰੀ ਨਹੀਂ ਕੀਤੇ। ਇਕ ਅਧਿਕਾਰੀ ਨੇ ਕਿਹਾ ਕਿ ਸਰਕਾਰ ਨੇ ਅੰਕੜੇ ਜਾਰੀ ਕਰਨ ਦਾ ਅਮਲ ਅੱਗੇ ਪਾਇਆ ਹੈ ਕਿਉਂਕਿ ਜੀ.ਐਸ.ਟੀ.ਆਰ. 3ਬੀ ਰਿਟਰਨ ਨੂੰ ਦਾਖਲ ਕਰਨ ਦੀ ਮਿਆਦ 15 ਦਿਨਾਂ ਲਈ ਅੱਗੇ ਪਾ ਦਿੱਤੀ ਗਈ ਹੈ। ਜਿਨ੍ਹਾਂ ਰਾਜਾਂ ਵਿਚ ਅਪਰੈਲ ਮਹੀਨੇ ਜੀ.ਐਸ.ਟੀ. ਕੁਲੈਕਸ਼ਨ 90 ਫੀਸਦ ਤੱਕ ਡਿੱਗੀ ਹੈ, ਉਨ੍ਹਾਂ ਵਿਚ ਦਿੱਲੀ, ਪੱਛਮੀ ਬੰਗਾਲ, ਅਸਾਮ ਤੇ ਆਂਧਰਾ ਪ੍ਰਦੇਸ਼ ਸ਼ਾਮਲ ਹਨ। ਇਕ ਅਧਿਕਾਰੀ ਨੇ ਕਿਹਾ ਜੇਕਰ ਦਿੱਲੀ ਨੂੰ ਆਮ ਕਰਕੇ ਇਕ ਮਹੀਨੇ ਵਿਚ ਜੀ.ਐਸ.ਟੀ. ਦੇ ਰੂਪ ਵਿਚ 3000 ਕਰੋੜ ਦਾ ਮਾਲੀਆ ਆਉਂਦਾ ਹੈ, ਜੋ ਅਪਰੈਲ ਮਹੀਨੇ ਘੱਟ ਕੇ 300 ਕਰੋੜ ਰਹਿ ਗਿਆ। ਇਸੇ ਤਰ੍ਹਾਂ ਅਸਾਮ ਨੂੰ ਸਾਲ ਦੇ ਇਨ੍ਹਾਂ ਦਿਨਾਂ ਵਿਚ ਪ੍ਰਤੀ ਮਹੀਨਾ 1000 ਕਰੋੜ ਰੁਪਏ ਦਾ ਮਾਲੀਆ ਆਉਂਦਾ ਹੈ, ਪਰ ਲੰਘੇ ਮਹੀਨੇ ਮਹਿਜ਼ ਟੈਕਸਾਂ ਤੋਂ 200 ਕਰੋੜ ਰੁਪਏ ਦੀ ਹੀ ਕਮਾਈ ਹੋਈ।

# ਦਾੜ੍ਹੀ ਕਾਰਨ ਡਿਊਟੀ ਤੋਂ ਹਟਾਏ ਗਏ ਬ੍ਰਿਟਿਸ਼ ਸਿੱਖ ਡਾਕਟਰ

**ਲੰਡਨ:** ਬ੍ਰਿਟਿਸ਼ ਸਿੱਖ ਡਾਕਟਰਾਂ ਨੂੰ ਕਰੋਨਾ ਵਾਇਰਸ ਮਹਾਮਾਰੀ ਦੌਰਾਨ ਹਸਪਤਾਲਾਂ 'ਚ ਡਿਊਟੀ ਨਹੀਂ ਦਿੱਤੀ ਜਾ ਰਹੀ ਹੈ। ਸਿੱਖਾਂ ਦੇ ਦਾੜ੍ਹੀ ਹੋਣ ਕਰਕੇ ਉਨ੍ਹਾਂ ਨੂੰ ਚਿਹਰੇ ਢੱਕਣ ਲਈ ਦਿੱਤੇ ਜਾਂਦੇ ਸੁਰੱਖਿਆ ਮਾਸਕ ਫਿਟ ਨਹੀਂ ਬੈਠ ਰਹੇ ਹਨ। ਇਸ ਕਾਰਨ ਸਿੱਖਾਂ ਨੂੰ ਕਰੋਨਾ ਵਾਇਰਸ ਦੇ ਪੀੜਤਾਂ ਦਾ ਇਲਾਜ ਕਰਨ ਤੋਂ ਬਾਹਰ ਰੱਖਿਆ ਜਾ ਰਿਹਾ ਹੈ ਜਾਂ ਉਨ੍ਹਾਂ ਨੂੰ ਦਾੜ੍ਹੀ ਸ਼ੇਵ ਕਰਕੇ ਆਉਣ ਲਈ ਆਖਿਆ ਜਾ ਰਿਹਾ ਹੈ।

ਸਿੱਖ ਡਾਕਟਰਾਂ ਨੇ ਕੌਮੀ ਸਿਹਤ ਸੇਵਾ (ਐਨ.ਐਚ.ਐਸ.) ਨੂੰ ਬਿਹਤਰ ਨਿੱਜੀ ਸੁਰੱਖਿਆ ਉਪਕਰਨ ਖਰੀਦਣ ਲਈ ਕਿਹਾ ਹੈ। ਸਿੱਖ ਡਾਕਟਰਸ ਐਸੋਸੀਏਸ਼ਨ ਨੂੰ ਅਜਿਹੇ ਪੰਜ ਸਿੱਖ ਡਾਕਟਰਾਂ ਤੋਂ ਰਿਪੋਰਟਾਂ ਮਿਲੀਆਂ ਹਨ ਜਿਨ੍ਹਾਂ ਨੂੰ ਐਨ.ਐਚ.ਐਸ. ਹਸਪਤਾਲਾਂ ਦੀ ਸ਼ਿਫਟ ਤੋਂ ਬਾਹਰ ਕਰ ਦਿੱਤਾ ਗਿਆ ਹੈ ਕਿਉਂਕਿ ਉਨ੍ਹਾਂ ਦਾੜ੍ਹੀ ਕਟਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਐਸੋਸੀਏਸ਼ਨ ਦੇ ਚੇਅਰਪਰਸਨ ਡਾਕਟਰ ਸੁਖਦੇਵ ਸਿੰਘ ਨੇ ਕਿਹਾ ਕਿ ਚਿਹਰੇ ਦੇ ਵਿਸ਼ੇਸ਼ ਸੁਰੱਖਿਆ ਮਾਸਕਾਂ ਦੀ ਘਾਟ ਕਾਰਨ ਇਹ ਸਮੱਸਿਆ ਖੜ੍ਹੀ ਹੋਈ ਹੈ। ਉਂਜ ਵਿਸ਼ੇਸ਼ ਮਾਸਕ ਮੁਹੱਈਆ ਕਰਵਾ ਕੇ ਇਨ੍ਹਾਂ ਡਾਕਟਰਾਂ ਦਾ ਮਸਲਾ ਹੱਲ ਕਰ ਲਿਆ ਗਿਆ ਹੈ। ਸਿੱਖ ਕੌਂਸਲ ਯੂਕੇ ਨੇ ਵੀ ਐਨ.ਐਚ.ਐਸ. ਇੰਗਲੈਂਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਨੂੰ ਪੱਤਰ ਲਿਖ ਕੇ ਦਖਲ ਦੀ ਮੰਗ ਕੀਤੀ ਹੈ ਤਾਂ ਜੋ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ।

# ਜੰਮੂ ਕਸ਼ਮੀਰ ਦੇ ਤਿੰਨ ਫੋਟੋ ਪੱਤਰਕਾਰਾਂ ਨੂੰ ਪੁਲਿਟਜ਼ਰ ਪੁਰਸਕਾਰ

**ਸ੍ਰੀਨਗਰ:** ਜੰਮੂ-ਕਸ਼ਮੀਰ ਦੇ ਤਿੰਨ ਫੋਟੋ ਪੱਤਰਕਾਰਾਂ ਨੂੰ ਪਿਛਲੇ ਸਾਲ ਅਗਸਤ ਵਿਚ ਧਾਰਾ 370 ਦੀਆਂ ਜ਼ਿਆਦਾਤਰ ਧਾਰਾਵਾਂ ਹਟਾਏ ਜਾਣ ਤੋਂ ਬਾਅਦ ਇਸ ਖੇਤਰ ਵਿਚ ਚੱਲ ਰਹੇ ਬੰਦ ਦੌਰਾਨ ਪ੍ਰਸ਼ੰਸਾਯੋਗ ਕੰਮ ਕਰਨ ਲਈ ਸਾਲ 2020 ਦੇ ਪੁਲਿਟਜ਼ਰ ਪੁਰਸਕਾਰ ਦੀ 'ਫੀਚਰ ਫੋਟੋਗ੍ਰਾਫੀ' ਸ਼੍ਰੇਣੀ ਵਿਚ ਸਨਮਾਨਿਤ ਕੀਤਾ ਗਿਆ ਹੈ।

ਐਸੋਸੀਏਟਿਡ ਪ੍ਰੈਸ (ਏ.ਪੀ.) ਦੇ ਤਿੰਨ ਫੋਟੋ ਪੱਤਰਕਾਰ ਮੁਖਤਾਰ ਖਾਨ, ਯਾਸੀਨ ਡਾਰ ਅਤੇ ਚੰਨੀ ਆਨੰਦ ਉਨ੍ਹਾਂ ਹਸਤੀਆਂ ਦੀ ਸੂਚੀ ਵਿਚ ਸ਼ਾਮਲ ਹਨ, ਜਿਨ੍ਹਾਂ ਨੂੰ ਪੁਲਿਟਜ਼ਰ ਪੁਰਸਕਾਰ ਮਿਲਿਆ ਹੈ।

# ਕੈਪਟਨ ਦੀ ਕਪਤਾਨੀ ਉਤੇ ਫਿਰ ਸਵਾਲ

*(ਸਫਾ ਇਕ ਦੀ ਬਾਕੀ)*

ਨਹੀਂ ਪਾਇਆ ਗਿਆ। ਉਂਜ, ਸ਼ਰਧਾਲੂਆਂ ਦੇ ਨਮੂਨਿਆਂ ਦੇ ਆ ਰਹੇ ਨਤੀਜਿਆਂ ਵਿਚ ਵੀ ਵੱਡੀ ਗੜਬੜ ਸਾਹਮਣੇ ਆ ਰਹੀ ਹੈ। ਕਰੋਨਾ ਦੀ ਜਾਂਚ ਲਈ ਲਏ ਜਾ ਰਹੇ ਸੈਂਪਲਾਂ ਦੀ ਰਿਪੋਰਟ ਸ਼ੱਕ ਦੇ ਘੇਰੇ ਵਿਚ ਹੈ। ਹਜ਼ੂਰ ਸਾਹਿਬ ਤੋਂ ਆਏ ਚਾਰ ਸ਼ਰਧਾਲੂਆਂ ਦੇ ਸੈਂਪਲ ਲੈਣ ਮਗਰੋਂ ਉਨ੍ਹਾਂ ਦੀ ਰਿਪੋਰਟ ਨੈਗੇਟਿਵ ਦਿੱਤੀ ਗਈ ਤੇ ਉਸੇ ਸੈਂਪਲ ਉਤੇ ਉਨ੍ਹਾਂ ਨੂੰ ਬਾਅਦ ਵਿਚ ਪਾਜ਼ੇਟਿਵ ਕਰਾਰ ਦੇ ਦਿੱਤਾ ਗਿਆ।

ਉਧਰ, ਮਹਾਰਾਸ਼ਟਰ ਸਰਕਾਰ ਦਾ ਦਾਅਵਾ ਵੀ ਇਸ ਮਾਮਲੇ ਨੂੰ ਸ਼ੱਕੀ ਬਣਾਉਂਦਾ ਹੈ। ਇਥੋਂ ਦੀ ਸਰਕਾਰ ਮੁਤਾਬਕ ਸੰਗਤ ਦੇ ਆਉਣ ਤੋਂ ਪਹਿਲਾਂ ਨਾਂਦੇੜ ਦਾ ਪੂਰਾ ਇਲਾਕਾ ਸੰਤਰੀ ਜ਼ੋਨ ਵਿਚ ਸੀ ਤੇ ਇਥੇ ਕੋਈ ਵੀ ਮਰੀਜ਼ ਨਹੀਂ ਸੀ। ਪੰਜਾਬ ਦੇ ਡਰਾਈਵਰਾਂ ਨੂੰ ਜਿਨ੍ਹਾਂ ਸੇਵਾਦਾਰਾਂ ਨੇ ਨਾਂਦੇੜ ਵਿਖੇ ਲੰਗਰ ਛਕਾਇਆ, ਉਹ ਸੇਵਾਦਾਰ ਪਾਜ਼ੇਟਿਵ ਪਾਏ ਗਏ ਹਨ। ਉਨ੍ਹਾਂ ਸਵਾਲ ਚੁੱਕਿਆ ਹੈ ਕਿ ਜੇ ਗੁਰਦੁਆਰਾ ਲੰਗਰ ਸਾਹਿਬ ਵਿਖੇ ਹੀ 40 ਦਿਨਾਂ ਤੋਂ ਬੈਠੇ ਸ਼ਰਧਾਲੂਆਂ ਨੂੰ ਲਾਗ ਲੱਗੀ ਹੁੰਦੀ ਤਾਂ ਪੂਰੇ ਨਾਂਦੇੜ ਨੇ ਲਪੇਟ ਵਿਚ ਆ ਜਾਣਾ ਸੀ।

ਪੰਜਾਬ 'ਚ ਪੁੱਜੇ ਜੋ ਸ਼ਰਧਾਲੂ ਹੁਣ ਟੈਸਟਾਂ ਦੌਰਾਨ ਪਾਜ਼ੇਟਿਵ ਨਿਕਲੇ ਹਨ, ਉਨ੍ਹਾਂ ਨੂੰ ਨਾਂਦੇੜ ਪ੍ਰਸ਼ਾਸਨ ਨੇ ਬਕਾਇਦਾ ਕਲੀਨ ਚਿੱਟ ਦਿੱਤੀ ਹੋਈ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚੋਂ 25 ਅਪਰੈਲ ਨੂੰ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ 80 ਬੱਸਾਂ ਨਾਂਦੇੜ ਸਾਹਿਬ ਗਈਆਂ ਸਨ, ਜਿਨ੍ਹਾਂ 'ਚ ਕਰੀਬ 2400 ਸ਼ਰਧਾਲੂ ਵਾਪਸ ਪਰਤੇ ਸਨ। ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ 'ਚ ਵੱਖਰੇ 325 ਦੇ ਕਰੀਬ ਸ਼ਰਧਾਲੂ ਠਹਿਰੇ ਹੋਏ ਸਨ, ਜਿਨ੍ਹਾਂ ਨੂੰ ਤਖਤ ਸਾਹਿਬ ਤਰਫੋਂ ਪ੍ਰਾਈਵੇਟ ਬੱਸਾਂ ਦਾ ਇੰਤਜ਼ਾਮ ਕਰ ਕੇ ਅੰਮ੍ਰਿਤਸਰ, ਹਰਿਆਣਾ ਅਤੇ ਦਿੱਲੀ ਛੱਡਿਆ ਗਿਆ। ਗੁਰਦੁਆਰਾ ਲੰਗਰ ਸਾਹਿਬ ਵਿਚ ਤਕਰੀਬਨ ਤਿੰਨ ਹਜ਼ਾਰ ਸ਼ਰਧਾਲੂ ਠਹਿਰੇ ਹੋਏ ਸਨ ਜੋ 7 ਮਾਰਚ ਨੂੰ ਨਾਂਦੇੜ ਸਾਹਿਬ ਪੁੱਜੇ ਸਨ। ਪੰਜਾਬ ਦੇ ਸ਼ਰਧਾਲੂ ਵਾਪਸ ਪਰਤ ਆਏ ਹਨ ਜਦੋਂ ਕਿ ਦਿੱਲੀ, ਯੂ.ਪੀ. ਅਤੇ ਹਰਿਆਣਾ ਦੇ ਕਰੀਬ 250 ਸ਼ਰਧਾਲੂ ਹਾਲੇ ਵੀ ਗੁਰਦੁਆਰਾ ਸਾਹਿਬ ਵਿਚ ਮੌਜੂਦ ਹਨ। ਗੁਰਦੁਆਰਾ ਲੰਗਰ ਸਾਹਿਬ ਦੇ ਪ੍ਰਬੰਧਕ ਬਾਬਾ ਬਲਵਿੰਦਰ ਸਿੰਘ ਦਾ ਕਹਿਣਾ ਹੈ ਕਿ ਸਰਾਵਾਂ ਵਿਚ ਸਾਰੇ ਸ਼ਰਧਾਲੂ ਠਹਿਰਾਏ ਹੋਏ ਸਨ ਜੋ ਕਰੀਬ ਡੇਢ ਮਹੀਨੇ ਤੋਂ ਰਹਿ ਰਹੇ ਸਨ, ਜਿਨ੍ਹਾਂ ਦੇ ਤਿੰਨ ਵਾਰ ਟੈਸਟ ਵੀ ਕਰਾਏ ਗਏ ਅਤੇ ਸਭ ਟੈਸਟ ਨੈਗੇਟਿਵ ਆਏ ਸਨ। ਉਨ੍ਹਾਂ ਦਾ ਦਾਅਵਾ ਹੈ ਕਿ ਕਰੋਨਾ ਵਾਇਰਸ ਦੀ ਲਾਗ ਰਸਤੇ ਵਿਚ ਹੀ ਪੰਜਾਬ ਦੇ ਸ਼ਰਧਾਲੂਆਂ ਨੂੰ ਲੱਗੀ ਹੋਵੇਗੀ ਕਿਉਂਕਿ ਸ਼ਰਧਾਲੂਆਂ ਨੇ ਇੰਦੌਰ ਵਿਚ ਲੰਗਰ ਛਕਿਆ ਸੀ।

# ਕੌਮੀ ਖੇਡ ਪੁਰਸਕਾਰਾਂ ਲਈ ਅਰਜ਼ੀਆਂ ਮੰਗੀਆਂ

**ਨਵੀਂ ਦਿੱਲੀ:** ਕੇਂਦਰੀ ਖੇਡ ਮੰਤਰਾਲੇ ਨੇ ਕੌਮੀ ਖੇਡ ਪੁਰਸਕਾਰਾਂ ਦੇ ਦਾਅਵੇਦਾਰਾਂ ਨੂੰ ਇਸ ਸਾਲ ਈਮੇਲ ਰਾਹੀਂ ਨਾਮਜ਼ਦਗੀ ਪੱਤਰ ਭੇਜਣ ਲਈ ਕਿਹਾ ਹੈ। ਇਹ ਪ੍ਰਕਿਰਿਆ, ਜੋ ਆਮ ਤੌਰ 'ਤੇ ਅਪਰੈਲ ਵਿਚ ਸ਼ੁਰੂ ਹੁੰਦੀ ਹੈ, ਤਾਲਾਬੰਦੀ ਕਾਰਨ ਪਛੜ ਕੇ ਸ਼ੁਰੂ ਹੋਈ ਹੈ। ਮੰਤਰਾਲੇ, "ਕੋਵਿਡ -19 ਦੇ ਫੈਲਣ ਕਾਰਨ ਨਾਮਜ਼ਦਗੀ ਦੀ ਕਾਗਜ਼ਾਤ ਭੇਜਣ ਦੀ ਜ਼ਰੂਰਤ ਨਹੀਂ ਹੈ।

ਬਿਨੈਕਾਰ ਦੇ ਹਸਤਾਖਰਾਂ ਅਤੇ ਉਸ ਦੀ ਸਿਫਾਰਸ਼ ਕਰਨ ਵਾਲੇ ਅਧਿਕਾਰੀਆਂ ਦੀ ਸਕੈਨ ਕੀਤੀ ਕਾਪੀ ਬਿਨੈ ਪੱਤਰ ਜਮ੍ਹਾਂ ਕਰਨ ਦੀ ਆਖਰੀ ਤਰੀਕ ਤੋਂ ਪਹਿਲਾਂ ਭੇਜੀ ਜਾ ਸਕਦੀ ਹੈ। ਨਾਮਜ਼ਦਗੀ ਜਮ੍ਹਾਂ ਕਰਨ ਦੀ ਆਖਰੀ ਤਰੀਕ 3 ਜੂਨ ਹੈ। ਸਰਕੂਲਰ ਅਨੁਸਾਰ ਆਖਰੀ ਤਰੀਕ ਤੋਂ ਬਾਅਦ ਪ੍ਰਾਪਤ ਨਾਮਜ਼ਦਗੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਰਾਸ਼ਟਰੀ ਖੇਡ ਪੁਰਸਕਾਰਾਂ ਤਹਿਤ ਖਿਡਾਰੀਆਂ ਨੂੰ ਰਾਜੀਵ ਗਾਂਧੀ ਖੇਡ ਰਤਨ ਅਤੇ ਅਰਜੁਨ ਪੁਰਸਕਾਰ ਤੋਂ ਇਲਾਵਾ ਕੋਚਿੰਗ ਲਈ ਦਰੋਣਾਚਾਰੀਆ ਐਵਾਰਡ ਦਿੱਤਾ ਜਾਂਦਾ ਹੈ, ਜਦਕਿ ਧਿਆਨ ਚੰਦ ਐਵਾਰਡ ਲਾਈਫਟਾਈਮ ਅਚੀਵਮੈਂਟ ਲਈ ਦਿੱਤਾ ਜਾਂਦਾ ਹੈ। ਇਸ ਸਾਲ ਦੇ ਅਰਜੁਨ ਅਤੇ ਖੇਲ ਰਤਨ ਅਵਾਰਡਾਂ ਲਈ ਜਨਵਰੀ 2016 ਤੋਂ ਦਸੰਬਰ 2019 ਦੇ ਪ੍ਰਦਰਸ਼ਨਾਂ 'ਤੇ ਵਿਚਾਰ ਕੀਤਾ ਜਾਵੇਗਾ।

# ਅਮਰੀਕਾ ਵੱਲੋਂ ਐਚ-1ਬੀ ਵੀਜ਼ਾਧਾਰਕਾਂ ਲਈ ਰਾਹਤ

**ਵਾਸ਼ਿੰਗਟਨ:** ਭਾਰਤ ਜਿਹੇ ਮੁਲਕਾਂ ਦੇ ਪੇਸ਼ੇਵਰਾਂ ਤੇ ਪਰਵਾਸੀਆਂ ਨੂੰ ਵੱਡੀ ਰਾਹਤ ਦਿੰਦਿਆਂ ਅਮਰੀਕਾ ਸਰਕਾਰ ਨੇ ਐਚ-1ਬੀ ਵੀਜ਼ਾਧਾਰਕਾਂ ਤੇ ਗਰੀਨ ਕਾਰਡ ਉਮੀਦਵਾਰਾਂ ਨੂੰ 60 ਦਿਨਾਂ ਦਾ ਸਮਾਂ ਦਿੱਤਾ ਹੈ। ਇਹ ਉਹ ਉਮੀਦਵਾਰ ਹਨ ਜਿਨ੍ਹਾਂ ਨੂੰ ਆਪਣੇ ਦਸਤਾਵੇਜ਼ ਜਮ੍ਹਾਂ ਕਰਾਉਣ ਲਈ ਨੋਟਿਸ ਜਾਰੀ ਕੀਤਾ ਗਿਆ ਸੀ ਪਰ ਇਹ ਕਰੋਨਾ ਵਾਇਰਸ ਦੀ ਮਹਾਮਾਰੀ ਕਾਰਨ ਦਸਤਾਵੇਜ਼ ਜਮ੍ਹਾਂ ਨਹੀਂ ਕਰਵਾ ਸਕੇ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਰੋਮਾਂਟਿਕ ਅਦਾਕਾਰ ਰਿਸ਼ੀ ਕਪੂਰ ਦਾ ਦੇਹਾਂਤ

**ਮੁੰਬਈ:** ਤਿੰਨ ਦਹਾਕਿਆਂ ਤੱਕ ਫਿਲਮਾਂ ਵਿਚ ਰੋਮਾਂਟਿਕ ਹੀਰੋ ਦੇ ਕਿਰਦਾਰ ਨੂੰ ਰੂਪਮਾਨ ਕਰਨ ਵਾਲੇ ਉਘੇ ਅਦਾਕਾਰ ਰਿਸ਼ੀ ਕਪੂਰ (67) ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਦੋ ਸਾਲਾਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਲੜ ਰਹੇ ਸਨ। ਕਪੂਰ ਪਰਿਵਾਰ ਦੀ ਤੀਜੀ ਪੀੜ੍ਹੀ ਦੇ ਅਭਿਨੇਤਾ ਰਿਸ਼ੀ ਨੇ ਸਟਾਰਡਮ ਨੂੰ ਨਵੀਂ ਪਰਿਭਾਸ਼ਾ ਦਿੱਤੀ।

ਰਿਸ਼ੀ ਕਪੂਰ ਦੇ ਪਰਿਵਾਰ ਵਿਚ ਪਤਨੀ ਨੀਤੂ, ਅਦਾਕਾਰ ਪੁੱਤਰ ਰਣਬੀਰ ਤੇ ਧੀ ਰਿਧੀਮਾ ਹਨ। ਕਪੂਰ ਨੂੰ ਐਚ.ਐਨ ਰਿਲਾਇੰਸ ਹਸਪਤਾਲ ਦਾਖਲ ਕਰਵਾਇਆ ਗਿਆ ਸੀ ਜਿਥੇ ਉਨ੍ਹਾਂ ਆਖਰੀ ਸਾਹ ਲਏ। ਅਦਾਕਾਰ ਦਾ ਦੱਖਣੀ ਮੁੰਬਈ ਦੇ ਚੰਦਨਵਾੜੀ ਸ਼ਮਸ਼ਾਨਘਾਟ ਵਿਚ ਸਸਕਾਰ ਕੀਤਾ ਗਿਆ। ਰਿਸ਼ੀ ਦੀ ਮੌਤ ਬੌਲੀਵੁੱਡ ਲਈ ਉਪਰੋਥਲੀ ਦੂਜਾ ਵੱਡਾ ਝਟਕਾ ਹੈ। ਅਜੇ ਇਸੇ ਹਫਤੇ ਹੀ ਅਦਾਕਾਰ ਇਰਫਾਨ ਖਾਨ ਕੈਂਸਰ ਅੱਗੇ ਜ਼ਿੰਦਗੀ ਦੀ ਜੰਗ ਹਾਰ ਗਿਆ ਸੀ। ਤਿੰਨ ਮਹੀਨੇ ਪਹਿਲਾਂ ਰਿਸ਼ੀ ਦੀ ਭੈਣ ਰਿਤੂ ਨੰਦਾ ਦੀ ਵੀ ਕੈਂਸਰ ਕਰਕੇ ਮੌਤ ਹੋ ਗਈ ਸੀ। ਉਪ ਰਾਸ਼ਟਰਪਤੀ ਐਮ.ਵੈਂਕੱਈਆ ਨਾਇਡੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਆਗੂ ਰਾਹੁਲ ਗਾਂਧੀ ਤੇ ਪੂਰੀ ਫਿਲਮ ਇੰਡਸਟਰੀ ਨੇ ਅਦਾਕਾਰ



ਦੇ ਅਕਾਲ ਚਲਾਣੇ ਉਤੇ ਸ਼ੋਕ ਜਤਾਇਆ ਹੈ।

ਰਿਸ਼ੀ ਕਪੂਰ ਆਪਣੇ ਪਿਤਾ ਰਾਜ ਕਪੂਰ ਦੀ ਫਿਲਮ 'ਸ੍ਰੀ 420' ਵਿਚ ਪਹਿਲੀ ਵਾਰ ਫਿਲਮ ਦੇ ਇਕ ਗੀਤ 'ਪਿਆਰ ਹੁਆ ਇਕਰਾਰ ਹੁਆ' ਨਾਲ ਪਰਦੇ ਉਤੇ ਨਜ਼ਰ ਆਇਆ ਸੀ।

ਮਗਰੋਂ 1970 ਵਿਚ ਉਸ ਨੇ ਫਿਲਮ 'ਮੇਰਾ ਨਾਮ ਜੋਕਰ' ਵਿਚ ਬਾਲ ਕਲਾਕਾਰ ਦੀ ਭੂਮਿਕਾ ਨਿਭਾਈ। ਉਂਜ ਨਾਇਕ ਵਜੋਂ ਪਹਿਲੀ ਬ੍ਰੇਕ ਫਿਲਮ 'ਬੌਬੀ' ਨਾਲ ਮਿਲੀ। ਮਗਰੋਂ ਰਿਸ਼ੀ ਨੇ ਰੋਮਾਂਟਿਕ ਹੀਰੋ ਵਜੋਂ 'ਲੈਲਾ ਮਜਨੂੰ', 'ਰਫੂ ਚੱਕਰ', 'ਕਰਜ਼', 'ਚਾਂਦਨੀ', 'ਹਿਨਾ' ਤੇ 'ਸਾਗਰ' ਜਿਹੀਆਂ ਕਈ ਹਿੱਟ ਫਿਲਮਾਂ ਇੰਡਸਟਰੀ ਦੀ ਝੋਲੀ ਪਾਈਆਂ। ਰਿਸ਼ੀ ਨੂੰ ਦੋ ਸਾਲ ਪਹਿਲਾਂ ਕੈਂਸਰ ਡਾਇਗਨੋਜ਼ ਹੋਇਆ ਸੀ ਤੇ ਲਗਭਗ ਸਾਲ ਭਰ ਅਮਰੀਕਾ ਵਿਚ ਇਲਾਜ ਕਰਵਾਉਣ ਮਗਰੋਂ ਅਦਾਕਾਰ ਪਿਛਲੇ ਸਾਲ ਸਤੰਬਰ ਵਿਚ ਦੇਸ਼ ਪਰਤਿਆ ਸੀ।

## ਸਿਵਲ ਸਰਵਿਸਜ਼ ਪ੍ਰੀਖਿਆ ਮੁਲਤਵੀ

**ਨਵੀਂ ਦਿੱਲੀ:** ਸਿਵਲ ਸਰਵਿਸਜ਼ ਦੀ 31 ਮਈ ਨੂੰ ਹੋਣ ਵਾਲੀ ਮੁਢਲੀ ਪ੍ਰੀਖਿਆ ਮੁਲਤਵੀ ਕਰ ਦਿੱਤੀ ਗਈ ਹੈ। ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐਸ.ਸੀ.) ਨੇ ਮੀਟਿੰਗ ਕਰਕੇ ਲੌਕਡਾਊਨ ਸਮੇਤ ਕਰੋਨਾ ਦੇ ਹਾਲਾਤ ਬਾਰੇ ਨਜ਼ਰਸਾਨੀ ਕੀਤੀ ਜਿਸ ਮਗਰੋਂ ਇਹ ਫੈਸਲਾ ਲਿਆ ਗਿਆ। ਯੂ.ਪੀ.ਐਸ.ਸੀ. ਨੇ ਕਿਹਾ ਕਿ ਪਾਬੰਦੀਆਂ 'ਚ ਵਾਧੇ ਦੇ ਐਲਾਨ ਦਾ ਨੋਟਿਸ ਲੈਂਦਿਆਂ ਫੈਸਲਾ ਲਿਆ ਗਿਆ ਹੈ ਕਿ ਪ੍ਰੀਖਿਆਵਾਂ ਕਰਵਾਉਣਾ ਅਤੇ ਇੰਟਰਵਿਊ ਲੈਣਾ ਸੰਭਵ ਨਹੀਂ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਜਦੋਂ ਵੀ ਪ੍ਰੀਖਿਆਵਾਂ ਲੈਣ ਦਾ ਫੈਸਲਾ ਲਿਆ ਜਾਵੇਗਾ ਤਾਂ ਉਮੀਦਵਾਰਾਂ ਨੂੰ ਘੱਟੋ ਘੱਟ 30 ਦਿਨ ਪਹਿਲਾਂ ਇਸ ਦੀ ਸੂਚਨਾ ਦੇ ਦਿੱਤੀ ਜਾਵੇਗੀ।


## Matrimonials

### ਲੜਕੀ ਦੀ ਲੋੜ ਹੈ

Wanted a beautiful, educated and cultured girl for a Lubana Sikh boy, 29 yrs, 5'-10", B.Tech. (Mech), MBA (Finance) working as lead analyst in a MNC in Gurgaon, handsome salary, Father retired PCS officer, mother advocate, sister elder and married. Cast no bar. Simple marriage. Interested may contact, Ph: +91-98144-02444 18-

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 11-

### ਲੜਕੀ ਦੀ ਲੋੜ ਹੈ

Moderate Babbar-Koshal family seeks US citizen or green card holder girl for their non veg, manglik son, 31 yrs, 5'-8", B. A., Business man, living in Jalandhar (PB); father business man, One brother settled in USA & two sisters locally married. Call, Ph: 718-709-1908 17-20

### ਲੜਕੇ ਦੀ ਲੋੜ ਹੈ

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11


# ਹਥਿਆਰਬੰਦ ਸੈਨਾਵਾਂ ਦਾ 'ਕਰੋਨਾ ਯੋਧਿਆਂ' ਨੂੰ ਸਲਾਮ

**ਨਵੀਂ ਦਿੱਲੀ:** ਦੇਸ਼ ਭਰ ਵਿਚ ਮਹਾਮਾਰੀ ਦਾ ਰੂਪ ਧਾਰਨ ਕਰ ਚੁੱਕੇ ਕਰੋਨਾ ਵਾਇਰਸ ਖਿਲਾਫ ਲੜਾਈ ਵਿਚ ਆਪਣੀ ਜ਼ਿੰਦਗੀ ਨੂੰ ਖਤਰੇ 'ਚ ਪਾ ਕੇ ਮੂਹਰਲੀ ਕਤਾਰ ਵਿਚ ਹੋ ਕੇ ਲੜ ਰਹੇ ਡਾਕਟਰਾਂ, ਪੈਰਾ ਮੈਡੀਕਲ ਸਟਾਫ, ਪੁਲਿਸ ਮੁਲਾਜ਼ਮਾਂ, ਸਫਾਈ ਕਰਮਚਾਰੀਆਂ ਤੇ ਹੋਰ ਯੋਧਿਆਂ ਦੀ ਬਹਾਦਰੀ ਨੂੰ ਹਥਿਆਰਬੰਦ ਸੈਨਾਵਾਂ ਵਲੋਂ ਸਲਾਮ ਕੀਤਾ ਗਿਆ।

ਇਸ ਦੌਰਾਨ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਕੀਤੇ ਗਏ ਦੇਸ਼ਵਿਆਪੀ ਲੌਕਡਾਊਨ ਨੂੰ ਲਾਗੂ ਕਰਵਾਉਣ ਲਈ ਡਿਊਟੀ ਕਰ ਰਹੇ ਪੁਲਿਸ ਮੁਲਾਜ਼ਮਾਂ ਦੇ ਸਨਮਾਨ ਹਿੱਤ ਸਭ ਤੋਂ ਪਹਿਲਾਂ ਤਿੰਨੋਂ ਸੈਨਾਵਾਂ ਦੇ ਮੁਖੀ ਜਨਰਲ ਬਿਪਿਨ ਰਾਵਤ ਵਲੋਂ ਦਿੱਲੀ ਵਿਚ ਸਥਿਤ ਪੁਲੀਸ ਯਾਦਗਾਰ ਵਿਖੇ ਫੁੱਲ ਮਾਲਾਵਾਂ ਭੇਟ ਕੀਤੀਆਂ ਗਈਆਂ। ਉਪਰੰਤ ਦਿੱਲੀ, ਮੁੰਬਈ, ਚੰਡੀਗੜ੍ਹ, ਪੰਚਕੂਲਾ, ਜੈਪੁਰ, ਅਹਿਮਦਾਬਾਦ, ਗੁਹਾਟੀ, ਪਟਨਾ, ਲਖਨਊ, ਸ੍ਰੀਨਗਰ, ਜੈਪੁਰ, ਭੁਪਾਲ, ਹੈਦਰਾਬਾਦ, ਬੰਗਲੌਰ, ਕੋਇੰਬਟੂਰ ਤੇ ਤਿਰੂਵਨੰਤਪੁਰਮ ਸਣੇ ਦੇਸ਼ ਦੇ ਵੱਖ-ਵੱਖ ਮੁੱਖ ਸ਼ਹਿਰਾਂ ਤੇ ਕਸਬਿਆਂ ਉੱਪਰੋਂ ਭਾਰਤੀ ਹਵਾਈ ਸੈਨਾ ਦੇ ਜੰਗੀ ਤੇ ਢੋਆ-ਢੁਆਈ ਵਾਲੇ ਜਹਾਜ਼ਾਂ ਵਲੋਂ ਫਲਾਈ-ਪਾਸਟ ਕੀਤਾ ਗਿਆ।

ਦੇਸ਼ ਦੇ ਲੱਖਾਂ ਡਾਕਟਰਾਂ, ਪੈਰਾ ਮੈਡੀਕਲ ਸਟਾਫ਼ ਤੇ ਹੋਰ ਕਰੋਨਾ ਵਾਇਰਸ ਯੋਧਿਆਂ ਦਾ ਧੰਨਵਾਦ ਕਰਨ ਲਈ ਫੌਜ ਦੇ ਹੈਲੀਕਾਪਟਰਾਂ ਵਲੋਂ ਦਿੱਲੀ ਦੇ ਸਰ ਗੰਗਾਰਾਮ ਹਸਪਤਾਲ, ਏਮਜ਼, ਰਾਜੀਵ ਗਾਂਧੀ ਸੁਪਰ ਸਪੈਸ਼ਲਿਟੀ ਹਸਪਤਾਲ, ਦੀਨ ਦਿਆਲ ਉਪਾਧਿਆਏ ਹਸਪਤਾਲ ਤੇ ਹੋਰ ਹਸਪਤਾਲਾਂ ਉਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਸੇ ਤਰ੍ਹਾਂ ਚੰਡੀਗੜ੍ਹ ਵਿਚ ਪੀ.ਜੀ.ਆਈ. ਤੇ ਹੋਰ ਪ੍ਰਮੁੱਖ ਹਸਪਤਾਲਾਂ ਤੋਂ ਇਲਾਵਾ ਹਰਿਆਣਾ ਦੇ



ਪੰਚਕੂਲਾ, ਮੁੰਬਈ, ਕੇਰਲ, ਲਖਨਊ, ਅਹਿਮਦਾਬਾਦ, ਪਟਨਾ ਤੇ ਦੇਸ਼ ਦੇ ਹੋਰ ਸ਼ਹਿਰਾਂ ਤੇ ਕਸਬਿਆਂ ਦੇ ਹਸਪਤਾਲਾਂ ਅਤੇ ਹੋਰ ਸਿਹਤ ਸੰਸਥਾਵਾਂ ਉਤੇ ਵੱਖ-ਵੱਖ ਸੈਨਾਵਾਂ ਦੇ ਹੈਲੀਕਾਪਟਰਾਂ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਦੌਰਾਨ ਕਈ ਪ੍ਰਮੁੱਖ ਹਸਪਤਾਲਾਂ ਵਿਚ ਫੌਜੀ ਬੈਂਡ ਦੀਆਂ ਧੁਨਾਂ ਵੀ ਸੁਣਾਈ ਦਿੱਤੀਆਂ।

ਇਸੇ ਦੌਰਾਨ ਭਾਰਤੀ ਜਲ ਸੈਨਾ ਦੇ ਅਧਿਕਾਰੀਆਂ ਤੇ ਜਵਾਨਾਂ ਵਲੋਂ ਵੀ ਕਰੋਨਾ ਵਾਇਰਸ ਯੋਧਿਆਂ ਨੂੰ ਸਲਾਮੀ ਦਿੱਤੀ ਗਈ। ਇਸੇ ਤਰ੍ਹਾਂ ਭਾਰਤੀ ਤੱਟ ਰੱਖਿਅਕਾਂ ਵਲੋਂ ਵੀ ਸਮੁੰਦਰੀ ਜਹਾਜ਼ਾਂ ਦੀਆਂ ਲਾਈਟਾਂ ਜਗਾਈਆਂ ਗਈਆਂ ਅਤੇ ਆਪਣੇ ਹੈਲੀਕਾਪਟਰਾਂ ਰਾਹੀਂ ਗੋਆ, ਦਮਨ, ਮੁੰਬਈ, ਪੋਰਟ ਬਲੇਅਰ ਆਦਿ ਥਾਵਾਂ ਦੇ ਹਸਪਤਾਲਾਂ ਉਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਸੇ ਤਰ੍ਹਾਂ ਜੰਮੂ ਖੇਤਰ ਵਿਚ ਵੀ ਭਾਰਤੀ ਹਥਿਆਰਬੰਦ ਸੈਨਾਵਾਂ ਵਲੋਂ ਪ੍ਰੋਗਰਾਮਾਂ ਦੀ ਲੜੀ ਤਹਿਤ ਕਰੋਨਾ ਵਾਇਰਸ ਮਹਾਮਾਰੀ ਖਿਲਾਫ ਲੜ ਰਹੇ ਯੋਧਿਆਂ ਨੂੰ ਸਲਾਮ ਕੀਤਾ ਗਿਆ।

## ਚੋਣ ਕਮਿਸ਼ਨ ਦਾ ਰਾਜ ਸਭਾ ਚੋਣਾਂ ਲਈ ਚਾਰਾ

**ਨਵੀਂ ਦਿੱਲੀ:** ਕਰੋਨਾ ਮਹਾਮਾਰੀ ਦੌਰਾਨ ਚੋਣ ਕਮਿਸ਼ਨ ਵਲੋਂ ਅਗਲੇ ਹਫਤੇ ਰਾਜ ਸਭਾ ਚੋਣਾਂ ਕਰਾਉਣ ਦੀ ਚਾਰਾਜੋਈ ਕੀਤੀ ਜਾ ਰਹੀ ਹੈ। ਮਹਾਰਾਸ਼ਟਰ ਦੀਆਂ 9 ਅਤੇ ਆਂਧਰਾ ਪ੍ਰਦੇਸ਼, ਝਾਰਖੰਡ, ਮੱਧ ਪ੍ਰਦੇਸ਼ ਮਣੀਪੁਰ, ਰਾਜਸਥਾਨ, ਗੁਜਰਾਤ ਅਤੇ ਮੇਘਾਲਿਆ ਦੀਆਂ ਰਾਜ ਸਭਾ ਸੀਟਾਂ ਦੀ ਚੋਣ ਸਬੰਧੀ ਬਿਆਨ ਜਾਰੀ ਕਰਦਿਆਂ ਚੋਣ ਕਮਿਸ਼ਨ ਨੇ ਕਿਹਾ ਕਿ ਅਗਲੇ ਹਫਤੇ ਇਨ੍ਹਾਂ ਚੋਣਾਂ ਦੇ ਨਾਲ ਨਾਲ ਹੋਰਨਾਂ ਚੋਣਾਂ ਸਬੰਧੀ ਸੰਭਾਵਨਾਵਾਂ ਤਲਾਸ਼ੀਆਂ ਜਾਣਗੀਆਂ। ਸੰਸਦ ਦੇ ਉਪਰਲੇ ਸਦਨ ਦੀਆਂ 55 ਸੀਟਾਂ ਲਈ 26 ਮਾਰਚ ਨੂੰ ਚੋਣਾਂ ਹੋਣੀਆਂ ਸਨ ਪਰ ਇਸ ਸਬੰਧੀ 37 ਉਮੀਦਵਾਰ ਪਹਿਲਾਂ ਹੀ ਬਿਨਾਂ ਮੁਕਾਬਲਾ ਚੁਣੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੀਆਂ ਸੀਟਾਂ ਲਈ ਚੋਣ ਕਮਿਸ਼ਨ ਵਲੋਂ ਚਾਰਾਜੋਈ ਕੀਤੀ ਜਾ ਰਹੀ ਹੈ।

# ਮਹਾਮਾਰੀ ਵਿਚੋਂ ਸਾਦਗੀ ਨਾਲ ਜ਼ਿੰਦਗੀ ਜਿਊਣੀ ਸਿੱਖਾਂਗੇ: ਧਰਮਿੰਦਰ

**ਮੁੰਬਈ:** ਬਜ਼ੁਰਗ ਅਦਾਕਾਰ ਧਰਮਿੰਦਰ ਦਾ ਮੰਨਣਾ ਹੈ ਕਿ ਕਰੋਨਾ ਵਾਇਰਸ ਮਹਾਮਾਰੀ ਵਿਚੋਂ ਜੇ ਅਸੀਂ ਕੋਈ ਸਿੱਖਿਆ ਲੈਣੀ ਹੈ ਤਾਂ ਬੇਸ਼ੱਕ ਸਾਨੂੰ ਸਾਧਾਰਨ ਜ਼ਿੰਦਗੀ ਜਿਊਣ ਦਾ ਮਹੱਤਵ ਸਮਝਣਾ ਚਾਹੀਦਾ ਹੈ। ਧਰਮਿੰਦਰ (84) ਨੇ ਕਿਹਾ ਕਿ ਲੌਕਡਾਊਨ ਨੂੰ 'ਸਕਾਰਾਤਮਕ' ਢੰਗ ਨਾਲ ਲੈਣਾ ਚਾਹੀਦਾ ਹੈ।

ਇਸ ਕਾਰਨ ਪ੍ਰਦੂਸ਼ਣ ਵਿਚ ਕਮੀ ਆਈ ਹੈ, ਹਵਾ ਤੇ ਆਸਮਾਨ ਸਾਫ ਹੈ, ਸਭ ਕੁਝ ਬੇਹੱਦ



ਖੂਬਸੂਰਤ ਲੱਗ ਰਿਹਾ ਹੈ। ਅਦਾਕਾਰ ਨੇ ਕਿਹਾ 'ਇਹ ਮੈਨੂੰ ਉਹ ਪੁਰਾਣਾ ਵੇਲਾ ਯਾਦ ਕਰਵਾਉਂਦਾ ਹੈ। ਮੈਂ ਉਸੇ ਢੰਗ ਨਾਲ ਜ਼ਿੰਦਗੀ ਜਿਊਂ ਰਿਹਾ ਹਾਂ ਤੇ ਖੁਸ਼ ਹਾਂ।' ਧਰਮਿੰਦਰ ਨੇ ਕਿਹਾ ਕਿ ਉਹ ਸ਼ਹਿਰ ਉਦੋਂ ਹੀ ਆਉਂਦੇ ਹਨ ਜਦ ਕੰਮ (ਫਿਲਮਾਂ ਨਾਲ ਸਬੰਧਤ) ਹੁੰਦਾ ਹੈ, ਨਹੀਂ ਤਾਂ ਫਾਰਮ ਹਾਊਸ ਵਿਚ ਹੀ ਰਹਿੰਦੇ ਹਨ। ਧਰਮਿੰਦਰ ਨੇ ਕਿਹਾ ਕਿ ਉਹ ਮੰਨਦੇ ਹਨ ਕਿ ਉਨ੍ਹਾਂ ਦਾ ਜਨਮ ਦੂਜਿਆਂ ਨੂੰ ਖੁਸ਼ੀ ਦੇਣ, ਮਨੋਰੰਜਨ ਕਰਨ ਤੇ ਉਤਸ਼ਾਹਿਤ ਕਰਨ ਲਈ ਹੋਇਆ ਹੈ। ਅਦਾਕਾਰ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਮਹਾਮਾਰੀ ਮਨੁੱਖੀ ਕਰਮਾਂ ਦਾ ਫਲ ਹੈ ਤੇ ਹੁਣ ਇਸ ਸੰਕਟ 'ਚੋਂ ਨਿਕਲਣ ਦਾ ਇਕੋ-ਇਕ ਰਾਹ ਕੁਦਰਤ ਮੁਤਾਬਕ ਚੱਲਣਾ ਹੈ। ਅਦਾਕਾਰ ਨੇ ਕਿਹਾ ਕਿ ਕੁਦਰਤ ਨੇ ਮਨੁੱਖ ਨੂੰ ਕਰਾਰੀ ਸੱਟ ਮਾਰੀ ਹੈ। ਸਾਨੂੰ ਕੁਦਰਤ ਨਾਲ ਮੋਹ ਪਾਲਣ ਤੇ ਇਸ ਦੀ ਸੰਭਾਲ ਦੀ ਲੋੜ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਲੋਕ ਹੁਣ ਗੈਰਜ਼ਰੂਰੀ ਚੀਜ਼ਾਂ ਤੋਂ ਮੂੰਹ ਮੋੜਨਗੇ, ਲਾਲਚ ਤਿਆਗਣਗੇ ਅਤੇ ਜੋ ਹੈ, ਉਸ ਵਿਚ ਖੁਸ਼ੀ ਭਾਲਣਗੇ।


**SUPER TRAVEL**

847-676-9090, 773-465-5566

E-mail: supertravel2003@live.com

Lowest Fares With Excellent Service

United Airlines
British Airways



Etihad, Air India, KLM, Lufthansa, Delta, Qatar Airlines.

For Emergency Call anytime at 847-673-3825

EARLY BIRD SALE!!!!

Domestic fares available



**Shan Grill Indian Restaurant**

1910 N. Rand Rd., Palatine, IL 60074

ਭਾਰਤੀ ਤੇ ਪਾਕਿਸਤਾਨੀ ਸਵਾਦੀ ਖਾਣਿਆਂ ਲਈ ਪਧਾਰੋ

ਸਾਡੀ ਸਪੈਸ਼ਲਟੀ ਚਿਕਨ ਸੀਖ ਕਬਾਬ

*Our speciality: Chicken Seekh Kabob*

Special Catering offer $10 package
Minimum 25 people

Ph: 847-358-1900

9-



**Desi Bazar**

Under new management.

916 E. Main Street #118, Greenwood, IN, 46143
Tel: 317-888-2040, Fax: 317-887-6116

Lakhvir S. Johal, Ph: 317-709-7800

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਕਰੋਨਾ ਵਾਇਰਸ ਚੀਨ ਦੀ ਵੂਹਾਨ ਲੈਬ ਤੋਂ ਪੈਦਾ ਹੋਇਆ: ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਦੁਨੀਆਂ ਭਰ ਵਿਚ ਹੁਣ ਤੱਕ ਲੱਖਾਂ ਜਾਨਾਂ ਲੈਣ ਵਾਲਾ ਅਤੇ ਦੁਨੀਆਵੀ ਅਰਥਚਾਰੇ ਨੂੰ ਤਬਾਹ ਕਰ ਦੇਣ ਵਾਲਾ ਜਾਨਲੇਵਾ ਕਰੋਨਾ ਵਾਇਰਸ ਵਿਸ਼ਵ ਵਿਚ ਫੈਲਣ ਤੋਂ ਪਹਿਲਾਂ ਚੀਨ ਦੀ ਵਾਇਰਸ ਲੈਬਾਰਟਰੀ ਵਿਚ ਪੈਦਾ ਹੋਇਆ ਸੀ। ਟਰੰਪ ਦੀਆਂ ਇਹ ਟਿੱਪਣੀਆਂ ਉਨ੍ਹਾਂ ਦੇ



ਆਪਣੇ ਖੁਫੀਆ ਭਾਈਚਾਰੇ ਵਲੋਂ ਦਿੱਤੇ ਗਏ ਬਿਆਨ ਤੋਂ ਵੱਖ ਹਨ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਅਜੇ ਉਨ੍ਹਾਂ ਨੇ ਇਹ ਪਤਾ ਨਹੀਂ ਕੀਤਾ ਹੈ ਕਿ ਕੋਵਿਡ-19 ਲਾਗ ਵਾਲੇ ਜਾਨਵਰਾਂ ਦੇ ਸੰਪਰਕ ਵਿਚ ਆਉਣ ਤੋਂ ਸ਼ੁਰੂ ਹੋਇਆ ਹੈ ਜਾਂ ਫਿਰ ਵੂਹਾਨ ਦੀ ਕਿਸੇ ਲੈਬਾਰਟਰੀ ਵਿਚ ਵਾਪਰੇ ਕਿਸੇ ਹਾਦਸੇ ਦਾ ਨਤੀਜਾ ਹੈ।

ਕਰੋਨਾ ਵਾਇਰਸ ਮਹਾਮਾਰੀ ਦੀ ਸਥਿਤੀ ਸਬੰਧੀ ਜਾਣਕਾਰੀ ਮੀਡੀਆ ਨੂੰ ਦੇਣ ਵੇਲੇ ਇਕ ਪੱਤਰਕਾਰ ਵਲੋਂ ਸ੍ਰੀ ਟਰੰਪ ਨੂੰ ਸਵਾਲ ਕੀਤਾ ਗਿਆ, "ਕੀ ਤੁਹਾਡੇ ਕੋਲ ਕੋਈ ਸਬੂਤ ਹੈ ਜਿਸ ਦੇ ਆਧਾਰ 'ਤੇ ਤੁਸੀਂ ਐਨੇ ਭਰੋਸੇ ਨਾਲ ਕਹਿ ਸਕਦੇ ਹੋ ਇਹ ਵਾਇਰਸ ਵੂਹਾਨ ਵਾਇਰਸ ਸੰਸਥਾ ਵਿਚ ਪੈਦਾ ਹੋਇਆ ਹੈ।" ਇਸ ਦੇ ਜਵਾਬ ਵਿਚ ਰਾਸ਼ਟਰਪਤੀ ਟਰੰਪ ਨੇ ਕਿਹਾ, "ਹਾਂ ਹੈ, ਹਾਂ ਹੈ।" ਹਾਲਾਂਕਿ, ਸ੍ਰੀ ਟਰੰਪ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਸਿਰਫ ਐਨਾ ਹੀ ਕਿਹਾ ਕਿ ਜਾਂਚ ਚੱਲ ਰਹੀ ਹੈ ਅਤੇ ਛੇਤੀ ਹੀ ਸਭ ਕੁਝ ਬਾਹਰ ਆ ਜਾਵੇਗਾ। ਉਨ੍ਹਾਂ ਕਿਹਾ, "ਮੈਂ ਤੁਹਾਨੂੰ ਅਜੇ ਕੁਝ ਨਹੀਂ ਦੱਸ ਸਕਦਾ, ਮੈਨੂੰ ਇਸ ਬਾਰੇ ਤੁਹਾਨੂੰ ਦੱਸਣ ਦੀ



ਇਜਾਜ਼ਤ ਨਹੀਂ ਹੈ।" ਇਸ ਮਹਾਮਾਰੀ ਲਈ ਉਨ੍ਹਾਂ ਵਿਸ਼ਵ ਸਿਹਤ ਸੰਸਥਾ ਨੂੰ ਵੀ ਦੋਸ਼ ਦਿੱਤਾ। ਉਨ੍ਹਾਂ ਕਿਹਾ, "ਮੇਰਾ ਮੰਨਣਾ ਹੈ ਕਿ ਵਿਸ਼ਵ ਸਿਹਤ ਸੰਸਥਾ ਨੂੰ ਆਪਣੇ ਆਪ 'ਤੇ ਸ਼ਰਮ ਆਉਣੀ ਚਾਹੀਦੀ ਹੈ, ਕੀ ਉਹ ਚੀਨ ਦੀ ਲੋਕ ਸੰਪਰਕ ਏਜੰਸੀ ਵਰਗੀ ਹੈ। ਹਾਲਾਂਕਿ, ਟਰੰਪ ਨੇ ਆਪਣੇ ਚੀਨੀ ਹਮਰੁਤਬਾ ਸ਼ੀ ਜ਼ਿਨਪਿੰਗ ਨੂੰ ਇਸ ਦੁਨਿਆਵੀ ਮਹਾਮਾਰੀ ਲਈ ਦੋਸ਼ੀ ਨਹੀਂ ਠਹਿਰਾਇਆ।

ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੋਸ਼ ਲਗਾਇਆ ਕਿ ਚੀਨ ਨਹੀਂ ਚਾਹੁੰਦਾ ਕਿ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਉਹ ਜਿੱਤਣ ਕਿਉਂਕਿ ਉਹ ਚੀਨ ਕੋਲੋਂ ਦਰਾਮਦ ਟੈਰਿਫ ਦੇ ਤੌਰ 'ਤੇ ਅਰਬਾਂ ਡਾਲਰ ਲੈਂਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਥਾਂ ਚੀਨ ਸਾਬਕਾ ਉਪ ਰਾਸ਼ਟਰਪਤੀ ਜੋਅ ਬਿਡੇਨ ਨੂੰ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਵਜੋਂ ਦੇਖਣਾ ਚਾਹੁੰਦਾ ਹੈ। ਸ੍ਰੀ ਬਿਡੇਨ ਵਿਰੋਧੀ ਡੈਮੋਕਰੈਟਿਕ ਪਾਰਟੀ ਦੇ ਸੰਭਾਵੀ ਉਮੀਦਵਾਰ ਹਨ।

## ਵਾਇਰਸ ਦੀ ਜਾਂਚ 'ਤੇ ਚੀਨ ਤੇ ਆਸਟਰੇਲੀਆ ਵਿਚਾਲੇ ਤਣਾਅ

**ਕੈਨਬਰਾ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਅਪੀਲ 'ਤੇ ਆਸਟਰੇਲੀਆ ਵਲੋਂ ਵੀ ਕਰੋਨਾ ਵਾਇਰਸ ਫੈਲਣ ਸਬੰਧੀ ਜਾਂਚ ਦਾ ਸਮਰਥਨ ਕੀਤੇ ਜਾਣ 'ਤੇ ਇਕ ਪਾਸੇ ਜਿਥੇ ਆਸਟਰੇਲੀਆ ਤੇ ਚੀਨ ਵਿਚਾਲੇ ਪਾੜਾ ਵਧਣ ਲੱਗਿਆ ਹੈ ਉਥੇ ਹੀ ਦੋਵੇਂ ਦੇਸ਼ਾਂ ਵਿਚਾਲੇ ਵਧੇ ਇਸ ਤਣਾਅ ਨੇ ਆਸਟਰੇਲਿਆਈ ਕਾਰੋਬਾਰੀਆਂ ਨੂੰ ਵੀ ਚਿੰਤਾ ਵਿਚ ਪਾ ਦਿੱਤਾ ਹੈ। ਚੀਨ ਨੇ ਦੋਸ਼ ਲਗਾਇਆ ਹੈ ਕਿ ਆਸਟਰੇਲੀਆ ਨੇ ਵੀ ਅਮਰੀਕਾ ਦੀ ਰੀਸ ਵਿਚ ਵਿਸ਼ਵ ਸਿਹਤ ਸੰਸਥਾ ਤੋਂ ਕਰੋਨਾ ਵਾਇਰਸ ਦੇ ਪੈਦਾ ਹੋਣ ਸਬੰਧੀ ਸੁਤੰਤਰ ਜਾਂਚ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ। ਚੀਨੀ ਸਫੀਰ ਚੇਂਗ ਜਿੰਗਯੇ ਨੇ ਇਸੇ ਹਫਤੇ ਇਕ ਆਸਟਰੇਲਿਆਈ ਅਖਬਾਰ ਨੂੰ ਦਿੱਤੀ ਇੰਟਰਵਿਊ ਵਿਚ ਚਿਤਾਵਨੀ ਦਿੱਤੀ ਹੈ ਕਿ ਜੇਕਰ ਜਾਂਚ ਸ਼ੁਰੂ ਹੁੰਦੀ ਹੈ ਤਾਂ ਚੀਨੀ ਉਪਭੋਗਤਾਵਾਂ ਵਲੋਂ ਆਸਟਰੇਲੀਆ ਦਾ ਬਾਈਕਾਟ ਕੀਤਾ ਜਾਵੇਗਾ।

# ਮਾੜੀ ਖੁਰਾਕ ਨਾਲ ਕਰੋਨਾ ਦੇ ਹਮਲੇ ਦਾ ਖਤਰਾ ਵੱਧ

**ਲੰਡਨ:** ਬਰਤਾਨੀਆ ਵਿਚ ਭਾਰਤੀ ਮੂਲ ਦੇ ਇਕ ਮਸ਼ਹੂਰ ਦਿਲ ਦੇ ਰੋਗਾਂ ਦੇ ਮਾਹਿਰ ਨੇ ਚਿਤਾਵਨੀ ਦਿੱਤੀ ਹੈ ਕਿ ਕਰੋਨਾ ਵਾਇਰਸ ਕਾਰਨ



ਹੋਣ ਵਾਲੀਆਂ ਮੌਤਾਂ ਪਿੱਛੇ ਮਾੜੀ ਖੁਰਾਕ ਇਕ ਪ੍ਰਮੁੱਖ ਵਜ੍ਹਾ ਹੈ, ਇਸ ਵਾਸਤੇ ਭਾਰਤੀਆਂ ਨੂੰ ਆਪਣੀ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾਉਣ ਲਈ ਪੈਕੇਟ ਬੰਦ ਖੁਰਾਕ ਪਦਾਰਥਾਂ ਦਾ ਇਸਤੇਮਾਲ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ।

ਬਰਤਾਨੀਆ ਦੀ ਕੌਮੀ ਸਿਹਤ ਸੇਵਾ ਦੇ ਮੂਹਰਲੀ ਕਤਾਰ ਦੇ ਡਾਕਟਰਾਂ 'ਚ ਸ਼ਾਮਲ ਡਾ. ਅਸੀਮ ਮਲਹੋਤਰਾ ਜੋ ਇਕ ਪ੍ਰੋਫੈਸਰ ਵੀ ਹਨ, ਨੇ ਕਿਹਾ ਕਿ ਮੋਟਾਪਾ ਤੇ ਲੋੜੋਂ ਵੱਧ ਭਾਰ ਇਕ ਗੰਭੀਰ ਸਮੱਸਿਆ ਹੈ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਕਰੋਨਾ ਵਾਇਰਸ ਲਈ ਮੁੱਖ ਤੌਰ ਉਤੇ ਜ਼ਿੰਮੇਵਾਰ ਮੰਨ ਕੇ ਇਨ੍ਹਾਂ ਦਾ ਹੱਲ ਕਰਨ ਦੀ ਲੋੜ ਹੈ। ਇਸ 42 ਸਾਲਾ ਡਾਕਟਰ ਨੇ ਕਿਹਾ, "ਭਾਰਤ ਵਿਚ ਜੀਵਨ ਸ਼ੈਲੀ ਨਾਲ ਸਬੰਧੀ ਬਿਮਾਰੀਆਂ ਜ਼ਿਆਦਾ ਹੋਣ ਕਰ ਕੇ ਭਾਰਤ ਵਧੇਰੇ ਸੰਵੇਦਨਸ਼ੀਲ ਹੈ।

ਮਹਾਮਾਰੀ ਖਿਲਾਫ ਜਾਗਰੂਕਤਾ ਮੁਹਿੰਮ ਚਲਾ ਰਹੇ ਇਸ ਡਾਕਟਰ ਨੇ ਕਿਹਾ ਕਿ ਕਰੋਨਾ ਵਾਇਰਸ ਖਿਲਾਫ ਲੜਾਈ ਵਿਚ ਜੀਵਨ ਸ਼ੈਲੀ 'ਚ ਬਦਲਾਅ ਹੀ ਪ੍ਰਮੁੱਖ ਹਥਿਆਰ ਹੈ। ਉਨ੍ਹਾਂ ਕਿਹਾ ਕਿ ਟਾਈਪ-2 ਡਾਇਬਟੀਜ਼, ਹਾਈ ਬਲੱਡ ਪ੍ਰੈੱਸ਼ਰ ਤੇ ਦਿਲ ਦੀਆਂ ਬਿਮਾਰੀਆਂ ਕਰੋਨਾ ਵਾਇਰਸ ਵਿਚ ਹੋਣ ਵਾਲੀਆਂ ਮੌਤਾਂ ਲਈ ਮੁੱਖ ਤੌਰ ਉਤੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਤੇ ਬਰਤਾਨੀਆ ਵਰਗੇ ਪੱਛਮੀ ਦੇਸ਼ ਜਿਥੇ ਕਿ ਕਰੋਨਾ ਵਾਇਰਸ ਕਾਰਨ ਸਭ ਤੋਂ ਵੱਧ ਮੌਤਾਂ ਹੋਈਆਂ ਹਨ, ਨੂੰ ਵੀ ਜੀਵਨ ਸ਼ੈਲੀ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ।

## ਨੈਗੇਟਿਵ ਰਿਪੋਰਟ ਕਹਿ ਕੇ ਘਰ ਤੋਰੇ ਦੋ ਮਰੀਜ਼ ਨਿਕਲੇ ਪਾਜ਼ੇਟਿਵ

**ਜਲੰਧਰ:** ਸਿਵਲ ਹਸਪਤਾਲ ਨੇ ਜਿਹੜੇ ਤਿੰਨ ਮਰੀਜ਼ਾਂ ਦੀਆਂ ਰਿਪੋਰਟਾਂ ਨੈਗੇਟਿਵ ਆਉਣ ਦਾ ਦਾਅਵਾ ਕਰਦਿਆਂ ਉਨ੍ਹਾਂ ਨੂੰ ਛੁੱਟੀ ਦੇ ਕੇ ਘਰ ਭੇਜ ਦਿੱਤਾ ਸੀ, ਉਨ੍ਹਾਂ ਵਿਚੋਂ ਦੋ ਪਾਜ਼ੇਟਿਵ ਨਿਕਲੇ ਹਨ। ਡਾਕਟਰਾਂ ਨੇ ਵਿਸ਼ਵ ਸ਼ਰਮਾ ਨਾਂ ਦੇ ਮਰੀਜ਼ ਨੂੰ ਅੱਧੀ ਰਾਤ ਨੂੰ ਫੋਨ ਕਰਕੇ ਵਾਪਸ ਸਿਵਲ ਹਸਪਤਾਲ ਬੁਲਾ ਲਿਆ ਸੀ ਕਿਉਂਕਿ ਉਸ ਦੀ ਰਿਪੋਰਟ ਪਾਜ਼ੇਟਿਵ ਸੀ।

ਡਾਕਟਰਾਂ ਨੇ ਇਸ ਮਰੀਜ਼ ਨੂੰ ਦੱਸਿਆ ਕਿ ਗਲਤੀ ਨਾਲ ਉਸ ਦੀ ਰਿਪੋਰਟ ਨੈਗੇਟਿਵ ਸਮਝ ਕੇ ਉਸ ਨੂੰ ਘਰ ਭੇਜ ਦਿੱਤਾ ਸੀ। ਸਿਵਲ ਹਸਪਤਾਲ ਵਿਚੋਂ ਛੁੱਟੀ ਮਿਲਣ ਦੇ ਚਾਅ ਵਿਚ ਉਕਤ ਨੌਜਵਾਨ ਮੋਟਰਸਾਈਕਲ ਉਤੇ ਕਿਸੇ ਜਾਣਕਾਰ ਨਾਲ ਬੈਠ ਕੇ ਘਰ ਗਿਆ ਸੀ। ਤੰਗ ਗਲੀਆਂ ਵਾਲੇ ਮੁਹੱਲੇ ਵਿਚ ਰਹਿੰਦੇ ਲੋਕਾਂ ਨੇ ਉਸ 'ਤੇ ਫੁੱਲਾਂ ਦੀ ਵਰਖਾ ਵੀ ਕੀਤੀ ਸੀ। ਇਸ ਦੌਰਾਨ ਉਹ ਰਾਹ ਵਿਚ ਕਈ ਲੋਕਾਂ ਨੂੰ ਮਿਲਿਆ ਵੀ ਸੀ। ਹੁਣ ਉਸ ਦੀ ਰਿਪੋਰਟ ਪਾਜ਼ੇਟਿਵ ਆਉਣ ਨਾਲ ਉਸ ਦੇ ਪਰਿਵਾਰ ਦੀਆਂ ਵੀ ਮੁਸ਼ਕਲਾਂ ਵਧ ਗਈਆਂ ਹਨ। ਇਸੇ ਤਰ੍ਹਾਂ ਜਸਬੀਰ ਸਿੰਘ ਦੀ ਰਿਪੋਰਟ ਨੈਗੇਟਿਵ ਦੱਸ ਕੇ ਉਸ ਨੂੰ ਵੀ ਛੁੱਟੀ ਦੇ ਦਿੱਤੀ ਗਈ ਸੀ ਪਰ ਉਹ ਅਜੇ ਸਿਵਲ ਹਸਪਤਾਲ 'ਚ ਹੀ ਸੀ ਕਿਉਂਕਿ ਉਸ ਦੇ ਪਰਿਵਾਰਕ ਮੈਂਬਰ ਵੀ ਪਾਜ਼ੇਟਿਵ ਹੋਣ ਕਾਰਨ ਉਥੇ ਦਾਖਲ ਹਨ। ਸਿਵਲ ਹਸਪਤਾਲ ਵਿਚ ਤਾਇਨਾਤ ਨੋਡਲ ਅਫਸਰ ਡਾਕਟਰ ਟੀਪੀ ਸਿੰਘ ਸੰਧੂ ਨੇ ਕਿਹਾ ਕਿ ਗਲਤੀ ਨਾਲ ਪੁਰਾਣੀ ਨੈਗੇਟਿਵ ਰਿਪੋਰਟ ਉਤੇ ਮਰੀਜ਼ਾਂ ਨੂੰ ਛੁੱਟੀ ਦੇ ਦਿੱਤੀ ਗਈ ਸੀ।

# ਅਮਰੀਕਾ ਪਰਤਣ ਲਈ ਕਾਹਲੇ ਪਏ ਐਨ. ਆਰ. ਆਈ.

**ਚੰਡੀਗੜ੍ਹ:** ਕਰੋਨਾ ਵਾਇਰਸ ਮਹਾਮਾਰੀ ਨੇ ਇਸ ਸਮੇਂ ਸਭ ਤੋਂ ਵੱਧ ਕਹਿਰ ਅਮਰੀਕਾ ਵਿਚ ਢਾਹਿਆ ਹੋਇਆ ਹੈ। ਵਾਇਰਸ ਪੀੜਤ ਮਰੀਜ਼ਾਂ ਤੇ ਮ੍ਰਿਤਕਾਂ ਦੀ ਗਿਣਤੀ ਅਮਰੀਕਾ ਵਿਚ ਹੀ ਸਭ ਤੋਂ ਵੱਧ ਹੈ ਪਰ ਫਿਰ ਵੀ ਪੰਜਾਬ ਵਿਚ ਛੁੱਟੀਆਂ ਮਨਾਉਣ ਆਏ ਐਨ.ਆਰ.ਆਈ. ਅਮਰੀਕਾ ਜਾਣ ਲੱਗੇ ਹੋਏ ਹਨ।

ਪਿਛਲੇ ਕੁਝ ਦਿਨਾਂ ਤੋਂ ਯੂ.ਐਸ.ਏ. ਅੰਬੈਸੀ ਲੁਧਿਆਣਾ ਵਿਚੋਂ 20 ਤੋਂ ਵੱਧ ਵਿਸ਼ੇਸ਼ ਬੱਸਾਂ ਰਾਹੀਂ ਪੂਰੇ ਪੰਜਾਬ ਤੋਂ ਆਏ ਕਰੀਬ 800 ਐਨ.ਆਰ.ਆਈ'ਜ਼ ਦਿੱਲੀ ਏਅਰਪੋਰਟ ਜਾ ਚੁੱਕੇ ਹਨ। ਇੰਨਾ ਹੀ ਨਹੀਂ ਐਨ.ਆਰ.ਆਈ. ਸਮਾਜਿਕ ਦੂਰੀ ਭੁੱਲ ਕੇ ਕਈ-ਕਈ ਘੰਟੇ ਧੁੱਪੇ ਲੱਗੀਆਂ ਲਾਈਨਾਂ ਵਿਚ ਖੜ੍ਹੇ ਹੋ ਕੇ ਅਮਰੀਕਾ ਜਾਣ ਦੀ ਕਾਹਲੇ ਪਏ ਹਨ। ਇਸੇ ਤਰ੍ਹਾਂ ਕੈਨੇਡਾ, ਬਰਤਾਨੀਆ ਸਮੇਤ ਹੋਰ ਦੇਸ਼ਾਂ ਤੋਂ ਆਏ ਐਨ.ਆਰ.ਆਈ. ਵਾਪਸ ਜਾਣ ਲਈ ਕਾਹਲੇ ਪਏ ਹੋਏ ਹਨ।

ਦਰਅਸਲ, ਮਾਰਚ ਮਹੀਨੇ ਵਿਚ ਤਾਲਾਬੰਦੀ ਕਾਰਨ ਅਮਰੀਕਾ ਤੋਂ ਪੰਜਾਬ ਆਏ ਵੱਖ-ਵੱਖ ਦੇਸ਼ਾਂ ਦੇ ਐਨ.ਆਰ.ਆਈ'ਜ਼ ਇਥੇ ਹੀ ਫਸ ਗਏ। ਅਮਰੀਕਾ ਮੌਜੂਦਾ ਸਮੇਂ ਦੌਰਾਨ ਸਭ ਤੋਂ ਵੱਧ ਵਾਇਰਸ ਦੇ ਲਪੇਟੇ ਵਿਚ ਪਰ ਫਿਰ ਵੀ ਪੰਜਾਬ ਦੇ ਪਿੰਡਾਂ ਤੇ ਸ਼ਹਿਰ ਵਿਚ ਸ਼ਾਂਤੀ ਨਾਲ ਬੈਠੇ ਐਨ.ਆਰ.ਆਈ. ਅਮਰੀਕਾ ਦਾ ਮੋਹ ਨਹੀਂ ਛੱਡ ਰਹੇ। ਪਿਛਲੇ ਇਕ ਹਫਤੇ ਦੌਰਾਨ ਯੂ.ਐਸ.ਏ. ਅੰਬੈਸੀ ਰਾਹੀਂ 20 ਤੋਂ ਵੱਧ ਬੱਸਾਂ ਰਾਹੀਂ ਐਨ. ਆਰ. ਆਈ. ਦਿੱਲੀ ਏਅਰਪੋਰਟ ਤੋਂ ਅਮਰੀਕਾ ਲਈ ਰਵਾਨਾ ਹੋਏ ਹਨ।

ਜ਼ਿਕਰਯੋਗ ਹੈ ਕਿ ਯੂ.ਐਸ.ਏ. ਅੰਬੈਸੀ ਦੇ ਕੁਝ ਅਧਿਕਾਰੀ ਲੁਧਿਆਣਾ ਵਿਚ ਹੀ ਮੌਜੂਦ ਹਨ, ਇਥੋਂ ਰੋਜ਼ਾਨਾ ਭਾਈ ਵਾਲਾ ਚੌਕ ਨੇੜਿਉਂ ਅਮਰੀਕਾ ਜਾਣ ਵਾਲੇ ਐਨ.ਆਰ.ਆਈ. ਦੇ ਕਾਗਜ਼ਾਤ ਚੈੱਕ ਕਰਕੇ ਉਨ੍ਹਾਂ ਨੂੰ ਬੱਸਾਂ ਰਾਹੀਂ ਦਿੱਲੀ ਤੇ ਫਿਰ ਉਥੋਂ ਵਿਸ਼ੇਸ਼ ਉਡਾਨ ਰਾਹੀਂ ਅਮਰੀਕਾ ਭੇਜਿਆ ਜਾ ਰਿਹਾ ਹੈ। ਸਨਅਤੀ ਸ਼ਹਿਰ ਵਿਚੋਂ 18 ਅਪਰੈਲ ਨੂੰ 7 ਬੱਸ ਰਾਹੀਂ ਕਰੀਬ 300 ਦੇ ਕਰੀਬ ਲੋਕਾਂ ਨੂੰ ਅਮਰੀਕਾ ਤੇ ਆਸਟ੍ਰੇਲੀਆ ਲਈ ਰਵਾਨਾ ਕੀਤਾ ਗਿਆ। 24 ਅਪਰੈਲ ਨੂੰ 10 ਬੱਸਾਂ ਰਾਹੀਂ 250 ਲੋਕ ਅਮਰੀਕਾ ਗਏ, 28 ਅਪਰੈਲ ਨੂੰ 10 ਬੱਸਾਂ ਰਾਹੀਂ 250 ਤੋਂ ਵੱਧ ਲੋਕਾਂ ਨੂੰ ਫਿਰ ਅਮਰੀਕਾ ਜਾਣ ਲਈ ਦਿੱਲੀ ਏਅਰਪੋਰਟ ਭੇਜਿਆ ਜਾ ਚੁੱਕਿਆ ਹੈ।



## ਵਿਸ਼ੇਸ਼ ਉਡਾਣ ਰਾਹੀਂ 275 ਪੰਜਾਬੀ ਯੂ. ਕੇ. ਭੇਜੇ

**ਅੰਮ੍ਰਿਤਸਰ:** ਕਰੋਨਾ ਮਹਾਮਾਰੀ ਕਰਕੇ ਤਾਲਾਬੰਦੀ ਦੌਰਾਨ ਇਥੇ ਫਸੇ ਬ੍ਰਿਟਿਸ਼ ਪੰਜਾਬੀਆਂ ਦਾ ਵਿਸ਼ੇਸ਼ ਉਡਾਨਾਂ ਰਾਹੀਂ ਯੂ.ਕੇ. ਪਰਤਣ ਦਾ ਸਿਲਸਿਲਾ ਜਾਰੀ ਹੈ। ਇਸੇ ਤਹਿਤ ਹੀ ਕਤਰ ਏਅਰਵੇਜ਼ ਦੀ ਵਿਸ਼ੇਸ਼ ਉਡਾਣ ਰਾਹੀਂ 275 ਬ੍ਰਿਟਿਸ਼ ਪੰਜਾਬੀ ਯਾਤਰੂ ਯੂ.ਕੇ. ਲਈ ਰਵਾਨਾ ਹੋਏ। ਕਤਰ ਏਅਰਵੇਜ਼ ਦੀ ਇਹ ਵਿਸ਼ੇਸ਼ ਉਡਾਣ ਸ੍ਰੀ ਗੁਰੂ ਰਾਮਦਾਸ ਅੰਤਰਾਸ਼ਟਰੀ ਹਵਾਈ ਅੱਡੇ 'ਤੇ ਪੁੱਜੀ ਸੀ।

# ਇਕ ਵਾਰ ਫਿਰ ਖੁਲਾਸਾ: ਗਰਮੀ ਨਾਲ ਰੁਕ ਸਕਦਾ ਹੈ ਕਰੋਨਾ ਦਾ ਫੈਲਾਅ

**ਨਾਗਪੁਰ:** ਮੁਲਕ ਦੀ ਗਰਮ ਜਲਵਾਯੂ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ 'ਚ ਸਹਾਈ ਹੋ ਸਕਦੀ ਹੈ ਪਰ ਸਮਾਜਿਕ ਦੂਰੀ ਬਹੁਤ ਜ਼ਰੂਰੀ ਹੈ। ਕੌਮੀ ਵਾਤਾਵਰਨ ਇੰਜੀਨੀਅਰਿੰਗ ਖੋਜ ਇੰਸਟੀਚਿਊਟ ਦੇ ਵਿਗਿਆਨੀਆਂ ਵਲੋਂ ਕੀਤੇ ਗਏ ਅਧਿਐਨ 'ਚ ਇਹ ਖੁਲਾਸਾ ਹੋਇਆ ਹੈ। ਇੰਸਟੀਚਿਊਟ ਨੇ ਮਹਾਰਾਸ਼ਟਰ, ਕਰਨਾਟਕ, ਕੇਰਲਾ, ਸ੍ਰੀਨਗਰ ਅਤੇ ਨਿਊ ਯਾਰਕ 'ਚ ਮਹਾਮਾਰੀ ਦੇ ਫੈਲਾਅ ਸਬੰਧੀ ਡੇਟਾ ਅਤੇ ਵਾਤਾਵਰਨ ਦੇ ਕਾਰਕਾਂ ਵਿਚਕਾਰ ਸਬੰਧਾਂ ਬਾਰੇ ਅਧਿਐਨ ਕੀਤਾ।

ਵਿਗਿਆਨੀ ਹੇਮੰਤ ਭੇਰਵਾਨੀ ਨੇ ਕਿਹਾ ਕਿ ਅਧਿਐਨ ਤੋਂ ਪਤਾ ਲੱਗਾ ਕਿ ਵਾਇਰਸ ਨੂੰ ਫੈਲਣ ਤੋਂ ਰੋਕਣ 'ਚ ਮੁਲਕ ਦੀ ਗਰਮ ਜਲਵਾਯੂ ਲਾਹੇਵੰਦ ਸਾਬਤ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਹੋਰ ਵਾਇਰਸਾਂ ਬਾਰੇ ਪਹਿਲਾਂ ਕੀਤੇ ਗਏ ਅਧਿਐਨਾਂ ਵਾਂਗ ਵੱਧ ਤਾਪਮਾਨ ਵਾਲੇ ਇਲਾਕਿਆਂ 'ਚ ਇਸ ਵਾਇਰਸ ਦਾ ਅਸਰ ਵੀ ਖਤਮ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਰ ਨਮੀ ਵਾਲੇ ਇਲਾਕਿਆਂ 'ਚ ਵਾਇਰਸ ਫੈਲਣ ਦਾ ਖਤਰਾ ਵਧ ਰਹਿੰਦਾ ਹੈ। ਸ੍ਰੀ ਭੇਰਵਾਨੀ ਨੇ ਕਿਹਾ ਕਿ ਸਮਾਜਿਕ ਦੂਰੀ ਦਾ ਕਦਮ ਬਹੁਤ ਲਾਹੇਵੰਦ ਹੈ। ਉਨ੍ਹਾਂ ਮੁਤਾਬਕ ਕੇਰਲਾ ਅਤੇ ਚੇਨੱਈ ਵਰਗੇ ਸ਼ਹਿਰਾਂ 'ਚ ਭਾਵੇਂ ਵਧ ਨਮੀ ਹੈ ਪਰ ਉਨ੍ਹਾਂ ਕਰੋਨਾ ਉਤੇ ਕਾਬੂ ਸਮਾਜਿਕ ਦੂਰੀ ਜਿਹੇ ਨੇਮਾਂ ਦੀ ਸਖਤੀ ਨਾਲ ਪਾਲਣਾ ਕਰਕੇ ਪਾਇਆ। ਇੰਸਟੀਚਿਊਟ ਦੇ ਡਾਇਰੈਕਟਰ ਡਾਕਟਰ ਰਾਕੇਸ਼ ਕੁਮਾਰ ਨੇ ਕਿਹਾ ਕਿ ਤਾਪਮਾਨ ਵਧਣ ਨਾਲ ਵਾਇਰਸ ਦੇ ਫੈਲਣ ਦੀ ਰਫਤਾਰ ਘੱਟ ਹੋ ਜਾਂਦੀ ਹੈ।

ਉਧਰ, ਭਾਰਤੀ ਤਕਨਾਲੋਜੀ ਸੰਸਥਾ (ਆਈ.ਆਈ.ਟੀ.) ਜੋਧਪੁਰ ਦੇ ਵਿਗਿਆਨੀਆਂ ਵਲੋਂ ਕੀਤੀ ਗਈ ਇਕ ਸਟੱਡੀ ਅਨੁਸਾਰ ਸਿਗਰਟਨੋਸ਼ੀ ਕਰਨ ਵਾਲੇ ਵਿਅਕਤੀਆਂ ਵਿਚ ਕਰੋਨਾ ਵਾਇਰਸ ਲਾਗ ਲੱਗਣ ਦਾ ਖਤਰਾ ਵੱਧ ਹੁੰਦਾ ਹੈ। ਇਸ ਸਟੱਡੀ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਸੁੰਘਣ ਦੀ ਸ਼ਕਤੀ ਅਤੇ ਜੀਭ ਦਾ ਸਵਾਦ ਚਲੇ ਜਾਣ ਵਰਗੇ ਲੱਛਣ ਇਕ ਵਿਅਕਤੀ ਨੂੰ ਕੋਵਿਡ-19 ਲਾਗ ਲੱਗਣ ਵਲ ਇਸ਼ਾਰਾ ਕਰਦੇ ਹਨ, ਇਸ ਵਾਸਤੇ ਅਜਿਹੇ ਲੱਛਣਾਂ ਵਾਲੇ ਵਿਅਕਤੀਆਂ ਨੂੰ ਜਲਦੀ ਤੋਂ ਜਲਦੀ ਖੁਦ ਨੂੰ ਇਕਾਂਤਵਾਸ ਕਰ ਕੇ ਮਾਹਿਰਾਂ ਨਾਲ ਸੰਪਰਕ ਕਰਨਾ ਚਾਹੀਦਾ ਹੈ। ਅਮਰੀਕਨ ਕੈਮੀਕਲ ਸੁਸਾਇਟੀ ਵਲੋਂ ਛਾਪੇ ਜਾਂਦੇ ਕੌਮਾਂਤਰੀ ਪੱਧਰੀ ਰਸਾਲੇ ਵਿਚ ਛਪੀ 'ਨਿਊਰੋਲੋਜੀਕਲ ਇਨਸਾਈਟਸ ਆਫ ਕੋਵਿਡ-19' ਨਾਂ ਦੀ ਇਸ ਸਟੱਡੀ ਮੁਤਾਬਕ ਸੁੰਘਣ ਦੀ ਸ਼ਕਤੀ ਤੇ ਜੀਭ ਦਾ ਸਵਾਦ ਚਲੇ ਜਾਣ ਕਾਰਨ ਪੀੜਤ ਮਰੀਜ਼ ਦੀ ਸਾਰੀ ਕੇਂਦਰੀ ਦਿਮਾਗੀ ਪ੍ਰਣਾਲੀ ਅਤੇ ਦਿਮਾਗ ਅੰਦਰਲੀ ਮੂਲ ਆਧਾਰ ਰਚਨਾ ਲਾਗ ਦੇ ਵਧੇਰੇ ਨੇੜੇ ਆ ਜਾਂਦੀ ਹੈ। ਇਹ ਸਟੱਡੀ ਆਈ.ਆਈ.ਟੀ. ਜੋਧਪੁਰ ਦੇ ਪ੍ਰੋਫੈਸਰ ਸੁਰਾਜੀਤ ਘੋਸ਼ ਦੀ ਅਗਵਾਈ ਹੇਠ ਕੀਤੀ ਗਈ ਹੈ। ਇਹ ਸਟੱਡੀ ਵਿਚ ਇਸ ਵਲ ਵੀ ਇਸ਼ਾਰਾ ਕਰਦੀ ਹੈ ਕਿ ਕਰੋਨਾ ਵਾਇਰਸ ਇਕ ਖਾਸ ਤਰ੍ਹਾਂ ਦੇ ਮਨੁੱਖੀ ਰਿਸੈਪਟਰ ਜਿਸ ਨੂੰ ਐਚ.ਏ.ਸੀ.ਈ2 (ਮਨੁੱਖੀ ਐਂਜਿਓਟੈਨਸਿਨ-ਕਨਵਰਟਿੰਗ ਐਂਜ਼ਾਈਮ-2) ਵਜੋਂ ਜਾਣਿਆ ਜਾਂਦਾ ਹੈ, ਵਲ ਜਲਦੀ ਆਕਰਸ਼ਿਤ ਹੁੰਦਾ ਹੈ। ਇਹ ਰਿਸੈਪਟਰ ਸਰੀਰ ਵਿਚ ਵਾਇਰਸ ਦੇ ਦਾਖਲੇ ਦਾ ਦੁਆਰ ਵੀ ਹੁੰਦਾ ਹੈ ਅਤੇ ਇਹ ਸਰਵਵਿਆਪੀ ਰਿਸੈਪਟਰ ਮਨੁੱਖ ਦੇ ਫੇਫੜਿਆਂ ਤੋਂ ਲੈ ਕੇ ਨੱਕ ਤੱਕ ਤਕਰੀਬਨ ਹਰ ਅੰਗ ਵਿਚ ਹੁੰਦਾ ਹੈ।

## ਕਰੋਨਾ ਦਾ ਪਤਾ ਹੁਣ 45 ਮਿੰਟ 'ਚ ਲੱਗੇਗਾ

**ਲਾਸ ਏਂਜਲਸ**: ਵਿਗਿਆਨੀਆਂ ਨੇ ਘੱਟ ਲਾਗਤ ਵਾਲੇ ਲਾਰ ਟੈਸਟ ਦੀ ਕਿੱਟ ਵਿਕਸਤ ਕੀਤੀ ਹੈ ਜਿਸ ਨਾਲ ਕਰੋਨਾ ਵਾਇਰਸ ਲਾਗ ਦਾ ਪਤਾ ਕਰੀਬ 45 ਮਿੰਟਾਂ 'ਚ ਲੱਗ ਜਾਵੇਗਾ। ਦੁਨੀਆਂ ਭਰ 'ਚ ਕਰੋਨਾ ਪੀੜਤਾਂ ਦੀ ਵਧਦੀ ਗਿਣਤੀ ਨੂੰ ਦੇਖਦਿਆਂ ਲੋਕਾਂ ਦੀ ਟੈਸਟਿੰਗ ਲਈ ਇਹ ਟੈਸਟ ਸਹਾਈ ਹੋ ਸਕਦਾ ਹੈ। ਟੈਸਟ ਦਾ ਨਾਮ 'ਸਾਰਸ-ਕੋਵ-2 ਡਿਟੈਕਟਰ' ਰੱਖਿਆ ਗਿਆ ਹੈ। ਯੂਨੀਵਰਸਿਟੀ ਆਫ ਕੈਲੀਫੋਰਨੀਆ, ਸਾਂ ਫਰਾਂਸਿਸਕੋ ਦੇ ਖੋਜੀਆਂ ਨੇ ਕਿਹਾ ਕਿ ਟੈਸਟ ਲਈ ਕਿਸੇ ਵਿਸ਼ੇਸ਼ ਉਪਰਕਰਨ ਦੀ ਲੋੜ ਨਹੀਂ ਪੈਂਦੀ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਦੀਆਂ ਟੈਸਟ ਕਿੱਟਾਂ ਨਾਲੋਂ ਇਹ ਜ਼ਿਆਦਾ ਗਿਣਤੀ 'ਚ ਮੁਹੱਈਆ ਕਰਵਾਈਆਂ ਜਾ ਸਕਦੀਆਂ ਹਨ। ਉਂਜ ਇਸ ਨਵੇਂ ਟੈਸਟ ਨੂੰ ਯੂਐਸ ਫੂਡ ਐਂਡ ਡਰੱਗ ਐਡਮਿਨੀਸਟ੍ਰੇਸ਼ਨ ਤੋਂ ਅਜੇ ਰਸਮੀ ਪ੍ਰਵਾਨਗੀ ਮਿਲਣੀ ਬਾਕੀ ਹੈ।

# ਪੰਜਾਬ ਦੀ ਕਿਸਾਨੀ ਦੀ ਬਾਂਹ ਫੜਨ ਤੋਂ ਕੇਂਦਰ ਸਰਕਾਰ ਭੱਜੀ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਨੇ ਹਮੇਸ਼ਾਂ ਸੰਕਟ ਦੀ ਘੜੀ ਵਿਚ ਦੇਸ਼ ਦੀ ਅਨਾਜ ਪੂਰਤੀ ਵਿਚ ਭਰਵਾਂ ਯੋਗਦਾਨ ਪਾਇਆ ਹੈ, ਪਰ ਕੇਂਦਰ ਸਰਕਾਰ ਔਖੇ ਵੇਲੇ ਪੰਜਾਬ ਦੀ ਕਿਸਾਨੀ ਤੋਂ ਬੇਮੁੱਖ ਹੋ ਗਈ ਹੈ। ਮੁੱਢਲੇ ਪੜਾਅ ਉਤੇ ਪੰਜਾਬ ਸਰਕਾਰ ਨੇ ਕੇਂਦਰ ਤੋਂ ਅਨਾਜ ਭੰਡਾਰਨ ਉਤੇ ਬੋਨਸ ਦੀ ਮੰਗ ਕੀਤੀ ਸੀ ਤਾਂ ਜੋ ਕਿਸਾਨ ਘਰਾਂ ਵਿਚ ਕਣਕ ਭੰਡਾਰ ਕਰ ਸਕਣ। ਕੇਂਦਰ ਸਰਕਾਰ ਨੇ 60 ਫੀਸਦ ਫਸਲ ਦੀ ਖਰੀਦ ਹੋਣ ਮਗਰੋਂ ਵੀ ਅਜੇ ਤੱਕ ਕੋਈ ਹੁੰਗਾਰਾ ਨਹੀਂ ਭਰਿਆ ਹੈ।

ਪੰਜਾਬ 'ਚ ਪੱਕੀ ਫਸਲ ਮੀਂਹ ਨੇ ਝੰਬ ਦਿੱਤੀ ਤਾਂ ਰਾਜ ਸਰਕਾਰ ਨੇ ਕੇਂਦਰ ਤੋਂ ਖਰੀਦ ਦੇ ਮਾਪਦੰਡਾਂ ਵਿਚ ਛੋਟ ਦੀ ਮੰਗ ਕੀਤੀ। ਕੇਂਦਰੀ ਟੀਮ ਨੇ ਮੰਡੀਆਂ ਦਾ ਦੌਰਾ ਕੀਤਾ। ਲੰਘੇ ਦਿਨੀਂ ਕੇਂਦਰ ਸਰਕਾਰ ਨੇ ਮਾਪਦੰਡਾਂ ਵਿਚ ਤਾਂ ਰਿਆਇਤ ਦੇ ਦਿੱਤੀ, ਪਰ ਨਾਲ ਹੀ ਖਰੀਦ ਉਤੇ ਵਿੱਤੀ ਕੱਟ ਵੀ ਲਾ ਦਿੱਤਾ। ਪੰਜਾਬ ਦੀ ਕਿਸਾਨੀ ਨੂੰ ਇਸ ਵਿੱਤੀ ਕੱਟ ਨਾਲ ਅੰਦਾਜ਼ਨ 20 ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪਵੇਗਾ। ਕਿਸਾਨ ਨੂੰ ਪ੍ਰਤੀ ਏਕੜ 200 ਤੋਂ 500 ਰੁਪਏ ਤੱਕ ਦਾ ਨੁਕਸਾਨ ਹੋਵੇਗਾ। ਸੁੰਗੜੀ ਤੇ ਚਮਕ ਗੁਆਉਣ ਵਾਲੀ ਜਿਣਸ ਉਤੇ 4.81 ਰੁਪਏ ਤੋਂ ਲੈ ਕੇ 24.06 ਰੁਪਏ ਤੱਕ ਦਾ ਵਿੱਤੀ ਕੱਟ ਲਾਇਆ ਗਿਆ ਹੈ। ਕੇਂਦਰੀ ਕੱਟ ਦਾ ਵੱਡਾ ਹਰਜਾ ਪਟਿਆਲਾ, ਫਤਹਿਗੜ੍ਹ ਸਾਹਿਬ ਤੇ ਮੁਹਾਲੀ ਦੇ ਕਿਸਾਨਾਂ ਨੂੰ ਝੱਲਣਾ ਪਵੇਗਾ।

ਕੇਂਦਰੀ ਕੱਟ ਦਾ ਸਰਕਾਰੀ ਖਜ਼ਾਨੇ ਨੂੰ ਵੀ ਨੁਕਸਾਨ ਸਹਿਣ ਕਰਨਾ ਪਵੇਗਾ। ਐਤਕੀਂ ਕੋਵਿਡ-19 ਕਰਕੇ ਪੰਜਾਬ ਵਿਚ ਕਰੀਬ ਇਕ ਲੱਖ ਗੱਠਾਂ ਬਾਰਦਾਨੇ ਦੀ ਤੋਟ ਬਣੀ ਹੋਈ ਹੈ। ਕੇਂਦਰ ਸਰਕਾਰ ਨੇ ਪੰਜਾਬ ਨੂੰ ਪੁਰਾਣਾ ਬਾਰਦਾਨਾ ਵਰਤਣ ਦੀ ਪ੍ਰਵਾਨਗੀ ਤਾਂ ਦੇ ਦਿੱਤੀ, ਪਰ ਪੁਰਾਣੇ ਬਾਰਦਾਨੇ ਦਾ ਭਾਅ ਹਾਲੇ ਤੱਕ ਤੈਅ ਨਹੀਂ ਕੀਤਾ ਹੈ। ਪੰਜਾਬ ਸਰਕਾਰ ਨੇ ਆਟਾ ਮਿੱਲਾਂ ਤੋਂ ਇਕ ਵਾਰੀ ਵਰਤਿਆ ਬਾਰਦਾਨਾ ਖਰੀਦ ਕਰਨਾ ਹੈ ਪਰ ਮਿੱਲਾਂ ਵਾਲੇ ਪਹਿਲਾਂ ਭਾਅ ਪੁੱਛ ਰਹੇ ਹਨ। ਦੱਸਣਯੋਗ ਹੈ ਕਿ ਪੰਜਾਬ ਦੇ ਕਿਸਾਨਾਂ ਨੇ ਹਮੇਸ਼ਾਂ ਸੰਕਟ ਦੀ ਘੜੀ ਵਿਚ ਦੇਸ਼ ਦੀ ਅਨਾਜ ਪੂਰਤੀ ਵਿਚ ਭਰਵਾਂ ਯੋਗਦਾਨ ਪਾਇਆ ਹੈ। ਹਾਲ ਹੀ 'ਚ ਪੰਜਾਬ ਦੇ ਗੁਦਾਮਾਂ 'ਚੋਂ 23.5 ਲੱਖ ਮੀਟਰਿਕ ਟਨ ਅਨਾਜ ਦੂਜੇ ਸੂਬਿਆਂ ਨੂੰ ਭੇਜਿਆ ਗਿਆ ਹੈ।

ਖੇਤੀ ਵਿਭਾਗ ਪੰਜਾਬ ਦੇ ਸਕੱਤਰ ਕਾਹਨ ਸਿੰਘ ਪੰਨੂ ਨੇ ਕਿਹਾ ਕਿ ਮੰਡੀਆਂ 'ਚੋਂ ਰੋਜ਼ਾਨਾ ਪੰਜ ਲੱਖ ਮੀਟਰਿਕ ਟਨ ਫਸਲ ਦੀ ਚੁਕਾਈ ਹੋ ਰਹੀ ਹੈ ਤੇ 60 ਫੀਸਦੀ ਫਸਲ ਮੰਡੀਆਂ ਵਿਚ ਆ ਚੁੱਕੀ ਹੈ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਨੇ ਕਿਹਾ ਕਿ ਕਿਸਾਨਾਂ ਨੂੰ ਘੱਟ ਝਾੜ ਅਤੇ ਬੇਮੌਸਮੀ ਬਾਰਸ਼ ਨੇ ਝੰਬ ਦਿੱਤਾ ਹੈ। ਕੇਂਦਰ ਨੇ ਵਿੱਤੀ ਕੱਟ ਲਾ ਕੇ ਕਿਸਾਨੀ ਦੇ ਜਖਮਾਂ ਉਤੇ ਲੂਣ ਛਿੜਕਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਕੱਟ ਨਾਲ ਹੋਣ ਵਾਲੇ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਕਰੇ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਮੁੱਖ ਸਕੱਤਰ ਰਾਮਕਰਨ ਸਿੰਘ ਰਾਮਾਂ ਨੇ ਵੀ ਕੇਂਦਰ ਤੋਂ ਵਿੱਤੀ ਕੱਟ ਨੂੰ ਵਾਪਸ ਲਏ ਜਾਣ ਦੀ ਮੰਗ ਰੱਖੀ ਹੈ।

## ਕੇਂਦਰ ਨੇ ਕਿਸਾਨੀ ਦਾ ਮੁੱਲ ਨਹੀਂ ਪਾਇਆ

**ਚੰਡੀਗੜ੍ਹ:** ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨੀ ਦੇ ਪਸੀਨੇ ਦਾ ਮੁੱਲ ਨਹੀਂ ਪਾਇਆ ਅਤੇ ਪੰਜਾਬ ਨਾਲ ਵਿਤਕਰਾ ਕੀਤਾ ਹੈ। ਹੁਣ ਛੋਟਾਂ ਦੇ ਕੇ ਵਿੱਤੀ ਕੱਟ ਲਾ ਦਿੱਤਾ ਹੈ, ਜੋ ਕਿਸਾਨ ਮਾਰੂ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਹੁਣ ਤੱਕ 6500 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਅਤੇ ਮੰਡੀਆਂ 'ਚੋਂ ਦੋ ਤਿੰਨ ਦਿਨਾਂ ਵਿਚ ਮੁਕੰਮਲ ਚੁਕਾਈ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਦੇ ਕਿਸਾਨਾਂ ਦੀ ਥਾਂ ਕੇਂਦਰ ਦਾ ਪੱਖ ਪੂਰਿਆ ਹੈ।

## ਕੁਆਲਿਟੀ ਕੱਟ ਨਾਲ ਕਿਸਾਨਾਂ ਨੂੰ ਵੱਡੀ ਮਾਰ

**ਚੰਡੀਗੜ੍ਹ:** ਕੇਂਦਰ ਦੇ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਪ੍ਰਣਾਲੀ ਵਿਭਾਗ ਦੇ ਤਾਜ਼ਾ ਪੱਤਰ ਨੇ ਮੁਹਾਲੀ, ਪਟਿਆਲਾ ਅਤੇ ਫਤਹਿਗੜ੍ਹ ਸਾਹਿਬ ਦੇ ਕਣਕ ਦੇ ਘੱਟ ਝਾੜ ਨਾਲ ਜੂਝ ਰਹੇ ਕਿਸਾਨਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਮੰਡੀਆਂ ਵਿਚ ਖਰੀਦੀ ਜਾਣ ਵਾਲੀ ਕਣਕ ਦੇ ਸਿਵਲਡ ਗਰੇਨ (ਕਮਜ਼ੋਰ ਦਾਣੇ) ਲਈ ਕੱਟ ਲਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਪੱਤਰ ਮਗਰੋਂ ਹੁਣ ਮੰਡੀਆਂ ਵਿਚ ਕਣਕ ਵੇਚਣ ਆਉਣ ਵਾਲੇ ਕਿਸਾਨਾਂ ਉਤੇ ਨਵੇਂ ਨਿਯਮ ਲਾਗੂ ਹੋਣਗੇ। ਮੰਡੀਆਂ ਵਿਚ ਹੁਣ ਬਹੁਤੀ ਕਣਕ ਉਹ ਕਿਸਾਨ ਲਿਆ ਰਹੇ ਹਨ, ਜਿਨ੍ਹਾਂ ਨੇ ਸਰਕਾਰ ਦਾ ਕਹਿਣਾ ਮੰਨ ਕੇ ਆਪਣੀ ਕਣਕ ਘਰਾਂ ਵਿਚ ਸਟੋਰ ਕਰ ਲਈ ਸੀ। ਇਨ੍ਹਾਂ ਜ਼ਿਲ੍ਹਿਆਂ ਵਿਚ ਬੇਮੌਸਮੀ ਬਾਰਸ਼ਾਂ ਕਾਰਨ ਕਣਕ ਦਾ ਦਾਣਾ ਕਮਜ਼ੋਰ ਰਹਿ ਗਿਆ ਸੀ ਤੇ ਝਾੜ ਵੀ ਬਹੁਤ ਘਟ ਗਿਆ ਸੀ। ਤਾਜ਼ਾ ਪੱਤਰ ਅਨੁਸਾਰ ਕਣਕ ਦੇ ਛੇ ਫੀਸਦੀ ਕਮਜ਼ੋਰ ਦਾਣੇ ਹੋਣ ਦੀ ਸੂਰਤ ਵਿਚ ਕੋਈ ਕੱਟ ਨਹੀਂ ਲੱਗੇਗਾ।

## ਝੱਖੜ ਤੇ ਮੀਂਹ ਨੇ ਫਸਲ ਝੰਬੀ

**ਚੰਡੀਗੜ੍ਹ:** ਦੱਖਣੀ ਪੰਜਾਬ 'ਚ ਤੇਜ਼ ਝੱਖੜ ਤੇ ਬਾਰਸ਼ ਨੇ ਵਾਢੀ ਦੇ ਆਖਰੀ ਪੜਾਅ 'ਚ ਖੜ੍ਹੀ ਕਣਕ ਦੀ ਫਸਲ ਨੂੰ ਝੰਬ ਦਿੱਤਾ ਹੈ। ਅੱਧੀ ਦਰਜਨ ਜਿਲਿਆਂ 'ਚ ਮੀਂਹ ਪਿਆ ਜਿਸ ਨੇ ਰਹਿੰਦੀ ਵਾਢੀ ਨੂੰ ਬਰੇਕ ਲਾ ਦਿੱਤੀ ਹੈ। ਸਮੇਟਣ 'ਤੇ ਆਈ ਖਰੀਦ ਦਾ ਕੰਮ ਵੀ ਰੋਕ ਦਿੱਤਾ। ਇਵੇਂ ਹੀ ਹਰਿਆਣਾ ਦੇ ਪੰਜ ਛੇ ਜਿਲਿਆਂ 'ਚ ਵੀ ਇਕੋ ਵੇਲੇ ਮੀਂਹ ਪਿਆ। ਹਾਲਾਂਕਿ ਪੰਜਾਬ ਹਰਿਆਣਾ ਦੇ ਇਨ੍ਹਾਂ ਖਿੱਤਿਆਂ ਵਿਚ ਦੋ ਤੋਂ ਚਾਰ ਐਮ.ਐਮ ਵਰਖਾ ਹੋਈ ਪਰ ਤੇਜ਼ ਤੂਫਾਨ ਨੇ ਦਰਖਤਾਂ ਅਤੇ ਬਿਜਲੀ ਦੇ ਖੰਭਿਆਂ ਦਾ ਵੱਡਾ ਨੁਕਸਾਨ ਕਰ ਦਿੱਤਾ ਹੈ। ਨਰਮਾ ਪੱਟੀ ਵਿਚ ਕਿਸਾਨ ਨਰਮੇ ਦੀ ਬਿਜਾਈ ਦੀ ਤਿਆਰੀ ਵਿਚ ਸਨ। ਪੰਜਾਬ 'ਚ ਕਰੀਬ 20% ਕਣਕ ਦੀ ਫਸਲ ਦੀ ਵਾਢੀ ਹਾਲੇ ਰਹਿੰਦੀ ਹੈ।


ਵੇਰਵਿਆਂ ਅਨੁਸਾਰ ਪੰਜਾਬ ਦੇ ਫਰੀਦਕੋਟ, ਬਰਨਾਲਾ, ਮਾਨਸਾ, ਮੁਕਤਸਰ, ਬਠਿੰਡਾ ਤੋਂ ਬਿਨਾ ਮਾਝੇ ਦੇ ਤਰਨਤਾਰਨ ਦੇ ਇਲਾਕੇ ਵਿਚ ਬਾਰਸ਼ ਪਈ। ਬਿਜਲੀ ਸਪਲਾਈ ਵੀ ਕਈ ਘੰਟੇ ਪ੍ਰਭਾਵਿਤ ਹੋਈ ਹੈ। ਇਸੇ ਤਰ੍ਹਾਂ ਹਰਿਆਣਾ ਦੇ ਭਿਵਾਨੀ, ਸਿਰਸਾ, ਰੋਹਤਕ, ਕੈਥਲ ਅਤੇ ਫਤਿਆਬਾਦ ਵਿਚ ਮੀਂਹ ਪਿਆ ਹੈ। ਮਾਨਸਾ, ਬਠਿੰਡਾ ਤੇ ਮੁਕਤਸਰ ਵਿਚ ਸਬਜ਼ੀਆਂ ਦਾ ਕਾਫੀ ਨੁਕਸਾਨ ਹੋਇਆ ਹੈ।

## ਨਵੀਆਂ ਖੇਤੀ ਸਨਅਤਾਂ ਦੇ ਸਕਦੀਆਂ ਨੇ ਸਪਲਾਈ ਚੇਨ ਨੂੰ ਠੁੰਮ੍ਹਣਾ

**ਨਵੀਂ ਦਿੱਲੀ:** ਸਨਅਤੀ ਸੰਸਥਾ ਫਿੱਕੀ ਵਲੋਂ ਕੀਤੀ ਗਏ ਇਕ ਅਧਿਐਨ ਅਨੁਸਾਰ ਸਾਲ-ਦਰ-ਸਾਲ 25 ਫੀਸਦੀ ਦੀ ਦਰ ਨਾਲ ਤਰੱਕੀ ਕਰ ਰਹੀਆਂ ਖੇਤੀ ਆਧਾਰਿਤ ਸਨਅਤਾਂ, ਲੌਕਡਾਊਨ ਦੌਰਾਨ ਅਤੇ ਉਸ ਤੋਂ ਬਾਅਦ ਖੁਰਾਕ ਤੇ ਖੇਤੀ ਸਪਲਾਈ ਚੇਨ ਨੂੰ ਰੁੜ੍ਹਦੀ ਰੱਖਣ ਵਿਚ ਭਾਰਤੀ ਖੇਤੀ ਸੈਕਟਰ ਨੂੰ ਤਕਨੀਕੀ ਹੱਲ ਦੀ ਪੇਸ਼ਕਸ਼ ਕਰ ਸਕਦੀਆਂ ਹਨ। ਫਿੱਕੀ ਦਾ ਕਹਿਣਾ ਹੈ ਕਿ ਕਰੋਨਾ ਵਾਇਰਸ ਦੇ ਮੱਦੇਨਜ਼ਰ ਕੀਤੇ ਗਏ ਦੇਸ਼ਵਿਆਪੀ ਲੌਕਡਾਊਨ ਦੌਰਾਨ ਦੇਸ਼ ਭਰ ਵਿਚ ਚੱਲ ਰਹੀ ਕਣਕ ਦੀ ਖਰੀਦ ਅਤੇ ਅਗਲੀ ਗਰਮੀਆਂ ਦੀ ਫਸਲ ਬੀਜਣ 'ਚ ਕਾਫੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਭਾਰਤ ਵਿਚ ਤਕਰੀਬਨ 450 ਸਰਗਰਮ ਖੇਤੀਬਾੜੀ ਆਧਾਰਤ ਸਨਅਤਾਂ ਹਨ। ਇਨ੍ਹਾਂ ਵਿਚੋਂ ਕਈ ਤਾਂ ਪਹਿਲਾਂ ਹੀ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਕੰਮ ਕਰ ਰਹੀਆਂ ਹਨ।

ਸਟੱਡੀ ਅਨੁਸਾਰ ਖੇਤੀ ਆਧਾਰਤ ਤਕਨੀਕੀ ਕੰਪਨੀਆਂ ਨੇ ਸਾਲ-ਦਰ-ਸਾਲ 25 ਫੀਸਦੀ ਦੀ ਦਰ ਨਾਲ ਤਰੱਕੀ ਕੀਤੀ ਹੈ। ਉਨ੍ਹਾਂ ਵਿਚ ਸਾਲ 2014 ਤੋਂ ਲੈ ਕੇ ਹੁਣ ਤੱਕ 54.5 ਕਰੋੜ ਅਮਰੀਕੀ ਡਾਲਰ ਦੀ ਉਦਮ ਪੂੰਜੀ ਦੀ ਫੰਡਿੰਗ ਹੋਈ ਹੈ। ਇਸ ਵਿਚੋਂ 33 ਕਰੋੜ ਅਮਰੀਕੀ ਡਾਲਰ ਸਾਲ 2019 'ਚ ਆਏ ਹਨ। ਖੇਤੀ ਸਬੰਧੀ ਤਕਨੀਕੀ ਹੱਲਾਂ ਬਾਰੇ ਸਟੱਡੀ ਵਿਚ ਕਿਹਾ ਗਿਆ ਹੈ ਕਿ ਖੇਤੀ ਆਧਾਰਤ ਸਨਅਤਾਂ ਖੇਤੀ ਉਤਪਾਦਾਂ ਦੇ ਸੰਗ੍ਰਹਿ ਤੋਂ ਲੈ ਕੇ ਖਪਤ ਤੱਕ ਸਮੂਹ ਤੇ ਵੰਡ ਦੀ ਸਹੂਲਤ ਮੁਹੱਈਆ ਕਰਵਾ ਸਕਦੀਆਂ ਹਨ।

## ਕਰੋਨਾ: ਪੰਜਾਬ ਦੀਆਂ ਅੱਖਾਂ ਇਜ਼ਰਾਈਲੀ ਤਕਨੀਕੀ ਵੱਲ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ-19 ਮਹਾਂਮਾਰੀ ਨਾਲ ਨਜਿੱਠਣ ਲਈ ਇਜ਼ਰਾਈਲ ਤੋਂ ਤਕਨੀਕੀ ਸਹਾਇਤਾ ਅਤੇ ਮੁਹਾਰਤ ਦੀ ਮੰਗ ਕੀਤੀ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਨਵੈਸਟ ਪੰਜਾਬ ਨੇ ਇਸ ਸਬੰਧੀ ਭਾਰਤ ਵਿਚ ਇਜ਼ਰਾਈਲ ਦੇ ਦੂਤਾਵਾਸ ਨਾਲ ਵਿਸ਼ੇਸ਼ ਵੈਬਿਨਾਰ ਰਾਹੀਂ ਤਾਲਮੇਲ ਕੀਤਾ ਜੋ ਇਜ਼ਰਾਈਲ ਵਲੋਂ ਕੋਵਿਡ-19 ਸਬੰਧੀ ਪ੍ਰਬੰਧਨ ਲਈ ਕੀਤੀ ਤਕਨੀਕੀ ਤਰੱਕੀ 'ਤੇ ਆਧਾਰਿਤ ਸੀ।

ਦੂਜੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਖਪਤਕਾਰ ਮਾਮਲਿਆਂ, ਜਨਤਕ ਵੰਡ ਬਾਰੇ ਮੰਤਰੀ ਰਾਮ ਵਿਲਾਸ ਪਾਸਵਾਨ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਕਣਕ ਦੇ ਸੁੰਗੜੇ ਤੇ ਚਮਕ ਗੁਆ ਚੁੱਕੇ ਦਾਣਿਆਂ ਕਾਰਨ ਨਿਯਮਾਂ ਵਿਚ ਢਿੱਲ ਦੇਣ ਬਦਲੇ ਕਿਸਾਨਾਂ 'ਤੇ ਲਾਈ ਗੈਰਵਾਜਬ ਕੀਮਤ ਕਟੌਤੀ ਨੂੰ ਤੁਰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਕੈਪਟਨ ਨੇ ਕੇਂਦਰੀ ਮੰਤਰਾਲੇ ਵਲੋਂ ਪ੍ਰਸ਼ਾਸਨਿਕ ਤੇ ਆੜ੍ਹਤੀਆਂ ਦੇ ਰੋਕੇ ਗਏ ਖਰਚਿਆਂ ਵਿਚੋਂ 90 ਫੀਸਦੀ ਦੀ ਮਨਜ਼ੂਰੀ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਸਾਉਣੀ ਰੁੱਤ ਤੋਂ ਮੱਕੀ ਦੀ ਕਾਸ਼ਤ ਹੇਠ ਰਕਬਾ ਦੁੱਗਣਾ ਕਰਨ ਲਈ ਵੀ ਕਿਹਾ ਹੈ।

## ਪੰਜਾਬ 'ਚ 'ਇਕ ਦੇਸ਼ ਇਕ ਰਾਸ਼ਨ ਕਾਰਡ' ਸਕੀਮ ਲਾਗੂ




**ਨਵੀਂ ਦਿੱਲੀ:** ਖੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਕਿਹਾ ਕਿ ਪੰਜਾਬ ਤੇ ਬਿਹਾਰ ਸਮੇਤ ਪੰਜ ਹੋਰ ਰਾਜ 'ਇਕ ਦੇਸ਼-ਇਕ ਰਾਸ਼ਨ ਕਾਰਡ' ਸਕੀਮ ਦਾ ਹਿੱਸਾ ਬਣ ਗਏ ਹਨ। ਇਸ ਨਵੇਂ ਵਾਧੇ ਨਾਲ ਰਾਸ਼ਨ ਕਾਰਡ ਪੋਰਟੇਬਿਲਟੀ ਵਿਚ ਸ਼ਾਮਲ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਕੁੱਲ ਗਿਣਤੀ 17 ਹੋ ਗਈ ਹੈ।

ਕੇਂਦਰੀ ਮੰਤਰੀ ਨੇ ਕਿਹਾ ਕਿ ਇਸ ਸਕੀਮ ਨਾਲ 60 ਕਰੋੜ ਲਾਭਪਾਤਰੀਆਂ ਨੂੰ ਲਾਹਾ ਮਿਲੇਗਾ। ਸਰਕਾਰ ਦੀ 'ਇਕ ਦੇਸ਼-ਇਕ ਰਾਸ਼ਨ ਕਾਰਡ' ਪਹਿਲਕਦਮੀ ਤਹਿਤ ਯੋਗ ਲਾਭਪਾਤਰੀ ਕੌਮੀ ਖੁਰਾਕ ਸੁਰੱਖਿਆ ਐਕਟ (ਐਨ.ਐਫ.ਐਸ.ਏ.) ਤਹਿਤ ਆਪਣੇ ਰਾਸ਼ਨ ਕਾਰਡ ਉਤੇ ਕਿਸੇ ਵੀ ਸਰਕਾਰੀ ਡਿੱਪੂ/ਰਾਸ਼ਨ ਵਾਲੀ ਦੁਕਾਨਾਂ ਤੋਂ ਖੁਰਾਕੀ ਅਨਾਜ ਲੈਣ ਦੇ ਹੱਕਦਾਰ ਹਨ। ਖੁਰਾਕ ਮੰਤਰਾਲੇ ਨੇ ਪਹਿਲੀ ਜੂਨ ਤੋਂ ਇਸ ਸਕੀਮ ਨੂੰ ਪੂਰੇ ਦੇਸ਼ ਵਿਚ ਲਾਗੂ ਕਰਨ ਦਾ ਟੀਚਾ ਮਿੱਥਿਆ ਹੋਇਆ ਹੈ।

ਪਾਸਵਾਨ ਨੇ ਇਕ ਟਵੀਟ 'ਚ ਕਿਹਾ, 'ਅੱਜ ਪੰਜ ਹੋਰ ਰਾਜ- ਪੰਜਾਬ, ਬਿਹਾਰ, ਯੂਪੀ, ਹਿਮਾਚਲ ਪ੍ਰਦੇਸ਼ ਅਤੇ ਦਮਨ ਤੇ ਦਿਉ 'ਇਕ ਦੇਸ਼-ਇਕ ਰਾਸ਼ਨ ਕਾਰਡ' ਪ੍ਰਣਾਲੀ ਨਾਲ ਜੁੜ ਗਏ ਹਨ।' ਖੁਰਾਕ ਮੰਤਰਾਲੇ ਵਲੋਂ ਜਾਰੀ ਬਿਆਨ ਮੁਤਾਬਕ ਉਪਰੋਕਤ ਪੰਜ ਰਾਜਾਂ ਦੀਆਂ ਤਕਨੀਕੀ ਤਿਆਰੀਆਂ ਉਤੇ ਨਜ਼ਰਸਾਨੀ ਮਗਰੋਂ ਹੀ ਇਨ੍ਹਾਂ ਨੂੰ ਸਕੀਮ ਵਿਚ ਸ਼ਾਮਲ ਕੀਤਾ ਗਿਆ ਹੈ। ਸੂਬਾਈ ਅਧਿਕਾਰੀਆਂ ਨੂੰ ਇਸ ਕੰਮ ਲਈ ਵਿਸ਼ੇਸ਼ ਤਕਨੀਕੀ ਸਹਾਇਤਾ ਤੇ ਸਿਖਲਾਈ ਵੀ ਦਿੱਤੀ ਗਈ ਹੈ। ਇਨ੍ਹਾਂ ਪੰਜ ਰਾਜਾਂ ਨੂੰ ਨਵੇਂ ਪ੍ਰਬੰਧ ਦੀ ਫੌਰੀ ਮੌਨੀਟਰਿੰਗ ਲਈ ਆਖ ਦਿੱਤਾ ਗਿਆ ਹੈ। ਐਨ.ਐਫ.ਐਸ.ਏ. ਤਹਿਤ ਪੰਜੀਕ੍ਰਿਤ ਯੋਗ ਲਾਭਪਾਤਰੀ ਪ੍ਰਤੀ ਵਿਅਕਤੀ 1 ਤੋਂ 3 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਪੰਜ ਕਿਲੋ ਸਬਸਿਡੀ ਵਾਲਾ ਖੁਰਾਕੀ ਅਨਾਜ ਲੈ ਸਕਦੇ ਹਨ।

# ਕੇਂਦਰ ਦੇ ਵਿਤਕਰੇ ਖਿਲਾਫ ਪੰਜਾਬ ਵਲੋਂ ਸੰਘਰਸ਼ ਦਾ ਬਿਗਲ



**ਚੰਡੀਗੜ੍ਹ:** ਕਰੋਨਾ ਮਹਾਮਾਰੀ ਕਾਰਨ ਪੈਦਾ ਹੋਏ ਹਾਲਾਤ ਦੇ ਬਾਵਜੂਦ ਪੰਜਾਬ ਨੂੰ ਕੋਈ ਵਿੱਤੀ ਸਹਾਇਤਾ ਨਾ ਦੇਣ ਦੇ ਰੋਸ ਵਜੋਂ ਪੰਜਾਬ ਸਰਕਾਰ ਦੇ ਮੰਤਰੀਆਂ ਨੇ ਕੇਂਦਰ ਸਰਕਾਰ ਖਿਲਾਫ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਸੂਬੇ ਦੇ ਮੰਤਰੀਆਂ ਤੇ ਕਾਂਗਰਸੀ ਵਿਧਾਇਕਾਂ ਨੇ ਆਪਣੇ ਘਰਾਂ ਦੇ ਬਾਹਰ ਝੰਡੇ ਲਹਿਰਾ ਕੇ ਰੋਸ ਜ਼ਾਹਿਰ ਕੀਤਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਆਪਣੇ ਘਰ ਤੋਂ ਤਿਰੰਗਾ ਲਹਿਰਾ ਕੇ ਕੇਂਦਰ ਸਰਕਾਰ ਵਲੋਂ ਪੰਜਾਬ ਨਾਲ ਕੀਤੀ ਜਾ ਰਹੀ ਵਿਤਕਰੇਬਾਜ਼ੀ ਖਿਲਾਫ ਅਤੇ ਸੂਬੇ ਦੀਆਂ ਹੱਕੀ ਮੰਗਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਸੂਬਾ ਕੋਵਿਡ ਨਾਲ ਜਿੱਤ ਦਾ ਜਜ਼ਬਾ ਮਨ ਵਿਚ ਲੈ ਕੇ ਲੜ ਰਿਹਾ ਹੈ ਅਤੇ ਅੱਜ ਪੰਜਾਬੀਆਂ ਨੇ ਤਿਰੰਗਾ ਲਹਿਰਾ ਕੇ ਪੰਜਾਬ ਸਰਕਾਰ ਦੇ ਉਪਰਾਲਿਆਂ ਨਾਲ ਆਪਣੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ।

ਕਾਂਗਰਸ ਪ੍ਰਧਾਨ ਨੇ ਕਿਹਾ ਕਿ ਦੂਜੇ ਪਾਸੇ ਕੇਂਦਰ ਦੀ ਮੋਦੀ ਸਰਕਾਰ ਦਾ ਪੰਜਾਬ ਪ੍ਰਤੀ ਰਵੱਈਆ ਲਗਾਤਾਰ ਭੇਦਭਾਵ ਵਾਲਾ ਬਣਿਆ ਹੋਇਆ ਹੈ ਅਤੇ ਪੰਜਾਬ ਨੂੰ ਕੋਈ ਆਰਥਿਕ ਮਦਦ ਦੇਣ ਦੀ ਬਜਾਏ ਕੇਂਦਰ ਸਰਕਾਰ ਪੰਜਾਬ ਦੇ ਬਣਦੇ ਹੱਕ ਵੀ ਸਮੇਂ ਸਿਰ ਨਹੀਂ ਦੇ ਰਹੀ। ਸ੍ਰੀ ਜਾਖੜ ਨੇ ਕਿਹਾ ਕਿ ਦੇਸ਼ ਨੂੰ ਆਰਥਿਕ ਮੰਦੀ ਵਿਚੋਂ ਕੱਢਣ ਵਿਚ ਪੰਜਾਬ ਮੋਹਰੀ ਰੋਲ ਅਦਾ ਕਰ ਸਕਦਾ ਹੈ। ਇਸ ਲਈ ਕੇਂਦਰ ਸਰਕਾਰ ਤੁਰਤ ਪੰਜਾਬ ਨੂੰ ਆਰਥਿਕ ਪੈਕੇਜ ਦੇਵੇ? ਉਨ੍ਹਾਂ ਕਿਹਾ ਕਿ ਜਦ ਤੱਕ ਪੰਜਾਬ ਦੀ ਇਹ ਮੰਗ ਪੂਰੀ ਨਹੀਂ ਹੁੰਦੀ ਕਾਂਗਰਸ ਪਾਰਟੀ ਆਪਣਾ ਸੰਘਰਸ਼ ਜਾਰੀ ਰੱਖੇਗੀ। ਉਨ੍ਹਾਂ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਰਾਜ ਭਰ ਵਿਚ ਪੰਜਾਬ ਦੀਆਂ ਹੱਕੀ ਮੰਗਾਂ ਲਈ ਤਿਰੰਗਾ ਲਹਿਰਾਉਣ ਲਈ ਧੰਨਵਾਦ ਕੀਤਾ।

## ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰ ਨੂੰ ਰਗੜੇ ਲਾਏ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਕੇਂਦਰ ਤੋਂ ਕੋਵਿਡ ਨਾਲ ਲੜਨ ਲਈ ਪੰਜਾਬ ਸਰਕਾਰ ਨੂੰ ਸਿਰਫ 71 ਕਰੋੜ ਤੋਂ ਉੱਪਰ ਧੇਲਾ ਨਹੀਂ ਮਿਲਿਆ। ਉਨ੍ਹਾਂ ਕੇਂਦਰ ਨੂੰ ਯਾਦ ਕਰਵਾਇਆ ਕਿ ਉਹ ਆਪਣੇ ਸੰਵਿਧਾਨਕ ਫਰਜ਼ਾਂ ਨੂੰ ਨਾ ਵਿਸਾਰੇ। ਪੰਜਾਬ ਨੂੰ ਕੇਂਦਰ ਤੋਂ ਜੋ ਹੋਰ ਰਕਮਾਂ ਪ੍ਰਾਪਤ ਹੋਈਆਂ ਹਨ, ਉਹ ਪੰਜਾਬ ਰਾਜ ਦਾ ਆਪਣਾ ਹੱਕ ਸੀ ਤੇ ਕੇਂਦਰ ਵਲ ਬਕਾਇਆ ਸੀ। ਸੰਘੀ ਢਾਂਚੇ ਵਿਚ ਕੇਂਦਰ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਕਿਸੇ ਵੀ ਅੰਦਰੂਨੀ ਜਾਂ ਬਾਹਰੀ ਆਫਤ ਸਮੇਂ ਰਾਜਾਂ ਦੀ ਮਦਦ ਕਰੇ। ਉਨ੍ਹਾਂ ਕਿਹਾ ਕਿ ਕੋਵਿਡ ਦੇ ਮੱਦੇਨਜ਼ਰ ਕੇਂਦਰ ਦਾ ਪੰਜਾਬ ਨਾਲ ਬੇਰੁਖੀ ਵਾਲਾ ਰਵੱਈਆ ਰਿਹਾ ਹੈ।

## ਮਜੀਠੀਆ ਆਪਣੀ ਭੈਣ ਦਾ ਅਸਤੀਫਾ ਮੰਗੇ: ਰੰਧਾਵਾ

**ਚੰਡੀਗੜ੍ਹ:** ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ। ਉਨ੍ਹਾਂ ਆਖਿਆ ਕਿ ਬਿਕਰਮ ਸਿੰਘ ਮਜੀਠੀਆ ਸੂਬੇ ਦੇ ਸਿਹਤ ਮੰਤਰੀ ਤੋਂ ਅਸਤੀਫਾ ਮੰਗਣ ਦੀ ਜਗ੍ਹਾ ਆਪਣੀ ਭੈਣ ਤੇ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਬਾਦਲ ਤੇ ਕੇਂਦਰ ਸਿਹਤ ਮੰਤਰੀ ਡਾ. ਹਰਸ਼ ਵਰਧਨ ਦਾ ਅਸਤੀਫਾ ਮੰਗਣ। ਉਨ੍ਹਾਂ ਕੇਂਦਰ ਸਰਕਾਰ 'ਤੇ ਪੰਜਾਬ ਨਾਲ ਵਿਤਕਰਾ ਕਰਨ ਦੇ ਹਵਾਲੇ ਦਿੰਦਿਆਂ ਕਿਹਾ ਪੰਜਾਬ ਦਾ ਜੀ.ਐਸ.ਟੀ. ਜੋ 4300 ਕਰੋੜ ਰੁਪਏ ਬਣਦਾ ਹੈ, ਉਹ ਦਿੱਤਾ ਨਹੀਂ।

# ਡਾ. ਮਨਮੋਹਨ ਸਿੰਘ ਦਾ ਆਰਥਕ ਸੁਧਾਰ ਮਾਡਲ



**ਪ੍ਰਭਜੀਤ ਸਿੰਘ ਰਸੂਲਪੁਰ**
**ਫੋਨ: 91-98780-23768**

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਸਲਾਹਕਾਰ ਗਰੁੱਪ ਆਰਥਕ ਮੁਹਾਜ 'ਤੇ ਪੰਜਾਬ ਸਰਕਾਰ ਦੀ ਅਗਵਾਈ ਕਰੇਗਾ। ਇਸ ਖਬਰ ਨੂੰ ਪੰਜਾਬ ਦੇ ਲੋਕਾਂ ਖਾਸ ਕਰ ਪੜ੍ਹੇ-ਲਿਖੇ ਲੋਕਾਂ ਵਲੋਂ ਬੜੇ ਚਾਅ ਨਾਲ ਪੜ੍ਹਿਆ ਜਾ ਰਿਹਾ ਹੈ। ਲੋਕਾਂ ਨੇ ਡਾ. ਮਨਮੋਹਨ ਸਿੰਘ ਮਾਡਲ ਨੂੰ ਚੰਗੀ ਤਰਾਂ ਘੋਖਿਆ ਨਹੀਂ ਹੈ। ਪਹਿਲਾਂ ਡਾ. ਮਨਮੋਹਨ ਸਿੰਘ ਦੇ ਪਿਛਲੇ ਕੰਮ ਦਾ ਜ਼ਿਕਰ ਜ਼ਰੂਰੀ ਹੈ, ਜਿਸ ਬਾਰੇ ਪੰਜਾਬ ਦੇ ਇਕ ਵਿਦਵਾਨ ਡਾ. ਸੁਖਦੇਵ ਸਿੰਘ ਨੇ ਬੜੇ ਖੋਜ ਭਰਪੂਰ ਲੇਖ ਵਿਚ ਕਈ ਹਵਾਲਿਆਂ ਨਾਲ ਚੰਗੇ-ਮਾੜੇ ਪੱਖਾਂ ਸਮੇਤ ਪੇਸ਼ ਕੀਤਾ। ਉਹ ਲਿਖਦੇ ਹਨ, ਪੀ. ਵੀ. ਨਰਸਿਮ੍ਹਾ ਰਾਓ ਨੇ ਪ੍ਰਧਾਨ ਮੰਤਰੀ ਬਣਨ 'ਤੇ ਜਾਣੇ-ਪਛਾਣੇ ਅਰਥ ਸ਼ਾਸਤਰੀ ਤੇ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਡਾ. ਮਨਮੋਹਨ ਸਿੰਘ ਨੂੰ ਵਿੱਤ ਮੰਤਰੀ ਥਾਪਿਆ ਤਾਂ ਜੋ ਦੇਸ਼ ਨੂੰ ਵਿੱਤੀ ਸੰਕਟ ਵਿਚੋਂ ਬਾਹਰ ਕੱਢਿਆ ਜਾ ਸਕੇ। 24 ਜੁਲਾਈ 1991 ਨੂੰ ਡਾ. ਮਨਮੋਹਨ ਸਿੰਘ ਨੇ ਕੇਂਦਰੀ ਬਜਟ ਪੇਸ਼ ਕਰਦਿਆਂ ਨਵੀਆਂ ਆਰਥਕ ਨੀਤੀਆਂ ਪੇਸ਼ ਕੀਤੀਆਂ। ਆਪਣੇ ਵਿੱਤੀ ਭੁਗਤਾਨ ਦੇ ਸੰਕਟ ਨਾਲ ਨਿਪਟਣ ਅਤੇ ਇਸ ਦੇ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਆਰਥਕ ਸੁਧਾਰਾਂ ਦੀ ਲੜੀ ਨੂੰ ਸ਼ੁਰੂ ਕੀਤਾ ਗਿਆ ਅਤੇ ਲੰਬੇ ਸਮੇਂ ਤੋਂ ਸੋਚੇ ਜਾ ਰਹੇ ਆਦਰਸ਼ ਜਿਵੇਂ ਕਿ ਵਿਕਾਸ ਅਤੇ ਨਿਆਂ, ਸਮਾਜਕ ਜ਼ਿੰਮੇਵਾਰੀ, ਜਵਾਬਦੇਹੀ, ਬਰਾਬਰੀ ਅਤੇ ਸਵੈ-ਨਿਰਭਰਤਾ ਆਦਿ ਨੂੰ ਸੁਤੰਤਰੀਕਰਨ, ਨਿਜੀਕਰਨ, ਸੰਸਾਰੀਕਰਨ, ਸੁਯੋਗਤਾ ਅਤੇ ਮੁਕਾਬਲੇ ਦੀ ਭਾਵਨਾ ਆਦਿ ਵਿਚਾਰਾਂ ਅਧੀਨ ਰੱਖ ਕੇ ਵਾਚਿਆ ਜਾਣ ਲੱਗਾ। ਨਵੀਆਂ ਆਰਥਕ ਨੀਤੀਆਂ ਕੌਮਾਂਤਰੀ ਮੁਦਰਾ ਕੋਸ਼ (ਆਈ. ਐਮ. ਐਫ.) ਅਤੇ ਸੰਸਾਰ ਬੈਂਕ ਦੇ ਅਨੁਕੂਲਤਾ ਪ੍ਰੋਗਰਾਮ (ਸਟਰਕਚਰਲ ਅਡਜਸਟਮੈਂਟ) ਉਤੇ ਆਧਾਰਿਤ ਸਨ।

1990 ਤੋਂ ਬਾਅਦ ਇਨ੍ਹਾਂ ਅਦਾਰਿਆਂ ਨੇ ਵੱਖ ਵੱਖ ਦੇਸ਼ਾਂ ਨੂੰ ਕਰਜ਼ੇ ਦੇਣ ਲਈ ਸਖਤ ਸ਼ਰਤਾਂ ਨਿਰਧਾਰਿਤ ਕੀਤੀਆਂ ਅਤੇ ਸੰਸਾਰ ਦੇ 76 ਦੇਸ਼ਾਂ ਨੂੰ ਇਨ੍ਹਾਂ ਸ਼ਰਤਾਂ ਦੀ ਮਨੌਤ ਉਪਰੰਤ ਕਰਜ਼ੇ ਦਿੱਤੇ ਗਏ। ਭਿੰਨ ਭਿੰਨ ਦੇਸ਼ਾਂ ਦੇ ਆਰਥਕ, ਸਮਾਜਕ, ਸੱਭਿਆਚਾਰਕ ਅਤੇ ਤਕਨੀਕੀ ਭਿੰਨਤਾਵਾਂ ਦੇ ਬਾਵਜੂਦ ਵਿੱਤੀ ਸੁਧਾਰਾਂ ਨੂੰ ਇੱਕੋ ਜਿਹੇ ਢਾਂਚੇ ਤਹਿਤ ਲਾਗੂ ਕੀਤਾ ਗਿਆ। ਇਨ੍ਹਾਂ ਸ਼ਰਤਾਂ ਦੀ ਲਿਸਟ ਵਿਚ ਪ੍ਰਮੁੱਖ ਸਨ-ਵੱਖ ਵੱਖ ਖੇਤਰਾਂ ਵਿਚ ਉਤਪਾਦਨ ਅਤੇ ਵੰਡ ਪੱਖੋਂ ਵਪਾਰਕ ਖੁੱਲ੍ਹਾਂ ਪ੍ਰਦਾਨ ਕਰਨਾ, ਗੁੰਝਲਦਾਰ ਲਾਇਸੈਂਸ ਤੇ ਪਰਮਿਟ ਰਾਜ ਨੂੰ ਖਤਮ ਕਰਨਾ, ਆਯਾਤ ਤੇ ਨਿਰਯਾਤ ਪੱਖੋਂ ਟੈਕਸ ਬੰਦਿਸ਼ਾਂ ਨੂੰ ਹਟਾਉਣਾ, ਖੇਤੀ ਸਮੇਤ ਵੱਖ ਵੱਖ ਸੈਕਟਰਾਂ ਵਿਚ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਨੂੰ ਘਟਾਉਣਾ, ਜਨਤਕ ਉਦਯੋਗ ਅਤੇ ਪੂੰਜੀ ਸੈਕਟਰ ਦਾ ਨਿਜੀਕਰਨ ਤੇ ਅਣਉਤਪਾਦਕ ਖਰਚਿਆਂ ਨੂੰ ਖਤਮ ਕਰਨਾ, ਟੈਕਸ ਪ੍ਰਣਾਲੀ ਨੂੰ ਦਰੁਸਤ ਕਰਕੇ ਬਜਟ ਘਾਟੇ ਨੂੰ ਘੱਟ ਕਰਨਾ, ਕਰੰਸੀ ਦਾ ਮੁੱਲ ਘਟਾਉਣਾ, ਸਮਾਜਕ ਖਰਚਿਆਂ ਨੂੰ ਕਠੋਰ ਫੈਸਲਿਆਂ ਰਾਹੀਂ ਘੱਟ ਕਰਨਾ ਆਦਿ ਸਨ।

ਪਿਛਲੇ 25 ਸਾਲਾਂ ਦੇ ਆਰਥਕ ਸੁਧਾਰਾਂ ਨੇ ਭਾਰਤੀ ਸਮਾਜ ਵਿਚ ਅਨੇਕ ਤਰ੍ਹਾਂ ਦੇ ਪਰਿਵਰਤਨ ਲਿਆਂਦੇ ਹਨ, ਜਿਨ੍ਹਾਂ ਵਿਚ ਕੁਝ ਕੁ ਹਾਂ-ਪੱਖੀ ਅਤੇ ਬਹੁਤ ਸਾਰੇ ਨਾਂਹ-ਮੁਖੀ ਹਨ। ਆਰਥਕ ਸੁਧਾਰਾਂ ਦਾ ਮੁੱਖ ਲਾਭ ਜਮ੍ਹਾਂ ਵਿਦੇਸ਼ੀ ਮੁਦਰਾ ਦੀ ਉਪਲਬਧੀ ਹੈ। 1991 ਵਿਚ 1.4 ਅਰਬ ਡਾਲਰ ਦੀ ਜਮ੍ਹਾਂ ਵਿਦੇਸ਼ੀ ਮੁਦਰਾ 2020 ਤੱਕ ਕਈ ਗੁਣਾਂ ਵਧ ਗਈ ਹੈ। ਸੁਤੰਤਰੀਕਰਨ ਕਾਰਨ ਭਾਰਤੀ ਉਦਯੋਗਾਂ ਨੂੰ ਹਾਂ-ਪੱਖੀ ਹੁਲਾਰਾ ਮਿਲਿਆ ਹੈ। ਬਹੁਤ ਸਾਰੇ ਭਾਰਤੀ ਉਦਯੋਗਿਕ ਘਰਾਣਿਆਂ ਨੇ ਦੇਸ਼ ਵਿਚ ਨਿਵੇਸ਼ ਕਰਨ ਦੇ ਨਾਲ ਵਿਦੇਸ਼ਾਂ ਵਿਚ ਵੀ ਉਦਯੋਗ ਸਥਾਪਿਤ ਕਰ ਲਏ ਹਨ ਜਾਂ ਉਨ੍ਹਾਂ ਵਿਚ ਹਿੱਸੇਦਾਰੀ ਪਾ ਲਈ ਹੈ। ਭਾਰਤੀ ਤਿਆਰ ਮਾਲ ਵਿਦੇਸ਼ਾਂ ਵਿਚ ਆਪਣੀ ਹੋਂਦ ਦਿਖਾਉਣ ਲੱਗ ਪਿਆ ਹੈ। ਉਘੀ ਅਰਥ ਵਿਗਿਆਨੀ ਜਯਸ਼੍ਰੀ ਸੇਨਗੁਪਤਾ ਮੁਤਾਬਿਕ ਨਿਜੀਕਰਨ ਤੇ ਸੰਸਾਰੀਕਰਨ ਕਰਕੇ ਭਾਰਤੀ ਵਸਤਾਂ ਖਾਸ ਕਰ ਕੱਪੜਾ, ਗਹਿਣੇ ਅਤੇ ਹੱਥ-ਸ਼ਿਲਪ ਵਸਤਾਂ ਸਾਰੇ ਸੰਸਾਰ ਵਿਚ ਮਿਲਣ ਲੱਗ ਪਏ ਹਨ। ਭਾਰਤ ਵਿਚ ਤਿਆਰ ਦਵਾਈਆਂ ਤੇ ਕੰਪਿਊਟਰ ਸਾਫਟਵੇਅਰ ਸੰਸਾਰ ਦੇ ਬਹੁਤੇ ਮੁਲਕਾਂ ਵਿਚ ਉਪਲਬਧ ਹਨ। ਘਰੇਲੂ ਮਾਰਕੀਟ ਵਿਚ 'ਫੌਰੀ ਖਪਤਵਾਦੀ' ਵਸਤਾਂ ਦੀ ਭਰਮਾਰ ਹੋ ਗਈ ਹੈ। ਵਿਦੇਸ਼ੀ ਫਲ, ਵੱਖ ਵੱਖ ਤਰ੍ਹਾਂ ਦੇ ਸਕੂਟਰ, ਕਾਰਾਂ, ਟੀ. ਵੀ., ਮੋਬਾਈਲ ਤੇ ਹੋਰ ਕਈ ਤਰ੍ਹਾਂ ਦੇ ਘਰੇਲੂ ਸਾਜ਼ੋ-ਸਾਮਾਨ ਅਤੇ ਹਾਰ-ਸ਼ਿੰਗਾਰ ਦੀਆਂ ਵਸਤਾਂ ਦੀ ਭਰਮਾਰ ਹੋ ਗਈ ਹੈ। ਮਾਲ ਸੱਭਿਆਚਾਰ ਨੇ ਭਾਰਤੀ ਖਪਤਕਾਰਾਂ ਨੂੰ ਵੰਨ-ਸੁਵੰਨਤਾ ਦਿੱਤੀ ਹੈ। ਹੁਣ ਫੋਨ ਕੁਨੈਕਸ਼ਨ ਲੈਣ ਲਈ ਰਿਸ਼ਵਤ ਨਹੀਂ ਦੇਣੀ ਪੈਂਦੀ। ਸਕੂਟਰ ਨੂੰ ਵਿਦੇਸ਼ੀ ਕਰੰਸੀ ਤਹਿਤ ਬੁੱਕ ਨਹੀਂ ਕਰਵਾਉਣਾ ਪੈਂਦਾ ਅਤੇ ਗੈਸ ਕੁਨੈਕਸ਼ਨ ਲੈਣ ਲਈ ਸਾਲਾਂ-ਬੱਧੀ ਇੰਤਜ਼ਾਰ ਨਹੀਂ ਕਰਨੀ ਪੈਂਦੀ। ਟਿਕਟਾਂ ਦੀ ਬੁਕਿੰਗ ਸਮੇਤ ਕਈ ਸੇਵਾਵਾਂ ਘਰ-ਦਰ 'ਤੇ ਉਪਲਬਧ ਹੋ ਗਈਆਂ ਹਨ। ਗਰੀਬੀ ਦੀ ਪ੍ਰਤੀਸ਼ਤਤਾ ਵਿਚ ਘਾਟਾ ਹੋਇਆ ਹੈ। 1991 ਵਿਚ 40% ਦੇ ਕਰੀਬ ਲੋਕ ਗਰੀਬੀ ਰੇਖਾ ਤੋਂ ਹੇਠਾਂ ਸਨ, ਦੋ ਦਹਾਕਿਆਂ ਪਿਛੋਂ 23% ਤੱਕ ਆ ਗਏ ਸਨ।

ਆਰਥਕ ਸੁਧਾਰਾਂ ਦੇ ਹਾਂ-ਪੱਖੀ ਅਸਰਾਂ ਦੇ ਨਾਲ ਨਾਲ ਸਾਡੇ ਦੇਸ਼ ਵਿਚ ਮਾਰੂ ਅਸਰਾਂ ਨੂੰ ਵੀ ਬੜੀ ਸ਼ਿੱਦਤ ਨਾਲ ਬਿਆਨਿਆ ਜਾ ਰਿਹਾ ਹੈ। ਭਾਰਤ ਦੇ ਵਿਕਾਸ ਦੀ ਗੱਲ ਪੇਂਡੂ ਖੇਤਰਾਂ ਅਤੇ ਪੇਂਡ ਲੋਕਾਂ ਤੋਂ ਬਿਨਾ ਅਧੂਰੀ ਹੈ। ਅੱਜ ਵੀ 68% ਭਾਰਤੀ ਜਨਤਾ ਦਿਹਾਤ ਵਿਚ ਵਸਦੀ ਹੈ ਅਤੇ ਖੇਤੀ ਆਧਾਰਿਤ ਹੈ। ਆਰਥਕ ਸੁਧਾਰਾਂ ਤਹਿਤ ਖੇਤੀ ਸਾਧਨਾਂ, ਖਾਦਾਂ, ਕੀਟਨਾਸ਼ਕਾਂ ਤੇ ਬੀਜਾਂ ਨੂੰ ਕੰਟਰੋਲ ਮੁਕਤ ਕਰਨ ਅਤੇ ਸਬਸਿਡੀਆਂ ਘਟਾਉਣ ਕਾਰਨ ਖੇਤੀ ਲਾਗਤਾਂ ਵਿਚ ਬਹੁਤ ਵਾਧਾ ਹੋ ਗਿਆ ਹੈ ਤੇ ਨਤੀਜੇ ਵਜੋਂ ਕਿਸਾਨਾਂ ਦੀ ਵਿੱਤੀ ਹਾਲਤ ਅਤਿ ਗੰਭੀਰ ਹੋ ਗਈ ਹੈ। ਆਰਥਕ ਤੰਗੀ, ਫਸਲਾਂ ਦੀ ਖਰਾਬੀ ਤੇ ਹੋਰ ਸਮਾਜਕ ਕਾਰਨਾਂ ਕਰਕੇ ਦੇਸ਼ ਵਿਚ ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀ ਦਾ ਰਾਹ ਅਪਨਾ ਰਹੇ ਹਨ। 1994-95 ਤੋਂ ਲੈ ਕੇ ਹੁਣ ਤਕ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ ਲੱਖਾਂ ਵਿਚ ਪਹੁੰਚ ਗਈ ਹੈ। ਖੇਤੀ ਦਾ ਕੁੱਲ ਘਰੇਲੂ ਆਮਦਨ ਵਿਚ ਹਿੱਸਾ, ਜੋ ਕੁਝ ਸਾਲ ਪਹਿਲਾਂ ਤਕ 30% ਸੀ, 2015 ਵਿਚ ਘਟ ਕੇ ਕਰੀਬ 14% ਰਹਿ ਗਿਆ ਹੈ, ਜਦੋਂ ਕਿ ਕੁੱਲ ਲੇਬਰ ਸ਼ਕਤੀ ਦਾ 55% ਹਿੱਸਾ ਹਾਲੇ ਵੀ ਖੇਤੀ ਸੈਕਟਰ ਵਿਚ ਹੈ।

ਆਰਥਕ ਸੁਧਾਰਾਂ ਕਰਕੇ ਦੇਸ਼ ਦੇ ਲੋਕਾਂ ਵਿਚ ਆਰਥਕ ਪਾੜਿਆਂ ਵਿਚ ਵੱਡਾ ਵਾਧਾ ਹੋਇਆ ਹੈ। ਦੇਸ਼ ਦੇ 90% ਆਮਦਨ ਵਸੀਲੇ 10% ਲੋਕਾਂ ਕੋਲ ਆ ਗਏ ਹਨ। ਭਾਰਤ ਵਿਚ ਅਰਬਪਤੀਆਂ ਦੀ ਗਿਣਤੀ, ਜੋ 1990-91 ਵੇਲੇ ਕੁਝ ਸੈਂਕੜਿਆਂ ਵਿਚ ਸੀ, 2016 ਵਿਚ ਇਹ 2 ਲੱਖ ਤੋਂ ਵੱਧ ਮੰਨੀ ਗਈ ਹੈ। ਆਬਾਦੀ ਦਾ ਇੱਕ ਵੱਡਾ ਹਿੱਸਾ ਆਰਥਕ ਤੰਗੀਆਂ-ਤੁਰਸ਼ੀਆਂ ਨਾਲ ਜੂਝ ਰਿਹਾ ਹੈ। ਯੂ. ਪੀ. ਏ. ਸਰਕਾਰ ਵੇਲੇ ਦੇ ਕੇਂਦਰੀ ਮੰਤਰੀ ਜੈਰਾਮ ਰਮੇਸ਼, ਜਿਨ੍ਹਾਂ ਨੇ 1991 ਦੇ ਹਾਲਤਾਂ ਬਾਰੇ 'ਟੂ ਦੀ ਬਰਿੰਕ ਐਂਡ ਬੈਕ' ਨਾਮੀ ਕਿਤਾਬ ਲਿਖੀ ਹੈ, ਨੇ ਇੱਕ ਵਿਚਾਰ ਗੋਸ਼ਟੀ ਵਿਚ ਮੰਨਿਆ ਹੈ ਕਿ ਆਰਥਕ ਸੁਧਾਰਾਂ ਕਰਕੇ ਆਰਥਕ ਅਸਮਾਨਤਾਵਾਂ ਵਿਚ ਅਤਿ ਦਰਜੇ ਦਾ ਵਾਧਾ ਹੋਇਆ ਹੈ। ਉਦਯੋਗਿਕ ਵਿਕਾਸ ਵੀ ਅਸਾਵਾਂ ਤੇ ਰੁਜ਼ਗਾਰ ਰਹਿਤ ਹੈ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਾਇੰਸ ਤੇ ਤਕਨਾਲੋਜੀ ਸਲਾਹਕਾਰ ਰਹੇ ਅਸ਼ੋਕ ਪਾਰਥਾਸਾਰਥੀ ਨੇ ਹੁਣੇ ਜਿਹੇ ਇੱਕ ਅੰਗਰੇਜ਼ੀ ਅਖਬਾਰ ਵਿਚ ਛਪੇ ਲੇਖ ਵਿਚ 1991-92 ਤੋਂ ਲੈ ਕੇ ਹੁਣ ਤਕ ਆਰਥਕ ਨੀਤੀਆਂ ਕਾਰਨ ਦੇਸ਼ ਵਿਚਲੇ ਉਦਯੋਗੀਕਰਨ ਦੇ ਘਟਣ ਬਾਰੇ ਮਿਸਾਲਾਂ ਸਹਿਤ ਵਿਸ਼ਲੇਸਣ ਕੀਤਾ ਹੈ। ਉਨ੍ਹਾਂ ਮੁਤਾਬਿਕ ਬਾਹਰੋਂ ਮੰਗਾਏ ਮਾਲ (ਚੀਨ, ਜਾਪਾਨ, ਤਾਇਵਾਨ ਆਦਿ) ਦੀ ਅਸੈਂਬਲ ਪ੍ਰਕ੍ਰਿਆ ਰਾਹੀਂ ਭਾਰਤ ਦੀਆਂ ਘਰੇਲੂ ਸਨਅਤਾਂ ਨੂੰ ਵੱਡਾ ਖੋਰਾ ਲੱਗਾ ਹੈ। ਸੁਧਾਰਵਾਦੀ ਪ੍ਰਕ੍ਰਿਆ ਤਹਿਤ 1990 ਤੋਂ ਹੁਣ ਤਕ ਬੇਸ਼ੁਮਾਰ ਘਰੇਲੂ ਉਦਯੋਗਿਕ ਇਕਾਈਆਂ ਬੰਦ ਹੋ ਗਈਆਂ ਹਨ। ਮੌਜੂਦਾ ਸਮੇਂ 80% ਟੈਲੀਵਿਜ਼ਨ ਸੈਟ ਵਿਦੇਸ਼ੀ ਕੰਪਨੀਆਂ ਸਪਲਾਈ ਕਰ ਰਹੀਆਂ ਹਨ, ਜਦੋਂਕਿ 1989-90 ਤੋਂ ਪਹਿਲਾਂ ਸਾਰੇ ਹੀ ਟੀ. ਵੀ. ਸੈਟ ਘਰੇਲੂ ਇਕਾਈਆਂ ਵੱਲੋਂ ਸਪਲਾਈ ਕੀਤੇ ਜਾਂਦੇ ਸਨ। ਟੈਲੀਵਿਜ਼ਨ ਸੈਟ ਤਿਆਰ ਕਰਨ ਵਾਲੀਆਂ ਕੁੱਲ 10 ਉਦਯੋਗਿਕ ਇਕਾਈਆਂ ਵਿਚੋਂ ਛੇ ਤਾਂ ਬੰਦ ਹੋ ਗਈਆਂ ਹਨ। ਇਸੇ ਤਰ੍ਹਾਂ ਵੱਖ ਵੱਖ ਸੈਕਟਰਾਂ ਵਿਚ ਘਟਾਓਵਾਦੀ ਪ੍ਰਕ੍ਰਿਆ ਚਾਲੂ ਹੈ ਅਤੇ ਸਨਅਤੀ ਇਕਾਈਆਂ ਵਿਚ ਕੰਮ ਕਰ ਰਹੀ ਲੇਬਰ ਨੂੰ ਕੱਢਿਆ ਜਾ ਰਿਹਾ ਹੈ, ਕਿਉਂਕਿ ਆਰਥਕ ਸੁਧਾਰਾਂ ਤਹਿਤ ਲੇਬਰ ਨਿਯਮਾਂ ਨੂੰ ਕਾਫੀ ਤਬਦੀਲ ਕਰ ਦਿੱਤਾ ਗਿਆ ਹੈ। ਪੂੰਜੀਵਾਦ ਦੀ ਮਾਰ, ਵਧ ਰਹੀ ਆਬਾਦੀ ਤੇ ਰੁਜ਼ਗਾਰ-ਰਹਿਤ ਵਿਕਾਸ ਕਾਰਨ ਬੇਰੁਜ਼ਗਾਰੀ ਸਿਖਰ 'ਤੇ ਹੈ, ਜੋ ਅੱਗੇ ਹੋਰ ਸਮਾਜਕ ਵਿਗਾੜ ਪੈਦਾ ਕਰ ਸਕਦੀ ਹੈ। ਪ੍ਰਾਈਵੇਟ ਸੈਕਟਰ ਵਿਚ ਉਪਜ ਰਹੇ ਰੁਜ਼ਗਾਰ ਦਾ ਤਨਖਾਹ ਢਾਂਚਾ ਕਾਮਿਆਂ ਨੂੰ ਨਪੀੜਨ ਵਾਲਾ ਹੈ।

ਆਰਥਕ ਸੁਧਾਰਾਂ ਨੇ ਵਿੱਦਿਆ ਤੇ ਸਿਹਤ ਸੈਕਟਰਾਂ ਦੀ ਆਬਾਦੀ ਦੇ ਵੱਡੇ ਹਿੱਸੇ ਵਾਸਤੇ ਅਪਹੁੰਚ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ। ਪ੍ਰਾਈਵੇਟ ਸੈਕਟਰ ਦੀ ਸਿੱਖਿਆ ਤੇ ਬੇਯਕੀਨੀ ਮਿਆਰ ਕਰਕੇ ਲੋਕਾਂ ਦੀ ਆਰਥਕ ਲੁੱਟ-ਖਸੁੱਟ ਜਾਰੀ ਹੈ। ਵਿੱਦਿਆ ਤਜਾਰਤ ਬਣ ਕੇ ਰਹਿ ਗਈ ਹੈ ਤੇ ਕਾਰਪੋਰੇਟ ਹੱਥਾਂ ਵਿਚ ਚਲੀ ਗਈ ਹੈ। ਸਰਵੇਖਣ ਮੁਤਾਬਕ ਇੱਕ ਆਮ ਪੇਂਡੂ ਪਰਿਵਾਰ ਦੀ ਸਾਲਾਨਾ ਆਮਦਨ ਦਾ ਇੱਕ ਤਿਹਾਈ ਹਿੱਸਾ ਸਕੂਲ ਵਿਚ ਪੜ੍ਹਦੇ ਦੋ ਬੱਚਿਆਂ ਦੀਆਂ ਫੀਸਾਂ 'ਤੇ ਖਰਚ ਹੋ ਜਾਂਦਾ ਹੈ। ਮਾਰਕਿਟ ਦੀ ਖੁੱਲ੍ਹੀ ਮਾਰ ਕਾਰਨ ਸਰਕਾਰੀ ਸਿਹਤ ਤੰਤਰ ਦਾ ਵਿਘਟਨ ਕਰਕੇ ਲੋਕਾਂ, ਖਾਸ ਕਰਕੇ ਘੱਟ ਆਮਦਨ ਵਾਲੇ ਲੋਕਾਂ ਲਈ ਸਿਹਤ ਸਹੂਲਤਾਂ ਨਾਦਾਰਦ ਹੋ ਗਈਆਂ ਹਨ। ਹੋਟਲਨੁਮਾ ਪ੍ਰਾਈਵੇਟ ਹਸਪਤਾਲ ਆਪਣੇ ਮੁਨਾਫੇ ਦਾ ਧਿਆਨ ਵੱਧ ਅਤੇ ਲੋਕਾਂ ਦੀ ਸਿਹਤ ਦਾ ਖਿਆਲ ਘੱਟ ਕਰਦੇ ਹਨ।

**ਯੂ. ਪੀ. ਏ. ਸਰਕਾਰ ਵੇਲੇ ਦੇ ਕੇਂਦਰੀ ਮੰਤਰੀ ਜੈਰਾਮ ਰਮੇਸ਼, ਜਿਨ੍ਹਾਂ ਨੇ 1991 ਦੇ ਹਾਲਤਾਂ ਬਾਰੇ 'ਟੂ ਦੀ ਬਰਿੰਕ ਐਂਡ ਬੈਕ' ਨਾਮੀ ਕਿਤਾਬ ਲਿਖੀ ਹੈ, ਨੇ ਇੱਕ ਵਿਚਾਰ ਗੋਸ਼ਟੀ ਵਿਚ ਮੰਨਿਆ ਹੈ ਕਿ ਆਰਥਕ ਸੁਧਾਰਾਂ ਕਰਕੇ ਆਰਥਕ ਅਸਮਾਨਤਾਵਾਂ ਵਿਚ ਅਤਿ ਦਰਜੇ ਦਾ ਵਾਧਾ ਹੋਇਆ ਹੈ। ਉਦਯੋਗਿਕ ਵਿਕਾਸ ਵੀ ਅਸਾਵਾਂ ਤੇ ਰੁਜ਼ਗਾਰ ਰਹਿਤ ਹੈ।**

ਜੇ ਸਮਾਜਕ, ਮਨੋਵਿਗਿਆਨਕ ਤੇ ਵਾਤਾਵਰਣ ਪੱਖੋਂ ਪ੍ਰਭਾਵਾਂ ਦੀ ਗੱਲ ਕਰੀਏ ਤਾਂ ਪਤਾ ਚੱਲਦਾ ਹੈ ਕਿ ਅੱਜ ਅਸੰਵੇਦਨਸ਼ੀਲਤਾ ਵਿਚ ਅਥਾਹ ਵਾਧਾ ਹੋਇਆ ਹੈ। ਭਾਈਚਾਰਕ ਸਾਂਝਾਂ ਤੇ ਮਾਨਵੀ ਕਦਰਾਂ-ਕੀਮਤਾਂ ਵਿਚ ਬਹੁਤ ਗਿਰਾਵਟ ਆ ਗਈ ਹੈ। ਨਿਜੀਕਰਨ ਨੇ ਨਿਜਵਾਦ ਨੂੰ ਉਤਸ਼ਾਹਿਤ ਕਰ ਮਨੁੱਖ ਨੂੰ ਸਮਾਜਕ ਸਰੋਕਾਰਾਂ ਤੋਂ ਕੋਹਾਂ ਦੂਰ ਕਰ ਦਿੱਤਾ ਹੈ। ਅਸੰਵੇਦਨਸ਼ੀਲਤਾ ਦੇ ਦੌਰ ਵਿਚ ਉਤਪਾਦਨ ਵਧਾਉਣ ਜਾ ਐਸ਼ੋ-ਇਸ਼ਰਤ ਲਈ ਕੁਦਰਤੀ ਸਾਧਨਾਂ ਦਾ ਘੋਰ ਦੁਰਉਪਯੋਗ ਹੋ ਰਿਹਾ ਹੈ, ਜਿਸ ਦਾ ਖਮਿਆਜ਼ਾ ਆਉਣ ਵਾਲੀਆਂ ਨਸਲਾਂ ਭੁਗਤਣਗੀਆਂ। ਨਾਲ ਹੀ ਦੇਸ਼ ਵਿਚ ਕਾਲੇ ਧਨ ਵਿਚ ਦਿਨੋ-ਦਿਨ ਵਾਧਾ ਹੋ ਰਿਹਾ ਹੈ।

ਮਾਹਿਰਾਂ ਦਾ ਮੰਨਣਾ ਹੈ, ਵਿਸ਼ਵ ਵਪਾਰ ਸੰਗਠਨ ਬਣਾਉਣ ਵੇਲੇ ਮੁਢਲੇ ਮੈਂਬਰਾਂ ਨੇ ਸਹਿਮਤੀ ਪ੍ਰਗਟ ਕੀਤੀ ਸੀ ਕਿ ਵਿਸ਼ਵ ਵਪਾਰ ਦਾ ਉਦੇਸ਼ ਮੈਂਬਰ ਦੇਸ਼ਾਂ ਦੇ ਟਿਕਾਊ ਵਿਕਾਸ ਦੇ ਨਾਲ ਨਾਲ ਲੋਕਾਂ ਦਾ ਜੀਵਨ ਪੱਧਰ ਉਚਾ ਚੁੱਕਣਾ, ਉਨ੍ਹਾਂ ਨੂੰ ਪੂਰਨ ਰੁਜ਼ਗਾਰ ਮੁਹੱਈਆ ਕਰਵਾਉਣਾ ਅਤੇ ਉਨ੍ਹਾਂ ਦੀ ਅਸਲੀ ਆਮਦਨ ਵਿਚ ਵਾਧਾ ਕਰਨਾ ਹੋਣਗੇ, ਪਰ ਪਿਛਲੇ ਦੋ ਦਹਾਕਿਆਂ ਦੌਰਾਨ ਇਨ੍ਹਾਂ ਵਿਕਾਸਮੁਖੀ ਉਦੇਸ਼ਾਂ ਦੀ ਥਾਂ ਇਸ ਕੌਮਾਂਤਰੀ ਸੰਸਥਾ ਦਾ ਉਦੇਸ਼ ਵਪਾਰਕ ਉਦਾਰੀਕਰਨ ਹੋ ਕੇ ਰਹਿ ਗਿਆ ਹੈ, ਖਾਸ ਕਰਕੇ ਮੁੱਖ ਵਿਕਸਿਤ ਦੇਸ਼ਾਂ ਦੇ ਹਿੱਤ ਦੀ ਪਾਲਣਾ ਲਈ।

ਜਿਸ ਸੰਜੀਵਨੀ ਨੂੰ ਲੈ ਕੇ ਡਾ. ਮਨਮੋਹਨ ਸਿੰਘ ਪੰਜਾਬ ਦੀ ਮੂਰਸ਼ਤ ਆਰਥਕਤਾ ਨੂੰ ਖੜਾ ਕਰਨ ਆ ਰਹੇ ਹਨ, ਉਹ ਬੂਟੀ ਪਹਿਲਾਂ ਹੀ ਦੇਸ਼ ਦੇ ਗਰੀਬ ਅਤੇ ਮੱਧ ਵਰਗੀ ਲੋਕਾਂ ਲਈ ਮਾੜੀ ਸਾਬਤ ਹੋਈ ਹੈ। ਇਸ ਮਾਡਲ ਨੇ ਸਰਕਾਰੀ ਖੇਤਰ ਦਾ ਭੋਗ ਪਾਉਣ ਦੀ ਕੋਈ ਕਸਰ ਨਹੀਂ ਛੱਡੀ। ਸਬਸਿਡੀਆਂ ਬੰਦ ਕਰਨ ਦੇ ਨਾਂ 'ਤੇ ਸਰਕਾਰੀ ਮੁਲਾਜ਼ਮਾਂ ਦੀਆਂ ਪੈਨਸ਼ਨਾਂ ਤਾਂ ਬੰਦ ਕਰ ਦਿੱਤੀਆਂ, ਸਰਕਾਰੀ ਮਹਿਕਮਿਆਂ ਦੀ ਅਕਾਰ ਘਟਾਈ ਕਰਕੇ ਨਿਜੀ ਅਦਾਰਿਆਂ ਨੂੰ ਬਰਾਬਰ ਖੜੇ ਕਰਨ ਲਈ ਉਨ੍ਹਾਂ ਨੂੰ ਉਭਰਨ ਦਾ ਮਾਹੌਲ ਵੀ ਮੁਹੱਈਆ ਕਰਵਾਇਆ। ਸਰਮਾਏਦਾਰਾਂ ਨੂੰ ਜਾਅਲੀ ਅਤੇ ਕਾਗਜ਼ੀ ਘਾਟਿਆਂ 'ਚੋਂ ਕੱਢਣ ਦੀਆਂ ਸਕੀਮਾਂ ਵੀ ਆਪ ਹੀ ਖੋਜੀਆਂ ਗਈਆਂ।

ਡਾ. ਮਨਮੋਹਨ ਸਿੰਘ ਨੂੰ ਇਮਾਨਦਾਰ, ਸਾਊ ਅਤੇ ਆਰਥਕ ਮਾਹਿਰ ਮੰਨਿਆ ਗਿਆ ਹੈ। ਉਸ ਸਮੇਂ ਲੋੜ ਮੁਤਾਬਕ ਉਨ੍ਹਾਂ ਨੇ ਜੋ ਆਰਥਕ ਉਦਾਰੀਕਰਨ ਅਪਨਾਇਆ, ਕੁਝ ਵੀ ਕੀਤਾ, ਉਸ ਨੇ ਨਤੀਜੇ ਵੀ ਵਧੀਆ ਲਿਆਂਦੇ ਸਨ। ਇਨ੍ਹਾਂ ਨੀਤੀਆਂ ਦਾ ਦੂਜਾ ਪੱਖ ਸਾਡੇ ਸਿਆਸਤਦਾਨਾਂ ਨੇ ਵੇਖ ਕੇ ਅਣਡਿੱਠ ਹੀ ਕਰ ਦਿੱਤਾ। ਲਾਇਸੈਂਸਿੰਗ ਅਤੇ ਟੈਂਡਰਾਂ, ਸੌਦਿਆਂ ਆਦਿ ਵਿਚ ਵੱਡੇ ਵੱਡੇ ਘੁਟਾਲੇ ਹੋਏ। ਸਰਕਾਰਾਂ ਬਦਲਦੀਆਂ ਤਾਂ ਰਹੀਆਂ, ਪਰ ਸਰਕਾਰਾਂ ਦੀਆਂ ਘਪਲਿਆਂ ਦੀਆਂ ਸਕੀਮਾਂ ਨਾ ਬਦਲੀਆਂ।

**ਪੰਜਾਬ ਦੇ ਹਿੱਤਾਂ ਲਈ ਚੁੱਕਣਯੋਗ ਕਦਮ:** ਡਾ. ਮਨਮੋਹਨ ਸਿੰਘ ਜੋ ਵੀ ਕਦਮ ਚੁੱਕਣ, ਪਰ ਉਹ ਇਨ੍ਹਾਂ ਤਿੰਨਾਂ 'ਸੱਸਿਆਂ'-ਸਿਹਤ, ਸਿੱਖਿਆ ਤੇ ਸੁਰੱਖਿਆ ਉਤੇ ਬੁਰਾ ਅਸਰ ਨਾ ਪਾਉਂਦਾ ਹੋਵੇ; ਕਿਉਂਕਿ ਪੰਜਾਬ ਸਰਕਾਰ ਸਿਖਿਆ ਅਤੇ ਸਿਹਤ ਦੇ ਖੇਤਰ ਵਿਚ ਨਿਜੀ ਭਾਈਵਾਲੀ ਲਈ ਤਿਆਰੀ ਕਰ ਰਹੀ ਹੈ। ਸਾਰਾ ਸਰਕਾਰੀ ਖੇਤਰ ਹਿਲਾਇਆ ਜਾ ਰਿਹਾ ਹੈ। ਸੰਪਤੀਆਂ ਅੱਜ ਤੱਕ ਦੀਆਂ ਸਾਰੀਆਂ ਸਰਕਾਰਾਂ ਵੇਚਦੀਆਂ ਤੁਰੀਆਂ ਆਈਆਂ ਹਨ। ਹੋਰ ਤਾਂ ਹੋਰ, ਪੰਚਾਇਤੀ ਜ਼ਮੀਨਾਂ ਵੇਚਣ ਜਾਂ ਨਿਜੀ ਕੰਪਨੀਆਂ ਨੂੰ ਦੇਣ ਲਈ ਤਿਆਰੀ ਖਿੱਚੀ ਜਾ ਚੁਕੀ ਹੈ।

ਪੰਜਾਬ ਦੇ ਪਾਣੀਆਂ ਦਾ ਮੁੱਦਾ ਇਕ ਅਹਿਮ ਮੁੱਦਾ ਹੈ। ਰਾਜਸਥਾਨ ਵਿਚ ਵੀ ਕਾਂਗਰਸ ਸਰਕਾਰ ਹੈ। ਪੰਜਾਬ ਵਿਧਾਨ ਸਭਾ 'ਚ ਮਤਾ ਪਾਸ ਹੋਇਆ ਸੀ ਕਿ ਪੰਜਾਬ ਸਰਕਾਰ ਰਾਜਸਥਾਨ ਨੂੰ ਪਾਣੀ ਦਾ ਬਿੱਲ ਭੇਜੇਗੀ। ਡਾ. ਮਨਮੋਹਨ ਸਿੰਘ ਇਸ ਰਕਮ ਨੂੰ ਕਿਸ਼ਤਾਂ 'ਚ ਈ ਮੰਗਵਾ ਲੈਣ, ਜਿਸ ਨਾਲ ਪੰਜਾਬ 'ਚੋਂ ਸਾਰੇ ਸਿਵਲ ਹਸਪਤਾਲਾਂ 'ਚ ਵੈਂਟੀਲੈਟਰ, ਇਲੈਕਟਰੀਕਲ ਕੀਮੋਥੈਰੇਪੀ ਅਤੇ ਡਾਇਲਸਿਸ ਯੂਨਿਟ ਲਾਏ ਜਾ ਸਕਦੇ ਹਨ। ਸਾਰੇ ਸਕੂਲਾਂ 'ਚ ਪੂਰਾ ਸਟਾਫ ਹੋਣ ਦੇ ਨਾਲ ਨਾਲ ਸਮਾਰਟ ਕਲਾਸ ਰੂਮ ਬਣ ਸਕਦੇ ਹਨ।

**ਪੰਜਾਬ ਦੇ ਪਾਣੀਆਂ ਦਾ ਮੁੱਦਾ ਇਕ ਅਹਿਮ ਮੁੱਦਾ ਹੈ। ਰਾਜਸਥਾਨ ਵਿਚ ਵੀ ਕਾਂਗਰਸ ਸਰਕਾਰ ਹੈ। ਪੰਜਾਬ ਵਿਧਾਨ ਸਭਾ 'ਚ ਮਤਾ ਪਾਸ ਹੋਇਆ ਸੀ ਕਿ ਪੰਜਾਬ ਸਰਕਾਰ ਰਾਜਸਥਾਨ ਨੂੰ ਪਾਣੀ ਦਾ ਬਿੱਲ ਭੇਜੇਗੀ। ਡਾ. ਮਨਮੋਹਨ ਸਿੰਘ ਇਸ ਰਕਮ ਨੂੰ ਕਿਸ਼ਤਾਂ 'ਚ ਈ ਮੰਗਵਾ ਲੈਣ, ਜਿਸ ਨਾਲ ਪੰਜਾਬ 'ਚੋਂ ਸਾਰੇ ਸਿਵਲ ਹਸਪਤਾਲਾਂ 'ਚ ਵੈਂਟੀਲੈਟਰ, ਇਲੈਕਟਰੀਕਲ ਕੀਮੋਥੈਰੇਪੀ ਅਤੇ ਡਾਇਲਸਿਸ ਯੂਨਿਟ ਲਾਏ ਜਾ ਸਕਦੇ ਹਨ। ਸਾਰੇ ਸਕੂਲਾਂ 'ਚ ਪੂਰਾ ਸਟਾਫ ਹੋਣ ਦੇ ਨਾਲ ਨਾਲ ਸਮਾਰਟ ਕਲਾਸ ਰੂਮ ਬਣ ਸਕਦੇ ਹਨ।**



ਭਾਰਤ ਦੇ ਸਾਰੇ ਰਾਜਾਂ ਵਾਂਗ ਪੰਜਾਬ 'ਚ ਵੀ ਨਵੀਂ ਪੈਨਸ਼ਨ ਸਕੀਮ ਤਹਿਤ ਹਰ ਮਹੀਨੇ ਅਰਬਾਂ ਰੁਪਏ ਦੀ ਭਾਰੀ ਧਨ ਨਿਕਾਸੀ ਹੋ ਰਹੀ ਹੈ। ਇਹ ਧਨ ਮੁਲਾਜ਼ਮਾਂ ਦੇ ਹਿੱਸੇ ਦਾ ਸੀ. ਪੀ. ਐਫ. ਅਤੇ ਸਰਕਾਰ ਵੱਲੋਂ ਇਸ ਦਾ ਕਰੀਬ ਡੇਢਾ ਹਿੱਸਾ ਪਾਇਆ ਜਾਂਦਾ ਹੈ। ਇਸ ਹਿੱਸੇ ਨੂੰ ਸੱਤ ਫੰਡ ਮੈਨੇਜਰ (ਬੀਮਾ ਕੰਪਨੀਆਂ) ਹੀ ਵਰਤਦੀਆਂ ਹਨ। ਇਹ ਪੈਸਾ ਤਾਂ ਹੀ ਸਰਕਾਰ ਕੋਲ ਰਹਿ ਸਕਦਾ ਹੈ, ਜੇ ਉਹ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰੇ। ਅਜਿਹਾ ਕਰਕੇ ਸਰਕਾਰ ਅਰਬਾਂ ਰੁਪਇਆ ਆਪਣੇ ਕੋਲ ਵਾਪਿਸ ਲਿਆ ਸਕਦੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਹੁੰ ਚੁਕਦਿਆਂ ਹੀ ਵੀ. ਆਈ. ਪੀ. ਕਲਚਰ ਬੰਦ ਕਰਨ ਦਾ ਚੰਗਾ ਬਿਆਨ ਦਿੱਤਾ ਸੀ। ਡਾ. ਮਨਮੋਹਨ ਸਿੰਘ ਉਨ੍ਹਾਂ ਦੇ ਇਸ ਸੰਕਲਪ ਨੂੰ ਪੂਰਾ ਕਰਨ ਲਈ ਅਫਸਰਾਂ ਦੇ ਨਿਜੀ ਸਹਾਇਕਾਂ ਨੂੰ ਵਾਪਸ ਕਰਵਾਉਣ, ਸਲਾਹਕਾਰ ਸੈਨਾ ਸਮਾਪਤ ਕਰਨ; ਸਵਾ ਸੌ ਤੋਂ ਵੱਧ ਸਿਆਸਤਦਾਨ ਦੋ ਤੋਂ ਲੈ ਕੇ ਛੇ-ਸੱਤ ਪੈਨਸ਼ਨਾਂ ਲੈ ਰਹੇ ਹਨ, ਵੱਧ ਪੈਨਸ਼ਨਾਂ ਬੰਦ ਕੀਤੀਆਂ ਜਾਣ। ਸਰਕਾਰੀ ਟਰਾਂਸਪੋਰਟ ਬਚਾਈ ਜਾਵੇ। ਸ਼ਹਿਰਾਂ 'ਚ ਮਹਿੰਗੇ ਕਿਰਾਏ ਵਾਲੇ ਸਥਾਨਾਂ 'ਤੇ ਦਫਤਰਾਂ ਨੂੰ ਸਸਤੇ ਸਥਾਨਾਂ 'ਤੇ ਲਿਆਂਦਾ ਜਾਵੇ। ਮੁਹੱਲਾ ਨੇਤਾਵਾਂ ਦੀ ਸੁਰੱਖਿਆ ਛਤਰੀ ਵਾਪਸ ਲਈ ਜਾਵੇ।

ਇਹ ਸੁਝਾਅ ਹਨ, ਜਿਨ੍ਹਾਂ ਨੂੰ ਮੰਨਣਾ ਪੰਜਾਬ ਲਈ ਜ਼ਰੂਰੀ ਹੈ। ਦੂਜੀ ਗੱਲ, ਡਾ. ਮਨਮੋਹਨ ਸਿੰਘ ਨੂੰ ਆਪਣੀ ਵੱਡੀ ਗਲਤੀ ਦਾ ਅਹਿਸਾਸ ਕਰਨਾ ਜ਼ਰੂਰੀ ਹੈ। ਇਹ ਗਲਤੀ ਅਟਲ ਬਿਹਾਰੀ ਵਾਜਪਾਈ ਸਰਕਾਰ ਮੌਕੇ ਐਨ. ਪੀ. ਐਸ. ਐਕਟ ਪਾਸ ਕਰਨ ਸਮੇਂ ਮੁੱਖ ਵਿਰੋਧੀ ਪਾਰਟੀ ਕਾਂਗਰਸ ਦੀ ਸੱਤਾਧਾਰੀ ਭਾਜਪਾ ਨਾਲ ਪੈਨਸ਼ਨ ਬੰਦ ਕਰਨ ਦੀ ਸਹਿਮਤੀ ਨਾਲ ਵੱਟੀ ਚੁੱਪ ਸੀ। ਇਸ ਐਕਟ ਨਾਲ ਅੰਗਰੇਜ਼ੀ ਸ਼ਾਸਨ ਸਮੇਂ ਤੋਂ ਚੱਲੀ ਆ ਰਹੀ ਪੈਨਸ਼ਨ ਵਿਵਸਥਾ ਨੂੰ ਬੜੇ ਤਕੜੇ ਸੰਵਿਧਾਨਕ ਅਤੇ ਕਾਨੂੰਨੀ ਪੱਖ ਦੇ ਹੁੰਦਿਆਂ ਖਤਮ ਕਰ ਦਿੱਤਾ ਸੀ। ਇਸ ਤੋਂ ਅੱਗੇ ਡਾ. ਮਨਮੋਹਨ ਸਿੰਘ ਅਤੇ ਕਾਂਗਰਸ ਦੀ ਇਹ ਗਲਤੀ ਇਕ ਬੱਜਰ ਗਲਤੀ ਬਣ ਗਈ, ਜਦੋਂ ਵਾਜਪਾਈ ਸਰਕਾਰ ਤੋਂ ਪਾਸ ਨਾ ਹੋ ਸਕਿਆ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਐਕਟ ਡਾ. ਮਨਮੋਹਨ ਸਿੰਘ ਸਰਕਾਰ ਨੇ ਪਾਸ ਕੀਤਾ ਅਤੇ ਪੈਨਸ਼ਨ ਪੱਕੇ ਤੌਰ 'ਤੇ ਬੰਦ ਹੋਣ ਨਾਲ ਕਰਮਚਾਰੀਆਂ ਦੀ ਸਮਾਜਕ ਸੁਰੱਖਿਆ ਦਾ ਭੋਗ ਹੀ ਪਾ ਦਿੱਤਾ ਗਿਆ। ਗੱਦੀਉਂ ਲੱਥੀ ਵਾਜਪਾਈ ਸਰਕਾਰ ਦੇ ਵਿੱਤ ਮੰਤਰੀ ਜਸਵੰਤ ਸਿੰਘ ਨੇ ਡਾ. ਮਨਮੋਹਨ ਸਿੰਘ ਸਰਕਾਰ ਸਮੇਂ ਦੇ ਵਿਤ ਮੰਤਰੀ ਪੀ. ਚਿਦੰਬਰਮ ਨੂੰ ਵਧਾਈ ਦਿੰਦਿਆਂ ਸ਼ਲਾਘਾ ਕੀਤੀ ਸੀ ਕਿ ਤੁਸੀਂ ਇਹ ਕੰਮ ਬੜੀ ਜਲਦੀ ਤੇ ਆਸਾਨੀ ਨਾਲ ਕਰ ਦਿਤਾ, ਜੋ ਸਾਥੋਂ ਨਹੀਂ ਸੀ ਹੋ ਸਕਿਆ।

ਸ਼ਾਇਦ ਡਾ. ਮਨਮੋਹਨ ਸਿੰਘ ਇਹ ਚਿੰਤਨ ਜਰੂਰ ਕਰਦੇ ਹੋਣਗੇ ਤੇ ਗਲਤੀ ਵੀ ਯਾਦ ਆਉਂਦੀ ਹੋਵੇਗੀ। ਇਸੇ ਕਰਕੇ ਉਨ੍ਹਾਂ ਕੇਂਦਰ ਸਰਕਾਰ ਨੂੰ ਕਰਮਚਾਰੀਆਂ ਦੇ ਤਨਖਾਹ ਤੇ ਭੱਤਿਆਂ ਨੂੰ ਨਾ ਛੇੜਨ ਦੀ ਅਪੀਲ ਕੀਤੀ ਹੈ। ਉਮੀਦ ਹੈ, ਉਹ ਇਹ ਸ਼ੁਭ ਅਪੀਲ ਪੰਜਾਬ ਸਰਕਾਰ ਨੂੰ ਵੀ ਕਰਨਗੇ। ਜੇ ਉਹ ਪੰਜਾਬ ਦੀ ਵਿਤੀ ਹਾਲਤ ਨੂੰ ਸੁਧਾਰਨ ਲਈ ਅੱਗੇ ਆਉਣ ਤਾਂ ਪਹਿਲਾਂ ਆਪਣੇ ਮਾਡਲ ਦੀ ਮੁੜ ਸਮੀਖਿਆ ਕਰਨ!

# ਸਿਆਸਤ ਦਾ ਚੂਰਨ ਧੂੜੇ ਜਾਣ ਦੀ ਕਵਾਇਦ!

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੀ ਗੱਲ ਕਰੀਏ, ਭਾਰਤ ਦੀ ਜਾਂ ਸੰਸਾਰ ਦੀ, ਜਿਸ ਮੁਸੀਬਤ ਦਾ ਸਾਹਮਣਾ ਸਭ ਨੂੰ ਕਰਨਾ ਪੈ ਰਿਹਾ ਹੈ, ਏਦਾਂ ਦੀ ਮੁਸੀਬਤ ਪਹਿਲਾਂ ਕਦੇ ਮਨੁੱਖਤਾ ਦੇ ਇਤਿਹਾਸ ਵਿਚ ਆਈ ਨਹੀਂ ਸੁਣੀ ਗਈ। ਗੱਲ ਸਿਰਫ ਕਰੋਨਾ ਵਾਇਰਸ ਕਾਰਨ ਹੁੰਦੀਆਂ ਮੌਤਾਂ ਦੀ ਨਹੀਂ, ਸੰਸਾਰ ਦੇ ਇਤਿਹਾਸ ਵਿਚ ਇਹ ਵੀ ਕਦੇ ਨਹੀਂ ਵਾਪਰਿਆ ਕਿ ਇੱਕੋ ਵੇਲੇ ਧਰਤੀ ਦੇ ਚੜ੍ਹਦੇ ਤੋਂ ਲੈ ਕੇ ਲਹਿੰਦੇ ਸਿਰੇ ਤੱਕ ਹਰ ਦੇਸ਼ ਦੇ ਲੋਕ ਘਰਾਂ ਵਿਚ ਤੜੇ ਰਹਿਣ ਨੂੰ ਮਜਬੂਰ ਹੋਏ ਹੋਣ। ਪਿਛਲੇ ਸਮੇਂ ਵਿਚ ਜਦੋਂ ਵੀ ਕਦੇ ਮੁਸੀਬਤ ਪਈ, ਕੁਝ ਦੇਸ਼ਾਂ ਵਿਚ ਲੋਕਾਂ ਨੂੰ ਘਰਾਂ ਵਿਚ ਰਹਿਣ ਨੂੰ ਸਰਕਾਰਾਂ ਕਹਿੰਦੀਆਂ ਸਨ, ਪਰ ਸਮੁੱਚੇ ਸੰਸਾਰ ਵਿਚ ਕਿਸੇ ਥਾਂ ਲੌਕਡਾਊਨ ਤੇ ਕਿਸੇ ਥਾਂ ਕਰਫਿਊ, ਜਾਂ ਜਿੱਥੇ ਇਹ ਦੋਵੇਂ ਨਹੀਂ, ਉਥੇ ਬਾਹਲੀ ਲੋੜ ਤੋਂ ਬਿਨਾ ਘਰ ਤੋਂ ਨਾ ਨਿਕਲਣ ਦੀਆਂ ਹਦਾਇਤਾਂ ਕਦੇ ਨਹੀਂ ਸੀ ਸੁਣੀਆਂ ਗਈਆਂ।

ਕੁਝ ਦੇਸ਼, ਜੋ ਆਪਣੇ ਲੋਕਾਂ ਨੂੰ ਖੁੱਲ੍ਹ ਵੀ ਦੇ ਰਹੇ ਹਨ, ਉਹ ਚੋਰਾਂ ਵਾਂਗ ਮੂੰਹ ਢੱਕ ਕੇ ਰੱਖਣ ਨੂੰ ਕਹਿੰਦੇ ਹਨ ਤੇ ਇਹ ਗੱਲ ਉਹ ਦੇਸ਼ ਵੀ ਕਹਿਣ ਨੂੰ ਮਜਬੂਰ ਹਨ, ਜੋ ਕੱਲ੍ਹ ਤੱਕ ਮੂੰਹ ਨੰਗਾ ਰੱਖਣ ਲਈ ਨਕਾਬ, ਹਿਜਾਬ ਜਾਂ ਬੁਰਕੇ ਦਾ ਵਿਰੋਧ ਕਰਦੇ ਸਨ। ਮੁਸ਼ਕਿਲ ਵਧ ਗਈ ਤਾਂ ਇਥੋਂ ਤੱਕ ਵੀ ਕਹਿਣਾ ਪੈ ਗਿਆ ਕਿ ਕਿਸੇ ਨਾਲ ਨਾ ਹੱਥ ਮਿਲਾਉ, ਨਾ ਗਲ ਲੱਗ ਕੇ ਮਿਲੋ ਅਤੇ ਆਪਣੇ ਲੋਕਾਂ ਨਾਲ ਵੀ ਕੁਝ ਫਾਸਲਾ ਰੱਖ ਕੇ ਬੋਲਿਆ ਤੇ ਬੈਠਿਆ ਕਰੋ। ਪਤੀ-ਪਤਨੀ ਦੋਵੇਂ ਜਣੇ ਸਕੂਟਰ ਜਾਂ ਮੋਟਰ ਸਾਈਕਲ 'ਤੇ ਕਿਤੇ ਇਕੱਠੇ ਨਹੀਂ ਜਾ ਸਕਦੇ ਅਤੇ ਵਿਆਹ ਜਾਂ ਮਰਗ ਦੇ ਮੌਕੇ ਕੋਈ ਕਿਸੇ ਨਾਲ ਜਾਣ ਜੋਗਾ ਨਹੀਂ ਰਿਹਾ। ਹਾਲਤ ਇਹ ਹੈ ਕਿ ਬਾਹਰ ਦਿਆਂ ਦੀ ਗੱਲ ਛੱਡੋ, ਕਿਸੇ ਹੋਮ ਡਿਲਿਵਰੀ ਵਾਲੇ ਤੋਂ ਕਿਸੇ ਨੇ ਕੀ ਲੈਣਾ, ਆਪਣੇ ਘਰ ਦੇ ਲੋਕਾਂ ਕੋਲੋਂ ਕੋਈ ਚੀਜ਼ ਫੜਨ ਵੇਲੇ ਵੀ ਬੰਦੇ ਦੇ ਮਨ ਦੀ ਕਿਸੇ ਨੁੱਕਰ ਵਿਚ ਸਹਿਮ ਦੀ ਬਿਜਲੀ ਲਿਸ਼ਕਣ ਲੱਗ ਜਾਂਦੀ ਹੈ।

ਇਹ ਅਸਲੋਂ ਅਲੋਕਾਰ ਹਾਲਾਤ ਹਨ। ਇਨ੍ਹਾਂ ਦੀ ਮਾਰ ਹੇਠ ਮਨੁੱਖਤਾ ਨੂੰ ਜਦੋਂ ਦਿਨ ਕੱਟਣੇ ਪੈਣੇ ਹਨ ਤਾਂ ਦਿਮਾਗ ਇਹ ਕਹਿੰਦਾ ਹੈ ਕਿ ਹਰ ਗੱਲ ਜਿਵੇਂ ਕਹੀ ਜਾਵੇ, ਮੰਨੀ ਜਾਵੇ, ਪਰ ਮਨ ਕਹਿੰਦਾ ਹੈ ਕਿ ਫਿਰ ਜ਼ਿੰਦਗੀ ਤਾਂ ਜ਼ਿੰਦਗੀ ਕੋਈ ਨਹੀਂ ਰਹਿਣੀ, ਇਹ ਤਾਂ ਦਿਨ ਪੂਰੇ ਕਰਨ ਵਾਲੀ ਗੱਲ ਹੋ ਜਾਵੇਗੀ। ਇਹ ਵੀ ਸੱਚਾਈ ਹੈ। ਹਾਲਾਤ ਦਾ ਜਦੋਂ ਕਿਸੇ ਕਿਸਮ ਦਾ ਕੋਈ ਤੋੜ ਹੀ ਨਹੀਂ ਦਿੱਸਦਾ ਤਾਂ ਮਨ ਕੌੜਾ ਕਰੀਏ ਜਾਂ ਨਾ, ਇਸ ਨੂੰ ਪ੍ਰਵਾਨ ਕਰਨਾ ਪੈਣਾ ਹੈ।

ਸਾਡੇ ਸਾਹਮਣੇ ਦੁਨੀਆਂ ਦਾ ਪਿਛਲੇ ਤਿੰਨ ਮਹੀਨਿਆਂ ਦਾ ਤਜਰਬਾ ਬਹੁਤ ਕਾਫੀ ਹੈ। ਜਿਨ੍ਹਾਂ ਦੇਸ਼ਾਂ ਵਿਚ ਲੋਕ ਹਰ ਗੱਲ ਵਿਚ ਬੰਧੇਜ ਮੰਨਦੇ ਗਏ, ਸਰਕਾਰੀ ਹਦਾਇਤਾਂ ਅਤੇ ਪਾਬੰਦੀਆਂ ਦੀ ਉਲੰਘਣਾ ਨਹੀਂ ਕੀਤੀ, ਉਨ੍ਹਾਂ ਦੇਸ਼ਾਂ ਵਿਚ ਇਹ ਬਿਮਾਰੀ ਬਹੁਤੀ ਨਹੀਂ ਵਧੀ ਤੇ ਮੌਤਾਂ ਵੀ ਘੱਟ ਹੋਈਆਂ ਹਨ, ਪਰ ਜਿਨ੍ਹਾਂ ਦੇਸ਼ਾਂ ਦੇ ਹਾਕਮਾਂ ਨੇ ਪਾਬੰਦੀਆਂ ਲਾਉਣ 'ਚ ਦੇਰੀ ਕੀਤੀ ਅਤੇ ਲੋਕਾਂ ਵੀ ਪੂਰੀ ਗੰਭੀਰਤਾ ਨਹੀਂ ਵਿਖਾਈ, ਉਨ੍ਹਾਂ ਨੂੰ ਭੁਗਤਣਾ ਪਿਆ ਹੈ। ਚੀਨ ਵਿਚ ਜਦੋਂ ਇਸ ਬਿਮਾਰੀ ਦਾ ਪਹਿਲੀ ਵਾਰ ਉਛਾਲਾ ਆਇਆ ਸੀ, ਉਹ ਇੱਕੋ ਝਟਕੇ ਨਾਲ ਸਮੁੱਚੇ ਇਲਾਕੇ ਨੂੰ ਲੌਕਡਾਊਨ ਕਰ ਕੇ ਫਿਰ ਇੱਕੋ ਮਹੀਨੇ ਵਿਚ ਇਸ ਨੂੰ ਰੋਕ ਲਾਉਣ ਵਿਚ ਸਫਲ ਹੋ ਗਿਆ, ਪਰ ਅਮਰੀਕਾ ਦੀਆਂ ਖੁਫੀਆ ਏਜੰਸੀਆਂ ਦੇ ਅਫਸਰ ਕਹਿੰਦੇ ਹਨ ਕਿ ਅਸੀਂ ਬਾਰਾਂ ਵਾਰੀ ਇਸ ਬਾਰੇ ਦੱਸਿਆ ਸੀ, ਕਿਸੇ ਚਿੰਤਾ ਨਹੀਂ ਕੀਤੀ। ਹੁਣ ਲਾਪਰਵਾਹੀ ਨੂੰ ਭੁਗਤਣਾ ਪੈ ਗਿਆ ਹੈ।

ਸਾਰੀ ਦੁਨੀਆਂ ਦੇ ਜਿੰਨੇ ਲੋਕ ਕਰੋਨਾ ਨਾਲ ਮਾਰੇ ਗਏ ਹਨ, ਚੌਥੇ ਹਿੱਸੇ ਤੋਂ ਵੱਧ ਇਕੱਲੇ



ਅਮਰੀਕਾ ਵਿਚ ਇਸੇ ਲਈ ਮਾਰੇ ਗਏ ਕਿ ਰਾਸ਼ਟਰਪਤੀ ਡੋਨਲਡ ਟਰੰਪ ਵੇਲੇ ਸਿਰ ਸੁੱਤਾ ਨਹੀਂ ਜਾਗਿਆ। ਇਟਲੀ ਨੇ ਵੀ ਚੀਨ ਵਿਚ ਕਰੋਨਾ ਦੇ ਉਛਾਲੇ ਤੇ ਉਸ ਦੇ ਵੂਹਾਨ ਸ਼ਹਿਰ ਨਾਲ ਆਪਣੇ ਲੋਂਬਾਰਡੀ ਸ਼ਹਿਰ ਦੇ ਸਰਗਰਮ ਆਵਾਜਾਈ ਦੇ ਸਬੰਧਾਂ ਦੇ ਬਾਵਜੂਦ ਵੇਲੇ ਸਿਰ ਉਹ ਕੁਝ ਨਹੀਂ ਕੀਤਾ, ਜੋ ਖੜ੍ਹੇ ਪੈਰ ਕਰਨਾ ਸੀ। ਇੰਜ ਹੀ ਵਕਤੋਂ ਖੁੰਝੇ ਦੇਸ਼ਾਂ ਵਾਲੀਆਂ ਹੋਰ ਸਰਕਾਰਾਂ ਦੇ ਲੋਕਾਂ ਨਾਲ ਹੋਇਆ ਹੈ। ਲੰਘਿਆ ਵਕਤ ਕਦੇ ਹੱਥ ਤਾਂ ਨਹੀਂ ਆਉਂਦਾ ਹੁੰਦਾ।

ਅਸੀਂ ਭਾਰਤ ਦੇ ਲੋਕ ਇਸ ਗੱਲੋਂ ਬਚੇ ਹੋਏ ਹਾਂ ਤੇ ਹਜ਼ਾਰ ਸਿਆਸੀ ਅਤੇ ਸਿਧਾਂਤਕ ਮੱਤਭੇਦਾਂ ਦੇ ਬਾਵਜੂਦ ਇਹ ਗੱਲ ਮੰਨਣੀ ਪਵੇਗੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਵੇਲੇ ਸਿਰ ਵਿਦੇਸ਼ ਤੋਂ ਆਉਂਦੇ ਰਾਹ ਬੰਦ ਕਰਨ ਦਾ ਸਖਤ ਫੈਸਲਾ ਕਰ ਲਿਆ ਤੇ ਦੇਸ਼ ਵਿਚ ਆਵਾਜਾਈ ਰੋਕਣ ਲਈ ਲੌਕਡਾਊਨ ਵੇਲੇ ਸਿਰ ਕਰ ਦਿੱਤਾ ਸੀ। ਸੰਸਾਰ ਦਾ ਰਿਕਾਰਡ ਦੱਸਦਾ ਹੈ ਕਿ ਅਮਰੀਕਾ ਅਤੇ ਭਾਰਤ-ਦੋਹਾਂ ਦੇਸ਼ਾਂ ਵਿਚ ਇਸ ਮੁਸੀਬਤ ਦੀ ਸ਼ੁਰੂਆਤ ਲਗਭਗ ਇੱਕੋ ਵਕਤ ਹੋਈ ਸੀ। ਅਮਰੀਕਾ ਦੇ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਨੇ 30 ਜਨਵਰੀ ਨੂੰ ਪਹਿਲੇ ਕੇਸ ਦੀ ਹੋਂਦ ਮੰਨੀ ਸੀ ਤੇ ਪੋਸਟ ਮਾਰਟਮ ਦੀਆਂ ਰਿਪੋਰਟਾਂ ਮੁਤਾਬਕ ਪਹਿਲੀ ਮੌਤ ਇਸ ਦੇਸ਼ ਵਿਚ 6 ਫਰਵਰੀ ਨੂੰ ਹੋਈ ਸਮਝੀ ਜਾਂਦੀ ਹੈ।

ਭਾਰਤ ਵਿਚ ਵੀ ਪਹਿਲੇ ਕਰੋਨਾ ਕੇਸ ਦੀ ਹੋਂਦ 30 ਜਨਵਰੀ ਨੂੰ ਪਤਾ ਲੱਗੀ, ਪਰ ਪਹਿਲੀ ਮੌਤ 13 ਮਾਰਚ ਨੂੰ ਕਰਨਾਟਕਾ ਰਾਜ ਵਿਚ ਹੋਈ ਸੀ, ਜਦੋਂ ਤੱਕ ਅਮਰੀਕਾ ਦੇ 22 ਲੋਕਾਂ ਦੀ ਮੌਤ ਹੋ ਚੁਕੀ ਸੀ। ਇਸ ਦਾ ਸਿੱਧਾ ਅਰਥ ਹੈ ਕਿ ਭਾਰਤ ਸਰਕਾਰ ਦੇ ਵੇਲੇ ਸਿਰ ਚੁੱਕੇ ਗਏ ਕਦਮਾਂ ਨੇ ਅਸਰ ਵਿਖਾਇਆ ਅਤੇ ਇਹੋ ਕਾਰਨ ਹੈ ਕਿ ਭਾਰਤ ਦੇ ਨਾਲ ਕੇਸਾਂ ਦਾ ਮੁੱਢ ਬੱਝਣ ਦੇ ਬਾਵਜੂਦ ਅੱਜ ਅਮਰੀਕਾ ਵਿਚ ਕਰੀਬ 70 ਹਜ਼ਾਰ ਮੌਤਾਂ ਹੋ ਚੁਕੀਆਂ ਹਨ ਤੇ ਭਾਰਤ ਵਿਚ ਅਜੇ ਤੱਕ ਬਾਰਾਂ ਸੌ ਤੋਂ ਕੁਝ ਉਪਰ ਹੋਈਆਂ ਹਨ। ਇਸ ਦਾ ਸਿਹਰਾ ਅਸੀਂ ਸਿਰਫ ਸਰਕਾਰ ਨੂੰ ਨਹੀਂ, ਲੋਕਾਂ ਨੂੰ ਵੀ ਦੇਣਾ ਚਾਹਾਂਗੇ, ਜਿਨ੍ਹਾਂ ਨੇ ਕਈ ਤੰਗੀਆਂ ਸਹਾਰ ਕੇ ਵੀ ਸਰਕਾਰ ਦੇ ਸਾਰੇ ਕਦਮਾਂ ਦਾ ਸਾਥ ਦਿੱਤਾ ਹੈ।

ਇਹੋ ਗੱਲ ਪੰਜਾਬ ਦੇ ਕੇਸ ਵਿਚ ਕਹਿਣੀ ਪੈਂਦੀ ਹੈ। ਮੱਤਭੇਦ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਪਾਰਟੀ ਨਾਲ ਵੀ ਹਰ ਕਿਸੇ ਦੇ ਹੋ ਸਕਦੇ ਹਨ, ਪਰ ਕਰੋਨਾ ਵਾਇਰਸ ਦੇ ਕਹਿਰ ਤੋਂ ਬਚਾਉਣ ਵਿਚ ਰਾਜ ਸਰਕਾਰ ਦੀ ਭੂਮਿਕਾ ਅਤੇ ਪੰਜਾਬ ਦੇ ਲੋਕਾਂ ਦਾ ਸਹਿਯੋਗ ਵੀ ਸਿੱਟੇ ਕੱਢਣ ਵਾਲਾ ਰਿਹਾ ਹੈ। ਜਿਵੇਂ ਦੇਸ਼ ਦੇ ਮਾਮਲੇ ਵਿਚ ਸਭ ਤੋਂ ਵੱਧ ਪ੍ਰਭਾਵਤ ਦੇਸ਼ ਅਮਰੀਕਾ ਨਾਲ ਤੁਲਨਾ ਕੀਤਿਆਂ ਸਮੁੱਚਾ ਨਕਸ਼ਾ ਸਾਫ ਹੁੰਦਾ ਹੈ, ਇਵੇਂ ਹੀ ਭਾਰਤ ਵਿਚ ਸਭ ਤੋਂ ਵੱਧ ਪ੍ਰਭਾਵਤ ਰਾਜ ਮਹਾਰਾਸ਼ਟਰ ਨਾਲ ਪੰਜਾਬ ਦੀ ਤੁਲਨਾ ਕੀਤੀ ਤਾਂ ਗੱਲ ਸਮਝ ਪੈਂਦੀ ਹੈ। ਮਹਾਰਾਸ਼ਟਰ ਵਿਚ ਪਹਿਲੀ ਮੌਤ 17 ਮਾਰਚ ਨੂੰ ਹੋਈ ਸੀ ਅਤੇ ਇਸ ਤੋਂ ਇੱਕ ਦਿਨ ਬਾਅਦ ਨਵਾਂ ਸ਼ਹਿਰ ਜ਼ਿਲੇ ਦੇ ਪਿੰਡ ਪਠਲਾਵਾ ਦੇ ਗਿਆਨੀ ਬਲਦੇਵ ਸਿੰਘ ਦੀ ਮੌਤ ਪੰਜਾਬ ਵਿਚ ਪਹਿਲੀ ਸੀ। ਸਾਫ ਹੈ ਕਿ ਦੋਹਾਂ ਰਾਜਾਂ ਨੂੰ ਇਕੱਠੀ ਮਾਰ ਪੈਣੀ ਸ਼ੁਰੂ ਹੋਈ, ਪਰ ਮਹਾਰਾਸ਼ਟਰ ਵਿਚ ਅੱਜ ਤੱਕ ਪੌਣੇ ਪੰਜ ਸੌ ਮੌਤਾਂ ਹੋ ਚੁੱਕੀਆਂ ਹਨ, ਪਰ ਪੰਜਾਬ ਵਿਚ ਇਸ ਵੇਲੇ ਤੱਕ ਵੀਹ ਮੌਤਾਂ ਤੋਂ ਮਾਰ ਅੱਗੇ ਨਹੀਂ ਵਧ ਸਕੀ। ਪਹਿਲੀ ਪਠਲਾਵੇ ਵਾਲੀ ਮੌਤ ਹੋਣ ਪਿੱਛੋਂ ਸਾਰੇ ਰਾਜ ਦੇ ਲੋਕਾਂ ਨੂੰ ਇਸ ਗੱਲ ਨਾਲ ਚਿੰਤਾ ਹੋ ਗਈ ਕਿ ਉਸ ਦੇ ਘਰ ਦੇ ਕੁਝ ਲੋਕ ਵੀ ਇਸ ਬਿਮਾਰੀ ਤੋਂ ਪ੍ਰਭਾਵਤ ਨਿਕਲੇ ਸਨ ਤੇ ਨਾਲ ਦੇ ਜ਼ਿਲੇ ਹੁਸ਼ਿਆਰਪੁਰ ਦੇ ਕੁਝ ਪਿੰਡਾਂ ਦੇ ਲੋਕਾਂ ਤੱਕ ਵੀ ਮਾਰ ਪਹੁੰਚੀ ਦੱਸੀ ਜਾਂਦੀ ਸੀ। ਬਾਅਦ ਵਿਚ ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਜ਼ਿਲਿਆਂ ਵੱਲ ਸਾਰੀ ਤਾਕਤ ਝੋਕ ਕੇ ਇਸ ਤਰ੍ਹਾਂ ਕੰਮ ਕੀਤਾ ਗਿਆ ਕਿ ਉਨ੍ਹਾਂ ਵਿਚ ਬਿਮਾਰੀ ਅੱਗੇ ਨਹੀਂ ਵਧਣ ਦਿੱਤੀ ਗਈ ਤੇ ਜਿੰਨੇ ਬਾਕੀ ਜ਼ਿਲਿਆਂ ਵਿਚ ਇਸ ਦੀ ਲਾਗ ਪਹੁੰਚੀ ਸੀ, ਉਥੇ ਵੀ ਇਨ੍ਹਾਂ ਦੋ ਜ਼ਿਲਿਆਂ ਦਾ ਤਜਰਬਾ ਕੰਮ ਆਇਆ ਸੀ। ਚਿੰਤਾ ਤੋਂ ਬਾਹਰ ਅਜੇ ਵੀ ਪੰਜਾਬ ਨਹੀਂ ਕਿਹਾ ਜਾ ਸਕਦਾ, ਪਰ ਦੂਜਿਆਂ ਵਾਲਾ ਮਾੜਾ ਹਾਲ ਨਹੀਂ ਹੋਇਆ।

ਅਸੀਂ ਜਦੋਂ ਇਹ ਕਹਿ ਰਹੇ ਹਾਂ ਕਿ ਭਾਰਤ ਦੀ ਤੇ ਪੰਜਾਬ ਦੀ ਸਰਕਾਰ ਨੇ ਆਹ ਕਦਮ ਠੀਕ ਚੁੱਕੇ ਅਤੇ ਇਨ੍ਹਾਂ ਨਾਲ ਬਚਾਓ ਹੋਇਆ ਹੈ ਤਾਂ ਇਹ ਵੀ ਨਾਲ ਕਹਿੰਦੇ ਹਾਂ ਕਿ ਲੋਕਾਂ ਨੇ ਸਿਆਸੀ ਵਲਗਣਾਂ ਤੋਂ ਉਪਰ ਉਠ ਕੇ ਇਨ੍ਹਾਂ ਕਦਮਾਂ ਲਈ ਕੇਂਦਰ ਅਤੇ ਰਾਜ ਸਰਕਾਰ ਦਾ ਸਾਥ ਦਿੱਤਾ ਹੈ। ਮਾੜੀ ਗੱਲ ਇਹ ਹੋਈ ਹੈ ਕਿ ਅਜਿਹੇ ਮੌਕੇ ਵੀ ਰਾਜਸੀ ਆਗੂ ਆਪਣੀਆਂ ਆਦਤਾਂ ਨਹੀਂ ਸਨ ਛੱਡ ਸਕੇ। ਸਾਨੂੰ ਪਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਦਿਨ ਸਾਰੇ ਲੋਕਾਂ ਨੂੰ ਆਪੋ ਆਪਣੇ ਘਰਾਂ ਦੇ ਦਰਵਾਜ਼ੇ ਅੱਗੇ ਜਾਂ ਛੱਤਾਂ ਤੇ ਬਾਲਕੋਨੀਆਂ ਵਿਚ ਖੜੇ ਕੇ ਤਾੜੀਆਂ ਵਜਾਉਣ ਨੂੰ ਕਿਹਾ ਸੀ। ਜਿਨ੍ਹਾਂ ਨੂੰ ਠੀਕ ਲੱਗਾ, ਉਹ ਲੋਕ ਤਾੜੀਆਂ ਮਾਰਦੇ ਰਹੇ, ਬਾਕੀ ਨਾਲ ਨਹੀਂ ਸਨ ਰਲੇ, ਪਰ ਵਿਰੋਧ ਕਿਸੇ ਨਹੀਂ ਸੀ ਕੀਤਾ। ਫਿਰ ਪ੍ਰਧਾਨ ਮੰਤਰੀ ਨੇ ਕਹਿ ਦਿੱਤਾ ਕਿ ਇੱਕ ਦਿਨ ਸਾਰੇ ਲੋਕ ਘਰਾਂ ਅੱਗੇ ਦੀਵੇ ਜਗਾਉਣ। ਕਈ ਲੋਕ ਇਸ ਲਈ ਵੀ ਤਿਆਰ ਹੋ ਗਏ ਤੇ ਬਾਕੀਆਂ ਨੇ ਨਹੀਂ ਸੀ ਜਗਾਏ, ਪਰ ਵਿਰੋਧ ਕਿਸੇ ਨੇ ਨਹੀਂ ਕੀਤਾ। ਫਿਰ ਪੰਜਾਬ ਦੀ ਸਿਆਸਤ ਨੇ ਨਵਾਂ ਰੰਗ ਵਿਖਾ ਦਿੱਤਾ। ਕੇਂਦਰ ਸਰਕਾਰ ਪੰਜਾਬ ਨਾਲ ਧੱਕਾ ਕਰਦੀ ਹੈ ਅਤੇ ਇਸ ਦੇ ਜੀ. ਐਸ. ਟੀ. ਬਕਾਏ ਦੀ ਚਾਰ ਹਜ਼ਾਰ ਕਰੋੜ ਤੋਂ ਵੱਧ ਦੀ ਰਕਮ ਦੱਬੀ ਬੈਠੀ ਹੈ। ਇਸ ਬਾਰੇ ਰੋਸ ਕੀਤਾ ਜਾਣਾ ਠੀਕ ਸੀ।

ਹੋਇਆ ਇਹ ਕਿ ਪੰਜਾਬ ਕਾਂਗਰਸ ਨੇ ਇਸ ਰੋਸ ਲਈ ਲੋਕਾਂ ਨੂੰ ਘਰਾਂ ਉਤੇ ਤਿਰੰਗੇ ਝੰਡੇ ਝੁਲਾਉਣ ਦਾ ਸੱਦਾ ਦਿੱਤਾ ਤਾਂ ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਪੰਜਾਬ ਸਰਕਾਰ ਦੇ ਵਿਰੁੱਧ ਵਰਤ ਰੱਖਣ ਵਾਸਤੇ ਐਲਾਨ ਕਰ ਦਿੱਤਾ। ਇਸ ਪਿੱਛੋਂ ਵੇਖੋ-ਵੇਖੀ ਆਮ ਆਦਮੀ ਪਾਰਟੀ ਨੇ ਵੀ ਆਪਣਾ ਪ੍ਰੋਗਰਾਮ ਦੇ ਦਿੱਤਾ। ਜਦੋਂ ਪ੍ਰਧਾਨ ਮੰਤਰੀ ਦੇ ਕਹਿਣ ਉਤੇ ਕਿਸੇ ਨੇ ਵਿਰੋਧ ਨਹੀਂ ਸੀ ਕੀਤਾ ਤਾਂ ਪੰਜਾਬ ਵਿਚ ਵੀ ਇਹ ਨੌਬਤ ਨਹੀਂ ਸੀ ਆਉਣੀ ਚਾਹੀਦੀ, ਜਿਸ ਨੇ ਮੰਨਣਾ ਸੀ, ਮੰਨ ਲੈਂਦਾ ਤੇ ਬਾਕੀ ਲੋਕ ਘਰੀਂ ਬੈਠੇ ਰਹਿੰਦੇ, ਪਰ ਇਹ ਨੌਬਤ ਦੋ ਕਾਰਨਾਂ ਕਰ ਕੇ ਆਈ ਹੈ। ਪਹਿਲਾ ਇਹ ਕਿ ਪੰਜਾਬ ਦੇ ਭਾਜਪਾ ਆਗੂਆਂ ਨੂੰ ਜਾਪਦਾ ਸੀ ਕਿ ਇਸ ਤਰ੍ਹਾਂ ਵਿਰੋਧ ਕਰ ਕੇ ਅਸੀਂ ਪਾਰਟੀ ਤੇ ਪ੍ਰਧਾਨ ਮੰਤਰੀ ਦੀ ਨਜ਼ਰ ਵਿਚ ਉਪਰ ਉਠ ਸਕਦੇ ਹਾਂ। ਦੂਜੀ ਗੱਲ, ਕਾਂਗਰਸ ਪਾਰਟੀ ਤੋਂ ਗਲਤੀ ਹੋਈ ਸੀ। ਜਿਹੜਾ ਧੱਕਾ ਉਹ ਪੰਜਾਬ ਨਾਲ ਕਹਿ ਰਹੇ ਹਨ, ਉਹ ਸਿਰਫ ਪੰਜਾਬ ਦੇ ਕਾਂਗਰਸੀਆਂ ਨਾਲ ਨਹੀਂ, ਸਾਰੇ ਰਾਜ ਦੇ ਲੋਕਾਂ ਨਾਲ ਹੋ ਰਿਹਾ ਹੈ, ਇਸ ਲਈ ਅਜਿਹਾ ਰੋਸ ਪ੍ਰਗਟਾਵਾ ਕਰਨ ਦਾ ਐਲਾਨ ਕਾਂਗਰਸ ਪਾਰਟੀ ਵੱਲੋਂ ਨਹੀਂ, ਪੰਜਾਬ ਦੇ ਮੁੱਖ ਮੰਤਰੀ ਵੱਲੋਂ ਹੋਣਾ ਚਾਹੀਦਾ ਸੀ। ਉਹ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਸਭ ਤੋਂ ਵੱਡੀ ਆਮ ਆਦਮੀ ਪਾਰਟੀ ਤੇ ਅਮਲ ਵਿਚ ਅਜੇ ਵੀ ਹੋਰ ਵਿਰੋਧੀ ਧਿਰਾਂ ਤੋਂ ਵੱਡੇ ਜਾਪਦੇ ਅਕਾਲੀ ਦਲ ਦੇ ਆਗੂਆਂ ਨਾਲ ਗੱਲ ਕਰ ਲੈਂਦੇ, ਬਾਕੀ ਪਾਰਟੀਆਂ ਨੂੰ ਵੀ ਭਰੋਸੇ ਵਿਚ ਲੈਣ ਦਾ ਯਤਨ ਕਰਦੇ ਤੇ ਫਿਰ ਇਹੋ ਸੱਦਾ ਜਦੋਂ ਮੁੱਖ ਮੰਤਰੀ ਵੱਲੋਂ ਹੁੰਦਾ ਤਾਂ ਹਮਾਇਤ ਵਿਚ ਝੰਡੇ ਝੁਲਾਏ ਜਾਂਦੇ ਜਾਂ ਨਾ, ਵਿਰੋਧ ਦਾ ਕੋਈ ਕਾਰਨ ਨਹੀਂ ਸੀ ਹੋਣਾ। ਕਰਫਿਊ ਲਾਉਣ ਦਾ ਵਿਰੋਧ ਜਦੋਂ ਆਮ ਆਦਮੀ ਪਾਰਟੀ ਜਾਂ ਅਕਾਲੀ ਦਲ ਤੇ ਭਾਜਪਾ-ਦੋਹਾਂ ਨੇ ਨਹੀਂ ਕੀਤਾ ਤੇ ਸਰਬ ਪਾਰਟੀ ਮੀਟਿੰਗ ਵੇਲੇ ਕਮਿਊਨਿਸਟਾਂ ਸਮੇਤ ਸਾਰੀਆਂ ਧਿਰਾਂ ਨੇ ਵੀ ਸਰਕਾਰ ਦੇ ਕਦਮਾਂ ਦੀ ਹਮਾਇਤ ਕੀਤੀ ਸੀ ਤਾਂ ਇਸ ਕਦਮ ਵੇਲੇ ਵੀ ਉਨ੍ਹਾਂ ਦੀ ਹਮਾਇਤ ਲਈ ਜਾ ਸਕਦੀ ਸੀ। ਕਾਂਗਰਸ ਪਾਰਟੀ ਵੱਲੋਂ ਇਸ ਸੱਦੇ ਨਾਲ ਬੇਲੋੜਾ ਵਿਵਾਦ ਖੜਾ ਹੋ ਗਿਆ ਹੈ।

ਜੋ ਵੀ ਹੋਇਆ ਹੋਵੇ, ਅਸੀਂ ਇੱਕ ਵਾਰ ਫਿਰ ਇਹ ਕਹਾਂਗੇ ਕਿ ਰਾਜਨੀਤੀ ਅਤੇ ਇਸ ਦੇ ਬਖੇੜੇ ਆਪਣੀ ਥਾਂ ਹਨ ਤੇ ਕਰੋਨਾ ਵਾਇਰਸ ਦੀ ਮਹਾਮਾਰੀ ਨਾਲ ਨਜਿੱਠਣ ਦਾ ਮਾਮਲਾ ਵੱਖਰਾ ਹੈ। ਇਸ ਪੱਖੋਂ ਅੱਜ ਤੱਕ ਜਿੰਨਾ ਅਤੇ ਜਿਹੋ ਜਿਹਾ ਵੀ ਕੰਮ ਹੋਇਆ ਹੈ, ਉਹ ਕੇਂਦਰ ਸਰਕਾਰ ਨੇ ਕੀਤਾ ਤਾਂ ਭਾਰਤ ਦਾ ਬਚਾਓ ਹੋਇਆ ਤੇ ਪੰਜਾਬ ਸਰਕਾਰ ਨੇ ਪੰਜਾਬ ਦਾ ਬਚਾਓ ਕੀਤਾ ਹੈ, ਪਰ ਸਭ ਕੁਝ ਕਰ ਕੇ ਇਸ 'ਤੇ ਸਿਆਸਤ ਦਾ ਚੂਰਨ ਨਹੀਂ ਸੀ ਧੂੜਿਆ ਜਾਣਾ ਚਾਹੀਦਾ।

# ਕੇਂਦਰ ਸਰਕਾਰ ਦੀਆਂ ਹੂੜਮਤੀਆਂ

ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ, ਆਸਟ੍ਰੇਲੀਆ
ਫੋਨ: +0061411118801

ਕਰੋਨਾ ਵਾਇਰਸ 'ਤੇ ਜੇ ਨੇੜ ਭਵਿੱਖ ਵਿਚ ਕਾਬੂ ਨਾ ਪਾਇਆ ਗਿਆ ਤਾਂ ਇਸ ਦੇ ਨਤੀਜੇ ਬਹੁਤ ਭਿਆਨਕ ਨਿਕਲ ਸਕਦੇ ਹਨ। ਜਾਨੀ ਨੁਕਸਾਨ ਤਾਂ ਜੋ ਹੋਵੇਗਾ, ਸੋ ਹੋਵੇਗਾ ਹੀ; ਜੋ ਹੋਰ ਨੁਕਸਾਨ ਹੋਣਗੇ, ਉਨ੍ਹਾਂ ਦਾ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ। ਬਹੁਤੇ ਦੇਸ਼ਾਂ ਵਾਂਗ ਭਾਰਤ ਦੀ ਆਰਥਕਤਾ ਬੁਰੀ ਤਰ੍ਹਾਂ ਬਰਬਾਦ ਹੋ ਰਹੀ ਹੈ। ਇਸ ਸਮੇਂ ਕਰੋਨਾ ਇੱਕ ਵੱਡਾ ਸੰਕਟ ਬਣ ਕੇ ਸਾਹਮਣੇ ਆਇਆ ਹੈ, ਜਿਸ ਖਿਲਾਫ ਸਾਰੀ ਦੁਨੀਆਂ ਆਪੋ ਆਪਣੇ ਤਰੀਕਿਆਂ ਨਾਲ ਨਿਪਟ ਰਹੀ ਹੈ।

ਇਸ ਮਾਮਲੇ ਵਿਚ ਲੌਕਡਾਊਨ ਲਾਗੂ ਕਰਨ ਤੋਂ ਬਿਨਾ ਭਾਰਤ ਸਰਕਾਰ ਦੀ ਕੋਈ ਜ਼ਿਕਰਯੋਗ ਪ੍ਰਾਪਤੀ ਨਹੀਂ ਹੈ। ਸਿਹਤ ਅਮਲਾ ਇਸ ਮਹਾਮਾਰੀ ਵਿਰੁੱਧ ਇੱਕ ਤਰ੍ਹਾਂ ਨਾਲ ਖਾਲੀ ਹੱਥੀਂ ਲੜਾਈ ਲੜ ਰਿਹਾ ਹੈ। ਚੀਨ ਤੋਂ ਮੰਗਵਾਇਆ ਸੁਰੱਖਿਆ ਸਾਜ਼ੋ ਸਾਮਾਨ ਸਵਾਲਾਂ ਦੇ ਘੇਰੇ ਵਿਚ ਹੈ। ਹੋਰ ਤਾਂ ਹੋਰ, ਇਸ ਸਾਜ਼ੋ ਸਾਮਾਨ ਦੀ ਖਰੀਦੋ-ਫਰੋਖਤ ਵਿਚੋਂ ਕਮਿਸ਼ਨ ਦੇ ਰੂਪ ਵਿਚ ਰਿਸ਼ਵਤ ਲੈਣ ਦੀਆਂ ਖਬਰਾਂ ਆ ਰਹੀਆਂ ਹਨ। ਅਕਸਰ ਕਿਹਾ ਜਾ ਰਿਹਾ ਹੈ ਕਿ ਭਾਰਤ ਦੇ ਹੱਕ ਵਿਚ ਦੋ ਗੱਲਾਂ ਜਾ ਸਕਦੀਆਂ ਹਨ-ਇੱਕ, ਭਾਰਤੀ ਲੋਕਾਂ ਦੀ ਸਖਤ ਜੀਵਨ ਸ਼ੈਲੀ ਦੇ ਕਾਰਨ ਉਨ੍ਹਾਂ ਦੀ ਸੁਰੱਖਿਆ ਪ੍ਰਣਾਲੀ ਮਜਬੂਤ ਮੰਨੀ ਜਾਂਦੀ ਹੈ; ਦੂਜੀ, ਭਾਰਤ ਵਿਚ ਗਰਮੀਆਂ ਸ਼ੁਰੂ ਹੋ ਜਾਣ ਕਾਰਨ ਇਹ ਰੁੱਤ ਕਰੋਨਾ ਖਿਲਾਫ ਲੜਾਈ ਲਈ ਅਨੁਕੂਲ ਹੋ ਸਕਦੀ ਹੈ। ਸ਼ਾਇਦ ਇਸੇ ਕਰ ਕੇ ਅਜੇ ਤੱਕ ਕਿਸੇ ਹੱਦ ਤੱਕ ਬਚਾਓ ਹੋ ਰਿਹਾ ਹੈ, ਨਹੀਂ ਤਾਂ ਭਾਰਤ ਸਰਕਾਰ ਦੀਆਂ ਸਰਗਰਮੀਆਂ ਤਾਂ ਬਹੁਤ ਹਲਕੇ ਪੱਧਰ ਦੀਆਂ ਹਨ।

ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਵਲੋਂ ਰਾਤ ਨੂੰ 9 ਵਜੇ ਦੇਸ਼ ਵਾਸੀਆਂ ਨੂੰ 15 ਮਿੰਟ ਲਈ ਥਾਲੀਆਂ ਖੜਕਾਉਣ ਅਤੇ ਤਾਲੀਆਂ ਵਜਾਉਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਬਹੁਤ ਸਾਰੇ ਲੋਕਾਂ ਨੇ ਸਰੀਰਕ ਦੂਰੀ ਦੀਆਂ ਹਦਾਇਤਾਂ ਨੂੰ ਦਰ ਕਿਨਾਰ ਕਰਕੇ ਸੜਕਾਂ ਤੇ ਗਲੀਆਂ ਵਿਚ ਆ ਕੇ ਪੂਰੀ ਤਰ੍ਹਾਂ ਹੁੜਦੰਗ ਮਚਾਇਆ। ਇਸ ਦਾ ਫਾਇਦਾ ਤਾਂ ਕੀ ਹੋਣਾ ਸੀ, ਉਲਟਾ ਨੁਕਸਾਨ ਹੋਇਆ। ਇਸ ਤੋਂ ਦੋ ਕੁ ਹਫਤੇ ਪਿਛੋਂ ਲਾਈਟਾਂ ਬੰਦ ਕਰਕੇ ਦੀਵੇ ਅਤੇ ਮੋਮਬੱਤੀਆਂ ਜਗਾਉਣ ਦਾ ਸੱਦਾ ਦਿੱਤਾ ਗਿਆ। ਇਨ੍ਹਾਂ ਦੋਹਾਂ ਕਾਰਵਾਈਆਂ ਦਾ ਕੀ ਫਾਇਦਾ ਹੋਇਆ, ਕੁਝ ਨਹੀਂ ਕਿਹਾ ਜਾ ਸਕਦਾ। ਇੰਨਾ ਜਰੂਰ ਦਾਅਵਾ ਕੀਤਾ ਜਾ ਸਕਦਾ ਹੈ ਕਿ ਇਹ ਕਰੋਨਾ ਨਾਲ ਲੜਨ ਵਾਲੇ ਯੋਧਿਆਂ ਨੂੰ ਉਤਸ਼ਾਹਿਤ ਕਰਨ ਦਾ ਢੁਕਵਾਂ ਤਰੀਕਾ ਨਹੀਂ ਸੀ। ਇਸ ਦੀ ਥਾਂ ਉਨ੍ਹਾਂ ਨੂੰ ਥੋੜ੍ਹਾ ਬਹੁਤ ਰਿਸਕ ਭੱਤਾ ਦਿੱਤਾ ਜਾਂਦਾ ਤਾਂ ਸਹੀ ਹੋਣਾ ਸੀ।

ਭਾਜਪਾ ਆਗੂਆਂ ਅਤੇ ਉਸ ਦੇ ਸਮਰਥਕਾਂ ਨੇ ਇਸ ਵਾਇਰਸ ਨੂੰ ਘੱਟ ਗਿਣਤੀ ਨਾਲ ਜੋੜਨ ਵਿਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਦੀ ਇਸ ਗੈਰ-ਜ਼ਿੰਮੇਵਾਰਾਨਾ ਅਤੇ ਸੈਕੂਲਰ ਵਿਰੋਧੀ ਹਰਕਤ ਨਾਲ ਵਿਸ਼ਵ ਪੱਧਰ 'ਤੇ ਭਾਰਤ ਸਰਕਾਰ ਦੀ ਕਿਰਕਿਰੀ ਹੋਈ ਹੈ। ਇੱਕ ਪਾਸੇ ਤਾਂ ਪ੍ਰਧਾਨ ਮੰਤਰੀ ਵਲੋਂ ਕਰੋਨਾ ਨਾਲ ਨਜਿੱਠਣ ਲਈ ਲੋਕਾਂ ਨੂੰ ਆਰਥਕ ਮਦਦ ਦੀ ਅਪੀਲ ਕੀਤੀ ਜਾ ਰਹੀ ਹੈ, ਦੂਜੇ ਪਾਸੇ ਦਿੱਲੀ ਵਿਚ ਸ਼ਾਨਦਾਰ ਸੰਸਦ ਭਵਨ ਦੇ ਹੁੰਦਿਆਂ 20 ਹਜ਼ਾਰ ਕਰੋੜ ਰੁਪਏ ਖਰਚ ਕੇ ਨਵਾਂ ਸੰਸਦ ਭਵਨ ਬਣਾਉਣ ਅਤੇ ਰਾਜ ਮਾਰਗ ਦਾ ਨਵ ਨਿਰਮਾਣ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਨਵੇਂ ਸੰਸਦ ਭਵਨ ਦਾ ਨਿਰਮਾਣ ਰੋਕਣ ਲਈ ਸੁਪਰੀਮ ਕੋਰਟ ਵਿਚ ਕੀਤੀ ਗਈ ਅਪੀਲ 'ਤੇ ਸੁਪਰੀਮ ਕੋਰਟ ਨੇ ਹਾਲ ਦੀ ਘੜੀ ਦਖਲ ਦੇਣ ਤੋਂ ਨਾਂਹ ਕਰ ਦਿੱਤੀ ਹੈ। ਕੇਂਦਰ ਸਰਕਾਰ ਭਵਨ ਬਣਾਉਣ ਲਈ ਬਜ਼ਿੱਦ ਹੈ। ਦੇਸ਼ ਦੀ ਮੰਦੀ ਆਰਥਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਰਕਾਰ ਨੇ ਸੰਸਦਾਂ ਨੂੰ ਵਿਕਾਸ ਕਾਰਜਾਂ ਲਈ ਦਿੱਤੀ ਜਾਣ ਵਾਲੀ ਰਕਮ 'ਤੇ 2 ਸਾਲ ਲਈ ਰੋਕ ਲਾ ਦਿੱਤੀ ਹੈ। ਚੁਣੇ ਹੋਏ ਪ੍ਰਤੀਨਿਧਾਂ ਦੀਆਂ ਤਨਖਾਹਾਂ ਵਿਚ 30 ਪ੍ਰਤੀਸ਼ਤ ਦੀ ਕਟੌਤੀ ਕੀਤੀ ਜਾ ਰਹੀ ਹੈ। ਸਰਕਾਰੀ ਮੁਲਾਜ਼ਮਾਂ ਦਾ ਮਹਿੰਗਾਈ ਭੱਤਾ ਅਤੇ ਬਕਾਇਆ ਜਾਮ ਕਰਨ ਦੀ ਨੌਬਤ ਆ ਗਈ ਹੈ। ਕਰੋੜਾਂ ਲੋਕਾਂ ਦੇ ਰੁਜ਼ਗਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਕਾਰਨ ਉਨ੍ਹਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੋ ਰਹੀ। ਜੇ ਇਸ ਮਹਾਮਾਰੀ 'ਤੇ ਕਾਬੂ ਨਾ ਪਾਇਆ ਗਿਆ ਤਾਂ ਦੇਸ਼ ਅੰਦਰ ਭੁੱਖਮਰੀ ਅਤੇ ਕਾਲ ਪੈ ਜਾਣ ਜਿਹੀ ਹਾਲਤ ਪੈਦਾ ਹੋਣ ਦਾ ਖਦਸ਼ਾ ਹੈ।

ਸਤਿਆ ਹਿੰਦੀ ਡਾਟ ਕਾਮ ਦੇ ਐਡੀਟਰ ਆਸ਼ੂਤੋਸ਼ ਨੇ ਵਿਸ਼ਵ ਦੇ ਮੰਨੇ ਪ੍ਰਮੰਨੇ ਮਾਹਿਰਾਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਭਾਰਤ ਵਿਚ ਲੌਕਡਾਊਨ ਖੋਲ੍ਹਣ ਲਈ ਹਰ ਰੋਜ਼ 5 ਲੱਖ ਕਰੋਨਾ ਟੈਸਟ ਕਰਨ ਦੀ ਸਮਰਥਾ ਹੋਣੀ ਚਾਹੀਦੀ ਹੈ। ਉਨ੍ਹਾਂ ਦੇ ਦੱਸਣ ਅਨੁਸਾਰ ਭਾਰਤ ਅਜੇ ਕਰੀਬ 20 ਹਜ਼ਾਰ ਟੈਸਟ ਰੋਜ਼ਾਨਾ ਕਰਨ ਦੀ ਹਾਲਤ ਵਿਚ ਹੈ। ਕਰੋਨਾ ਨਾਲ ਨਿਪਟਣ ਲਈ ਬੇਹੱਦ ਕਮਜ਼ੋਰ ਇਨਫਰਾਸਟ੍ਰਕਚਰ ਦੇ ਬਾਵਜੂਦ ਬਿਨਾ ਕਿਸੇ ਲੋੜ ਦੇ 20 ਹਜ਼ਾਰ ਕਰੋੜ ਰੁਪਏ ਖਰਚਣ ਦਾ ਫੈਸਲਾ ਅਕਲਮੰਦੀ ਨਹੀਂ ਹੈ। ਇੱਕ ਮੋਟੇ ਅੰਦਾਜ਼ੇ ਅਨੁਸਾਰ ਇਸ ਰਕਮ ਨਾਲ ਕਰੀਬ 10 ਲੱਖ ਵੈਂਟੀਲੇਟਰ ਖਰੀਦੇ ਜਾ ਸਕਦੇ ਹਨ ਜਾਂ ਇਸ ਰਕਮ ਨਾਲ 10 ਤੋਂ 15 ਤੱਕ ਮੈਡੀਕਲ ਕਾਲਜਾਂ ਦਾ ਨਿਰਮਾਣ ਕੀਤਾ ਜਾ ਸਕਦਾ ਹੈ।

ਸਾਹਿਰ ਲੁਧਿਆਣਵੀ ਦਾ ਸ਼ੇਅਰ ਹੈ, "ਏਕ ਸ਼ਹਿਨਸ਼ਾਹ ਨੇ ਬਨਾ ਕਰ ਹਸੀਂ ਤਾਜਮਹਿਲ, ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ।" ਇਸ ਸ਼ੇਅਰ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਨਰਿੰਦਰ ਮੋਦੀ ਦੀ ਮਾਨਸਿਕਤਾ ਕਿਤੇ ਇਹ ਤਾਂ ਨਹੀਂ ਕਿ ਐਸੀ ਸੰਸਦੀ ਇਮਾਰਤ ਬਣਾਈ ਜਾਵੇ ਕਿ ਲੋਕ ਦੋ-ਤਿੰਨ ਸੌ ਸਾਲ ਬਾਅਦ ਸ਼ਾਹਜਹਾਨ ਵਾਂਗ ਉਸ ਨੂੰ ਵੀ ਯਾਦ ਕਰਨ? ਜੇ ਅਜਿਹਾ ਹੈ ਤਾਂ ਦੇਸ਼ ਵਾਸੀਆਂ ਨਾਲ ਇਸ ਤੋਂ ਘਟੀਆ ਮਜ਼ਾਕ ਹੋਰ ਕੋਈ ਨਹੀਂ ਹੋ ਸਕਦਾ। ਇਸ ਮਹਾਮਾਰੀ ਕਾਰਨ ਦੇਸ਼ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ, ਪਰ ਮੋਦੀ ਸਰਕਾਰ ਲੋਕਾਂ ਦੇ ਜ਼ਖਮਾਂ 'ਤੇ ਲੂਣ ਛਿੜਕ ਰਹੀ ਹੈ।

ਹਾਲ ਹੀ ਵਿਚ ਅੰਗਰੇਜ਼ੀ ਅਖਬਾਰ 'ਦਾ ਟ੍ਰਿਬਿਊਨ' ਦੇ ਮੁੱਖ ਪੰਨੇ 'ਤੇ ਚੀਫ ਆਫ ਡਿਫੈਂਸ ਸਟਾਫ ਬਿਪਨ ਰਾਵਤ ਦੇ ਹਵਾਲੇ ਨਾਲ ਖਬਰ ਛਪੀ ਹੈ ਕਿ ਸ੍ਰੀਨਗਰ ਤੋਂ ਤ੍ਰਿਵੇਂਦਰਮ ਤਕ ਫਲਾਈ ਪਾਸਟ ਦਾ ਆਯੋਜਨ ਕੀਤਾ ਜਾਵੇਗਾ। ਇਸ ਦੌਰਾਨ ਹਵਾਈ ਸੈਨਾ ਦੇ ਜਹਾਜ਼ ਸਿਹਤ ਅਮਲੇ ਦੀ ਹੌਸਲਾ ਅਫਜ਼ਾਈ ਲਈ ਫੁੱਲਾਂ ਦੀ ਵਰਖਾ ਕਰਨਗੇ ਅਤੇ ਫੌਜੀ ਬੈਂਡ ਵਜਾਏ ਜਾਣਗੇ। ਇਸ ਕਵਾਇਦ 'ਤੇ ਜ਼ਿਆਦਾ ਨਹੀਂ ਤਾਂ ਕਰੋੜਾਂ ਰੁਪਏ ਤਾਂ ਖਰਚ ਹੋਣਗੇ ਹੀ। ਕੀ ਇਹ ਪੈਸੇ ਦੀ ਬਰਬਾਦੀ ਨਹੀਂ? ਇੱਕ ਪਾਸੇ ਪੈਸਾ ਪੈਸਾ ਬਚਾਉਣ ਦਾ ਦਿਖਾਵਾ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਪੈਸੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਜੇ ਇਹ ਮਸ਼ਕ ਅਮਰੀਕਾ ਦੀ ਰੀਸੋ ਰੀਸੀ ਕੀਤੀ ਜਾ ਰਹੀ ਹੈ ਤਾਂ ਇਸ ਨੂੰ ਅੱਡੀਆਂ ਚੁੱਕ ਕੇ ਫਾਹਾ ਲੈਣ ਵਾਲੀ ਗੱਲ ਕਿਹਾ ਜਾਵੇਗਾ।

ਭਾਰਤ ਅਤੇ ਅਮਰੀਕਾ ਦੀ ਆਰਥਕਤਾ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਕੇਂਦਰ ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜ਼ਮੀਨੀ ਹਕੀਕਤਾਂ ਤੋਂ ਬਾਹਰ ਜਾ ਕੇ ਇਸ ਮਹਾਮਾਰੀ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ।

ਪੰਜਾਬ ਟਾਈਮਜ਼

*ਸਨਿਚਰਵਾਰ, 9 ਮਈ 2020*

# ਸੰਕਟ ਅਤੇ ਸਰਕਾਰਾਂ

ਇਹ ਮੰਨਿਆ-ਪ੍ਰਮੰਨਿਆ ਤੱਥ ਹੈ ਕਿ ਸੰਕਟ ਨੂੰ ਸਰਕਾਰਾਂ ਸਦਾ ਆਪਣੇ ਸੌੜੇ ਮੁਫਾਦ ਲਈ ਵਰਤਦੀਆਂ ਹਨ। ਜਦੋਂ ਤੋਂ ਸੰਸਾਰ ਭਰ ਵਿਚ ਕਰੋਨਾ ਵਾਇਰਸ ਦਾ ਸੰਕਟ ਅਰੰਭ ਹੋਇਆ ਹੈ, ਸੰਸਾਰ ਦੇ ਚੋਟੀ ਦੇ ਵਿਦਵਾਨ ਵਾਰ-ਵਾਰ ਯਾਦ ਕਰਵਾ ਰਹੇ ਹਨ ਕਿ ਇਸ ਸੰਕਟ ਦੇ ਬਹਾਨੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਲੋਕਾਂ ਦੇ ਹੱਕਾਂ, ਸੁਖ-ਸਹੂਲਤਾਂ ਉਤੇ ਡਾਕਾ ਮਾਰ ਸਕਦੀਆਂ ਹਨ। ਇਨ੍ਹਾਂ ਵਿਦਵਾਨਾਂ ਦੇ ਇਹ ਖਦਸ਼ੇ ਸੱਚ ਹੀ ਹੋ ਰਹੇ ਹਨ। ਭਾਰਤ ਸਮੇਤ ਬਹੁਤ ਸਾਰੇ ਮੁਲਕਾਂ ਦੀਆਂ ਸਰਕਾਰਾਂ ਨੇ ਆਪੋ-ਆਪਣੇ ਮੁਲਾਜ਼ਮਾਂ ਦੇ ਭੱਤੇ ਵਗੈਰਾ ਰੋਕ ਲਏ ਹਨ। ਪ੍ਰਾਈਵੇਟ ਅਦਾਰੇ ਤਾਂ ਇਸ ਕਾਰਜ ਲਈ ਪਹਿਲਾਂ ਹੀ ਤਿਆਰ ਬੈਠੇ ਸਨ। ਮੁਲਾਜ਼ਮਾਂ ਦੀ ਛਾਂਟੀ ਕੀਤੀ ਜਾ ਰਹੀ ਹੈ। ਆਉਣ ਵਾਲੇ ਦਿਨਾਂ ਦੌਰਾਨ ਜਦੋਂ ਆਰਥਕਤਾ ਦਾ ਇਹ ਸੰਕਟ ਹੋਰ ਵਧੇਗਾ ਤਾਂ ਲੋਕਾਂ ਦੀਆਂ ਮੁਸੀਬਤਾਂ ਹੋਰ ਵਧਣ ਦੇ ਖਦਸ਼ੇ ਪ੍ਰਗਟਾਏ ਜਾ ਰਹੇ ਹਨ। ਆਰਥਕ ਮਾਹਿਰਾਂ ਨੇ ਕਰੋਨਾ ਕਾਰਨ ਪੈਦਾ ਹੋਏ ਆਰਥਕ ਸੰਕਟ ਨੂੰ 1929 ਵਾਲੀ ਮਹਾਮੰਦੀ ਤੋਂ ਵੀ ਵੱਡਾ ਕਰਾਰ ਦਿੱਤਾ ਹੈ। ਸਿਤਮਜ਼ਰੀਫੀ ਤਾਂ ਇਹ ਵੀ ਹੈ ਕਿ ਵੱਖ-ਵੱਖ ਸਰਕਾਰਾਂ ਇਸ ਸੰਕਟ ਨਾਲ ਨਜਿੱਠਣ ਲਈ ਸੰਜੀਦਾ ਵੀ ਨਹੀਂ ਹਨ। ਇਸ ਸੰਕਟ ਦਾ ਹੱਲ ਕੱਢਣ ਦੀ ਥਾਂ ਸਾਰਾ ਕੁਝ ਆਮ ਜਨਤਾ ਉਤੇ ਸੁਟਿਆ ਜਾ ਰਿਹਾ ਹੈ। ਅਮਰੀਕਾ ਵਿਚ ਤਾਂ ਕਈ ਲੀਡਰਾਂ ਦੇ ਅਜਿਹੇ ਬਿਆਨ ਵੀ ਆਏ ਹਨ, ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਹੁਣ ਬਜ਼ੁਰਗਾਂ ਨੂੰ ਮਰ ਲੈਣ ਦੇਣਾ ਚਾਹੀਦਾ ਹੈ, ਭਾਵ ਉਹ ਕਾਰੋਬਾਰ 'ਤੇ ਕੋਈ ਅਸਰ ਨਹੀਂ ਪੈਣ ਦੇਣਾ ਚਾਹੁੰਦੇ, ਜਾਨਾਂ ਭਾਵੇਂ ਜਿੰਨੀਆਂ ਮਰਜ਼ੀ ਚਲੀਆਂ ਜਾਣ।

ਭਾਰਤ ਵਿਚ ਤਾਂ ਹਾਲਾਤ ਹੋਰ ਵੀ ਬਦਤਰ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿਨਾ ਕੋਈ ਖਾਸ ਇੰਤਜ਼ਾਮ ਕੀਤਿਆਂ ਸਮੁੱਚੇ ਮੁਲਕ ਵਿਚ ਲੌਕਡਾਊਨ (ਤਾਲਾਬੰਦੀ) ਦਾ ਐਲਾਨ ਕਰ ਦਿੱਤਾ। ਲੋਕਾਂ ਨੂੰ ਸੰਭਲਣ ਦਾ ਮੌਕਾ ਵੀ ਨਹੀਂ ਦਿੱਤਾ ਗਿਆ। ਜਿਹੜੇ ਲੋਕ ਜਿਥੇ-ਜਿਥੇ ਬੈਠੇ ਸਨ, ਉਥੇ ਹੀ ਫਸ ਕੇ ਰਹਿ ਗਏ। ਫਿਰ ਜਦੋਂ ਕਾਰੋਬਾਰ ਇਕਦਮ ਬੰਦ ਹੋਏ ਤਾਂ ਕਾਮੇ ਵੀ ਵਿਹਲੇ ਹੋ ਗਏ। ਰੋਜ਼ ਕਮਾ ਕੇ ਖਾਣ ਵਾਲਿਆਂ ਲਈ ਅੰਨ-ਪਾਣੀ ਦਾ ਸੰਕਟ ਆ ਗਿਆ ਅਤੇ ਉਹ ਸ਼ਹਿਰ ਦੀਆਂ ਜੂਹਾਂ, ਜਿਥੇ ਉਹ ਕੰਮ ਕਰਨ ਆਏ ਸਨ, ਛੱਡ ਕੇ ਆਪੋ-ਆਪਣੇ ਘਰਾਂ ਨੂੰ ਪਰਤਣ ਲੱਗ ਪਏ। ਸਰਕਾਰ ਨੇ ਉਸ ਵਕਤ ਇਨ੍ਹਾਂ ਨੂੰ ਇਨ੍ਹਾਂ ਦੇ ਘਰੀਂ ਪਹੁੰਚਾਉਣ ਲਈ ਪ੍ਰਬੰਧ ਤਾਂ ਕੀ ਕਰਨਾ ਸੀ, ਉਨ੍ਹਾਂ ਲਈ ਅੜਿੱਕੇ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ। ਇਕ ਰਾਜ ਤੋਂ ਦੂਜੇ ਰਾਜ ਅੰਦਰ ਦਾਖਲ ਹੋਣ 'ਤੇ ਵੀ ਪਾਬੰਦੀ ਲੱਗ ਗਈ। ਸਰਕਾਰ ਨੂੰ ਲਗਦਾ ਸੀ ਕਿ ਮੁਕੰਮਲ ਲੌਕਡਾਊਨ ਨਾਲ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ, ਪਰ ਸਰਕਾਰ ਦੇ ਮਾੜੇ ਪ੍ਰਬੰਧਾਂ ਕਾਰਨ ਇਸ ਤਰ੍ਹਾਂ ਸੰਭਵ ਨਾ ਹੋ ਸਕਿਆ। ਹੁਣ ਹਾਲਾਤ ਇਹ ਹਨ ਕਿ ਸਰਕਾਰ ਲੌਕਡਾਊਨ ਦੇ ਮਾਮਲੇ ਵਿਚ ਆਪਣੇ-ਆਪ ਨੂੰ ਫਸੀ ਹੋਈ ਮਹਿਸੂਸ ਕਰ ਰਹੀ ਹੈ ਅਤੇ ਲੌਕਡਾਊਨ ਖੋਲ੍ਹਣ ਦੇ ਬਹਾਨੇ ਲੱਭ ਰਹੀ ਹੈ। ਜਾਹਰ ਹੈ ਕਿ ਜਦੋਂ ਕਰੋਨਾ ਦੇ ਕੇਸ ਗਿਣਤੀ ਦੇ ਹੀ ਆ ਰਹੇ ਸਨ, ਉਦੋਂ ਤਾਂ ਲੌਕਡਾਊਨ ਕਰ ਕੇ ਸਭ ਕੁਝ ਬੰਦ ਕਰ ਦਿੱਤਾ ਗਿਆ, ਹੁਣ ਜਦੋਂ ਕੇਸਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ ਤਾਂ ਸਰਕਾਰ ਛੋਟਾਂ ਦੇਣ ਲੱਗ ਪਈ ਹੈ। ਇਸੇ ਤਰ੍ਹਾਂ ਕਾਮਿਆਂ ਦਾ ਮਸਲਾ ਹੈ। ਜਦੋਂ ਉਨ੍ਹਾਂ ਨੂੰ ਘਰੋ-ਘਰੀ ਪਹੁੰਚਾਉਣਾ ਸੀ ਤਾਂ ਕੋਈ ਪ੍ਰਬੰਧ ਨਹੀਂ ਕੀਤਾ, ਪਰ ਹੁਣ ਜਦੋਂ ਲੌਕਡਾਊਨ ਹੌਲੀ-ਹੌਲੀ ਖੁੱਲ੍ਹਣ ਕਾਰਨ ਇਨ੍ਹਾਂ ਦੀ ਲੋੜ ਪੈਣੀ ਹੈ ਤਾਂ ਇਨ੍ਹਾਂ ਨੂੰ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਘਰੋ-ਘਰੀ ਭੇਜਣਾ ਸ਼ੁਰੂ ਕਰ ਦਿੱਤਾ ਗਿਆ ਹੈ। ਅਸਲ ਵਿਚ, ਮੁੱਢ ਤੋਂ ਲੈ ਕੇ ਸਰਕਾਰ ਦਾ ਇਕ ਵੀ ਫੈਸਲਾ ਸਪਸ਼ਟ ਨਹੀਂ ਸੀ। ਆਮ ਕਾਰੋਬਾਰ ਤਬਾਹ ਹੋ ਗਏ, ਪਰ ਸਰਕਾਰ ਦੇ ਕੰਨ ਉਤੇ ਜੂੰ ਤਕ ਨਹੀਂ ਸਰਕੀ। ਕਰੋਨਾ ਨਾਲ ਜੁੜੇ ਸਾਰੇ ਮਾਮਲਿਆਂ 'ਤੇ ਸਰਕਾਰ ਦੀ ਨਾਲਾਇਕੀ ਜੱਗ ਜਾਹਰ ਹੋਈ ਹੈ।

ਇਸ ਮਾਮਲੇ 'ਤੇ ਪੰਜਾਬ ਵਿਚ ਵੀ 'ਸਭ ਅੱਛਾ' ਨਹੀਂ ਹੈ। ਕੇਂਦਰ ਸਰਕਾਰ ਨੇ ਤਾਂ ਲੌਕਡਾਊਨ ਦਾ ਐਲਾਨ ਕੀਤਾ ਸੀ, ਪਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਨੇ ਤਾਂ ਪੈਂਦੀ ਸੱਟੇ ਕਰਫਿਊ ਦਾ ਐਲਾਨ ਕਰ ਦਿੱਤਾ। ਕਰਫਿਊ ਦੇ ਸ਼ੁਰੂਆਤੀ ਦਿਨਾਂ ਦੌਰਾਨ ਪੰਜਾਬ ਪੁਲਿਸ ਨੇ ਜਿਸ ਤਰ੍ਹਾਂ ਲੋਕਾਂ ਨੂੰ ਝੰਬਿਆ, ਉਸ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ। ਮੀਡੀਆ ਅਤੇ ਸੋਸ਼ਲ ਮੀਡੀਆ ਉਤੇ ਇਸ ਮਸਲੇ 'ਤੇ ਇੰਨੀ ਜ਼ਿਆਦਾ ਬਦਨਾਮੀ ਹੋਈ ਕਿ ਸਰਕਾਰ ਨੂੰ ਖੜ੍ਹੇ ਪੈਰ ਹਦਾਇਤਾਂ ਜਾਰੀ ਕਰਨੀਆਂ ਪਈਆਂ। ਸਰਕਾਰ ਦੀ ਬਦਇੰਤਜ਼ਾਮੀ ਇੰਨੀ ਜ਼ਿਆਦਾ ਸੀ ਕਿ ਸੂਬੇ ਵਿਚ ਆਮ ਮਰੀਜ਼ ਰੁਲਣੇ ਸ਼ੁਰੂ ਹੋ ਗਏ। ਇਕ ਤਾਂ ਸਰਕਾਰੀ ਹਸਪਤਾਲਾਂ ਅੰਦਰ ਲੋੜੀਂਦੀਆਂ ਸਹੂਲਤਾਂ ਹੀ ਨਹੀਂ ਸਨ; ਦੂਜੇ, ਪ੍ਰਾਈਵੇਟ ਹਸਪਤਾਲਾਂ ਨੇ ਮਨੁੱਖਤਾ ਨੂੰ ਦਰਕਿਨਾਰ ਕਰਦਿਆਂ ਮਰੀਜ਼ਾਂ ਲਈ ਆਪਣੇ ਬੂਹੇ ਹੀ ਭੇੜ ਲਏ। ਜਦੋਂ ਸਰਕਾਰੀ ਹਦਾਇਤਾਂ ਜਾਰੀ ਹੋਣ ਦੇ ਬਾਵਜੂਦ ਕੋਈ ਫਰਕ ਨਾ ਪਿਆ ਤਾਂ ਸਰਕਾਰ ਨੂੰ ਇਹ ਚਿਤਾਵਨੀ ਦੇਣੀ ਪਈ ਕਿ ਜਿਹੜੇ ਪ੍ਰਾਈਵੇਟ ਹਸਪਤਾਲ ਮਰੀਜ਼ਾਂ ਦੇ ਇਲਾਜ ਤੋਂ ਨਾਂਹ ਕਰਨਗੇ, ਉਨ੍ਹਾਂ ਦਾ ਲਾਈਸੈਂਸ ਰੱਦ ਵੀ ਕੀਤਾ ਜਾ ਸਕਦਾ ਹੈ। ਉਂਜ, ਸਰਕਾਰ ਦੀ ਇਸ ਚਿਤਾਵਨੀ ਦਾ ਵੀ ਕਿਤੇ ਕੋਈ ਅਸਰ ਨਹੀਂ ਹੋਇਆ ਅਤੇ ਇਹ ਪ੍ਰਾਈਵੇਟ ਅਦਾਰੇ ਮਨਮਰਜ਼ੀ ਕਰ ਰਹੇ ਹਨ। ਦਰਅਸਲ, ਅਜਿਹੇ ਸੰਕਟ ਸਰਕਾਰ ਦੇ ਦਖਲ ਤੋਂ ਬਿਨਾ ਨਜਿੱਠਣੇ ਸੰਭਵ ਹੀ ਨਹੀਂ ਹੁੰਦੇ। ਲੋਕਾਂ ਅਤੇ ਆਮ ਸੰਸਥਾਵਾਂ ਨੇ ਇਸ ਪਾਸੇ ਤਰੱਦਦ ਤਾਂ ਕੀਤਾ, ਪਰ ਇਹ ਤਰੱਦਦ ਲੋਕਾਂ ਨੂੰ ਘਰੋ-ਘਰੀ ਰਸਦ-ਪਾਣੀ ਪਹੁੰਚਾਉਣ ਤਕ ਹੀ ਸੀਮਤ ਸੀ ਤਾਂ ਕਿ ਲੋਕ ਲੌਕਡਾਊਨ ਦੀ ਉਲੰਘਣਾ ਨਾ ਕਰਨ; ਲੋਕਾਂ ਅਤੇ ਸੰਸਥਾਵਾਂ ਦੀ ਸਮਰੱਥਾ ਤੇ ਪਹੁੰਚ ਦਾ ਵੀ ਦਾਇਰਾ ਹੁੰਦਾ ਹੈ। ਲੰਮੇ ਸਮੇਂ ਦੇ ਲੌਕਡਾਊਨ ਨੇ ਇਨ੍ਹਾਂ ਨੂੰ ਵੀ ਬੁਰੀ ਤਰ੍ਹਾਂ ਹੰਭਾਅ ਦਿੱਤਾ ਹੈ। ਇਸੇ ਕਰ ਕੇ ਹੁਣ ਸਰਕਾਰਾਂ ਨੂੰ ਮਜਬੂਰੀਵੱਸ ਲੌਕਡਾਊਨ ਵਿਚ ਢਿੱਲ ਦੇਣੀ ਪੈ ਰਹੀ ਹੈ। ਅਸਲ ਵਿਚ ਇਹ ਢਿੱਲ ਸ਼ੁਰੂ ਵਿਚ ਹੀ ਪੜਾਅਵਾਰ ਦੇਣੀ ਅਰੰਭ ਕਰ ਦੇਣੀ ਚਾਹੀਦੀ ਸੀ, ਪਰ ਕੌਣ ਸਾਹਿਬ ਨੂੰ ਆਖੇ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਾਲਾਤ-ਏ-ਵਰਤਮਾਨ!*

ਲੌਕਡਾਊਨ ਨੇ ਪੱਕਾ ਹੀ 'ਲੌਕ' ਲਾ ਕੇ, ਦੱਬ ਦਿੱਤੇ ਨੇ ਦਿਲੀ ਅਰਮਾਨ ਸਾਡੇ।
ਹੁਣ ਨਾ ਖੜਕਦਾ ਕਦੇ ਵੀ ਗੇਟ ਬੂਹਾ, ਆਵੇ ਘਰੇ ਨਾ ਕੋਈ ਮਹਿਮਾਨ ਸਾਡੇ।
ਕੋਈ ਖੰਘੇ ਜਾਂ ਕਿਸੇ ਨੂੰ ਛਿੱਕ ਆ ਜਏ, ਡਰ ਸਹਿਮ ਸੁਕਾਉਂਦਾ ਏ ਪ੍ਰਾਣ ਸਾਡੇ।
ਫੜ ਕੇ ਕੰਨਾਂ ਤੋਂ ਕੁਦਰਤ ਨੇ ਕਰੇ ਲਾਗੇ, ਚਾਹੀਏ ਬਦਲਨੇ 'ਸੁਰ' ਤੇ 'ਤਾਨ' ਸਾਡੇ।
ਜਾਣ ਲਈ ਬਾਜ਼ਾਰ ਨੂੰ ਤਰਸ ਗਈਆਂ, ਘਰੀਂ ਬੈਠੀਆਂ ਬੀਬੀਆਂ ਜਕੜੀਆਂ ਜੀ।
'ਹੱਥ ਧੋਣ' ਦੇ ਮਗਰ ਪਏ 'ਹੱਥ ਧੋ ਕੇ', ਛੱਡੇ ਹੱਥ ਮਿਲਾਉਣੇ ਗਲਵੱਕੜੀਆਂ ਜੀ!

# ਔਰਤ ਕਾਰਕੁਨਾਂ ਦਾ ਦਮਨ

ਆਰ.ਐਸ.ਐਸ.-ਭਾਜਪਾ ਸਰਕਾਰ ਦੀਆਂ ਤਰਜੀਹਾਂ ਵਿਚੋਂ ਇਕ ਮੁੱਖ ਤਰਜੀਹ ਅਵਾਮ ਨੂੰ ਆਗੂ ਰਹਿਤ ਕਰਨ ਦੇ ਮਨਸ਼ੇ ਨਾਲ ਉਹਨਾਂ ਦੇ ਹੱਕਾਂ ਅਤੇ ਹਿਤਾਂ ਦੀ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ ਅਤੇ ਕਾਰਕੁਨਾਂ ਦੀ ਜ਼ੁਬਾਨਬੰਦੀ ਕਰਨਾ ਅਤੇ ਇਸ ਖਾਤਰ ਉਹਨਾਂ ਉਪਰ ਯੂ.ਏ.ਪੀ.ਏ. ਲਗਾ ਕੇ ਜੇਲ੍ਹਾਂ ਵਿਚ ਡੱਕਣਾ ਹੈ। ਗੌਤਮ ਨਵਲੱਖਾ ਅਤੇ ਆਨੰਦ ਤੇਲਤੁੰਬੜੇ ਤੋਂ ਬਾਅਦ ਜੇ.ਐਨ.ਯੂ. ਦੇ ਸਾਬਕਾ ਆਗੂ ਅਤੇ ਅਗਾਂਹਵਧੂ ਚਿੰਤਕ ਉਮਰ ਖਾਲਿਦ ਵਰਗਿਆਂ ਨੂੰ ਜੇਲ੍ਹ ਭੇਜਣ ਦੀ ਬੁਨਿਆਦ ਤਿਆਰ ਕਰ ਲਈ ਗਈ ਹੈ। ਮੁਸਲਿਮ ਔਰਤ ਕਾਰਕੁਨਾਂ ਪ੍ਰਤੀ ਰਵੱਈਆ ਹੋਰ ਵੀ ਬੇਕਿਰਕ ਹੈ। 9 ਅਪਰੈਲ ਨੂੰ ਫਰਵਰੀ ਮਹੀਨੇ ਉਤਰ-ਪੂਰਬੀ ਦਿੱਲੀ ਵਿਚ ਹੋਈ ਹਿੰਸਾ ਸਬੰਧੀ ਐਮ.ਬੀ.ਏ. ਦੀ ਵਿਦਿਆਰਥਣ ਗੁਲਫਿਸ਼ਾ ਨੂੰ ਹਿਰਾਸਤ ਵਿਚ ਲਿਆ ਗਿਆ। ਇਕ ਹਫਤੇ ਬਾਅਦ ਉਸ ਨੂੰ ਜੁਡੀਸ਼ੀਅਲ ਹਿਰਾਸਤ ਤਹਿਤ ਉਚ ਸੁਰੱਖਿਆ ਤਿਹਾੜ ਜੇਲ੍ਹ ਵਿਚ ਡੱਕ ਦਿੱਤਾ ਗਿਆ। ਉਹ ਉਤਰ-ਪੂਰਬੀ ਦਿੱਲੀ ਦੇ ਸੀਲਮਪੁਰ-ਜਫਰਾਬਾਦ ਇਲਾਕੇ ਵਿਚ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਧਰਨੇ ਦੇ ਕੋਆਰਡੀਨੇਟਰਾਂ ਵਿਚੋਂ ਇਕ ਰਹੀ ਹੈ। ਪੁਰਅਮਨ ਧਰਨੇ ਦਾ ਸੰਚਾਲਨ ਕਰਨ ਦੇ ਨਾਲ-ਨਾਲ ਉਹ ਉਥੇ ਬੱਚਿਆਂ ਨੂੰ ਪੜ੍ਹਾਉਣ ਵਿਚ ਜੁੱਟੀ ਅਕਸਰ ਨਜ਼ਰ ਆਉਂਦੀ ਸੀ।

ਇਸੇ ਤਰ੍ਹਾਂ ਜਾਮੀਆ ਮਿਲੀਆ ਇਸਲਾਮੀਆ ਦੇ ਦੋ ਰਿਸਰਚ ਸਕਾਲਰਾਂ ਸਫੂਰਾ ਜ਼ਰਗਰ ਅਤੇ ਮੀਰਾਨ ਹੈਦਰ ਨੂੰ 10 ਅਪਰੈਲ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜਦ ਸਫੂਰਾ ਜ਼ਰਗਰ ਨੂੰ ਇਕ ਮਾਮਲੇ ਵਿਚ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਤਾਂ ਰਿਹਾਅ ਹੋਣ ਤੋਂ ਪਹਿਲਾਂ ਹੀ ਉਸ ਨੂੰ ਇਕ ਹੋਰ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਗਿਆ। ਤਿੰਨ ਮਹੀਨੇ ਦੀ ਗਰਭਵਤੀ ਇਸ ਲੜਕੀ ਨੂੰ ਜਾਣ-ਬੁੱਝ ਕੇ ਤਿਹਾੜ ਜੇਲ੍ਹ ਦੀ ਇਕੱਲਤਾ ਕੋਠੜੀ ਵਿਚ ਰੱਖਿਆ ਜਾ ਰਿਹਾ ਹੈ। ਭਗਵੀਂ ਸੋਸ਼ਲ ਮੀਡੀਆ ਫੌਜ ਵੱਲੋਂ ਸਫੂਰਾ ਦੇ ਵਿਆਹੁਤਾ ਹੋਣ ਦੇ ਤੱਥ ਨੂੰ ਛੁਪਾ ਕੇ ਉਸ ਦੇ ਗਰਭਵਤੀ ਹੋਣ ਨੂੰ ਲੈ ਕੇ ਨਿਹਾਇਤ ਘਟੀਆ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਵਿਚ ਉਸ ਨੂੰ ਬਦਚਲਨ ਲੜਕੀ ਦੱਸਿਆ ਜਾ ਰਿਹਾ ਹੈ। ਮੁਸਲਿਮ ਲੜਕੀ ਦਾ ਗਰਭਵਤੀ ਹੋਣਾ ਹੀ ਗੁਨਾਹ ਹੋ ਗਿਆ।

ਕਾਂਗਰਸ ਦੀ ਸਾਬਕਾ ਕੌਂਸਲਰ ਇਸ਼ਰਤ ਜਹਾਂ ਨੂੰ ਵੀ ਅੰਦੋਲਨ 'ਚ ਉਸ ਦੀ ਸਰਗਰਮੀ ਕਾਰਨ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਕ ਰਿਪੋਰਟ ਅਨੁਸਾਰ ਲੌਕਡਾਊਨ ਤੋਂ ਲੈ ਕੇ ਇਸ ਮਾਮਲੇ ਵਿਚ ਦਿੱਲੀ ਵਿਚ 25 ਤੋਂ ਲੈ ਕੇ 30 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵਕੀਲ ਵੀ ਕਾਨੂੰਨੀ ਸਹਾਇਤਾ ਦੇਣ ਲਈ ਗ੍ਰਿਫਤਾਰ ਕੀਤੇ ਲੋਕਾਂ ਨਾਲ ਸੰਪਰਕ ਨਹੀਂ ਕਰ ਪਾ ਰਹੇ। 3 ਮਈ ਨੂੰ ਪੂਰੇ ਮੁਲਕ 'ਚੋਂ 1100 ਨਾਰੀਵਾਦੀਆਂ ਨੇ ਮੁਸਲਿਮ ਅਤੇ ਔਰਤ ਕਾਰਕੁੰਨਾਂ ਦੀਆਂ ਗ੍ਰਿਫਤਾਰੀਆਂ ਵਿਰੁੱਧ ਇਕਜੁੱਟ ਆਵਾਜ਼ ਉਠਾਉਂਦੇ ਹੋਏ ਸਾਂਝਾ ਬਿਆਨ ਜਾਰੀ ਕੀਤਾ ਹੈ। ਐਮਨੈਸਟੀ ਇੰਟਰਨੈਸ਼ਨਲ ਨੇ ਵੀ ਇਹਨਾਂ ਗ੍ਰਿਫਤਾਰੀਆਂ ਨੂੰ 'ਵਹਿਸ਼ੀ', 'ਅਤਿ ਬੇਕਿਰਕ' ਹਮਲਾ ਕਰਾਰ ਦੇ ਕੇ ਭਾਜਪਾ ਹਕੂਮਤ ਦੀ ਨਿਖੇਧੀ ਕੀਤੀ ਹੈ।

ਜੁਲਾਈ 2019 ਦੇ ਆਖਰੀ ਹਫਤੇ ਮੋਦੀ ਸਰਕਾਰ ਨੇ 'ਤਿੰਨ ਤਲਾਕ ਕਾਨੂੰਨ' ਸੰਸਦ ਵਿਚ ਪਾਸ ਕਰਵਾ ਕੇ ਮੁਸਲਿਮ ਔਰਤਾਂ ਦੀ ਖੈਰ-ਖਵਾਹ ਹੋਣ ਦਾ ਖੂਬ ਢੰਡੋਰਾ ਪਿੱਟਿਆ ਸੀ। ਮਨੋਰਥ ਇਹ ਦੱਸਣਾ ਸੀ ਕਿ ਮੁਸਲਿਮ ਸਮਾਜ ਬਹੁਤ ਪਿਛੜਿਆ ਹੋਇਆ ਹੈ, ਅਤੇ ਭਾਜਪਾ ਸਰਕਾਰ ਮੁਸਲਿਮ ਔਰਤਾਂ ਨੂੰ ਇਸਲਾਮਿਕ ਰੂੜੀਆਂ ਦੀ ਕੈਦ ਤੋਂ ਮੁਕਤ ਕਰਾਉਣ ਲਈ ਬਹੁਤ ਤੱਤਪਰ ਹੈ। ਭਗਵੇਂ ਆਗੂ ਹਿੰਦੂ ਸਮਾਜ ਵਿਚ ਔਰਤਾਂ ਦੀ ਦਰਦਨਾਕ ਸਥਿਤੀ ਬਾਰੇ ਕਦੇ ਗੱਲ ਨਹੀਂ ਕਰਦੇ ਜਿਥੇ ਔਰਤ ਦੇ ਦਾਸੀ ਦੇ ਦਰਜੇ ਨੂੰ ਹਿੰਦੂ ਗੌਰਵ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਮੁਸਲਿਮ ਭਾਈਚਾਰੇ ਸਮੇਤ ਪੂਰਾ ਭਾਰਤੀ ਸਮਾਜ ਹੀ ਮਰਦ-ਪ੍ਰਧਾਨ ਮਨੂਵਾਦੀ ਕਦਰਾਂ-ਕੀਮਤਾਂ 'ਚ ਗ੍ਰਸਤ ਹੈ ਲੇਕਿਨ ਸੰਘ ਨੂੰ ਤਾਂ ਐਸਾ ਮੁੱਦਾ ਚਾਹੀਦਾ ਹੈ ਜਿਸ ਨਾਲ ਮੁਸਲਮਾਨਾਂ ਨੂੰ ਜਾਹਲ, ਫਸਾਦੀ ਅਤੇ ਹਿੰਸਕ ਵਜੋਂ ਪੇਸ਼ ਕਰ ਕੇ ਨੀਵਾਂ ਦਿਖਾਇਆ ਜਾ ਸਕੇ ਅਤੇ ਭਗਵੇਂ ਏਜੰਡੇ ਦਾ ਰਾਹ ਮੋਕਲਾ ਹੁੰਦਾ ਹੋਵੇ।

ਆਮ ਔਰਤਾਂ ਪ੍ਰਤੀ ਭਗਵੀਂ ਸੋਚ ਤਾਂ 'ਲਵ ਜਹਾਦ' ਵਰਗੀਆਂ ਮੁਹਿੰਮਾਂ ਨਾਲ ਪਹਿਲਾਂ ਹੀ ਜੱਗ ਜ਼ਾਹਿਰ ਸੀ, ਮੁਸਲਿਮ ਔਰਤਾਂ ਪ੍ਰਤੀ ਸੱਜਰਾ ਹੇਜ ਬੇਨਕਾਬ ਹੁੰਦਿਆਂ ਵੀ ਬਹੁਤੀ ਦੇਰ ਨਾ ਲੱਗੀ। ਨਾਗਰਿਕਤਾ ਸੋਧ ਕਾਨੂੰਨ ਪਾਸ ਕੀਤੇ ਜਾਣ 'ਤੇ ਮੁਸਲਿਮ ਭਾਈਚਾਰਾ ਅਤੇ ਹੋਰ ਇਨਸਾਫਪਸੰਦ ਲੋਕ ਸੜਕਾਂ ਉਪਰ ਆ ਕੇ ਇਸ ਵਿਰੁੱਧ ਆਵਾਜ਼ ਉਠਾਉਣ ਲੱਗੇ। ਯੂਨੀਵਰਸਿਟੀਆਂ ਦੀਆਂ ਵਿਦਿਆਰਥਣਾਂ ਅਤੇ ਹੋਰ ਜਾਗਰੂਕ ਮੁਟਿਆਰਾਂ ਇਹਨਾਂ ਮੋਰਚਿਆਂ ਦੀ ਅਗਵਾਈ ਕਰਨ ਲੱਗੀਆਂ। ਜਦ ਆਪਣੇ ਭਵਿੱਖ ਨੂੰ ਲੈ ਕੇ ਫਿਕਰਮੰਦ ਹਜ਼ਾਰਾਂ ਮੁਸਲਿਮ ਔਰਤਾਂ ਨੇ ਦੁੱਧ ਚੁੰਘਦੇ ਬਾਲਾਂ ਸਮੇਤ ਪੱਕੇ ਮੋਰਚੇ ਮੱਲ ਲਏ ਤਾਂ ਸੰਘ ਨੇ ਆਪਣੀ ਸਮੁੱਚੀ ਤਾਕਤ ਇਹਨਾਂ ਨਿਰਛਲ ਔਰਤਾਂ ਦੀ ਕਿਰਦਾਰਕੁਸ਼ੀ ਕਰਨ ਅਤੇ ਉਹਨਾਂ ਨੂੰ ਦਬਾਉਣ ਦੀ ਮੁਹਿੰਮ ਵਿਚ ਝੋਕ ਦਿੱਤੀ। ਉਹ ਕਿਹੜਾ ਘਟੀਆ ਇਲਜ਼ਾਮ ਸੀ ਜੋ ਸੰਘ ਦੀ ਪ੍ਰਚਾਰ ਮਸ਼ੀਨਰੀ ਨੇ ਘਰਾਂ ਦੀ ਮਰਦ-ਪ੍ਰਧਾਨ ਦਹਿਲੀਜ਼ ਟੱਪ ਕੇ ਪਹਿਲੀ ਦਫਾ ਸੰਘਰਸ਼ ਵਿਚ ਸ਼ਾਮਲ ਔਰਤਾਂ ਹੋਈਆਂ ਉਪਰ ਨਹੀਂ ਲਗਾਇਆ। ਗੱਲ ਇਸ ਤੋਂ ਵੀ ਅੱਗੇ ਜਿਨਸੀ ਅਤੇ ਹਿੰਸਕ ਹਮਲਿਆਂ ਤਕ ਜਾ ਪਹੁੰਚੀ।

ਬੂਟਾ ਸਿੰਘ
ਫੋਨ: +91-94634-74342

ਜਾਮੀਆ ਮਿਲੀਆ ਇਸਲਾਮੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਿਦਿਆਰਥੀਆਂ, ਖਾਸ ਕਰਕੇ ਵਿਦਿਆਰਥਣਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਪੁਲਿਸ ਅਤੇ ਗੁੰਡਾ ਗਰੋਹਾਂ ਵੱਲੋਂ ਵਾਰ-ਵਾਰ ਹਮਲੇ ਕੀਤੇ ਗਏ। ਜੋ ਔਰਤਾਂ ਅਤੇ ਵਿਦਿਆਰਥਣਾਂ, ਮਰਦ ਪ੍ਰਧਾਨ ਬੰਦਸ਼ਾਂ ਨੂੰ ਤੋੜ ਕੇ ਆਪਣੇ ਭਵਿੱਖ ਦੀ ਰਾਖੀ ਲਈ ਸ਼ਾਹੀਨ ਬਾਗ ਮੋਰਚੇ ਅਤੇ ਹੋਰ ਥਾਈਂ ਸੰਘਰਸ਼ ਕਰ ਰਹੀਆਂ ਸਨ, ਉਸ ਨੂੰ ਖਤਮ ਕਰਾਉਣ ਲਈ ਹਥਿਆਰਬੰਦ ਗੁੰਡੇ ਭੇਜ ਕੇ ਗੋਲੀਆਂ ਚਲਾਈਆਂ ਗਈਆਂ। ਦਿੱਲੀ ਚੋਣਾਂ ਤੋਂ ਬਾਅਦ ਭਾਜਪਾ ਆਗੂਆਂ ਦੀ ਅਗਵਾਈ ਹੇਠ ਭਗਵੇਂ ਹਥਿਆਰਬੰਦ ਟੋਲਿਆਂ ਨੇ ਰਾਜ ਮਸ਼ੀਨਰੀ ਨਾਲ ਮਿਲ ਕੇ ਮੁਸਲਿਮ ਬਹੁਗਿਣਤੀ ਇਲਾਕਿਆਂ ਵਿਚ ਕਤਲੇਆਮ, ਸਾੜਫੂਕ ਅਤੇ ਵਿਆਪਕ ਤਬਾਹੀ ਨੂੰ ਅੰਜਾਮ ਦਿੱਤਾ। ਔਰਤਾਂ ਨੂੰ ਬੇਇੱਜ਼ਤ ਅਤੇ ਜ਼ਲੀਲ ਕੀਤਾ ਗਿਆ। ਹੁਣ ਜਦਕਿ ਕੋਰੋਨਾ ਮਹਾਂਮਾਰੀ ਕਾਰਨ ਪੂਰਾ ਮੁਲਕ ਲੌਕਡਾਊਨ ਕੀਤਾ ਹੋਇਆ ਹੈ ਅਤੇ ਕੋਈ ਜਨਤਕ ਵਿਰੋਧ ਪ੍ਰਦਰਸ਼ਨ ਸੰਭਵ ਨਹੀਂ ਹੈ ਤਾਂ ਸਰਕਾਰ ਨੇ ਉਹਨਾਂ ਨੌਜਵਾਨ ਕੁੜੀਆਂ ਨੂੰ ਗ੍ਰਿਫਤਾਰ ਕਰਨ ਦੀ ਮੁਹਿੰਮ ਵਿੱਢੀ ਹੋਈ ਹੈ ਜਿਹਨਾਂ ਨੇ ਦਿੱਲੀ ਦੇ ਪੱਕੇ ਮੋਰਚਿਆਂ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਸੀ.ਏ.ਏ. ਵਿਰੁੱਧ ਆਵਾਜ਼ ਉਠਾਉਣ ਵਾਲੀ ਹਰ ਜਥੇਬੰਦੀ ਅਤੇ ਹਰ ਕਾਰਕੁਨ ਸੱਤਾਧਾਰੀ ਧਿਰ ਦੇ ਨਿਸ਼ਾਨੇ 'ਤੇ ਹੈ। ਆਰ.ਐਸ.ਐਸ.-ਭਾਜਪਾ ਮੁਸਲਿਮ ਕੁੜੀਆਂ ਤੋਂ ਖਾਸ ਤੌਰ 'ਤੇ ਖਫਾ ਹੈ। ਜਿਸ ਘੱਟਗਿਣਤੀ ਨੂੰ ਉਹ ਦੋਇਮ ਦਰਜੇ ਦੇ ਨਾਗਰਿਕ ਬਣਾ ਕੇ ਬੀਤੇ ਵਿਚ ਹੋਏ ਆਪਣੇ 'ਅਪਮਾਨ' ਦਾ ਬਦਲਾ ਲੈਣਾ ਚਾਹੁੰਦੇ ਹਨ, ਉਸ ਫਿਰਕੇ ਦੀਆਂ ਔਰਤਾਂ ਦਾ ਸੱਤਾ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਸਵਾਲ ਕਰਨਾ ਸੱਤਾਧਾਰੀਆਂ ਨੂੰ ਗਵਾਰਾ ਕਿਵੇਂ ਹੋ ਸਕਦਾ ਹੈ। ਇਹ ਬਹਾਦਰ ਧੀਆਂ ਜਾਮੀਆ ਮਿਲੀਆ ਮੋਰਚੇ ਅਤੇ ਸ਼ਾਹੀਨ ਬਾਗ਼ ਦੇ ਮੋਰਚਿਆਂ ਦਾ ਪਬਲਿਕ ਚਿਹਰਾ ਬਣ ਕੇ ਉਭਰੀਆਂ। ਇਹਨਾਂ ਮੋਰਚਿਆਂ ਦੌਰਾਨ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਇਕ ਜ਼ਾਬਤਾਬੱਧ ਅੰਦੋਲਨਕਾਰੀ, ਆਰਗੇਨਾਈਜ਼ਰ, ਪ੍ਰਭਾਵਸ਼ਾਲੀ ਵਕਤਾ, ਕਲਾਕਾਰ, ਅਧਿਆਪਕਾ ਆਦਿ ਦੇ ਤੌਰ 'ਤੇ ਔਰਤਾਂ ਦੀ ਬਹੁਪਰਤੀ ਭੂਮਿਕਾ ਦੀ ਛਾਪ ਅੱਜ ਵੀ ਲੋਕ ਚੇਤਿਆਂ ਵਿਚ ਸੱਜਰੀ ਹੈ। ਇਹਨਾਂ ਜੁਝਾਰੂ ਕਿਰਦਾਰਾਂ ਨੇ ਦਹਿ ਹਜ਼ਾਰਾਂ ਲੋਕਾਂ ਨੂੰ ਪੱਕੇ ਮੋਰਚੇ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਇਹਨਾਂ ਵੀਰਾਂਗਣਾਂ ਉਪਰ ਦਹਿਸ਼ਤਵਾਦੀ ਵਿਰੋਧ ਕਾਨੂੰਨ ਯੂ.ਏ.ਪੀ.ਏ., ਹਿੰਸਾ ਭੜਕਾਉਣ ਦੀ ਸਾਜ਼ਿਸ਼ ਰਚਣ ਅਤੇ ਫਿਰਕਿਆਂ ਦਰਮਿਆਨ ਨਫਰਤ ਫੈਲਾਉਣ ਦੀਆਂ ਧਾਰਾਵਾਂ ਲਗਾਈਆਂ ਜਾ ਰਹੀਆਂ ਹਨ ਜਿਸ ਦਾ ਮਨੋਰਥ ਇਹਨਾਂ ਗ੍ਰਿਫਤਾਰੀਆਂ ਨੂੰ ਮਿਸਾਲ ਬਣਾ ਕੇ ਪੂਰੇ ਸਮਾਜ, ਖਾਸ ਕਰਕੇ ਔਰਤਾਂ ਵਿਚ ਖੌਫ ਪੈਦਾ ਕਰਨਾ ਹੈ ਤਾਂ ਜੁ ਭਵਿੱਖ ਵਿਚ ਕੋਈ ਵੀ ਔਰਤ ਸੱਤਾਧਾਰੀ ਧਿਰ ਦੀਆਂ ਮਨਮਾਨੀਆਂ ਵਿਰੁੱਧ ਆਵਾਜ਼ ਉਠਾਉਣ ਦੀ ਹਿੰਮਤ ਨਾ ਕਰ ਸਕੇ।

ਲੌਕਡਾਊਨ ਦੀਆਂ ਪਾਬੰਦੀਆਂ ਦੌਰਾਨ ਸੱਤਾਧਾਰੀਆਂ ਲਈ ਆਪਣੇ ਫਾਸ਼ੀਵਾਦੀ ਮਨਸੂਬਿਆਂ ਨੂੰ ਅੰਜਾਮ ਦੇਣਾ ਸੌਖਾ ਹੋ ਗਿਆ ਹੈ। ਬੇਕਿਰਕ ਕਾਨੂੰਨ ਯੂ.ਏ.ਪੀ.ਏ. ਸੱਤਾਧਾਰੀਆਂ ਦੇ ਹੱਥ ਵਿਚ ਆਲੋਚਕ ਆਵਾਜ਼ਾਂ ਦੀ ਜ਼ੁਬਾਨਬੰਦੀ ਦਾ ਅਚੂਕ ਹਥਿਆਰ ਹੈ। ਜੋ ਬਣਾਇਆ ਹੀ ਇਸੇ ਮਨਸ਼ਾ ਨਾਲ ਗਿਆ ਸੀ ਤਾਂ ਜੁ ਸੱਤਾ ਵਿਰੋਧੀ ਕਿਸੇ ਵੀ ਆਵਾਜ਼ ਨੂੰ ਗੈਰਕਾਨੂੰਨੀ ਕਾਰਵਾਈ ਨਾਲ ਜੋੜ ਕੇ ਜਾਂ ਗੈਰਕਾਨੂੰਨੀ ਕਾਰਵਾਈ ਦੀ ਹਮਾਇਤ ਜਾਂ ਮਦਦ ਕਰਨ ਵਾਲੀ ਕਰਾਰ ਦੇ ਕੇ ਅਣਮਿੱਥੇ ਸਮੇਂ ਲਈ ਜੇਲ੍ਹ ਵਿਚ ਸਾੜਿਆ ਜਾ ਸਕੇ। ਇਸ ਕਾਨੂੰਨ ਤਹਿਤ ਦਰਜ ਮਾਮਲੇ ਵਿਚ ਜਾਂਚ ਏਜੰਸੀ ਘੱਟੋ-ਘੱਟ ਛੇ ਮਹੀਨੇ ਲਈ ਕਿਸੇ ਨੂੰ ਵੀ ਜਾਂਚ ਦੇ ਨਾਂਅ ਹੇਠ ਹਿਰਾਸਤ ਵਿਚ ਰੱਖ ਸਕਦੀ ਹੈ, ਉਸ ਦੀ ਜ਼ਮਾਨਤ ਵੀ ਸੰਭਵ ਨਹੀਂ ਹੈ। ਚੌਵੀ ਘੰਟਿਆਂ 'ਚ ਤਿੰਨ ਕਸ਼ਮੀਰੀ ਪੱਤਰਕਾਰਾਂ ਸਮੇਤ ਸੱਤ ਵਿਅਕਤੀਆਂ ਉਪਰ ਯੂ.ਏ.ਪੀ.ਏ. ਲਗਾਏ ਜਾਣ ਤੋਂ ਬਾਦ ਇਸ ਕਾਨੂੰਨ ਦਾ ਅਸਲ ਮਨੋਰਥ ਸਾਰਿਆਂ ਨੂੰ ਸਪਸ਼ਟ ਹੋ ਜਾਣਾ ਚਾਹੀਦਾ ਹੈ।

ਸੀ.ਏ.ਏ. ਵਿਰੁੱਧ ਜ਼ਾਬਤਾਬੱਧ ਪੁਰਅਮਨ ਮੁਜ਼ਾਹਰਿਆਂ ਅਤੇ ਇਨ੍ਹਾਂ ਵਿਚ ਔਰਤਾਂ ਦੀ ਮੋਹਰੀ ਭੂਮਿਕਾ ਨੇ ਸੱਤਾਧਾਰੀ ਧਿਰ ਦੀਆਂ ਮਨਮਾਨੀਆਂ ਵਿਰੁੱਧ ਅਵਾਮੀ ਵਿਰੋਧ ਦਾ ਐਸਾ ਇਤਿਹਾਸ ਸਿਰਜ ਦਿੱਤਾ ਜਿਸ ਨੂੰ ਕੋਈ ਮਿਟਾ ਨਹੀਂ ਸਕਦਾ। ਇਸ ਦੇ ਸਮਾਂਤਰ ਆਰ.ਐਸ.ਐਸ. ਅਤੇ ਇਸ ਨਾਲ ਸਿੱਧੇ-ਅਸਿੱਧੇ ਤੌਰ 'ਤੇ ਸਬੰਧਤ ਜਥੇਬੰਦੀਆਂ ਦੇ ਆਗੂਆਂ ਵਲੋਂ ਚਲਾਈ ਜ਼ਹਿਰੀਲੀ ਹਿੰਸਕ ਮੁਹਿੰਮ ਦੇ ਮੰਜ਼ਰ ਕੁਲ ਆਲਮ ਨੇ ਦੇਖੇ। ਅਮਨ-ਕਾਨੂੰਨ ਲਾਗੂ ਕਰਨ ਵਾਲੀ ਪੁਲਿਸ ਅਤੇ ਹੋਰ ਏਜੰਸੀਆਂ ਸੱਤਾਧਾਰੀ ਧਿਰ ਦੇ ਗੁੰਡਾ ਗਰੋਹਾਂ ਦੀ ਸੁਰੱਖਿਆ ਟੁਕੜੀ ਵੀ ਬਣੀਆਂ ਅਤੇ ਹਮਲਿਆਂ ਵਿਚ ਸ਼ਾਮਲ ਵੀ ਰਹੀਆਂ। ਕੇਂਦਰੀ ਗ੍ਰਿਹ ਮੰਤਰਾਲੇ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਦਿੱਲੀ ਪੁਲਿਸ ਦੀ ਭੂਮਿਕਾ ਰੋਸ ਮੁਜ਼ਾਹਰਿਆਂ ਦੌਰਾਨ ਵੀ ਸ਼ਰੇਆਮ ਪੱਖਪਾਤੀ ਸੀ ਅਤੇ ਹੁਣ ਵੀ ਜਾਂਚ ਦੇ ਨਾਂ ਹੇਠ ਇਹ ਸੱਤਾਧਾਰੀ ਧਿਰ ਦੀ ਸ਼ਾਖਾ ਵਜੋਂ ਕੰਮ ਕਰ ਰਹੀ ਹੈ। ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਅਤੇ ਵੀਡੀਓ ਕਲਿੱਪਾਂ ਦੇ ਰੂਪ ਵਿਚ ਸੱਤਾਧਾਰੀ ਧਿਰ ਵਲੋਂ ਚਲਾਈ ਹਿੰਸਕ ਮੁਹਿੰਮ ਦੇ ਬੇਸ਼ੁਮਾਰ ਸਬੂਤ ਸਾਹਮਣੇ ਆਏ। ਜਿਸ ਦੀ ਤਸਦੀਕ ਨਾਗਰਿਕ ਹੱਕਾਂ ਦੀਆਂ ਜਥੇਬੰਦੀਆਂ ਅਤੇ ਨਿਰਪੱਖ ਪੱਤਰਕਾਰਾਂ ਦੀਆਂ ਬਹੁਤ ਸਾਰੀਆਂ ਤੱਥਪੂਰਨ ਰਿਪੋਰਟਾਂ ਕਰ ਚੁੱਕੀਆਂ ਹਨ।

ਲੜਕੀਆਂ ਸਮੇਤ ਪੁਰਅਮਨ ਕਾਰਕੁਨਾਂ ਉਪਰ ਯੂ.ਏ.ਪੀ.ਏ. ਲਗਾਉਣਾ ਅਤੇ ਭੜਕਾਊ ਸੱਦੇ ਦੇਣ ਅਤੇ ਗੁੰਡਾ ਹਜੂਮ ਇਕੱਠੇ ਕਰ ਕੇ ਕਤਲੇਆਮ ਕਰਵਾਉਣ ਵਾਲਿਆਂ ਵਿਰੁੱਧ ਮਾਮਲਾ ਦਰਜ ਹੀ ਨਾ ਕਰਨਾ ਅਤੇ ਗੋਲੀਆਂ ਚਲਾਉਣ ਵਾਲਿਆਂ ਨੂੰ ਤੁਰੰਤ ਜ਼ਮਾਨਤ ਦੇ ਦੇਣਾ ਇਕੋ ਸਿੱਕੇ ਦੇ ਦੋ ਪਾਸੇ ਹਨ। ਫਰਵਰੀ ਹਿੰਸਾ ਦੀ ਐਫ.ਆਈ.ਆਰ. ਇਸ ਤਰੀਕੇ ਨਾਲ ਲਿਖੀ ਗਈ ਹੈ ਕਿ ਜਾਂਚ ਦੇ ਨਾਂ ਹੇਠ ਕਿਸੇ ਨੂੰ ਵੀ ਇਸ ਕੇਸ ਵਿਚ ਫਸਾਇਆ ਜਾ ਸਕਦਾ ਹੈ। 'ਜਾਂਚ' ਦਾ ਦਾਇਰਾ ਦਿਨੋ-ਦਿਨ ਵਸੀਹ ਹੋ ਰਿਹਾ ਹੈ। ਇਹ ਦਿੱਲੀ ਪੁਲਿਸ ਦੇ ਅਧਿਕਾਰੀਆਂ ਦੀ ਮਰਜ਼ੀ ਹੈ ਕਿ ਕਿਸ ਨੂੰ ਸੱਤਾ ਦੇ ਇਸ਼ਾਰੇ 'ਤੇ ਬਿਨਾਂ ਸਬੂਤ ਜਾਂਚ ਵਿਚ ਸ਼ਾਮਲ ਕਰਨਾ ਹੈ ਅਤੇ ਕਿਸ ਵੱਲ ਠੋਸ ਸਬੂਤਾਂ ਦੇ ਬਾਵਜੂਦ ਪਿੱਠ ਕਰੀ ਰੱਖਣੀ ਹੈ। ਦਿੱਲੀ ਪੁਲਿਸ ਦੇ ਆਪਣੀ ਹੀ ਪਿੱਠ ਆਪ ਥਾਪੜਨ ਵਾਲੇ ਇਸ ਟਵੀਟ ਉਪਰ ਕੌਣ ਵਿਸ਼ਵਾਸ ਕਰੇਗਾ ਕਿ 'ਦਿੱਲੀ ਪੁਲਿਸ ਕਾਨੂੰਨ ਦੇ ਰਾਜ ਨੂੰ ਬੁਲੰਦ ਕਰਨ ਅਤੇ ਸਾਜ਼ਿਸ਼ੀਆਂ, ਸ਼ਹਿ ਦੇਣ ਵਾਲਿਆਂ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਅਤੇ ਬੇਕਸੂਰ ਪੀੜਤਾਂ ਨੂੰ ਇਨਸਾਫ ਦਿਵਾਉ ਲਈ ਵਚਨਬੱਧ ਹੈ'।

ਇਹ ਸਪਸ਼ਟ ਹੈ ਕਿ ਗ੍ਰਿਫਤਾਰੀਆਂ ਦਾ ਇਹ ਸਿਲਸਿਲਾ ਸੱਤਾਧਾਰੀ ਭਾਜਪਾ ਦੇ ਇਕ ਲੰਮੇ-ਚੌੜੇ ਏਜੰਡੇ ਦਾ ਹਿੱਸਾ ਹੈ। ਦਰਅਸਲ, ਇਹ ਭਾਰਤੀ ਸਮਾਜ ਨੂੰ ਜਹਾਲਤ, ਦਾਸਤਾ ਅਤੇ ਵਰਣ ਵਿਵਸਥਾ ਦੇ ਵਹਿਸ਼ੀ ਦਾਬੇ ਦੇ ਯੁਗ ਵਿਚ ਵਾਪਸ ਲਿਜਾਣ ਵਾਲੀਆਂ ਪਿਛਾਂਹਖਿੱਚੂ ਤਾਕਤਾਂ ਅਤੇ ਸਮਾਜ ਨੂੰ ਬਰਾਬਰੀ, ਤਰੱਕੀ, ਭਾਈਚਾਰੇ ਅਤੇ ਸਮਾਜੀ ਇਨਸਾਫ ਦੀ ਦਿਸ਼ਾ ਵਿਚ ਅੱਗੇ ਤੋਰਨ ਵਾਲੀਆਂ ਤਾਕਤਾਂ ਦਰਮਿਆਨ ਜ਼ੋਰਅਜ਼ਮਾਈ ਹੈ। ਨਾ ਸਿਰਫ ਬੇਬੁਨਿਆਦ ਗ੍ਰਿਫਤਾਰੀਆਂ ਦੇ ਖਿਲਾਫ ਆਵਾਜ਼ ਉਠਾਉਣੀ ਜ਼ਰੂਰੀ ਹੈ ਸਗੋਂ ਯੂ.ਏ.ਪੀ.ਏ. ਅਤੇ ਐਸੀਆਂ ਹੋਰ ਬੇਕਿਰਕ ਕਾਨੂੰਨੀ ਧਾਰਾਵਾਂ ਨੂੰ ਵਾਪਸ ਕਰਵਾਉਣ ਲਈ ਵਿਆਪਕ ਲੋਕ ਰਾਇ ਬਣਾਉਣੀ ਵੀ ਜ਼ਰੂਰੀ ਹੈ। ਕਿਉਂਕਿ ਇਹ ਮਹਿਜ਼ ਸੱਤਾਧਾਰੀ ਧਿਰ ਦੀਆਂ ਮਨਮਾਨੀਆਂ ਦਾ ਸੰਦ ਹਨ ਅਤੇ ਸੱਭਿਆ ਸਮਾਜ ਵਿਚ ਐਸੇ ਬੇਕਿਰਕ ਜਾਬਰ ਕਾਨੂੰਨਾਂ ਦੀ ਕੋਈ ਵਾਜਬੀਅਤ ਨਹੀਂ ਹੈ।

# ਸੰਕਟ ਦੇ ਦੌਰ ਵਿਚ ਕਾਮਿਆਂ ਨੂੰ ਪੁੱਛਿਆ ਵੀ ਨਾ

25 ਮਾਰਚ ਦੀ ਤਾਲਾਬੰਦੀ ਦੇ ਐਲਾਨ ਦੇ ਛੇਤੀ ਬਾਅਦ ਪਰਵਾਸੀ ਮਜ਼ਦੂਰਾਂ ਤੇ ਤਾਲਾਬੰਦੀ ਦਾ ਅਸਰ ਦੇਖਣ ਲਈ ਇਕ ਹੋਇਆ। ਸਰਵੇਖਣ ਦੇ ਨਤੀਜੇ ਤ੍ਰਾਸਦੀ ਦੀ ਤਸਵੀਰ ਸਾਹਮਣੇ ਲਿਆਏ: ਤਕਰੀਬਨ ਤਿੰਨ ਚੌਥਾਈ ਮਜ਼ਦੂਰਾਂ ਕੋਲ ਤਾਲਾਬੰਦੀ ਦੇ ਐਲਾਨ ਵੇਲੇ ਵੱਧ ਤੋਂ ਵੱਧ ਦੋ ਦਿਨ ਦੀ ਰੋਟੀ ਖਾਣ ਜੋਗਾ ਇੰਤਜ਼ਾਮ ਸੀ। 96 ਪ੍ਰਤੀਸ਼ਤ ਮਜ਼ਦੂਰਾਂ ਨੂੰ ਸਰਕਾਰ ਤੋਂ ਕਿਸੇ ਕਿਸਮ ਦੀ ਰਾਸ਼ਨ ਸਹਾਇਤਾ ਨਹੀਂ ਮਿਲੀ ਸੀ। ਮਜ਼ਦੂਰਾਂ ਦੀ ਔਸਤਨ ਦਿਹਾੜੀ 400 ਰੁਪਏ ਹੈ ਅਤੇ 90 ਪ੍ਰਤੀਸ਼ਤ ਮਜ਼ਦੂਰਾਂ ਨੂੰ



ਤਾਲਾਬੰਦੀ ਦੌਰਾਨ ਕੋਈ ਤਨਖਾਹ ਜਾਂ ਦਿਹਾੜੀ ਨਹੀਂ ਮਿਲੀ। ਰਿਪੋਰਟ ਨੇ ਇਹ ਵੀ ਸਨਦ ਕੀਤਾ ਕਿ ਇਸ ਸਮੇਂ ਦੌਰਾਨ ਕੁਲ ਮਿਲਾ ਕੇ ਕੇਂਦਰ

**ਨਵਸ਼ਰਨ**

ਅਤੇ ਸੂਬਾਈ ਸਰਕਾਰਾਂ ਨੇ ਰਾਹਤ ਬਾਰੇ 350 ਸਰਕਾਰੀ ਆਰਡਰ ਕੱਢੇ ਜਿਨ੍ਹਾਂ ਵਿਚ ਗਰੀਬਾਂ, ਮਜ਼ਦੂਰਾਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਦਿਸ਼ਾ ਨਿਰਦੇਸ਼, ਸਕੀਮਾਂ ਅਤੇ ਮਾਲਕਾਂ ਤੇ ਰੁਜ਼ਗਾਰਦਾਤਾਵਾਂ ਨੂੰ ਹਦਾਇਤਾਂ ਸ਼ਾਮਲ ਹਨ। ਇਸ ਤੋਂ ਇਲਾਵਾ ਇਸ ਵੇਲੇ ਕਈ ਹੋਰ ਕਾਨੂੰਨ ਵੀ ਲਾਗੂ ਹਨ, ਜਿਵੇਂ ਕੌਮੀ ਆਫਤ ਪ੍ਰਬੰਧਨ ਐਕਟ ਤੇ ਅੰਤਰਰਾਜੀ ਪਰਵਾਸੀ ਮਜ਼ਦੂਰ ਐਕਟ ਜਿਨ੍ਹਾਂ ਅਨੁਸਾਰ ਸਰਕਾਰਾਂ ਦੀ ਜ਼ਿੰਮੇਵਾਰੀ ਇਹ ਯਕੀਨੀ ਬਣਾਉਣ ਦੀ ਹੈ ਕਿ ਕੌਮੀ ਸੰਕਟ ਦੌਰਾਨ ਮਜ਼ਦੂਰਾਂ ਨੂੰ ਤਨਖਾਹ ਮਿਲੇ, ਉਜਾੜਾ ਭੱਤਾ ਤੇ ਘਰਾਂ ਨੂੰ ਪਰਤਣ ਲਈ ਟਰਾਂਸਪੋਰਟ ਸਹਾਇਤਾ ਮਿਲੇ ਅਤੇ ਕਾਨੂੰਨ ਦਾ ਅਨੁਸਰਨ ਹੋਵੇ ਪਰ ਸਰਵੇਖਣ ਅਤੇ ਖਬਰਾਂ ਤੋਂ ਇਹ ਸਾਫ ਹੈ ਕਿ ਪਰਵਾਸੀ ਅਤੇ ਠੇਕੇ ਦੇ ਮਜ਼ਦੂਰਾਂ ਦੀਆਂ ਕੰਮ ਅਤੇ ਜੀਵਨ ਦੇ ਹਾਲਾਤ ਉੱਤੇ ਕੋਈ ਨਿਗਾਹਬਾਨੀ ਨਹੀਂ ਅਤੇ ਠੇਕੇਦਾਰਾਂ ਤੇ ਰੁਜ਼ਗਾਰਦਾਤਾ ਦੀ ਕਿਧਰੇ ਕੋਈ ਜਵਾਬਦੇਹੀ ਨਹੀਂ। ਜੇਕਰ 90 ਫੀਸਦੀ ਮਜ਼ਦੂਰਾਂ ਨੂੰ ਤਾਲਾਬੰਦੀ ਦੌਰਾਨ ਦਿਹਾੜੀ ਨਹੀਂ ਮਿਲੀ ਤਾਂ ਗ੍ਰਹਿ ਮੰਤਰਾਲੇ ਦੇ ਇਹ ਦਿਸ਼ਾ ਨਿਰਦੇਸ਼- 'ਰੁਜ਼ਗਾਰਦਾਤਾ ਆਪਣੇ ਮੁਲਾਜ਼ਮਾਂ ਤੇ ਮਜ਼ਦੂਰਾਂ ਨੂੰ ਪੂਰਾ ਭੱਤਾ ਦੇਣ', ਦਾ ਕੀ ਅਰਥ ਰਹਿ ਜਾਂਦਾ ਹੈ?

ਜ਼ਾਹਿਰ ਹੈ, ਜੇ ਸਰਕਾਰ ਦੀ ਨਜ਼ਰਸਾਨੀ ਹੁੰਦੀ ਕਿ ਮਜ਼ਦੂਰ ਕਿਨ੍ਹਾਂ ਹਾਲਾਤ ਵਿਚ ਕੰਮ ਕਰਦੇ ਹਨ ਤੇ ਕਿਵੇਂ ਰਹਿੰਦੇ ਹਨ ਤਾਂ 24 ਮਾਰਚ ਨੂੰ ਸ਼ਾਇਦ ਪ੍ਰਧਾਨ ਮੰਤਰੀ ਇਹ ਹੁਕਮ ਦੇਣ ਵਿਚ ਝਿਜਕਦੇ ਕਿ ਸਾਰੇ ਮੁਲਕਵਾਸੀ ਆਪੋ-ਆਪਣੇ ਘਰਾਂ ਵਿਚ ਰਹਿਣ। ਭਾਰਤ ਵਿਚ 40 ਕਰੋੜ ਪਰਵਾਸੀ ਮਜ਼ਦੂਰ ਹਨ। ਜੇ ਇਹ ਮਜ਼ਦੂਰ ਸਰਕਾਰ ਦੀ ਸੋਚ ਵਿਚ ਸ਼ਾਮਲ ਹੁੰਦੇ ਤਾਂ ਬਿਨਾਂ ਮੋਹਲਤ ਤਾਲਾਬੰਦੀ ਦਾ ਐਲਾਨ ਨਾ ਹੁੰਦਾ; ਤੇ ਮਜ਼ਦੂਰਾਂ ਦੀ ਰੋਟੀ ਤੇ ਜਿਊਣ ਦੀਆਂ ਹੋਰ ਨਿਗੂਣੀਆਂ ਜ਼ਰੂਰਤਾਂ ਨੂੰ ਵੀ ਗੌਲਿਆ ਜਾਂਦਾ ਕਿ ਉਨ੍ਹਾਂ ਰੋਟੀ ਕਿਥੋਂ ਖਾਣੀ ਹੈ, ਹੱਥ ਕਿਸ ਪਾਣੀ ਨਾਲ ਧੋਣੇ ਨੇ, ਮਘੋਰਿਆਂ ਜਿਹੇ ਸਾਂਝੇ ਕਮਰਿਆਂ ਵਿਚ ਸਰੀਰਕ ਦੂਰੀ ਕਿਵੇਂ ਰੱਖਣੀ ਹੈ, ਨਾਲ ਰਹਿੰਦੇ ਤੇ ਪਿੱਛੇ ਛੱਡੇ ਪਰਵਾਰ ਕਿਵੇਂ ਪਾਲਣੇ ਨੇ, ਬਿਮਾਰ ਹੋਣ ਤੇ ਕੀ ਕਰਨਾ ਹੈ, ਠੇਕੇਦਾਰ ਬਕਾਇਆ ਨਾ ਦੇਵੇ ਤੇ ਫੋਨ ਚੁੱਕਣਾ ਬੰਦ ਕਰ ਦੇਵੇ, ਉਪਰੋਂ ਕੋਠੜੀ ਦਾ ਮਾਲਕ ਕਿਰਾਇਆ ਮੰਗੇ ਪਰ ਕੋਲ ਚਾਰ ਪੈਸੇ ਵੀ ਨਾ ਹੋਣ ਤਾਂ ਹਾਕ ਕਿਸ ਨੂੰ ਮਾਰਨੀ ਹੈ। ਇਹ ਉਨ੍ਹਾਂ ਦੇ ਸਾਦੇ ਜਿਹੇ ਸਵਾਲ ਸਨ। ਜਦੋਂ ਕਿਸੇ ਨੇ ਉਨ੍ਹਾਂ ਨੂੰ ਗੌਲਿਆ ਹੀ ਨਹੀਂ ਤਾਂ ਉਨ੍ਹਾਂ ਘਰਾਂ ਨੂੰ ਪਰਤਣ ਵਿਚ ਹੀ ਸਿਆਣਪ ਸਮਝੀ; ਤੇ ਉਹ ਤੁਰ ਪਏ; ਪੈਦਲ, ਚੁੱਪ-ਚਾਪ, ਸਿਰਾਂ ਉੱਤੇ ਨਿੱਕੀਆਂ ਗੰਢਣੀਆਂ, ਕੁੱਛੜ ਬੱਚੇ ਵੀ। ਉਨ੍ਹਾਂ ਦੀਆਂ ਲੰਮੀਆਂ ਕਤਾਰਾਂ ਅਸੀਂ ਸਭ ਨੇ ਦੇਖੀਆਂ। ਉਹ ਆਪੋ-ਆਪਣੇ ਗਰਾਂ ਜੋ ਯੂ.ਪੀ., ਬਿਹਾਰ, ਮੱਧ ਪ੍ਰਦੇਸ਼ ਦੋ ਸੌ ਮੀਲ, ਤਿੰਨ ਸੌ ਮੀਲ, ਚਾਰ ਸੌ ਮੀਲ ਤੇ ਉਸ ਤੋਂ ਵੀ ਪਰੇ ਸਨ, ਲਈ ਤੁਰ ਪਏ।

ਅਸੀਂ ਅਚੰਭਿਤ ਹੋਏ, ਕਿਉਂਕਿ ਅਜਿਹੇ ਕਾਫਲੇ ਅਸੀਂ ਸ਼ਾਇਦ ਪਹਿਲੀ ਵਾਰੀ ਹੀ ਦੇਖੇ ਸਨ। ਜਿਨ੍ਹਾਂ ਨੇ 47 ਵਾਲੀ ਵੰਡ ਦੇਖੀ ਸੀ, ਉਨ੍ਹਾਂ ਨੂੰ ਜ਼ਰੂਰ ਉਸ ਦੀ ਯਾਦ ਆਈ ਪਰ ਸਾਨੂੰ ਭਾਵੇਂ ਪਤਾ ਨਾ ਹੋਵੇ, ਹਕੀਕਤ ਇਹ ਹੈ ਕਿ ਪਰਵਾਸੀ ਮਜ਼ਦੂਰਾਂ ਨੂੰ ਇਹ ਪੈਂਡਾ ਕਈ ਵਾਰ ਤੈਅ ਕਰਨਾ ਪੈਂਦਾ ਹੈ। ਜਿਹੜੇ ਮਾਹਿਰ ਉਨ੍ਹਾਂ ਨੂੰ ਗਹੁ ਨਾਲ ਦੇਖਦੇ ਨੇ, ਉਹ ਜਾਣਦੇ ਨੇ ਕਿ ਪਰਵਾਸੀ ਮਜ਼ਦੂਰ ਆਪਣੀਆਂ ਨਿਗੂਣੀਆਂ ਕਮਾਈਆਂ ਬਚਾ ਕੇ ਘਰ ਲਿਜਾਣ ਲਈ, ਅਕਸਰ ਆਪਣੇ ਪੈਰਾਂ ਤੇ ਹੀ ਚੜ੍ਹ ਕੇ ਜਾਂਦੇ ਨੇ। ਇਸ ਵਾਰ ਫਰਕ ਇਹ ਸੀ ਕਿ ਰਸਤੇ ਵਿਚ ਕੋਈ ਢਾਬਾ, ਡੇਰਾ, ਮੰਦਰ, ਮਸੀਤ ਖੁੱਲ੍ਹੀ ਨਹੀਂ ਸੀ ਜਿਥੇ ਕੁਝ ਸੇਵਾ ਕਰ ਕੇ ਜਾਂ ਭਾਂਡੇ ਮਾਂਜ ਕੇ ਉਹ ਰੋਟੀ ਖਾ ਲੈਣ। ਇਸੇ ਕਰ ਕੇ ਅਸੀਂ ਉਨ੍ਹਾਂ ਬਾਰੇ ਰੋਜ਼ ਸੁਣਿਆ ਜੋ ਆਪਣੇ ਪਿੰਡ ਆਉਣ ਤੋਂ ਪਹਿਲਾਂ ਹੀ ਭੁੱਖ ਤੇ ਤ੍ਰੇਹ ਤੋਂ ਹਾਰ ਗਏ। ਅਸੀਂ ਰਾਮਜੀ ਮਹਤੋ ਦੀ ਖ਼ਬਰ ਪੜ੍ਹੀ ਜੋ ਦਿੱਲੀ ਤੋਂ 1100 ਕਿਲੋਮੀਟਰ ਦੂਰ ਆਪਣੇ ਪਿੰਡ ਬੇਗੂਸਰਾਏ ਵੱਲ ਤੁਰ ਪਿਆ। ਉਹ ਦਿਨੋ-ਦਿਨ ਤੁਰਦਾ ਗਿਆ ਅਤੇ ਉਸ 850 ਕਿਲੋਮੀਟਰ ਦਾ ਸਫਰ ਤੈਅ ਵੀ ਕਰ ਲਿਆ ਪਰ ਆਪਣੇ ਪਿੰਡ ਤੋਂ ਤਕਰੀਬਨ 350 ਕਿਲੋਮੀਟਰ ਪਹਿਲਾਂ ਭੁੱਖ ਤੇ ਥਕਾਵਟ ਤੋਂ ਹਾਰ ਕੇ 45 ਸਾਲਾਂ ਦਾ ਰਾਮਜੀ ਮਹਤੋ ਸੜਕ ਉੱਤੇ ਦਮ ਤੋੜ ਗਿਆ। ਤਿਲੰਗਾਨਾ ਦੇ ਮਿਰਚ ਦੇ ਖੇਤਾਂ ਵਿਚ ਕੰਮ ਕਰਦੀ, ਛਤੀਸਗੜ੍ਹ ਦੀ 12 ਸਾਲ ਦੀ ਜਮਾਲੋ ਮਕਦਾਮ ਆਪਣੇ ਮਾਂ ਪਿਓ ਨਾਲ ਤੁਰ ਪਈ, 150 ਕਿਲੋਮੀਟਰ ਦੂਰ ਆਪਣੇ ਪਿੰਡ ਵੱਲ, ਪੈਦਲ। ਉਹ ਤਿੰਨ ਦਿਨ ਲਗਾਤਾਰ ਤੁਰੇ ਪਰ ਚੌਥੇ ਦਿਨ ਨਿੱਕੀ ਕੁੜੀ ਜਮਾਲੋ ਥੱਕ ਗਈ ਤੇ ਆਪਣੇ ਪਿੰਡ ਤੋਂ 50



ਕਿਲੋਮੀਟਰ ਪਹਿਲਾਂ ਭੁੱਖ, ਤ੍ਰੇਹ ਤੇ ਥਕਾਵਟ ਨਾਲ, ਕੇਂਦਰ ਤੇ ਸੂਬਾਈ ਸਰਕਾਰਾਂ ਦੇ ਰਾਹਤ ਬਾਰੇ 350 ਸਰਕਾਰੀ ਆਰਡਰਾਂ ਦੇ ਬਾਵਜੂਦ ਮਰ ਗਈ।

ਪਰ ਇਹ ਮੌਤਾਂ ਅਤੇ ਮਜ਼ਦੂਰਾਂ ਦਾ ਭੁੱਖਮਰੀ ਦੇ ਕਗਾਰ ਤੇ ਆ ਖੜ੍ਹੇ ਹੋਣਾ ਕੋਵਿਡ-19 ਦਾ ਸੰਕਟ ਨਹੀਂ ਹੈ। ਇਹ ਸੰਕਟ ਬੇਹੱਦ ਕਮਜ਼ੋਰ ਬੁਨਿਆਦ ਤੇ ਖੜ੍ਹਾ ਹੈ। ਜੇ ਅੰਕੜਿਆਂ ਤੇ ਨਜ਼ਰ ਮਾਰੀਏ ਤਾਂ ਸਾਫ ਦਿਸ ਪਏਗਾ ਕਿ ਕੋਵਿਡ-19 ਤੋਂ ਪਹਿਲਾਂ ਦੇਸ਼ ਅੰਦਰ ਬੇਰੁਜ਼ਗਾਰੀ ਦੀ ਦਰ ਸਿਖਰਾਂ ਛੂਹ ਰਹੀ ਸੀ - ਇਹ ਦਰ 6 ਫੀਸਦੀ ਪਾਰ ਕੱਰ ਚੁਕੀ ਸੀ ਜਦਕਿ ਪਿਛਲੇ ਚਾਰ ਦਹਾਕਿਆਂ ਵਿਚ ਇਹ ਦਰ 2 ਤੋਂ 3 ਫੀਸਦੀ ਰਹੀ ਹੈ। ਵੱਡੀ ਗਿਣਤੀ ਵਿਚ ਮਜ਼ਦੂਰ, ਖਾਸ ਕਰ ਕੇ ਔਰਤਾਂ, ਮਜ਼ਦੂਰ ਮੰਡੀ ਵਿਚੋਂ ਬਾਹਰ ਹੋ ਰਹੀਆਂ ਸਨ ਅਤੇ ਮਜ਼ਦੂਰੀ ਦੇ ਮਾਮਲੇ ਵਿਚ ਮੁਲਕ ਅਜਿਹੀ ਥਾਂ ਤੇ ਆ ਖੜ੍ਹਾ ਸੀ ਜਿਸ ਨੂੰ ਅਰਥ ਸ਼ਾਸਤਰੀ ਮਜ਼ਦੂਰ ਦੀ ਉਦਾਸੀਨਤਾ ਵਜੋਂ ਜਾਣਦੇ ਹਨ; ਅਜਿਹੇ ਹਾਲਾਤ ਕਿ ਕੰਮ ਦੀ ਅਸਫਲ ਤਲਾਸ਼ ਤੋਂ ਹਾਰਿਆ ਮਜ਼ਦੂਰ ਕੰਮ ਲੱਭਣਾ ਬੰਦ ਕਰ ਕੇ ਮੰਡੀ ਤੋਂ ਬਾਹਰ/ਬੇਗਾਨਾ ਹੀ ਹੋ ਜਾਂਦਾ ਹੈ। ਜੇ 15 ਸਾਲਾਂ ਤੋਂ ਉੱਤੇ ਦੀ ਆਬਾਦੀ ਵਿਚ ਮਜ਼ਦੂਰ ਦਾ ਅਨੁਪਾਤ ਦੇਖੀਏ ਤਾਂ ਇਹ ਦਰ 2011-12 ਵਿਚ 54.7 ਸੀ ਜੋ 2017-18 ਵਿਚ ਘਟ ਕੇ 46.8 ਫੀਸਦੀ ਤੇ ਆ ਚੁਕੀ ਹੈ।

ਮੁਲਕ ਦਾ ਤਿੰਨ ਚੌਥਾਈ ਮਜ਼ਦੂਰ ਸਵੈ ਰੁਜ਼ਗਾਰ ਅਤੇ ਸਬੱਬੀ (ਕੈਜ਼ੂਅਲ) ਲੇਬਰ ਹੈ ਜਿਸ ਕੋਲ ਕਿਰਤ ਰਿਸ਼ਤੇ ਸਬੰਧੀ (ਲੇਬਰ) ਕੋਈ ਇਕਰਾਰਨਾਮਾ ਨਹੀਂ। ਉਹ ਹਰ ਸਵੇਰ ਨਵੀਂ ਭਰਤੀ ਵਾਲੇ ਮਜ਼ਦੂਰ ਵਾਂਗ ਮਜ਼ਦੂਰੀ ਤੇ ਜਾਂਦਾ ਹੈ। ਕਿਸੇ ਮਾਲਕ ਜਾਂ ਠੇਕੇਦਾਰ ਦੀ ਉਸ ਵੱਲ ਕੋਈ ਜ਼ਿੰਮੇਵਾਰੀ ਨਹੀਂ। ਭਾਰਤ ਦੇ ਗੈਰ ਖੇਤੀ ਖੇਤਰ ਦੇ ਕੁਲ ਮਜ਼ਦੂਰਾਂ ਦਾ 72 ਫੀਸਦੀ ਮਜ਼ਦੂਰ ਇਸ ਤਰ੍ਹਾਂ ਦੀ ਗੈਰ ਰਸਮੀ ਮਜ਼ਦੂਰੀ ਕਰਦਾ ਹੈ। ਸੈਕੰਡਰੀ ਖੇਤਰ ਜਿਸ ਵਿਚ ਵੱਧ ਮਾਤਰਾ ਵਿਚ ਮਜ਼ਦੂਰ ਸ਼ਾਮਲ ਦਿਸਦੇ ਹਨ, ਅਸਲ ਵਿਚ ਨਿਰਮਾਣ ਖੇਤਰ ਦੀ ਹੱਡ ਭੰਨਵੀਂ, ਨਿਗੂਣੀ ਮਜ਼ਦੂਰੀ ਦੇ ਵਿਕਾਸ ਤੇ ਨਿਰਭਰ ਹੈ। ਦੂਜੇ ਪਾਸੇ ਕੁਲ ਉਦਯੋਗ ਦੀ ਕੀਮਤ ਵਿਚ ਮਜ਼ਦੂਰੀ ਦਾ ਹਿੱਸਾ ਘਟ ਰਿਹਾ ਹੈ। ਇਸ ਹਾਲਤ ਨੂੰ ਕਿਰਤ ਵਿਹੂਣੇ ਵਿਕਾਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੂਜੇ ਪਾਸੇ 19 ਕਰੋੜ ਮਜ਼ਦੂਰ ਖੇਤੀ ਖੇਤਰ ਵਿਚ ਹੈ ਤੇ ਇਹ ਖੇਤਰ ਖੜੋਤ ਦਾ ਸਾਹਮਣਾ ਕਰ ਰਿਹਾ ਹੈ ਜਿਸ ਕਾਰਨ ਇਸ ਖੇਤਰ ਵਿਚ ਮਜ਼ਦੂਰੀ ਦੀ ਦਰ ਸ਼ਹਿਰੀ ਮਜ਼ਦੂਰੀ ਦਰ ਨਾਲੋਂ ਕਾਫੀ ਹੇਠਾਂ ਹੈ। ਸ਼ਹਿਰੀ ਅਤੇ ਪੇਂਡੂ ਮਜ਼ਦੂਰੀ ਦਾ ਇਹੀ ਪਾੜਾ ਮਜ਼ਦੂਰ ਦਾ ਪਿੰਡਾਂ ਵਿਚੋਂ ਸ਼ਹਿਰ ਨੂੰ ਪਰਵਾਸ ਦਾ ਕਾਰਨ ਹੈ।

ਇਸ ਤਸਵੀਰ ਅਨੁਸਾਰ, ਭਾਰਤ ਦੇ ਮੌਜੂਦਾ ਵਿਕਾਸ ਦੇ ਢਾਂਚੇ ਵਿਚ ਪਰਵਾਸੀ ਮਜ਼ਦੂਰਾਂ ਦਾ ਵੱਡਾ ਹਿੱਸਾ ਕੰਮ ਲਈ ਤਾਂ ਅਹੁਲਦਾ ਹੈ ਪਰ ਉਨ੍ਹਾਂ ਨੂੰ ਕੰਮ ਨਹੀਂ ਮਿਲਦਾ। ਇਸ ਮਜ਼ਦੂਰ ਦੀ ਮਜ਼ਦੂਰ ਮੰਡੀ ਵਿਚ ਨਿਗੂਣੀ ਹੈਸੀਅਤ ਹੈ ਤੇ ਇਸੇ ਲਈ ਇਸ ਦੇ ਮੁਢਲੇ ਸ਼ਹਿਰੀ ਹੱਕ ਅਸਲੋਂ ਮਹਿਦੂਦ ਹਨ ਪਰ ਇਹ ਵਿਕਾਸ ਕਾਣੀ ਵੰਡ ਅਤੇ ਨਾਇਨਸਾਫੀ ਦੀ ਬੁਨਿਆਦ ਉੱਤੇ ਉਸਰਿਆ ਢਾਂਚਾ ਹੈ। ਇਸ ਢਾਂਚੇ ਨੂੰ ਬਰਕਰਾਰ ਰੱਖਣ ਲਈ ਕਰੋਨਾ ਦੀ ਆੜ ਵਿਚ ਲੋਕਾਂ ਨੂੰ ਤਾੜ ਕੇ ਹੱਕਾਂ ਉੱਤੇ ਛਾਪੇ ਮਾਰੇ ਜਾ ਰਹੇ ਹਨ। ਹੁਣੇ ਜ਼ਾਹਿਰ ਹੋਈ ਵਿਸ਼ਵ ਤਾਲਾਬੰਦੀ ਸਖ਼ਤੀ ਦੇ ਮਾਪਦੰਡਾਂ ਦੇ ਹਿਸਾਬ ਨਾਲ ਭਾਰਤ ਪਹਿਲੇ ਨੰਬਰ ਤੇ ਹੈ। ਅਸੀਂ ਦੇਖ ਰਹੇ ਹਾਂ ਕਿ ਤਾਲਾਬੰਦੀ ਸਖਤ ਕਾਨੂੰਨਾਂ ਅਤੇ ਆਰਡੀਨੈਂਸਾਂ ਨਾਲ ਲਾਗੂ ਕੀਤੀ ਜਾ ਰਹੀ ਹੈ। ਇਹ ਭਾਵੇਂ ਸਿਹਤ ਸੇਵਾਵਾਂ ਅਤੇ ਕਰਮਚਾਰੀਆਂ ਨਾਲ ਧੱਕੇ ਵਿਰੁੱਧ ਕਾਨੂੰਨ ਹੋਵੇ ਜਾਂ ਤਾਲਾਬੰਦੀ ਦੀ ਉਲੰਘਣਾ ਕਾਨੂੰਨ, ਲੋਕਾਂ ਨੂੰ ਬੇਹੱਦ ਸਖ਼ਤ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ। ਮੁਲਕ ਭਰ ਵਿਚ ਹਜ਼ਾਰਾਂ ਲੋਕ ਇਨ੍ਹਾਂ ਅਪਰਾਧਾਂ ਥੱਲੇ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਸੁੱਟੇ ਜਾ ਚੁਕੇ ਹਨ। ਇਕੱਲੇ ਮਹਾਰਾਸ਼ਟਰ ਵਿਚ ਹੀ 60 ਹਜ਼ਾਰ ਤੋਂ ਵੱਧ ਕੇਸ ਰਜਿਸਟਰ ਕੀਤੇ ਜਾ ਚੁੱਕੇ ਹਨ। ਤਾਲਾਬੰਦੀ ਦੌਰਾਨ ਆਮ ਲੋਕਾਂ ਲਈ ਅਦਾਲਤਾਂ ਤਕਰੀਬਨ ਠੱਪ ਪਈਆਂ ਹਨ। ਉਹ ਕੇਸ ਜਿਨ੍ਹਾਂ ਵਿਚ ਜ਼ਮਾਨਤ ਦਾ ਅਧਿਕਾਰ ਹੈ, ਉਨ੍ਹਾਂ ਦੀ ਵੀ ਸੁਣਵਾਈ ਨਹੀਂ ਹੋ ਰਹੀ। ਇੱਕੋ ਹੀ ਸੰਦੇਸ਼ ਹੈ ਕਿ ਚੁੱਪ ਕਰ ਕੇ ਹੁਕਮ ਦਾ ਪਾਲਣ ਕਰੋ। ਹੁਕਮਅਦੂਲੀ ਅਤੇ ਸਵਾਲ ਪੁੱਛਣਾ ਮਨਾ ਹੈ।

ਇਸੇ ਦੌਰਾਨ ਸਰਕਾਰ ਫੈਕਟਰੀਜ਼ ਐਕਟ ਵਿਚ ਸੋਧ ਕਰ ਕੇ 8 ਘੰਟੇ ਦੀ ਦਿਹਾੜੀ ਨੂੰ 12 ਘੰਟੇ ਵਿਚ ਤਬਦੀਲ ਕਰਨ ਦੇ ਮਨਸੂਬੇ ਬਣਾ ਰਹੀ ਹੈ। ਸਰਕਾਰ ਦਾ ਕਹਿਣਾ ਹੈ ਕਿ ਅਸੀਂ ਹੰਗਾਮੀ ਦੌਰ ਵਿਚੋਂ ਗੁਜ਼ਰ ਰਹੇ ਹਾਂ, ਇਸ ਲਈ ਕਾਨੂੰਨਾਂ ਵਿਚ ਹੰਗਾਮੀ ਸੋਧਾਂ ਤੇ ਨਵੇਂ ਹੰਗਾਮੀ ਕਾਨੂੰਨਾਂ ਦੀ ਲੋੜ ਹੈ ਪਰ ਭਾਰਤ ਦੀ ਜਮਹੂਰੀ ਮਜ਼ਦੂਰ ਲਹਿਰ ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਸਰਕਾਰਾਂ ਵਾਸਤੇ ਹੰਗਾਮੀ ਹਾਲਾਤ ਕਦੀ ਨਹੀਂ ਮੁੱਕਦੇ। ਹੰਗਾਮੀ ਹਾਲਾਤ ਵਿਚ ਬਣਾਏ ਕਾਲੇ ਕਾਨੂੰਨ ਸਥਾਈ ਹੋ ਨਿੱਬੜਦੇ ਨੇ। 1942 ਵਿਚ ਅੰਗਰੇਜ਼ ਹਕੂਮਤ ਨੇ 'ਭਾਰਤ ਛੱਡੋ' ਵਿਦਰੋਹ ਨੂੰ ਦਬਾਉਣ ਲਈ ਬਣਾਇਆ ਹੰਗਾਮੀ ਕਾਨੂੰਨ 'ਅਫਸਪਾ' ਆਜ਼ਾਦ ਭਾਰਤ, ਅੱਜ ਵੀ ਕਸ਼ਮੀਰ ਤੇ ਹੋਰ ਰਾਜਾਂ ਵਿਚ ਵਰਤ ਰਿਹਾ ਹੈ। ਯੂ.ਏ.ਪੀ.ਏ. ਜੋ 1962 ਦੀ ਜੰਗ ਅਤੇ ਫਿਰ 1965 ਦੀ ਜੰਗ ਦੀ ਹੰਗਾਮੀ ਹਾਲਾਤ ਵਿਚ ਉਭਾਰਿਆ ਗਿਆ ਸੀ, ਅੱਜ ਸਰਕਾਰ ਦੇ ਹੱਥ ਵਿਚ ਹਰ ਕਿਸਮ ਦੀ ਅਸਹਿਮਤੀ ਨੂੰ ਦਬਾਉਣ ਲਈ ਮਕਬੂਲ ਹਥਿਆਰ ਹੈ। ਮਜ਼ਦੂਰ ਜਮਾਤ ਨੇ ਲੰਮੀ ਲੜਾਈ ਨਾਲ 8 ਘੰਟੇ ਦੀ ਦਿਹਾੜੀ ਲਈ ਸਹਿਮਤੀ ਜਿੱਤੀ ਸੀ। ਮਜ਼ਦੂਰਾਂ ਦੀ ਉਹ ਲੰਮੀ ਲੜਾਈ ਸਬਕ ਦਿੰਦੀ ਹੈ ਕਿ ਹੱਕਾਂ ਲਈ ਲੜਾਈ ਲੰਮੀ ਵੀ ਹੈ ਤੇ ਔਖੀ ਵੀ ਪਰ ਇਹ ਸਾਡੇ ਜ਼ਿੰਮੇ ਆਈ ਹੈ ਅਤੇ ਇਹ ਲੜਨੀ ਹੀ ਹੈ।

# ਭਾਰਤ ਸਰਕਾਰ ਦੀ ਨਾਲਾਇਕੀ

ਵੇਖਦੇ-ਵੇਖਦੇ ਸਰਕਾਰ ਦੀ ਕਰੋਨਾ ਰਣਨੀਤੀ ਤਾਲਾਬੰਦੀ ਜਾਂ ਘਰਬੰਦੀ ਨੂੰ 'ਹਰ ਕੀਮਤ 'ਤੇ ਕਾਮਯਾਬ ਬਣਾਉਣ' ਦੇ ਨਾਅਰੇ ਤੋਂ ਹਟ ਕੇ ਹੁਣ ਉਸ ਨੂੰ 'ਸੋਚ ਸਮਝ ਕੇ ਹਟਾਉਣਾ ਹੈ' ਦੀ ਯੋਜਨਾ 'ਤੇ ਆ ਕੇ ਟਿਕ ਗਈ ਹੈ। ਦੇਸ਼ ਨੂੰ ਲਾਲ, ਸੰਤਰੀ ਅਤੇ ਹਰੇ ਖੇਤਰਾਂ ਵਿਚ ਵੰਡ ਕੇ ਕਰੋਨਾ ਦੇ ਖਿਲਾਫ ਯੁੱਧ ਕਰਨ ਦਾ ਮਨਸੂਬਾ ਹਾਸਮਈ ਕਿਸਮ ਦੇ ਸਿੱਟਾਜਨਕ ਫੈਸਲਿਆਂ ਵਿਚ ਫਸ ਗਿਆ ਹੈ। ਭਾਵ, ਗਾਜ਼ੀਆਬਾਦ ਲਾਲ ਖੇਤਰ ਸੀ, ਪਰ ਅਚਾਨਕ ਪ੍ਰਸ਼ਾਸਨ ਨੇ ਉਸ ਨੂੰ ਸੰਤਰੀ ਖੇਤਰ ਐਲਾਨ ਦਿੱਤਾ। ਕਿਉਂ? ਕੀ ਉਥੋਂ ਕਰੋਨਾ ਦੇ ਮਾਮਲੇ ਆਉਣੇ ਅਚਾਨਕ ਘਟ ਗਏ? ਨਹੀਂ, ਕਿਉਂਕਿ

**ਅਭੈ ਕੁਮਾਰ ਦੂਬੇ**

ਗਾਜ਼ੀਆਬਾਦ ਨੂੰ ਹੁਣ ਖੋਲ੍ਹਣਾ ਹੈ, ਇਸ ਲਈ ਉਸ ਨੂੰ ਹਰੇ ਖੇਤਰ ਵਿਚ ਲਿਆਉਣ ਦੇ ਲਈ ਇਹ ਫੈਸਲਾ ਕੀਤਾ ਗਿਆ। ਇਸ ਨਾਲ ਰਲਦੀ ਮਿਲਦੀ ਸਥਿਤੀ ਨੋਇਡਾ ਦੀ ਹੈ। ਗਾਜ਼ੀਆਬਾਦ ਅਤੇ ਨੋਇਡਾ ਨਹੀਂ ਖੁੱਲ੍ਹੇ, ਤਾਂ ਦਿੱਲੀ ਕਿਵੇਂ ਖੁੱਲ੍ਹੇਗੀ? ਉਥੇ ਕੰਮ ਕਰਨ ਵਾਲੇ ਲੋਕ ਬਹੁਤ ਵੱਡੀ ਗਿਣਤੀ ਵਿਚ ਇੱਥੇ ਰਹਿੰਦੇ ਹਨ। ਉਨ੍ਹਾਂ ਦੀ ਆਵਾਜਾਈ ਕਿਵੇਂ ਚੱਲੇਗੀ? ਦਿੱਲੀ ਨਹੀਂ ਖੁੱਲ੍ਹੀ, ਤਾਂ ਮੰਨ ਲਓ ਕਿ ਦੇਸ਼ ਵਿਚ ਕੁਝ ਨਹੀਂ ਖੁੱਲ੍ਹਿਆ। ਦਿੱਲੀ ਸਰਕਾਰ ਨੇ ਵੀ ਵੱਡੀ ਬਹਾਦਰੀ ਅਤੇ ਯੋਜਨਾਬੱਧ ਤਰੀਕਿਆਂ ਨਾਲ ਕਰੋਨਾ ਦੇ ਖਿਲਾਫ ਸੰਗਰਾਮ ਚਲਾਉਣ ਤੋਂ ਬਾਅਦ ਹੁਣ ਕੇਂਦਰ ਨੂੰ ਅਪੀਲ ਕੀਤੀ ਹੈ ਕਿ ਉਸ ਨੂੰ 'ਕੰਟੈਨਮੈਂਟ ਜ਼ੋਨਾਂ' ਤੋਂ ਇਲਾਵਾ ਬਾਕੀ ਦਿੱਲੀ ਖੋਲ੍ਹਣ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ। ਇਹ ਇਸ ਦੇ ਬਾਵਜੂਦ ਹੈ ਕਿ ਸਨਿਚਰਵਾਰ ਨੂੰ ਦਿੱਲੀ ਵਿਚ ਪਹਿਲਾਂ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਮਾਮਲੇ ਸਾਹਮਣੇ ਆਏ। ਧਿਆਨ ਰਹੇ ਕਿ ਤਕਨੀਕੀ ਰੂਪ ਨਾਲ ਪੂਰੀ ਦਿੱਲੀ ਲਾਲ ਖੇਤਰ ਵਿਚ ਹੈ। ਫਿਰ ਵੀ ਸਰਕਾਰ ਦਿੱਲੀ ਨੂੰ ਖੋਲ੍ਹਣ ਦੇ ਲਈ ਤਿਆਰ ਹੈ। ਕਰੋਨਾ ਮਹਾਂਮਾਰੀ ਦੇ ਇਸ ਨਾਜ਼ੁਕ ਸਮੇਂ ਵਿਚ ਦੇਸ਼ ਵਾਸੀਆਂ ਨੇ ਸਭ ਤੋਂ ਜ਼ਿਆਦਾ ਜੋ ਸਿਆਸੀ ਚਿਹਰੇ ਵੇਖੇ ਹਨ, ਉਹ ਨਰਿੰਦਰ ਮੋਦੀ ਅਤੇ ਅਰਵਿੰਦ ਕੇਜਰੀਵਾਲ ਹੀ ਹਨ। ਇਨ੍ਹਾਂ ਦੋਵਾਂ ਦਾ ਅਕਸ ਕਰੋਨਾ ਵਿਰੋਧੀ ਜਰਨੈਲਾਂ ਦਾ ਬਣਿਆ ਹੈ।

ਕਰੋਨਾ ਨਾਲ ਸਬੰਧਿਤ ਇਸ ਰਣਨੀਤਕ ਬਦਲਾਅ ਦੇ ਕੇਂਦਰ ਵਿਚ ਦੇਸ਼ ਦੇ ਕੁਝ ਸਭ ਤੋਂ ਵੱਡੇ ਕਾਰਪੋਰੇਟ ਸਰਬਰਾਹਾਂ ਦੇ ਤਾਜ਼ੇ ਵਿਚਾਰ ਹਨ। ਇਨ੍ਹਾਂ ਵਿਚ ਇਨਫੋਸਿਸ ਦੇ ਬਾਨੀ ਅਤੇ ਅਤਿਅੰਤ ਸਨਮਾਨਿਤ ਨਰਾਇਣਮੂਰਤੀ ਦੇ ਇਕ ਕਥਨ 'ਤੇ ਗੌਰ ਕਰਨਾ ਜ਼ਰੂਰੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਲ ਭਰ ਵਿਚ ਦੇਸ਼ ਵਿਚ ਵੱਖ-ਵੱਖ ਕਾਰਨਾਂ ਨਾਲ (ਕਰੋਨਾ ਤੋਂ ਵੱਖ) ਪ੍ਰਤੀ ਸਾਲ ਕਰੀਬ 90 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਭਾਵ 23 ਹਜ਼ਾਰ ਤੋਂ ਜ਼ਿਆਦਾ ਲੋਕ ਪ੍ਰਤੀ ਦਿਨ ਦੁਨੀਆ ਛੱਡ ਜਾਂਦੇ ਹਨ। ਉਨ੍ਹਾਂ ਨੇ ਇਸ ਦਾ ਭਾਵ ਇਹ ਕੱਢਿਆ ਹੈ ਕਿ ਪਿਛਲੇ 2 ਮਹੀਨਿਆਂ ਵਿਚ ਕਰੋਨਾ ਨਾਲ ਮਰੇ ਇਕ ਹਜ਼ਾਰ ਤੋਂ ਕੁਝ ਜ਼ਿਆਦਾ ਲੋਕ ਇਸ ਦੀ ਤੁਲਨਾ ਵਿਚ ਕੁੱਝ ਨਹੀਂ ਹਨ। ਭਾਵ ਇਸ ਮਹਾਂਮਾਰੀ ਵਿਚ ਹੋ ਰਹੀਆਂ ਮੌਤਾਂ ਨਾਲ ਸਾਨੂੰ ਘਬਰਾਹਟ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਨਰਾਇਣਮੂਰਤੀ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਘਰਬੰਦੀ ਛੇਤੀ ਖਤਮ ਨਹੀਂ ਕੀਤੀ ਗਈ ਤਾਂ ਕਰੋਨਾ ਦੇ ਮੁਕਾਬਲੇ ਭੁੱਖ ਨਾਲ ਮਰਨ ਵਾਲਿਆਂ ਦੀ ਗਿਣਤੀ ਕਈ ਗੁਣਾ ਹੋਵੇਗੀ। ਸਿੱਧੇ ਤੌਰ 'ਤੇ ਉਹ ਕਹਿ ਰਹੇ ਹਨ ਕਿ ਤਾਲਾਬੰਦੀ ਨਾਲ ਅਸੀਂ ਘੱਟ ਜਾਨਾਂ ਬਚਾਵਾਂਗੇ, ਪਰ ਉਸ ਦੇ ਕਾਰਨ ਕਿਤੇ ਜ਼ਿਆਦਾ ਜਾਨਾਂ ਜਾਣਗੀਆਂ। ਇਸ ਸਿਲਸਿਲੇ ਵਿਚ ਸੀਨੀਅਰ ਅਰਥ ਸ਼ਾਸਤਰੀ ਦੀਪਕ ਨਈਅਰ ਦਾ ਵਿਸ਼ਲੇਸ਼ਣ ਵੀ ਜੋੜ ਦੇਣਾ ਚਾਹੀਦਾ ਹੈ। ਪ੍ਰੋ: ਨਈਅਰ ਦਾ ਅੰਦਾਜ਼ਾ ਹੈ ਕਿ ਸਾਡੇ ਦੇਸ਼ ਵਿਚ 'ਬਿਮਾਰੀਆਂ ਨਾਲ ਲੜਨ ਦੀ ਸਖਤ ਸਮਰੱਥਾ' ਦਾ ਇਕ ਪੱਧਰ ਪਹਿਲਾਂ ਹੀ ਹੈ। ਜੇਕਰ ਇਹ ਨਾ ਹੁੰਦੀ ਤਾਂ ਮੁੰਬਈ ਵਿਚ ਧਾਰਾਵੀ 'ਚ ਅਤੇ ਗਰੀਬਾਂ ਵਿਚ ਭੀੜ ਭਰੇ ਇਲਾਕਿਆਂ (ਜਿੱਥੇ ਇਕ-ਇਕ ਘਰ ਵਿਚ 6 ਤੋਂ 10 ਵਿਅਕਤੀ ਵੀ ਰਹਿੰਦੇ ਹਨ) ਵਿਚ ਕਰੋਨਾ ਦੇ ਕਾਰਨ ਲਾਸ਼ਾਂ ਦੇ ਅੰਬਾਰ ਲੱਗ ਜਾਂਦੇ। ਪਰ ਅਜਿਹਾ ਕੁਝ ਨਹੀਂ ਹੋਇਆ। ਗਰੀਬਾਂ ਨੂੰ ਜਿੱਥੇ ਵੀ ਮੌਕਾ ਮਿਲਿਆ ਹੈ, ਉਹ ਕੰਮ 'ਤੇ ਜਾ ਰਹੇ ਹਨ। ਸਫਾਈ ਮਜ਼ਦੂਰ, ਚੌਕੀਦਾਰ ਅਤੇ ਹੋਰ ਕਾਮੇ ਰੋਜ਼ ਕੰਮ ਕਰ ਰਹੇ ਹਨ। ਕੀ ਇਨ੍ਹਾਂ ਕੋਲ ਸੰਜੀਵਨੀ ਬੂਟੀ ਹੈ? ਨਹੀਂ। ਇਨ੍ਹਾਂ ਦੇ ਅੰਦਰ ਪਹਿਲਾਂ ਤੋਂ ਹੀ ਰੋਗਾਂ ਨਾਲ ਲੜਨ ਦੀ ਇਕ ਅਜਿਹੀ ਸਮਰੱਥਾ ਹੈ ਜਿਸ ਕਾਰਨ ਉਨ੍ਹਾਂ ਦੀ ਗਿਣਤੀ ਹੀ ਪੀੜਤਾਂ ਵਿਚ ਨਹੀਂ ਹੋ ਰਹੀ ਭਾਵ, ਰੋਗਾਂ ਨਾਲ ਲੜਨ ਦੀ ਸਖਤ ਸਮਰੱਥਾ ਦੇ ਲਈ ਸਾਨੂੰ ਆਪਣੀ ਆਬਾਦੀ ਦੇ 60 ਫੀਸਦੀ ਲੋਕਾਂ ਨੂੰ ਲਾਗ ਲਾਉਣ ਦੀ ਲੋੜ ਨਹੀਂ ਹੈ।

ਹਾਲ ਹੀ ਵਿਚ ਸਾਡੇ ਜ਼ਮਾਨੇ ਦੇ ਇਕ ਬਿਹਤਰ ਆਰਥਿਕ ਪੱਤਰਕਾਰ ਸਵਾਮੀਨਾਥ ਅਈਅਰ ਨੇ ਵਿਸ਼ਵ ਦੇ ਸੰਦਰਭ ਵਿਚ ਇਕ ਵਿਸ਼ਲੇਸ਼ਣ ਦੇ ਜ਼ਰੀਏ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਤਾਲਾਬੰਦੀ ਜਾਨਾਂ ਘੱਟ ਬਚਾ ਰਿਹਾ ਹੈ, ਅਤੇ ਉਸ ਦੀ ਵਜ੍ਹਾ ਨਾਲ ਜਾਨਾਂ ਜ਼ਿਆਦਾ ਜਾ ਰਹੀਆਂ ਹਨ। ਇਹ ਸਥਿਤੀ ਨਾ ਸਿਰਫ ਭਾਰਤ ਵਿਚ ਹੈ, ਸਗੋਂ ਸਾਰੀ ਦੁਨੀਆਂ ਵਿਚ ਹੈ। ਸਵਾਮੀਨਾਥਨ ਨੇ ਆਮ ਤੌਰ 'ਤੇ ਹੋਣ ਵਾਲੀਆਂ ਮੌਤਾਂ ਤੋਂ ਵਧੇਰੇ ਦੇ ਅੰਕੜੇ ਪੇਸ਼ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਤਾਲਾਬੰਦੀ ਦੀ ਵਜ੍ਹਾ ਨਾਲ ਆਵਾਜਾਈ ਅਤੇ ਕੰਮ ਕਾਰ ਦੀਆਂ ਥਾਵਾਂ 'ਤੇ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਨਾਂਹ ਦੇ ਬਰਾਬਰ ਹੋ ਗਈ ਹੈ। ਇਸੇ ਤਰ੍ਹਾਂ ਅਪਰਾਧੀਆਂ ਦੇ ਹੱਥੋਂ ਮਾਰੇ ਜਾਣ ਵਾਲੇ ਲੋਕਾਂ ਦੀਆਂ ਮੌਤਾਂ ਦੀ ਗਿਣਤੀ ਵੀ ਬਹੁਤ ਘੱਟ ਰਹਿ ਗਈ ਹੈ। ਇਸ ਲਿਹਾਜ਼ ਨਾਲ ਗੈਰ ਕਰੋਨਾ ਮੌਤਾਂ ਦੀ ਗਿਣਤੀ ਪਹਿਲਾਂ ਨਾਲੋਂ ਵਧੀ ਹੈ। ਯੈਲ ਯੂਨੀਵਰਸਿਟੀ ਵਲੋਂ ਕੀਤੇ ਗਏ ਇਕ ਸਰਵੇਖਣ ਦੇ ਅਨੁਸਾਰ ਮਾਰਚ-ਅਪਰੈਲ ਵਿਚ ਵਧੇਰੇ ਮੌਤਾਂ ਦੀ ਗਿਣਤੀ 15,400 ਨਿਕਲੀ, ਜਿਨ੍ਹਾਂ ਵਿਚ ਵਾਇਰਸ ਨਾਲ ਮਰੇ ਲੋਕ ਸਿਰਫ 53 ਫੀਸਦੀ ਸਨ। ਭਾਵ ਗੈਰ ਕਰੋਨਾ ਮੌਤਾਂ ਦਾ ਫੀਸਦੀ 47 ਫੀਸਦੀ ਨਿਕਲਿਆ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਭਾਰਤ ਵਿਚ ਹਰ ਸਾਲ 4 ਲੱਖ 40 ਹਜ਼ਾਰ ਲੋਕ ਟੀ.ਬੀ. ਨਾਲ ਮਰ ਜਾਂਦੇ ਹਨ। ਇਸੇ ਤਰ੍ਹਾਂ 20 ਹਜ਼ਾਰ ਲੋਕ ਮਲੇਰੀਆ ਦੇ ਸ਼ਿਕਾਰ ਹੋ ਜਾਂਦੇ ਹਨ। ਕਿਉਂਕਿ ਪੂਰੀ ਦੀ ਪੂਰੀ ਸਿਹਤ ਪ੍ਰਣਾਲੀ (ਜੋ ਪਹਿਲਾਂ ਤੋਂ ਹੀ ਕਮਜ਼ੋਰ ਸੀ) ਕਰੋਨਾ ਵੱਲ ਝੁਕੀ ਹੋਈ ਹੈ, ਇਸ ਲਈ ਨਾ ਤਾਂ ਟੀ.ਬੀ. ਦੇ ਮਰੀਜ਼ਾਂ ਦਾ ਖਿਆਲ ਰੱਖਿਆ ਜਾ ਰਿਹਾ ਹੈ ਅਤੇ ਨਾ ਹੀ ਮਲੇਰੀਆ ਵਿਰੋਧੀ ਪ੍ਰੋਗਰਾਮ ਰਫਤਾਰ ਫੜ ਰਿਹਾ ਹੈ। ਇਸੇ ਤਰ੍ਹਾਂ ਹਸਪਤਾਲਾਂ ਵਿਚ ਪੀੜਤਾਂ ਦੀਆਂ ਡਰ ਨਾਲ ਹੋਣ ਵਾਲੀਆਂ ਮੌਤਾਂ ਵਿਚ ਵੀ ਵਾਧਾ ਵੇਖਿਆ ਜਾ ਰਿਹਾ ਹੈ। ਵੱਡੇ ਹਸਪਤਾਲਾਂ ਦੀ ਹਾਲਤ ਇਹ ਹੈ ਕਿ ਉਥੇ ਆਈ.ਸੀ.ਯੂ. ਖਾਲੀ ਪਏ ਹਨ ਅਤੇ ਐਮਰਜੈਂਸੀ ਵਾਲੇ ਆਪ੍ਰੇਸ਼ਨਾਂ ਤੋਂ ਇਲਾਵਾ ਸਾਰੇ ਹੋਰ ਆਪ੍ਰੇਸ਼ਨ ਰੋਕ ਦਿੱਤੇ ਗਏ ਹਨ। ਇਹ ਸਥਿਤੀ ਵੀ ਹੋਰ ਮੌਤਾਂ ਨੂੰ ਉਤਸ਼ਾਹਿਤ ਕਰਨ ਵਾਲੀ ਹੈ।

ਨਰਾਇਣਮੂਰਤੀ ਨੇ ਜੋ ਕਿਹਾ ਹੈ, ਉਸ ਦਾ ਜੇਕਰ ਧਿਆਨ ਨਹੀਂ ਰੱਖਿਆ ਗਿਆ ਤਾਂ ਭੁੱਖ ਨਾਲ ਹੋਣ ਵਾਲੀਆਂ ਮੌਤਾਂ ਦੀ ਬਹੁਤ ਵੱਡੀ ਗਿਣਤੀ ਸਾਹਮਣੇ ਆਉਣ ਵਾਲੀ ਹੈ। ਪ੍ਰਣਵ ਸੈਨ ਦੇ ਅਨੁਸਾਰ ਭਾਰਤ ਵਿਚ ਕੁੱਲ ਸਾਢੇ 6 ਕਰੋੜ ਉਦਯੋਗ ਹਨ। ਜਿਨ੍ਹਾਂ ਵਿਚੋਂ ਸਿਰਫ ਚਾਲੀ ਲੱਖ ਸੰਗਠਿਤ ਰੂਪ ਨਾਲ ਰਜਿਸਟਰਡ ਹਨ। ਬਾਕੀ ਸਾਰੇ ਗ਼ੈਰ-ਸੰਗਠਿਤ ਖੇਤਰ ਵਿਚ ਕੰਮ ਕਰ ਰਹੇ ਹਨ। ਤਾਲਾਬੰਦੀ ਇਨ੍ਹਾਂ ਸਾਰਿਆਂ ਨੂੰ ਅੰਤਿਮ ਸਾਹ ਲੈਣ ਲਈ ਮਜਬੂਰ ਕਰ ਰਹੀ ਹੈ। ਜੇਕਰ ਇਨ੍ਹਾਂ ਨੂੰ ਸਮਾਂ ਰਹਿੰਦਿਆਂ ਨਾ ਬਚਾਇਆ ਗਿਆ ਤਾਂ ਕਰੋੜਾਂ ਲੋਕਾਂ ਦਾ ਰੁਜ਼ਗਾਰ ਖਤਮ ਹੋ ਜਾਵੇਗਾ (12 ਕਰੋੜ ਲੋਕਾਂ ਦਾ ਤਾਂ ਜਾ ਚੁੱਕਾ ਹੈ), ਅਣਗਿਣਤ ਲੋਕ ਮਰਨਗੇ, ਕੁੱਲ ਘਰੇਲੂ ਉਤਪਾਦ ਨਾਂਹ ਪੱਖੀ ਹੋ ਕੇ ਉਤਪਾਦਨ-ਉਪਭੋਗ-ਆਮਦਨੀ ਦਾ ਚੱਕਰ ਘੱਟ ਤੋਂ ਘੱਟ 10 ਸਾਲ ਦੇ ਲਈ ਭੰਗ ਹੋ ਜਾਵੇਗਾ।

ਅਮਰੀਕਾ ਨੇ ਆਪਣੇ ਕੁੱਲ ਘਰੇਲੂ ਉਤਪਾਦ ਦਾ 10 ਫੀਸਦੀ ਅਤੇ ਜਾਪਾਨ ਨੇ ਵੀਹ ਫੀਸਦੀ ਦਾ ਪੈਕੇਜ ਦੇ ਕੇ ਆਪਣੀ ਅਰਥਵਿਵਸਥਾ ਵਿਚ ਜਾਨ ਫੂਕਣ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਨੇ ਅਜੇ ਤੱਕ ਜੋ ਦਿੱਤਾ ਹੈ ਉਹ ਸਿਰਫ 0.8 ਫੀਸਦੀ ਹੀ ਹੈ। ਇਸ ਨਾਲ ਕੁਝ ਨਹੀਂ ਹੋਵੇਗਾ। ਇਹ ਤਾਂ ਤਪਦੇ ਤਵੇ 'ਤੇ ਇਕ ਬੂੰਦ ਦੀ ਤਰ੍ਹਾਂ ਵੀ ਨਹੀਂ ਹੈ। ਸਾਡੇ ਕੋਲ ਜ਼ਿਆਦਾ ਸਮਾਂ ਵੀ ਨਹੀਂ ਹੈ। ਮਹੀਨੇ ਭਰ ਵਿਚ ਹੀ ਸਾਰੇ ਨਿਰਣੇ ਲੈਣੇ ਹਨ। ਤਾਲਾਬੰਦੀ ਖੋਲ੍ਹਣੀ ਹੈ, ਪੈਕੇਜ ਦੇਣਾ ਹੈ ਅਤੇ ਕਰੋਨਾ ਦੇ ਖਿਲਾਫ ਜ਼ਰੂਰੀ ਚੌਕਸੀ ਵਰਤਦਿਆਂ ਜਨ ਜੀਵਨ ਨੂੰ ਆਮ ਸਥਿਤੀ ਵਿਚ ਲਿਆਉਣਾ ਹੈ।

# ਇਕਲਾਪੇ ਦਾ ਦੌਰ

ਤਵਾਰੀਖ ਦੇ ਸਫੇ ਤੇ ਸੰਸਾਰ ਵਿਚ ਛੂਆ-ਛੂਤ ਕਾਰਨ ਫੈਲੀਆਂ ਭਿਆਨਕ ਮਹਾਮਾਰੀਆਂ ਬਾਰੇ ਪੜ੍ਹਦਿਆਂ ਸਾਡੇ ਜ਼ਿਹਨ ਵਿਚ ਵਿਸ਼ਵ ਪੱਧਰ ਤੇ ਸਾਹਿਤ ਦੀਆਂ ਕੁਝ ਕੁ ਮਕਬੂਲ ਹੋਈਆਂ ਪੁਸਤਕਾਂ ਦਾ ਖਿਆਲ ਆ ਜਾਂਦਾ ਹੈ। ਇਨ੍ਹਾਂ ਵਿਚੋਂ ਪਹਿਲੀ, ਅੰਗਰੇਜ਼ੀ ਦੇ ਪ੍ਰਸਿੱਧ ਲੇਖਕ ਡੇਨੀਅਲ ਡਿਫੋਓ ਦੀ



ਰਚਨਾ 'ਏ ਜਰਨਲ ਆਫ ਦ ਪਲੇਗ ਯਿਅਰ' ਸੀ, ਜਿਸ ਵਿਚ ਉਹ 1665 ਵਿਚ ਬਰਤਾਨੀਆ ਦੇ ਸ਼ਹਿਰ ਲੰਡਨ ਵਿਚ ਫੈਲੇ ਪਲੇਗ ਦਾ ਜ਼ਿਕਰ ਕਰਦਾ ਹੈ।

**ਹਰਵੀਰ ਸਿੰਘ**
ਫੋਨ: +91-94177-55449

ਦੂਸਰਾ ਫਰਾਂਸ ਦੇ ਉਘੇ ਅਸਤਿਤਵਾਦੀ ਦਾਰਸ਼ਨਿਕ ਅਲਬੇਅਰ ਕਾਮੂ ਦਾ ਮਸ਼ਹੂਰ ਨਾਵਲ 'ਦ ਪਲੇਗ' ਹੈ। ਇਸ ਤਰ੍ਹਾਂ ਦੀ ਤੀਜੀ ਪੁਸਤਕ ਮੌਜੂਦਾ ਸਮੇਂ ਦੀ ਨਾਮੀ ਲੇਖਕਾ ਮਾਰਗਰੇਟ ਐਟਵੁੱਡ ਦੀ 'ਦ ਯਿਅਰ ਆਫ ਫਲੱਡ' ਹੈ, ਜੋ ਇਸ ਪੂੰਜੀਵਾਦੀ ਦੌਰ ਵਿਚ ਮਨੁੱਖ ਦੁਆਰਾ ਮੁਨਾਫੇ ਲਈ ਵਾਤਾਵਰਣ ਨਾਲ ਕੀਤੇ ਜਾ ਰਹੇ ਖਿਲਵਾੜ ਕਾਰਨ ਇੱਕ ਤਸੱਵਰੀ ਸੰਸਾਰ ਵਿਚ ਫੈਲੀ ਮਹਾਮਾਰੀ ਦੀ ਕਥਾ ਬਿਆਨ ਕਰਦੀ ਹੈ।

ਇਨ੍ਹਾਂ ਪੁਸਤਕਾਂ ਦਾ ਕਾਲ-ਅੰਤਰਾਲ, ਵਿਸ਼ੇ ਅਤੇ ਪਾਤਰਾਂ 'ਚ ਵੰਨ-ਸਵੰਨਤਾ ਹੋਣ ਦੇ ਬਾਵਜੂਦ ਇਕ ਗਹਿਰੀ ਸਾਂਝ ਨਜ਼ਰ ਆਉਂਦੀ ਹੈ ਕਿ ਲਾਗ ਤੋਂ ਬਚਣ ਲਈ ਤਾਲਾਬੰਦੀ ਦੌਰਾਨ ਇਕਲਾਪੇ ਦੇ ਸੰਤਾਪ ਨੂੰ ਹੰਢਾ ਰਹੇ ਮਨੁੱਖ ਦੀ ਦਸ਼ਾ ਕਿਹੋ ਜਿਹੀ ਹੋ ਜਾਂਦੀ ਹੈ। ਇਹ ਸੰਤਾਪ ਉਸ ਸਮੇਂ ਹੋਰ ਵੀ ਗਹਿਰਾ ਹੋ ਜਾਂਦਾ ਹੈ, ਜਦੋਂ ਕੋਈ ਮਹਿਬੂਬ ਕੋਹਾਂ ਦੂਰ ਬੈਠੀ ਆਪਣੀ ਮਹਿਬੂਬਾ ਦੇ ਸਾਹਾਂ ਦੀ ਮਧੁਰ ਸੁਗੰਧ ਨੂੰ ਯਾਦ ਕਰਦਾ ਤਾਲਾਬੰਦੀ ਖੁੱਲ੍ਹਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਹੋਵੇ। ਮਸਲਨ, ਅਲਬੇਅਰ ਕਾਮੂ ਦੇ ਨਾਵਲ ਦਾ ਪਾਤਰ ਰੈਮੰਡ ਰੇਵੰਟ ਪੱਤਰਕਾਰ ਹੈ, ਜੋ ਆਪਣੀ ਖੂਬਸੂਰਤ ਪਤਨੀ ਨੂੰ ਫਰਾਂਸ ਦੇ ਸ਼ਹਿਰ ਪੈਰਿਸ ਇਕੱਲੀ ਛੱਡ ਮੈਡੇਟਰੇਨੀਅਨ ਸਾਗਰ ਪਾਰ ਕਰਦਾ ਉਤਰ-ਦੱਖਣ ਵਾਲੇ ਪਾਸੇ ਸਮੁੰਦਰ ਦੇ ਤੱਟ ਉਤੇ ਵਸੇ ਅਲਜ਼ੀਰੀਆ ਦੇ ਸ਼ਹਿਰ ਓਰਾਨ ਪਹੁੰਚ ਜਾਂਦਾ ਹੈ। ਉਹ ਸ਼ਹਿਰ ਵਿਚ ਫੈਲ ਚੁਕੀ ਪਲੇਗ ਦੀ ਮਹਾਮਾਰੀ ਬਾਰੇ ਰਿਪੋਰਟ ਕਰਨ ਦੇ ਮਕਸਦ ਨਾਲ ਇੱਥੇ ਆਇਆ ਹੈ; ਪਰ ਜਿਵੇਂ ਹੀ ਉਹ ਸ਼ਹਿਰ ਵਿਚ ਮਰ ਰਹੇ ਲੋਕਾਂ ਦੇ ਅੰਕੜੇ ਇਕੱਠੇ ਕਰਨ ਲਗਦਾ ਹੈ ਤਾਂ ਸਰਕਾਰ ਵੱਲੋਂ ਸ਼ਹਿਰ ਵਿਚ ਸੰਪੂਰਨ ਤਾਲਾਬੰਦੀ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਫਿਰਾਕ ਦੀ ਤਪਸ਼ ਵਿਚ ਸੜ ਰਿਹਾ ਰੈਮੰਡ ਸ਼ਹਿਰ ਤੋਂ ਬਾਹਰ ਨਿਕਲਣ ਲਈ ਹਰ ਹੱਥਕੰਡਾ ਅਪਨਾਉਂਦਾ ਹੈ, ਪਰ ਹਰ ਪਾਸੇ ਉਸ ਨੂੰ ਅਸਫਲਤਾ ਹੀ ਮਿਲਦੀ ਹੈ। ਓਰਾਨ ਸ਼ਹਿਰ ਦੀ ਇੱਕ ਸਰਦ ਸ਼ਾਮ ਨੂੰ ਉਹ ਬੀਅਰ ਦੀਆਂ ਘੁੱਟਾਂ ਭਰਦਾ ਕੋਲ ਬੈਠੇ ਨਾਵਲ ਦੇ ਮੁੱਖ ਪਾਤਰ ਡਾਕਟਰ ਰੀਓ, ਜਿਸ ਦਾ ਰੋਜ਼ਾਨਾ ਦਾ ਕੰਮ ਬਿਮਾਰ ਲੋਕਾਂ ਦੀਆਂ ਦੇਹਾਂ ਵਿਚੋਂ ਨਿਕਲ ਰਹੇ ਮਵਾਦ ਨੂੰ ਸਾਫ ਕਰਕੇ ਮੱਲ੍ਹਮ ਲਾਉਣਾ ਹੈ, ਨੂੰ ਪੁੱਛਦਾ ਹੈ, "ਇਹ ਤਾਂ ਸ਼ੱਰੇਆਮ ਧੱਕੈ, ਕਿ ਨਹੀਂ ਡਾਕਟਰ? ਸੱਚ ਤਾਂ ਇਹ ਹੈ ਕਿ ਬੰਦਾ ਇਸ ਧਰਤੀ 'ਤੇ ਅਖਬਾਰਾਂ ਲਈ ਆਰਟੀਕਲ ਥੋੜ੍ਹੀ ਲਿਖਣ ਆਇਆ? ਸਗੋਂ ਉਹ ਕਿਸੇ ਔਰਤ ਦਾ ਸਾਥ ਵੀ ਤਾਂ ਮਾਣਨਾ ਚਾਹੁੰਦੈ। ਇਹ ਸੱਚ ਨਹੀਂ ਤਾਂ ਹੋਰ ਕੀ ਐ!" ਰੈਮੰਡ ਦੇ ਇਸ ਸਵਾਲ ਰਾਹੀਂ ਨਾਵਲਕਾਰ ਬੜੀ ਨਜ਼ਾਕਤ ਨਾਲ ਪਾਠਕਾਂ ਦੀ ਝੋਲੀ ਵਿਸ਼ਵਵਿਆਪੀ ਸੱਚ ਪਾ ਦਿੰਦਾ ਹੈ।

ਹਾਲ ਹੀ ਵਿਚ ਸੰਸਾਰ ਪੱਧਰ 'ਤੇ ਫੈਲੇ ਕਰੋਨਾ ਵਾਇਰਸ ਦੌਰਾਨ ਇਕਲਾਪੇ ਦਾ ਸੰਤਾਪ ਹੰਢਾ ਰਹੇ ਮਨੁੱਖ ਨੂੰ ਵੀ ਚੁਫੇਰੇ ਇਹੋ ਮੰਜ਼ਰ ਦਿਖਾਈ ਦੇ ਰਿਹਾ ਹੈ। ਇਸ ਮੁਸ਼ਕਿਲ ਘੜੀ ਵਿਚ ਇਕ ਪਾਸੇ ਨੌਜਵਾਨ ਕੁੜੀਆਂ ਮੁੰਡੇ ਇੰਟਰਨੈੱਟ ਮਾਧਿਅਮ ਰਾਹੀਂ ਆਪਸੀ ਮਿਲਾਪ ਦੀਆਂ ਸੰਭਾਵਨਾਵਾਂ ਬੰਬਲ, ਟਿੰਡਰ, ਓਕਕਿਊਪਿਡ ਆਦਿ ਜਿਹੀਆਂ ਐਪਸ ਰਾਹੀਂ ਤਲਾਸ਼ ਰਹੇ ਹਨ; ਦੂਜੇ ਪਾਸੇ ਕੁਝ ਕੁ ਲੋਕ ਅਜਿਹੇ ਵੀ ਹਨ, ਜੋ ਆਪਣੀ ਮਹਿਬੂਬਾ ਜਾਂ ਮਹਿਬੂਬ ਦੇ ਦੀਦ ਲਈ ਕਰਫਿਊ ਜਾਂ ਤਾਲਾਬੰਦੀ ਦੀ ਪਰਵਾਹ ਨਾ ਕਰਦਿਆਂ ਹਰ ਤਰ੍ਹਾਂ ਦਾ ਜੋਖਮ ਉਠਾਉਣ ਲਈ ਤਤਪਰ ਹਨ। ਅਫਗਨਿਸਤਾਨ ਦੇ ਵਸਨੀਕ ਆਤਿਸ਼ ਨੂਰੀ ਦਾ ਅਫਸਾਨਾ ਵੀ ਕੁਝ ਇਸ ਤਰ੍ਹਾਂ ਦੇ ਘਟਨਾਕ੍ਰਮ ਨੂੰ ਬਿਆਨ ਕਰਦਾ ਹੈ।


ਪਖਤੂਨਾਂ ਦੇ ਮੁਲਕ ਤੋਂ ਆਪਣੀ ਐਮ. ਬੀ. ਏ. ਦੀ ਪੜ੍ਹਾਈ ਕਰਨ ਲਈ ਕੁਝ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਏ ਆਤਿਸ਼ ਨੂੰ ਨੇਪਾਲ ਦੀ ਵਸਨੀਕ ਆਪਣੀ ਦੋਸਤ ਲੜਕੀ ਨਾਲ ਮੁਹੱਬਤ ਹੋ ਜਾਂਦੀ ਹੈ। ਦੋਹਾਂ ਦੇ ਧਰਮ ਵੱਖਰੇ ਹੋਣ ਦੇ ਬਾਵਜੂਦ ਉਨ੍ਹਾਂ ਆਪਣੇ ਘਰ ਵਾਲਿਆਂ ਨੂੰ ਦੱਸੇ ਤੋਂ ਬਿਨਾ ਵਿਆਹ ਕਰਵਾ ਲਿਆ। ਲੜਕੀ ਦੇ ਪਿਤਾ ਨੂੰ ਜਦੋਂ ਇਸ ਗੱਲ ਦੀ ਖਬਰ ਮਿਲੀ ਤਾਂ ਉਹ ਆਪਣੀ ਧੀ ਦਾ ਹੱਥ ਆਤਿਸ਼ ਨੂੰ ਆਪਣੇ ਸਕੇ ਸਬੰਧੀਆਂ ਦੀ ਹਾਜ਼ਰੀ ਵਿਚ ਫੜਾਉਣਾ ਮੁਕੱਰਰ ਕਰਕੇ ਉਸ ਨੂੰ ਨੇਪਾਲ ਲੈ ਗਿਆ। ਉੱਥੇ ਪਹੁੰਚਦਿਆਂ ਹੀ ਉਸ ਨੇ ਆਪਣਾ ਅਸਲੀ ਚਿਹਰਾ ਬੇਨਕਾਬ ਕੀਤਾ ਅਤੇ ਆਪਣੇ ਵਾਅਦੇ ਤੋਂ ਮੁੱਕਰ ਗਿਆ।

ਇਸ ਗੱਲ ਦੀ ਭਿਣਕ ਲਗਦਿਆਂ ਹੀ ਲੜਕੀ ਨੇ ਆਪਣੇ ਨਾਲ ਹੋ ਰਹੇ ਜ਼ੁਲਮ ਦਾ ਸੁਨੇਹਾ ਆਤਿਸ਼ ਤੱਕ ਭੇਜ ਦਿੱਤਾ, ਪਰ ਉਹ ਇਸ ਗੱਲ ਤੋਂ ਬੇਖਬਰ ਸਨ ਕਿ ਕਰੋਨਾ ਵਾਇਰਸ ਰੂਪੀ ਗ੍ਰਹਿਣ ਉਨ੍ਹਾਂ ਦੇ ਮਿਲਾਪ ਦੀ ਸੰਭਾਵਨਾ ਨੂੰ ਪਹਿਲਾਂ ਹੀ ਲੱਗ ਚੁਕਾ ਸੀ। ਇਸ ਗੱਲ ਦੀ ਪਰਵਾਹ ਨਾ ਕਰਦਾ ਆਤਿਸ਼ ਹਰ ਤਰ੍ਹਾਂ ਦਾ ਜੋਖਮ ਉਠਾਉਂਦਾ, ਪੂਰੇ ਦੇਸ਼ ਵਿਚ ਹੋਈ ਤਾਲਾਬੰਦੀ ਦੇ ਬਾਵਜੂਦ ਨੇਪਾਲ ਲਈ ਰਵਾਨਾ ਹੋ ਗਿਆ। ਅਫਸੋਸ, ਉਹ ਹਰਿਆਣਾ ਪੁਲਿਸ ਨੇ ਉਸ ਨੂੰ ਪਾਣੀਪਤ ਦੇ ਨਜ਼ਦੀਕ ਗ੍ਰਿਫਤਾਰ ਕਰ ਲਿਆ। ਪੁਲਿਸ ਨੂੰ ਪਹਿਲਾਂ ਉਸ ਦੀ ਕੋਈ ਸਮਝ ਨਾ ਆਈ, ਪਰ ਜਦੋਂ ਉਸ ਨੇ ਸਾਰਾ ਮਸਲਾ ਤਫਸੀਲ ਨਾਲ ਨਸ਼ਰ ਕੀਤਾ ਤਾਂ ਪੁਲਿਸ ਕੋਲ ਹਮਦਰਦੀ ਤੋਂ ਇਲਾਵਾ ਉਸ ਲਈ ਕੁਝ ਨਹੀਂ ਸੀ। ਉਨ੍ਹਾਂ ਯੂਨੀਵਰਸਿਟੀ ਨਾਲ ਸੰਪਰਕ ਕੀਤਾ, ਜਿਨ੍ਹਾਂ ਉਸ ਦਾ ਟੈਸਟ ਕਰਵਾਉਣ ਉਪਰੰਤ ਉਸ ਨੂੰ ਇਕਾਂਤ ਵਿਚ ਠਹਿਰਾਅ ਦਿੱਤਾ। ਇਸ ਨੌਜਵਾਨ ਜੋੜੇ ਨਾਲ ਅੱਗੇ ਕੀ ਹੋਵੇਗਾ, ਇਸ ਸਵਾਲ ਦਾ ਜਵਾਬ ਭਵਿੱਖ ਦੇ ਗਰਭ ਵਿਚ ਜਨਮ ਲੈ ਰਿਹਾ ਹੈ, ਪਰ ਜਦੋਂ ਆਤਿਸ਼ ਨੂੰ ਅਜਿਹਾ ਜੋਖਮ ਉਠਾਉਣ ਬਾਰੇ ਪੁੱਛਿਆ ਤਾਂ ਉਹ ਮਹਿਜ਼ ਇਹ ਕਹਿ ਕੇ ਖਾਮੋਸ਼ ਹੋ ਗਿਆ ਕਿ 'ਇਸ਼ਕ ਅਵਲ ਹੈ'; ਹਾਲਾਂਕਿ ਉਸ ਦੀ ਚੁੱਪ, ਚੁੱਪ ਨਹੀਂ ਸੀ; ਸੁਣਨ ਵਾਲਿਆਂ ਲਈ ਉਸ ਵਿਚ ਬਾਬਾ ਫਰੀਦ ਦੇ ਬੋਲ 'ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥ ਚਲਾ ਤਾ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥' ਵੀ ਗੂੰਜ ਰਹੇ ਸਨ।

ਫਿਲਹਾਲ ਆਤਿਸ਼ ਅਤੇ ਉਸ ਦੀ ਮਹਿਬੂਬਾ ਜਿਹੇ ਅਨੇਕਾਂ ਲੋਕ ਆਪਣੇ ਪਿਆਰਿਆਂ ਨੂੰ ਮਿਲਣ ਦੀ ਤਾਂਘ ਵਿਚ ਬੈਠੇ ਇਸ ਭਿਆਨਕ ਮਹਾਮਾਰੀ ਦੇ ਅੰਤ ਹੋਣ ਦਾ ਇੰਤਜ਼ਾਰ ਕਰਦਿਆਂ ਦੇਰ ਰਾਤ ਤੱਕ ਚੌਗਿਰਦੇ ਘੁੰਮਦੇ ਐਂਬੂਲੈਂਸ ਦੇ ਵੱਜ ਰਹੇ ਉਚੇ ਸਾਇਰਨ ਹੀ ਸੁਣ ਰਹੇ ਹਨ। ਸੂਰਜ ਚੜ੍ਹਦਿਆਂ ਜਦੋਂ ਕਦੇ ਉਹ ਆਪਣੇ ਕਮਰੇ ਦੀ ਤਾਕੀ ਦਾ ਪਰਦਾ ਖੋਲ੍ਹ ਬਾਹਰ ਦੇਖਦੇ ਹਨ ਤਾਂ ਖਾਲੀ ਪਈਆਂ ਸੜਕਾਂ ਉਤੇ ਉਬਾਸੀ ਲੈ ਰਹੇ ਕੁੱਤਿਆਂ ਤੋਂ ਇਲਾਵਾ ਉਨ੍ਹਾਂ ਨੂੰ ਕੋਈ ਨਜ਼ਰ ਨਹੀਂ ਆ ਰਿਹਾ।

ਮਾਰਗਰੇਟ ਦੇ ਨਾਵਲ ਦੀ ਪਾਤਰ ਰਿਨ, ਨ੍ਰਿਤਕੀ ਹੈ ਜੋ ਪਾਠਕਾਂ ਦੇ ਦਰਪੇਸ਼ ਇਹ ਮੂਲ ਸਵਾਲ ਉਠਾਉਂਦੀ ਹੈ ਕਿ ਜਦੋਂ ਕੋਈ ਇਨਸਾਨ ਲੰਮੇ ਸਮੇਂ ਲਈ ਇਕੱਲਾ ਰਹਿੰਦਾ ਹੈ ਤਾਂ ਉਹ ਭੁੱਲ ਜਾਂਦਾ ਹੈ ਕਿ ਦਰਅਸਲ ਉਹ ਹੈ ਕੌਣ? ਕੀ ਇਸ ਤਰ੍ਹਾਂ ਦਾ ਹਾਲ ਕਰੋਨਾ ਦੇ ਕਹਿਰ ਤੋਂ ਬਚਣ ਲਈ ਇਕਲਾਪਾ ਹੰਢਾ ਰਹੇ ਇਨਸਾਨ ਦਾ ਤਾਂ ਨਹੀਂ ਹੋ ਜਾਵੇਗਾ, ਤੇ ਕੀ ਉਸ ਲਈ ਮੁੜ ਇਸ ਸੰਸਾਰ ਨਾਲ ਰਾਬਤਾ ਕਾਇਮ ਕਰਨਾ ਸੌਖਾ ਹੋ ਸਕੇਗਾ?

*-ਖੋਜਾਰਥੀ, ਅੰਗਰੇਜ਼ੀ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ।*




*ਖੱਬਿਓਂ: 'ਏ ਜਰਨਲ ਆਫ ਦ ਪਲੇਗ ਯਿਅਰ', 'ਦ ਪਲੇਗ' ਅਤੇ 'ਦ ਯਿਅਰ ਆਫ ਫਲੱਡ' ਕਿਤਾਬਾਂ ਦੇ ਮੁਖੜੇ।*

ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਸ. ਅਮਰੀਕ ਸਿੰਘ ਸ਼ਿਕਾਗੋ

ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ

ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc

ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249



The Law Firm Of Fatima Johnson

3737 N. Meridian St., Ste 106, Indianapolis, IN 46208

vitalvisa
THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

*Licensed to Practice Immigration Law in all 50 States.*

Ph: 317-252-0013
info@vitalvisa.com
**This is an attorney advertisement**

ਇਤਿਹਾਸ

# ਮਹਾਰਾਜੇ ਦਾ ਲਾਹੌਰ ਨਾਲ ਨਾਤਾ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਲਾਹੌਰ ਸ਼ਹਿਰ ਨੂੰ ਬਹੁਤ ਫਾਇਦਾ ਹੋਇਆ। ਜੇ ਇਸ ਸਬੰਧ ਵਿਚ ਉਨ੍ਹਾਂ ਦੇ ਚਿਰਸਥਾਈ ਯੋਗਦਾਨ ਨੂੰ ਦੇਖਣਾ ਹੈ ਤਾਂ ਅੰਦਰੂਨੀ ਸ਼ਹਿਰ ਦੇ ਉਤਰੀ ਹਿੱਸੇ ਅਤੇ ਇਸ ਦੇ ਕਿਲ੍ਹੇ ਦੀਆਂ ਦੀਵਾਰਾਂ ਨੂੰ ਦੇਖਣਾ ਚਾਹੀਦਾ ਹੈ।

ਮਹਾਰਾਜੇ ਦੀ ਸੋਚ ਦੀ ਥਾਹ ਪਾਉਣ ਲਈ ਸਾਨੂੰ ਸਮਝਣਾ ਪਵੇਗਾ ਕਿ ਉਨ੍ਹਾਂ ਬਹੁਤ ਹੀ ਮਾਹਿਰਾਨਾ ਅਤੇ ਆਧੁਨਿਕ ਢੰਗ ਨਾਲ ਕੰਮ ਕੀਤਾ, ਖਾਸਕਰ ਆਪਣੇ ਸਮੇਂ ਦੇ ਹਿਸਾਬ ਨਾਲ। ਉਸ ਵਕਤ ਯੂਰਪ ਵਿਚ ਬਾਦਸ਼ਾਹ ਨਪੋਲੀਅਨ ਦੀ ਵਾਟਰਲੂ ਦੀ ਜੰਗ ਵਿਚ ਹਾਰ ਹੋਈ ਹੀ ਸੀ। ਭਾਰਤ ਵਿਚ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ

**ਮਜੀਦ ਸ਼ੇਖ**

ਦੇ ਭੇਸ 'ਚ ਕਬਜ਼ਾ ਜਮਾ ਲਿਆ ਸੀ ਅਤੇ ਉਹ ਦੇਸ਼ ਦੇ ਧੁਰ ਪੂਰਬੀ ਸਿਰੇ ਤੋਂ ਪੱਛਮ ਵਲ ਅੱਗੇ ਵਧ ਰਹੇ ਸਨ। ਜਦੋਂ ਤੱਕ ਮਹਾਰਾਜਾ ਜ਼ਿੰਦਾ ਰਿਹਾ, ਅੰਗਰੇਜ਼ ਪੰਜਾਬ ਤੋਂ ਲਾਂਭੇ ਹੀ ਰਹੇ। ਸ਼ੇਰ-ਏ-ਪੰਜਾਬ ਮਹਾਰਾਜਾ ਹਮੇਸ਼ਾ ਅੰਗਰੇਜ਼ਾਂ ਤੋਂ ਇਕ ਕਦਮ ਅਗਾਂਹ ਹੀ ਰਹਿੰਦਾ ਸੀ। ਮਹਾਰਾਜੇ ਨੇ ਜਦੋਂ ਸ਼ੇਰਾਂ ਵਾਲਾ ਗੇਟ ਉਸਾਰਿਆ ਤਾਂ ਦੋ ਅਸਲੀ ਸ਼ੇਰ ਉਥੇ ਬੰਨ੍ਹ ਦਿੱਤੇ, ਜਿਥੇ ਪਹਿਲਾਂ ਕਿਸੇ ਸਮੇਂ ਖਿਜ਼ਰੀ ਗੇਟ ਹੁੰਦਾ ਸੀ।

ਲਾਹੌਰ 'ਚ ਪਹਿਲਾ ਯੂਰਪੀ 'ਹਥਿਆਰਬੰਦ ਅੱਡਾ' ਫਰਾਂਸੀਸੀਆਂ ਦਾ ਸੀ, ਅੰਗਰੇਜ਼ਾਂ ਦਾ ਨਹੀਂ। ਨਪੋਲੀਅਨ ਦੀ ਫੌਜ ਦੇ ਅਨੇਕਾਂ ਹਾਰੇ ਹੋਏ ਜਰਨੈਲ ਮਹਾਰਾਜੇ ਦੇ ਲਾਹੌਰ ਦਰਬਾਰ ਵਿਚ ਪੁੱਜ ਗਏ ਅਤੇ ਮਹਾਰਾਜੇ ਨੇ ਉਨ੍ਹਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ। ਇਨ੍ਹਾਂ ਫਰਾਂਸੀਸੀ ਜਰਨੈਲਾਂ ਨੇ ਲਾਹੌਰ ਦਾ ਸਿਵਲ ਸਕੱਤਰੇਤ ਬਣਾਇਆ, ਜੋ ਅਨਾਰਕਲੀ ਦੇ ਮਕਬਰੇ ਦੇ ਨਾਲ ਲੱਗਦਾ ਸੀ। ਇਨ੍ਹਾਂ ਫਰਾਂਸੀਸੀ ਸਲਾਹਕਾਰਾਂ ਨੇ 'ਪੰਜਾਬ ਦੇ ਹਾਲਾਤ' ਦਾ ਅਧਿਐਨ ਕੀਤਾ। ਉਨ੍ਹਾਂ ਨੇ ਮਹਾਰਾਜੇ ਨੂੰ ਸਲਾਹ ਦਿੱਤੀ ਕਿ ਨਾ ਸਿਰਫ ਲਾਹੌਰ ਦੀਆਂ ਦੀਵਾਰਾਂ ਨੂੰ ਮਜ਼ਬੂਤ ਕੀਤਾ ਜਾਵੇ, ਸਗੋਂ ਇਨ੍ਹਾਂ ਦੁਆਲੇ ਖਾਈ ਵੀ ਪੁੱਟੀ ਜਾਵੇ। ਇਸ ਮਕਸਦ ਲਈ ਰਾਵੀ ਦਰਿਆ ਦਾ ਇਸਤੇਮਾਲ ਕੀਤਾ ਗਿਆ ਅਤੇ ਚੁੱਕਵੇਂ ਪੁਲ ਬਣਾਏ ਗਏ।

ਇਸ ਕਾਰਵਾਈ ਪਿੱਛੇ ਠੋਸ ਕਾਰਨ ਫੌਜੀ ਸੋਚ ਵਾਲਾ ਤਰਕ ਸੀ। ਤੋਪਾਂ ਆਉਣ ਨਾਲ ਦੀਵਾਰਾਂ ਨੂੰ ਡੇਗਿਆ ਜਾ ਸਕਦਾ ਸੀ, ਜਿਸ ਕਾਰਨ ਘੁਸਪੈਠ ਰੋਕਣ ਲਈ ਵਾਧੂ ਅੜਿੱਕੇ ਕਾਇਮ ਕਰਨ ਦੀ ਲੋੜ ਸੀ। ਇਸ ਲਈ ਦੀਵਾਰ ਨਾਲ ਖਾਈ ਵਧੀਆ ਤਰੀਕਾ ਸੀ ਅਤੇ ਮਹਾਰਾਜੇ ਨੇ ਇਹ ਉਸਾਰੀ ਵੱਡੇ ਪੱਧਰ 'ਤੇ ਕੀਤੀ। 1857 ਤੋਂ ਬਾਅਦ ਅੰਗਰੇਜ਼ਾਂ ਨੇ ਖਾਈਆਂ ਭਰ ਦਿੱਤੀਆਂ ਅਤੇ ਉਥੇ ਮੁੜ ਮੁਗਲ ਜ਼ਮਾਨੇ ਵਾਂਗ ਬਾਗ ਲਾ ਦਿੱਤੇ। ਅਸਲ ਵਿਚ ਇਹ ਅੰਗਰੇਜ਼ਾਂ ਦੀ ਸੋਚੀ-ਸਮਝੀ ਚਾਲ ਸੀ ਤਾਂ ਕਿ ਦੁਬਾਰਾ 1857 ਦੇ ਗਦਰ ਵਰਗੀ ਘਟਨਾ ਵਾਪਰਨ ਦੀ ਸੂਰਤ ਵਿਚ ਪੰਜਾਬੀ ਲੋਕ ਲਾਹੌਰ ਦੀ ਰਾਖੀ ਨਾ ਕਰ ਸਕਣ।

ਦੀਵਾਰਾਂ ਵਾਲੇ ਅੰਦਰੂਨੀ ਸ਼ਹਿਰ ਦੇ ਉਤਰੀ ਹਿੱਸੇ ਵਿਚ, ਐਨ ਮਸਤੀ ਗੇਟ ਤੋਂ ਸ਼ੁਰੂ ਹੋ ਕੇ ਕਸ਼ਮੀਰੀ ਗੇਟ ਤੱਕ ਅਤੇ ਅਗਾਂਹ ਸ਼ੇਰਾਂਵਾਲਾ ਗੇਟ, ਜਿਸ ਨੂੰ ਪਹਿਲਾਂ ਖਿਜ਼ਰੀ ਗੇਟ ਆਖਿਆ ਜਾਂਦਾ ਸੀ ਤੇ ਇਸ ਤੋਂ ਵੀ ਅਗਾਂਹ ਯੱਕੀ ਗੇਟ ਤੱਕ ਲੰਮੀਆਂ ਤੇ ਮਜ਼ਬੂਤ ਕਿਲ੍ਹੇਬੰਦ ਦੀਵਾਰਾਂ ਸਨ। ਅੰਗਰੇਜ਼ਾਂ ਨੇ 1857 ਦੇ ਗੜਬੜ ਵਾਲੇ ਦਿਨਾਂ ਦੌਰਾਨ ਇਨ੍ਹਾਂ ਸਾਰੇ ਗੇਟਾਂ ਨੂੰ ਬੰਦ ਕਰ ਦਿੱਤਾ ਅਤੇ ਇੰਜ ਸ਼ਹਿਰ ਦੇ ਉਤਰੀ ਹਿੱਸੇ ਨੂੰ ਇਕ ਤਰ੍ਹਾਂ ਬਾਕੀ ਸ਼ਹਿਰ ਨਾਲੋਂ ਕੱਟ ਦਿੱਤਾ। ਉਨ੍ਹਾਂ ਬਾਕੀ ਦੋ ਗੇਟਾਂ ਨਾਲ ਵੀ ਇੰਜ ਹੀ ਕੀਤਾ ਅਤੇ ਸਿਰਫ ਟਕਸਾਲੀ ਗੇਟ, ਭੱਟੀ ਗੇਟ ਤੇ ਲੁਹਾਰੀ ਗੇਟ ਹੀ ਖੁੱਲ੍ਹੇ ਛੱਡੇ।

ਇਸ ਪਿੱਛੇ ਇਹ ਸੋਚ ਕੰਮ ਕਰਦੀ ਸੀ ਕਿ ਜੇ ਲਾਹੌਰ ਉਤੇ ਹਮਲਾ ਹੋਇਆ ਤਾਂ ਇਨ੍ਹਾਂ ਗੇਟਾਂ ਦੀ ਨਾਕਾਬੰਦੀ ਆਸਾਨੀ ਨਾਲ ਕੀਤੀ ਜਾ ਸਕੇਗੀ ਤੇ ਸ਼ਹਿਰ ਦੀ ਹਿਫਾਜ਼ਤ ਹੋ ਸਕੇਗੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਲਖਨਊ ਤੇ ਹੋਰ ਉਤਰੀ ਸ਼ਹਿਰਾਂ ਵਿਚ ਕੀਤਾ ਗਿਆ ਸੀ। ਇਸ ਦੌਰਾਨ ਸ਼ਹਿਰ ਦੀ ਬਣਤਰ ਨੂੰ ਵੀ ਜ਼ਿਹਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਜੇ ਤੁਸੀਂ ਸ਼ਹਿਰ ਦੇ ਟਕਸਾਲੀ ਤੇ ਲੁਹਾਰੀ ਗੇਟਾਂ ਵਾਲੇ ਖੇਤਰ ਨੂੰ ਵੱਖ ਕਰਨਾ ਹੋਵੇ ਅਤੇ ਬਾਹਰੀ ਬਿੰਦੂ ਬਾਰੂਦਖਾਨੇ ਦੇ ਲਾਗੇ ਧਿਆਨ ਸਿੰਘ ਦੀ ਹਵੇਲੀ ਨੂੰ ਮੰਨਿਆ ਜਾਵੇ ਤਾਂ ਤੁਸੀਂ ਦੇਖੋਗੇ ਕਿ ਭੱਟ ਰਾਜਪੂਤ, ਜਾਂ ਸਿੱਧੇ ਤੌਰ 'ਤੇ ਆਖੀਏ ਭੱਟੀ ਲੋਕ, ਜੋ ਬਹੁਤ ਹੀ ਆਜ਼ਾਦੀਪਸੰਦ ਸਨ, ਇਸ ਸਾਰੇ ਇਲਾਕੇ ਵਿਚ ਵੱਸੇ ਹੋਏ ਸਨ। ਅੰਗਰੇਜ਼ ਅੰਦਰੋ-ਅੰਦਰੀ ਉਨ੍ਹਾਂ ਤੋਂ ਭੈਅ ਖਾਂਦੇ



*ਮਹਾਰਾਜਾ ਰਣਜੀਤ ਸਿੰਘ ਦਾ ਬਣਵਾਇਆ ਸ਼ੇਰਾਂਵਾਲਾ ਦਰਵਾਜਾ, ਜਿਸ ਨੂੰ ਖਿਜ਼ਰੀ ਦਰਵਾਜਾ ਆਖਿਆ ਜਾਂਦਾ ਰਿਹਾ ਹੈ।*

ਸਨ ਤੇ ਸ਼ਹਿਰ ਦਾ ਇਹੋ ਉਹ ਹਿੱਸਾ ਸੀ, ਜੋ ਉਨ੍ਹਾਂ ਨੇ ਹਾਲਾਤ ਦੇ ਬੇਕਾਬੂ ਹੋ ਜਾਣ ਦੀ ਸੂਰਤ ਵਿਚ ਸੇਫਟੀ ਵਾਲਵ (ਸੁਰੱਖਿਆ ਰਸਤੇ) ਵਜੋਂ ਰੱਖ ਲਿਆ ਸੀ। ਇਤਿਹਾਸ ਗਵਾਹ ਹੈ ਕਿ ਅਜਿਹਾ ਨਹੀਂ ਹੋ ਸਕਿਆ ਅਤੇ 1857 ਦੇ ਗਦਰ ਦੀ ਨਾਕਾਮੀ ਲਈ ਲੀਡਰਸ਼ਿਪ ਦੀ ਕਮੀ ਸਭ ਤੋਂ ਵੱਡਾ ਕਾਰਨ ਸੀ। ਦੋਮੋਰੀਆ ਪੁਲ ਦੇ ਐਨ ਸਾਹਮਣੇ ਸਥਿਤ ਯੱਕੀ ਗੇਟ ਉਹ ਥਾਂ ਸੀ, ਜਿਥੇ ਘੋੜਾ ਤੇ ਬੈਲ ਗੱਡੀਆਂ ਖੜ੍ਹਨ ਲਈ ਅੱਡਾ ਬਣਿਆ ਸੀ। ਇਸ ਦਾ ਨਾਂ ਵੀ 'ਯੱਕਾ' ਤੋਂ ਪਿਆ ਸੀ, ਜੋ ਉਸ ਵੇਲੇ ਆਵਾਜਾਈ ਲਈ ਵਰਤੇ ਜਾਂਦੇ ਆਮ ਵਾਹਨ ਸਨ। ਇਸੇ ਗੇਟ ਰਾਹੀਂ ਸਬਜ਼ੀਆਂ ਤੇ ਹੋਰ ਜ਼ਰੂਰੀ ਚੀਜ਼ਾਂ ਸ਼ਹਿਰ ਪੁੱਜਦੀਆਂ ਸਨ, ਸਾਰੀਆਂ ਵਿਸ਼ੇਸ਼ ਚੀਜ਼ਾਂ ਅਗਾਂਹ ਅੰਦਰੂਨੀ ਸ਼ਹਿਰ ਵਿਚਲੇ ਖਾਸ ਬਾਜ਼ਾਰਾਂ ਵਿਚ ਜਾਂਦੀਆਂ। ਇਕ ਤਰ੍ਹਾਂ ਪਿਛਲੇ ਇਕ ਹਜ਼ਾਰ ਤੋਂ ਵੱਧ ਸਾਲਾਂ ਤੋਂ ਅਜਿਹਾ ਚੱਲਦਾ ਆ ਰਿਹਾ ਸੀ। ਹੁਣ ਇਨ੍ਹਾਂ ਵਿਚੋਂ ਸਿਰਫ ਸਬਜ਼ੀਆਂ ਵਾਲਾ ਹਿੱਸਾ ਹੀ ਇਥੋਂ ਬਦਲ ਕੇ ਪੱਛਮ ਵਲ ਨੂੰ ਚਲਾ ਗਿਆ ਹੈ ਅਤੇ ਅਜੋਕੀ ਸਬਜ਼ੀ ਮੰਡੀ ਰੇਲਵੇ ਲਾਈਨਾਂ ਦੇ ਕਰੀਬ ਹੈ, ਜਿਥੋਂ ਇਹ ਅਗਾਂਹ ਰਾਵੀ ਵਲ ਜਾਂਦੀਆਂ ਹਨ।

ਅੰਦਰੂਨੀ ਸ਼ਹਿਰ ਦੇ ਇਸ ਉਤਰ-ਪੂਰਬੀ ਹਿੱਸੇ ਵਿਚ ਸੜਕਾਂ ਸਭ ਤੋਂ ਵੱਧ ਭੀੜੀਆਂ ਸਨ। ਇਸ ਦਾ ਬਾਹਰਲਾ ਟਿਕਾਣਾ ਮੁਹੱਲਾ ਤੇਲੀਆਂ ਸੀ, ਜਿਥੇ ਗੱਡਿਆਂ ਰਾਹੀਂ ਸਰ੍ਹੋਂ ਦੀ ਫਸਲ ਲਿਆਂਦੀ ਜਾਂਦੀ ਅਤੇ ਉਸ ਦਾ ਤੇਲ ਕੱਢਿਆ ਜਾਂਦਾ। ਹੁਣ ਸਿਹਤ ਬਾਰੇ ਸੁਚੇਤ ਹੋਣ ਕਾਰਨ ਵੱਡੀ ਗਿਣਤੀ ਲੋਕ ਮੁੜ ਇਸ ਤੇਲ ਦਾ ਇਸਤੇਮਾਲ ਕਰਨ ਲੱਗੇ ਹਨ, ਕਿਉਂਕਿ ਪੱਛਮੀ ਸਿਹਤ ਮਾਹਿਰਾਂ ਨੇ ਹਾਲ ਹੀ ਵਿਚ ਪਤਾ ਲਾਇਆ ਹੈ ਕਿ ਇਹ (ਸਰ੍ਹੋਂ ਦਾ ਤੇਲ) ਕੋਲੈਸਟਰੋਲ ਘਟਾਉਂਦਾ ਹੈ ਅਤੇ ਇਸ ਵਿਚ ਉਹ ਸਾਰੇ ਤੱਤ ਮੌਜੂਦ ਹਨ, ਜੋ ਤੰਦਰੁਸਤ ਤੇ ਜਵਾਨ ਰਹਿਣ ਲਈ ਲੋੜੀਂਦੇ ਹਨ। ਇਹ ਹਾਲੇ ਵੀ ਅੰਦਰੂਨੀ ਸ਼ਹਿਰ ਦਾ ਅਜਿਹਾ ਹਿੱਸਾ ਹੈ, ਜਿਥੇ ਬੜੇ ਘੱਟ ਲੋਕ ਜਾਂਦੇ ਹਨ, ਭਾਵੇਂ ਇਥੇ ਸੰਭਵ ਤੌਰ 'ਤੇ ਸ਼ਹਿਰ ਦੀਆਂ ਸਭ ਤੋਂ ਪੁਰਾਣੀਆਂ ਇਮਾਰਤਾਂ ਮੌਜੂਦ ਹਨ। ਨਾਲ ਹੀ ਇਹੋ ਸ਼ਹਿਰ ਦਾ ਉਹ ਹਿੱਸਾ ਸੀ, ਜਿਸ ਨੂੰ ਬਾਦਸ਼ਾਹ ਬਾਬਰ ਨੇ ਢਹਿ ਢੇਰੀ ਨਹੀਂ ਸੀ ਕੀਤਾ। ਸ਼ਹਿਰ ਦੇ ਇਸੇ ਹਿੱਸੇ ਵਿਚ ਵਜ਼ੀਰ ਖਾਨ ਮਸਜਿਦ ਵੀ ਹੈ, ਜੋ ਸੰਭਵ ਤੌਰ 'ਤੇ ਉਪ ਮਹਾਦੀਪ ਦੀ ਸਭ ਤੋਂ ਖੂਬਸੂਰਤ ਮਸਜਿਦ ਹੈ।

ਅਫਸੋਸ! ਉਪ ਮਹਾਦੀਪ ਦੀ ਵੰਡ ਵੇਲੇ ਫਿਰਕੂ ਜਨੂਨੀਆਂ ਨੇ ਵੱਡੀ ਗਿਣਤੀ ਲੋਕਾਂ ਨੂੰ ਅੱਗਾਂ ਲਾ ਕੇ ਸਾੜ ਦਿੱਤਾ ਅਤੇ ਇਸ ਹਿੱਸੇ ਨੂੰ ਸੀਲ ਕੀਤਾ ਗਿਆ ਹੋਣ ਕਾਰਨ ਲੋਕਾਂ ਨੂੰ ਬਚ ਨਿਕਲਣ ਦਾ ਮੌਕਾ ਨਾ ਮਿਲਿਆ। ਨੁਕਸਾਨ ਸ਼ਹਿਰ ਦੇ ਅੰਦਰੋਂ ਹੀ ਹੋਇਆ। ਪਾਕਿਸਤਾਨੀ ਕੱਪੜਾ ਬਾਜ਼ਾਰ ਦੀ ਹੋਂਦ ਇਸ ਗੱਲ ਦਾ ਸਬੂਤ ਹੈ ਕਿ ਕਿਵੇਂ ਅਸੀਂ ਆਪਣੀ ਉਸ ਬਿਹਤਰੀਨ ਵਿਰਾਸਤ ਨੂੰ ਮੁੜ ਉਸਾਰਨ ਵਿਚ ਕਾਮਯਾਬ ਹੋਏ ਹਾਂ, ਜਿਸ ਨੂੰ ਅਸੀਂ ਆਪਣੇ ਹੱਥੀਂ ਤਬਾਹ ਕਰ ਦਿੱਤਾ ਸੀ।

ਮੁਗਲ ਕਾਲ ਵਿਚ ਲਾਹੌਰ ਦੁਆਲੇ ਨੌਂ ਮੀਟਰ ਉਚੀ ਕੰਧ ਸੀ, ਜਿਸ ਦੇ ਨਾਲ ਡੂੰਘੀ ਖਾਈ ਪੁੱਟੀ ਹੋਈ ਸੀ। ਸ਼ਹਿਰ ਅੰਦਰ ਵੜਨ ਲਈ 13 ਦਰਵਾਜੇ ਸਨ, ਜਿਨ੍ਹਾਂ ਦੇ ਨਾਂ ਸਨ-ਦਿੱਲੀ ਦਰਵਾਜਾ, ਰੌਸ਼ਨਾਈ ਦਰਵਾਜਾ, ਅਕਬਰੀ ਦਰਵਾਜਾ, ਯੱਕੀ ਦਰਵਾਜਾ, ਭੱਟੀ ਦਰਵਾਜਾ, ਸ਼ੇਰਾਂ ਵਾਲਾ ਦਰਵਾਜਾ, ਲੁਹਾਰੀ ਦਰਵਾਜਾ, ਕਸ਼ਮੀਰੀ ਦਰਵਾਜਾ, ਮੋਰੀ ਦਰਵਾਜਾ, ਮਸਤੀ ਦਰਵਾਜਾ, ਸ਼ਾਹ ਆਲਮ ਦਰਵਾਜਾ, ਟਕਸਾਲੀ ਦਰਵਾਜਾ, ਮੋਚੀ ਦਰਵਾਜਾ। ਹੁਣ ਇਨ੍ਹਾਂ ਵਿਚੋਂ ਛੇ ਦਰਵਾਜੇ ਹੀ ਬਚੇ ਹਨ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Manjit Singh Nagra
Realtor/Broker
Cell: 317-750-1900

Gurdeep (Garry) Chhokar
Realtor/Broker
Cell: 317-500-1247

6979 Hillsdale Court
Indianapolis, Indiana 46250

Star Alliance BROKERAGE



We do all type of Home and Commercial Loan. Same day loan approval...

# ਕਰੋਨਾ ਦਾ ਕਹਿਰ ਅਤੇ ਦਿਲ ਦਾ ਜ਼ਹਿਰ

ਕਰੋਨਾ ਦੇ ਕਹਿਰ ਤੋਂ ਅਸੀਂ ਚੰਗੀ ਤਰ੍ਹਾਂ ਵਾਕਿਫ ਹਾਂ। ਸਾਰਾ ਵਿਸ਼ਵ ਬੰਦ ਹੈ, ਭਾਰਤ ਬੰਦ ਹੈ ਤੇ ਪੰਜਾਬ ਦਾ ਵੀ ਸਾਨੂੰ ਪਤਾ ਹੀ ਹੈ। ਲੋਕ ਦੱਸਦੇ ਹਨ ਕਿ ਭਾਰਤ ਵਿਚ ਕਦੀ ਏਦਾਂ ਪਲੇਗ ਦਾ ਕਹਿਰ ਵਾਪਰਿਆ ਸੀ। ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਪਲੇਗ ਦਾ ਪਹਿਲਾ ਮਰੀਜ਼ ਵੀ ਨਵਾਂ ਸ਼ਹਿਰ ਦੇ ਨੇੜੇ ਪਿੰਡ ਖਟਕੜ ਕਲਾਂ ਦਾ ਹੀ ਸੀ ਤੇ ਕਰੋਨਾ ਦਾ ਪਹਿਲਾ ਮਰੀਜ਼ ਵੀ ਨਵਾਂਸ਼ਹਿਰ ਦੇ ਨਜ਼ਦੀਕੀ ਪਿੰਡ ਦਾ ਹੀ ਸੀ। ਕਿੱਡੀ ਹੈਰਾਨੀ ਦੀ ਗੱਲ ਹੈ ਕਿ ਕਦੀ ਕਦੀ ਇਤਿਹਾਸ ਇਸ ਤਰ੍ਹਾਂ ਦੁਹਰਾਇਆ ਵੀ ਜਾਂਦਾ ਹੈ।



ਚਲੋ! ਕਰੋਨਾ ਦਾ ਤਾਂ ਸਾਨੂੰ ਵੇਲੇ ਸਿਰ ਪਤਾ ਲੱਗ ਗਿਆ ਤੇ ਅਸੀਂ ਇਹਤੋਂ ਨਿਜਾਤ

**ਅਵਤਾਰ ਸਿੰਘ (ਪ੍ਰੋ.)**
ਫੋਨ: 91-9417518384

ਪਾਉਣ ਲਈ ਸਿਰਤੋੜ ਯਤਨ ਕਰ ਰਹੇ ਹਾਂ। ਖੁਦ ਨੂੰ ਅਸੀਂ ਕੌਰੰਨਟੀਨ ਕਰ ਰਹੇ ਹਾਂ ਤੇ ਸੋਸ਼ਲ ਡਿਸਟੈਂਸ ਵਧਾ ਰਹੇ ਹਾਂ। ਸਾਡੇ ਲਈ ਬੜੀ ਤਸੱਲੀ ਦੀ ਗੱਲ ਹੈ ਕਿ ਬੜੀ ਫੁਰਤੀ ਨਾਲ ਇਹ ਨਿਯਮ ਅਸੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਲਾਗੂ ਕਰ ਦਿੱਤਾ ਹੈ। ਉਥੇ ਹੁਣ ਰਾਗੀ ਸਿੰਘ ਗੋਡੇ ਨਾਲ ਗੋਡਾ ਵੀ ਨਹੀਂ ਜੁੜਨ ਦਿੰਦੇ; ਵਿੱਥ ਰਖ ਕੇ ਬੈਠਦੇ ਹਨ।

ਜਿਵੇਂ ਕਰੋਨਾ ਦੇ ਕਹਿਰ ਤੋਂ ਬਚਣ ਲਈ ਸੋਸ਼ਲ ਡਿਸਟੈਂਸ ਰੱਖਣਾ ਲਾਜ਼ਮੀ ਹੈ, ਇਵੇਂ ਸਾਡੇ ਦਿਲ ਦੇ ਜ਼ਹਿਰ ਨੂੰ ਖਤਮ ਕਰਨ ਲਈ ਸੋਸ਼ਲ ਡਿਸਟੈਂਸ ਦਾ ਖਤਮ ਹੋਣਾ ਜ਼ਰੂਰੀ ਹੈ। ਗੁਰੂ ਸਾਹਿਬਾਨ ਨੇ ਸਾਡੇ ਦਿਲਾਂ ਵਿਚੋਂ ਇਨਸਾਨੀ ਨਫਰਤ ਮੇਟਣ ਅਤੇ ਸਮੇਟਣ ਲਈ ਹਰ ਤਰ੍ਹਾਂ ਦਾ ਸੋਸ਼ਲ ਡਿਸਟੈਂਸ ਖਤਮ ਕਰਨ ਲਈ ਸੰਦੇਸ਼ ਅਤੇ ਆਦੇਸ਼ ਦਿੱਤਾ ਸੀ। ਕਿੱਡੀ ਦੁੱਖ ਦੀ ਗੱਲ ਹੈ ਕਿ ਇਹਨੂੰ ਹਾਲੇ ਤੱਕ ਅਸੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਲਾਗੂ ਨਹੀਂ ਕੀਤਾ ਤੇ ਨਾ ਹੀ ਕਿਸੇ ਦੇ ਚਿੱਤ ਚੇਤੇ ਹੈ।

ਕਦੇ ਚੌਥਾ ਪੌੜਾ, ਕਦੇ ਦਲਿਤ ਦੇਗ ਦੀ ਸਮੱਸਿਆ ਤੇ ਕਦੇ ਭਾਈ ਨਿਰਮਲ ਸਿੰਘ, ਜਿਹਦੇ ਸਾਜ਼ ਤਾਂ ਸਭ ਨੇ ਸੁਣੇ, ਪਰ ਇਤਰਾਜ਼ ਕਿਸੇ ਨਾ ਸੁਣੇ; ਜਿਹਦਾ ਕੀਰਤਨ ਸਭ ਨੇ ਸੁਣਿਆ, ਪਰ ਕੀਰਨਾ ਕਿਸੇ ਨਾ ਸੁਣਿਆ। ਕਿਸੇ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ। ਜੇ ਕਿਸੇ ਨੇ ਗੱਲ ਕੀਤੀ ਤਾਂ ਸਾਰੇ ਉਹਦੇ ਦੁਆਲੇ ਹੋ ਗਏ ਕਿ 'ਹਾਲੇ ਸਮਾਂ ਨਹੀਂ ਹੈ।'

ਮੈਂ ਸਮਝਦਾਂ ਕਿ ਰੋਗ ਦੇ ਇਲਾਜ ਦਾ ਕੋਈ ਸਮਾਂ ਨਹੀਂ ਹੁੰਦਾ, ਇਹ ਹਰ ਸਮੇਂ ਹੋ ਸਕਦਾ ਹੈ ਤੇ ਹੋਣਾ ਚਾਹੀਦਾ ਹੈ। ਫਿਰ ਦਿਲ ਦਾ ਜ਼ਹਿਰ ਤਾਂ ਕਰੋਨਾ ਦੇ ਕਹਿਰ ਤੋਂ ਵੀ ਕਿਤੇ ਭਿਆਨਕ ਹੈ। ਕੀ ਹੋਇਆ ਜੇ ਸਾਨੂੰ ਇਸ ਦਿਲ ਦੇ ਜ਼ਹਿਰ ਦੇ ਕਹਿਰ ਦਾ ਪਤਾ ਨਹੀਂ ਹੈ। ਜ਼ਰਾ ਦਿਲ 'ਤੇ ਹੱਥ ਰੱਖ ਕੇ ਆਪਣੇ ਦਿਲ ਦੇ ਜ਼ਹਿਰ ਦੀ ਵਿਥਿਆ ਸੁਣੋ,

ਉਦੋਂ ਦੀ ਗੱਲ ਹੈ, ਜਦ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸੀ ਤੇ ਪੰਜਾਬ ਦਾ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ। ਹੋਲੇ ਮਹੱਲੇ 'ਤੇ ਅਨੰਦਪੁਰ ਸਾਹਿਬ ਵਿਖੇ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੇਠਾਂ ਖੁੱਲ੍ਹੇ ਮੈਦਾਨ 'ਚ ਸ਼੍ਰੋਮਣੀ ਅਕਾਲੀ ਦਲ ਦਾ ਰਵਾਇਤੀ ਦੀਵਾਨ ਲੱਗਾ ਹੋਇਆ ਸੀ।

ਆਖਰੀ ਦਿਨ ਸੀ ਤੇ ਸਾਰੀਆਂ ਰਾਜਸੀ ਹਸਤੀਆਂ ਹੁੰਮ ਹੁਮਾ ਕੇ ਹਾਜ਼ਰ-ਨਾਜ਼ਰ ਸਨ; ਤੁੜ, ਤਲਵੰਡੀ, ਟੌਹੜਾ; ਬਾਦਲ, ਬਰਨਾਲਾ ਤੇ ਬਲਵੰਤ ਸਿੰਘ; ਤਿੰਨ ਟੈਂਕੇ ਤੇ ਤਿੰਨ ਬੱਬੇ ਹਾਲੇ ਕਾਇਮ ਮੁਕਾਮ ਸਨ-ਦਨਦਨਾਉਂਦੇ ਹੋਏ।

ਮਾਹੌਲ ਬਿਲਕੁਲ ਭਖਿਆ ਹੋਇਆ ਸੀ। ਸਿਆਸੀ ਰੋਣ-ਪਿੱਟਣ ਤੇ ਤਾਬੜ-ਤੋੜ ਤੁਹਮਤਬਾਜ਼ੀ ਦਾ ਬਾਜ਼ਾਰ ਗਰਮ ਸੀ; ਮੁਰਦੇ ਪੁੱਟੇ ਅਤੇ ਜਿਉਂਦੇ ਦੱਬੇ ਜਾ ਰਹੇ ਸਨ। ਰਲ-ਮਿਲ ਕੇ ਗੱਡਿਆਂ ਦੇ ਗੱਡੇ ਮਿੱਟੀ ਪਲੀਤ ਕੀਤੀ ਜਾ ਰਹੀ ਸੀ। ਅਕਾਲੀ ਲੀਡਰ ਕੇਂਦਰੀ ਸਰਕਾਰ ਤੋਂ ਖਫਾ ਅਤੇ ਪੰਜਾਬ ਸਰਕਾਰ ਤੋਂ ਦੁਖੀ ਸਨ; ਖਫਾ ਤੇ ਦੁਖੀ ਹੋਣ ਦੇ ਕਾਰਣ ਵੱਖੋ ਵੱਖਰੇ!

ਵਿਰੋਧੀ ਪਾਰਟੀ ਦੀ ਸਰਕਾਰ ਚਾਹੇ ਜਿੰਨੀ ਮਰਜ਼ੀ ਚੰਗੀ ਹੋਵੇ, ਉਹਦੀ ਕਦੀ ਵੀ ਤਾਰੀਫ ਨਾ ਕਰਨ ਦੀ ਰਵਾਇਤ ਜੱਗ ਜਾਹਰ ਹੈ। ਅਸੀਂ ਸਭ ਜਾਣਦੇ ਹਾਂ।

ਅਕਾਲੀ ਦਲ ਦੀ ਸਟੇਜ 'ਤੇ ਕੋਈ ਲੀਡਰ ਬੜੇ ਹੀ ਮਜ਼ੇਦਾਰ ਅਤੇ ਮਜਾਹੀਆ ਅੰਦਾਜ਼ ਵਿਚ ਭਾਸ਼ਣ ਕਰ ਰਿਹਾ ਸੀ ਤੇ ਅਕਾਲੀਆਂ ਨੂੰ ਖੁਸ਼ ਕਰਨ ਵਾਲੀ ਸੁਰ ਅਲਾਪ ਰਿਹਾ ਸੀ। ਸਮਾਪਤੀ ਸਮੇਂ ਉਹਨੇ ਅਚਾਨਕ ਅਕਾਲੀਆਂ ਨੂੰ ਅੰਦਰੋਂ ਖੁਸ਼ ਕਰਨ ਵਾਲਾ ਨਾਅਰਾ ਲਾ ਮਾਰਿਆ; ਅਖੇ 'ਉਪਰ ਬਾਹਮਣੀ ਹੇਠ ਤਖਾਣ, ਭੁੱਖਾ ਮਰ ਗਿਆ ਹਿੰਦੁਸਤਾਨ।'

ਮੈਨੂੰ ਯਾਦ ਹੈ, ਅਕਾਲੀ ਦਲ ਦੇ ਦੀਵਾਨ ਵਿਚ ਇਹ ਅਨੋਖਾ ਤੇ ਗੈਰ ਸਿੱਖ ਨਾਅਰਾ ਸੁਣ ਕੇ ਤਿੱਖੇ ਅਤੇ ਤਰਾਸ਼ੇ ਹੋਏ ਨੈਣ ਨਕਸ਼ਾਂ ਵਾਲੇ ਕਈ ਸਾਬਤ ਸੂਰਤ ਸਿੱਖ ਦੀਵਾਨ 'ਚੋਂ ਖਿਸਕਣੇ ਸ਼ੁਰੂ ਹੋ ਗਏ ਸਨ, ਜਿਨ੍ਹਾਂ ਨੂੰ ਦੇਖ ਕੇ ਤੇ ਦੂਰ ਨੇੜੇ ਦੀ ਸੋਚ ਕੇ 'ਪੰਥ ਰਤਨ' ਨੇ ਉਸ ਬੁਲਾਰੇ ਨੂੰ ਇਸ਼ਾਰੇ ਨਾਲ ਸਮਝਾ ਦਿੱਤਾ ਸੀ ਕਿ 'ਯੇਹ ਅੰਦਰ ਕੀ ਬਾਤ ਹੈ ਪਿਆਰੇ।'

ਮੈਨੂੰ ਬਿਲਕੁਲ ਯਾਦ ਹੈ ਕਿ ਕਿਸੇ ਹੋਰ ਨੇਤਾ ਨੂੰ ਪਤਾ ਵੀ ਨਹੀਂ ਸੀ ਲੱਗਾ ਕਿ ਕੀ ਗਲਤ ਹੋਇਆ ਹੈ। ਉਨ੍ਹਾਂ ਲਈ ਇਹ ਆਮ ਜਿਹੀ ਗੱਲ ਸੀ ਜਾਂ ਕੋਈ ਗੱਲ ਹੀ ਨਹੀਂ ਸੀ। ਬਸ ਇਹ ਜਥੇਦਾਰ ਟੌਹੜਾ ਦੀ ਅੱਖ ਦਾ ਕਮਾਲ ਸੀ ਤੇ ਉਨ੍ਹਾਂ ਦੀ ਅੱਖ 'ਚ ਪਏ ਸੁਰਮੇ ਦਾ, ਜੋ ਉਹ ਹਮੇਸ਼ਾ ਪਾਈ ਰੱਖਦੇ ਸਨ।

ਮੈਂ ਹੈਰਾਨ ਰਹਿ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਚਰਨਾਂ ਵਿਚ ਸਜੇ ਦੀਵਾਨ ਅੰਦਰ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਦੀਆਂ ਜਾਤਾਂ ਉਛਾਲੀਆਂ ਜਾ ਰਹੀਆਂ ਹਨ; ਉਹ ਸਾਡੇ ਮਾੜੇ-ਚੰਗੇ ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਨਹੀਂ ਸਨ-ਤਖਾਣ ਤੇ ਬ੍ਰਾਹਮਣ ਸਨ।

ਪਹਿਲੀ ਵਾਰ ਮੈਨੂੰ ਪਤਾ ਲੱਗਾ ਕਿ ਪੰਜਾਬ ਵਿਚ ਬ੍ਰਾਹਮਣ ਹੋਣਾ ਜਾਂ ਤਖਾਣ ਹੋਣਾ ਇੱਕੋ ਗੱਲ ਹੈ ਤੇ ਦੋਹਾਂ ਦਾ ਸਿਆਸੀ ਹਸ਼ਰ ਸਾਂਝਾ ਹੈ-ਮੌਤ ਜਿਹਾ। ਮੈਂ ਸੋਚਦਾਂ, ਜੇ ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਦੀ ਜਾਤ ਉਛਾਲਣ 'ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਕੋਈ ਸੌ ਗਜ ਦੀ ਦੂਰੀ 'ਤੇ ਹੀ ਕੋਈ ਰੋਕ-ਟੋਕ ਨਹੀਂ ਹੈ ਤਾਂ ਦੂਰ ਦੁਰਾਡੇ ਦੇ ਬਾਕੀ ਆਮ ਲੋਕਾਂ ਦਾ ਕੀ ਹਸ਼ਰ ਹੁੰਦਾ ਹੋਵੇਗਾ?

ਯੂਨੀਵਰਸਿਟੀ ਦਾ ਅਰਥ ਸ਼ਾਸਤਰੀ ਰਿਸਰਚ ਸਕਾਲਰ ਮਿੱਤਰ ਗੋਇਲ ਕਿਸੇ ਸਿੱਖ ਦੀ ਕਾਰ 'ਚ ਬਹਿ ਗਿਆ ਤੇ ਜਦ ਉਤਰਿਆ ਤਾਂ ਕਹਿਣ ਲੱਗਾ, "ਯਾਰ, ਪੰਜਾਬ 'ਚ ਬਾਣੀਆ ਹੋਣਾ ਤਾਂ ਗਾਲ੍ਹ ਹੀ ਐ।" ਉਹਨੂੰ ਬੇਚਾਰੇ ਨੂੰ ਇਹ ਨਹੀਂ ਸੀ ਪਤਾ ਕਿ ਸਿੱਖ ਤਾਂ ਡਾ. ਮਨਮੋਹਨ ਸਿੰਘ ਨੂੰ ਸਿੱਖ ਨਹੀਂ ਸੀ ਸਮਝਦੇ!

ਪਿੱਛੇ ਜਿਹੇ ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ ਨੇ ਆਪਣੇ ਵਿਰੋਧੀ ਤੋਂ ਕਿਸੇ ਗੱਲ ਦੀ ਮੁਆਫੀ ਮੰਗ ਲਈ ਤਾਂ ਕਿਸੇ ਸਿਰ ਫਿਰੇ ਨੇ ਟਿੱਪਣੀ ਕੀਤੀ, "ਬਾਣੀਆ ਮੋਕ ਮਾਰ ਗਿਆ।"

ਮੈਂ ਦੇਖਦਾਂ, ਜਾਤੀ ਸੂਚਕ ਹੋਏ ਬਿਨਾ ਸਾਡਾ ਸਰਦਾ ਹੀ ਨਹੀਂ। ਦਰਅਸਲ ਜਾਤੀਵਾਦ ਸਾਡੇ ਮਾਨਸਿਕਤਾ ਦੇ ਰਗੋ ਰੇਸ਼ੇ ਵਿਚ ਵੜਿਆ ਹੋਇਆ ਹੈ। ਇਹ ਸਾਡੇ ਅੰਤਹਿਕਰਣ ਵਿਚ ਇਸ ਕਦਰ ਵੱਸ ਅਤੇ ਰਸ ਚੁਕਾ ਹੈ ਕਿ ਇਹਤੋਂ ਮੁਕਤ ਹੋਣਾ ਨਾਮੁਮਕਿਨ ਹੀ ਲੱਗਦਾ ਹੈ।

ਜਿੱਥੇ ਪ੍ਰਧਾਨ ਮੰਤਰੀ ਸੇਫ ਨਹੀਂ, ਮੁੱਖ ਮੰਤਰੀ ਸੇਫ ਨਹੀਂ, ਉਥੇ ਕਿਸੇ ਗਰੀਬ ਦੀ ਕੀ ਪੇਸ਼ ਜਾ ਸਕਦੀ ਹੈ। ਭਾਰਤ ਵਿਚ ਗਰੀਬ ਲੋਕ ਤਾਂ ਸਿਰਫ ਜਾਤੀ ਸੂਚਕ ਗਾਲ੍ਹਾਂ ਖਾਣ ਲਈ ਬਣੇ ਹਨ।

ਮੈਨੂੰ ਯਾਦ ਹੈ, ਗਿਆਨੀ ਜ਼ੈਲ ਸਿੰਘ ਦੇ ਜੀਂਦੇ ਜੀ, ਕਿਸੇ ਤਰ੍ਹਾਂ ਦੇ ਚੁਟਕਲੇ ਲਈ ਵੀ ਸੰਤੇ-ਬੰਤੇ ਦੀ ਲੋੜ ਨਹੀਂ ਸੀ ਪੈਂਦੀ; ਜ਼ੈਲ ਸਿੰਘ ਹੀ ਕਾਫੀ ਸੀ। ਲੋਕ ਉਹਦਾ ਜ਼ਿਕਰ ਗੁੱਲੀ ਘਾੜਾ ਕਹਿ ਕਹਿ ਕਰਦੇ ਸਨ।

ਜਦ ਵੀ ਮੈਂ ਸੰਤੇ-ਬੰਤੇ ਦੇ ਨਾਂ ਨਾਲ ਮੜ੍ਹੇ ਲਤੀਫੇ ਸੁਣਦਾ ਹਾਂ ਤਾਂ ਮੈਨੂੰ ਅਹਿਰਨ ਤਪਾ ਕੇ ਰੰਬੇ ਚੰਡਦੇ ਤੇ ਦਾਤੀਆਂ ਨੂੰ ਦੰਦੇ ਕੱਢਦੇ, ਲੋਹੇ ਨਾਲ ਲੋਹਾ ਹੋਏ ਦੋ ਕਿਰਤੀ ਭਾਈ ਚੇਤੇ ਆਉਂਦੇ ਹਨ; ਸਾਡੇ ਪਿੰਡ ਦਾ ਸੰਤਾ ਤੇ ਰਣੇਵਾਲ ਦਾ ਬੰਤਾ, ਜਿਨ੍ਹਾਂ ਦੇ ਅਕਸ ਮਾਤਰ ਨਾਲ 'ਕਿਰਤ ਕਰੋ' ਦਾ ਸਿਧਾਂਤ ਦ੍ਰਿੜ ਹੁੰਦਾ ਸੀ ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਦਾ ਖਿਆਲ ਆਉਂਦਾ ਸੀ-ਯਾਰੋ, ਉਹ ਲੋਕ ਸਾਡੇ ਸ਼ੁਗਲ ਮੇਲੇ ਦਾ ਮਸਾਲਾ ਬਣੇ!

ਸੰਤੇ-ਬੰਤੇ ਵਾਲੇ ਲਤੀਫੇ ਸੁਣ ਕੇ ਮੈਨੂੰ ਕਦੀ ਵੀ ਹਾਸਾ ਨਹੀਂ ਆਉਂਦਾ, ਸਗੋਂ ਉਨ੍ਹਾਂ ਦੇ ਮਿਹਨਤੀ ਜਿਸਮ 'ਚੋਂ ਵਗਦੇ ਪਸੀਨੇ ਦੇ ਖਿਆਲ ਨਾਲ ਅੱਖਾਂ ਨਮ ਹੋ ਜਾਂਦੀਆਂ ਹਨ-ਰਗੋਂ ਮੇਂ ਦੌੜਤੇ ਫਿਰਨੇ ਕੇ ਹਮ ਨਹੀਂ ਕਾਇਲ, ਜੋ ਆਂਖ ਹੀ ਸੇ ਨ ਟਪਕਾ ਤੋ ਵੁਹ ਲਹੂ ਕਯਾ ਹੈ। ਕਿਸੇ ਦਾ ਸੂਰਜ, ਕਿਸੇ ਦਾ ਦੀਵਾ, ਕਿਸੇ ਦਾ ਤੀਰ ਕਮਾਨ; ਸਾਡੀ ਅੱਖ 'ਚੋਂ ਡਿਗਦਾ ਹੰਝੂ ਸਾਡਾ ਚੋਣ ਨਿਸ਼ਾਨ।


ਕਿਸੇ ਨੂੰ ਗਾਲ੍ਹਾਂ ਕੱਢਣ ਤੇ ਲਤੀਫੇਬਾਜੀ 'ਤੇ ਪਲਣ ਵਾਲੇ ਲੋਕ ਇਨਸਾਨ ਨਹੀਂ ਹੁੰਦੇ। ਪੰਜਾਬੀ ਦੇ ਸਮਰੱਥ ਆਲੋਚਕ ਅਤੇ ਪ੍ਰਬੁੱਧ ਕਵੀ ਡਾ. ਹਰਭਜਨ ਸਿੰਘ ਨੂੰ ਕਿਸੇ ਸਮਾਗਮ ਵਿਚ ਕਿਰਪਾਨ ਭੇਟ ਕੀਤੀ ਗਈ ਤਾਂ ਉਹ ਕਹਿਣ ਲੱਗੇ ਕਿ ਉਹ ਲੇਖਕ ਹਨ ਤੇ ਲੇਖਕ ਦੀ ਕਲਮ ਹੀ ਕਿਰਪਾਨ ਹੁੰਦੀ ਹੈ। ਕਹਿੰਦੇ ਹਨ, ਕਿਸੇ ਪ੍ਰੋਫੈਸਰ ਨੇ ਜੁਮਲਾ ਕੱਸਿਆ, "ਡਾ. ਸਾਹਿਬ ਦੀ ਕਿਰਪਾਨ ਨੂੰ ਦੰਦੇ ਕਢਵਾ ਦਿਓ।"

ਮੇਰੇ ਹਿਸਾਬ ਨਾਲ ਜਾਤੀ ਸੂਚਕ ਜੁਮਲੇਬਾਜੀ ਦੀ ਇਹ ਹੁਣ ਤੱਕ ਦੀ ਸਭ ਤੋਂ ਨੀਚ ਮਿਸਾਲ ਹੈ। ਜਿਸ ਸਮਾਜ ਵਿਚ ਵਿਦਵਾਨ ਕਵੀ ਨਹੀਂ ਬਖਸ਼ੇ ਜਾਂਦੇ, ਉਥੇ ਮਜ਼ਦੂਰ ਦਾ ਕੀ ਹਾਲ ਹੁੰਦਾ ਹੋਊ?

ਕਿਸੇ ਥਾਂ ਚੋਣ ਹੋ ਰਹੀ ਸੀ; (ਕਥਿਤ) ਦਲਿਤ ਤੇ ਗੈਰ-ਦਲਿਤ ਇਕੱਠੇ ਚੁਣੇ ਜਾਣੇ ਸਨ ਤੇ ਦੋ ਵੋਟਾਂ ਇਕੱਠੀਆਂ ਪੈਣੀਆਂ ਸਨ। ਚੋਣ ਰੈਲੀਆਂ ਵਿਚ ਗੈਰ-ਦਲਿਤ ਨੇਤਾ ਇਹੋ ਕਹੀ ਜਾਵੇ, "ਉਪਰਲੀ ਵੋਟ ਮੈਨੂੰ ਪਾਉਣੀ ਹੈ ਤੇ ਹੇਠਲੀ ਵੋਟ ਭਾਈ ਸਾਹਿਬ ਨੂੰ।" ਕਿਸੇ ਨੇ ਇਤਰਾਜ਼ ਕੀਤਾ ਕਿ ਇਹ ਉਪਰਲੀ-ਹੇਠਲੀ ਵੋਟ ਦਾ ਜੁਮਲਾ ਕਿੱਥੋਂ ਆ ਗਿਆ! ਵਕਾਲਤ ਪਾਸ ਉਸ ਨੇਤਾ ਨੂੰ ਇਹ ਗੱਲ ਵੀ ਸਮਝ ਨਹੀਂ ਸੀ ਲੱਗੀ ਤੇ ਉਹਦੇ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ।

ਇਸ ਉਪਰ-ਹੇਠ ਜਾਂ ਹੇਠ-ਉਪਰ ਦੇ ਚੱਕਰਾਂ 'ਚੋਂ ਮੁਕਤੀ ਹਾਸਲ ਕਰਕੇ ਸਾਡੇ ਲਈ ਬੰਦੇ ਬਣਨਾ ਹਾਲੇ ਬੜੀ ਦੂਰ ਦੀ ਗੱਲ ਹੈ। ਜਿਨ੍ਹਾਂ ਲਈ ਬੰਦੇ ਹੋਣ ਦਾ ਅਰਥ ਕਿਰਤੀ ਹੋਣਾ ਨਹੀਂ, ਸਗੋਂ ਵਿਹਲੇ ਰਹਿਣਾ ਹੈ, ਉਨ੍ਹਾਂ ਨੂੰ ਬੰਦੇ ਬਣਾਉਣ ਲਈ ਹਾਲੇ ਕੀ ਕੀ ਕਰਨਾ ਪੈਣਾ ਹੈ? ਸੋਚਣ ਵਾਲੀ ਗੱਲ ਹੈ!

## ਸੋਸ਼ਲ ਡਿਸਟੈਂਸ ਦੀ ਸਮਾਪਤੀ ਤੇ ਸ਼ੁਰੂਆਤ



*ਇਹ ਟੋਕਰੀ ਤੇ ਪੈਰ ਉਨ੍ਹਾਂ ਦੇ ਪ੍ਰਤੀਕ ਹਨ, ਜਿਨ੍ਹਾਂ ਨੂੰ ਸਾਡੇ ਸਮਾਜ ਨੇ ਸਿਰਫ ਪੈਰ ਕਰਕੇ ਜਾਣਿਆ ਹੈ, ਜਿਨ੍ਹਾਂ ਨੂੰ ਕਦੀ ਵੀ ਸਿਰ ਹੋਣ ਦਾ ਮਾਣ ਨਹੀਂ ਮਿਲਿਆ ਅਤੇ ਜੋ ਸਦੀਆਂ ਤੋਂ ਸਾਡੀ ਵਿਰਾਸਤ 'ਚੋਂ ਗੈਰਹਾਜ਼ਰ ਹਨ।*
*(ਚਿੱਤਰਕਾਰ: ਪ੍ਰੋ. ਹਰਪ੍ਰੀਤ ਸਿੰਘ, ਫੋਨ: 91-96461-80305)*

# ਤਾਲਾਬੰਦੀ, ਮੈਂ ਅਤੇ ਮੇਰੇ ਗਵਾਂਢੀ

## ਨਿੱਕ-ਸੁੱਕ

ਕਰੋਨਾ ਵਾਇਰਸ ਦੀ ਤਾਲਾਬੰਦੀ ਖੁਲ੍ਹੇ, ਨਾ ਖੁਲ੍ਹੇ, ਮੇਰਾ ਨਾਵਲ ਲਿਖਿਆ ਗਿਆ। ਨਾਵਲ ਦੀ ਨਾਇਕਾ ਇਰਾਨ ਦੇ ਮੁਸਲਿਮ ਪਰਿਵਾਰ ਵਿਚ ਜੰਮੀ, ਅਖੰਡ ਪੰਜਾਬ ਦੇ ਬਹਾਈ ਸਿੱਖਾਂ ਨੇ ਗੋਦ ਲਈ ਤੇ ਹਰਿਆਣਾ ਦੇ ਬੇਦੀ ਹਿੰਦੂ ਨਾਲ ਵਿਆਹੀ ਗਈ। ਧਾਰਨਾ ਅਗਾਂਹਵਧੂ ਰਹੀ, ਭਾਵੇਂ ਅਮਲੀ ਜਾਮਾ ਬਹਾਈ, ਕਾਂਗਰਸੀ ਤੇ ਸਮਾਜਵਾਦੀ ਵਿਧੀਆਂ ਅਪਨਾਉਂਦਾ

**ਗੁਲਜ਼ਾਰ ਸਿੰਘ ਸੰਧੂ**

ਮਾਰਕਸਵਾਦੀ ਹੋ ਨਿਬੜਿਆ। ਰਚਨਾ ਦਾ ਸ੍ਰੋਤ ਕਿਵੇਂ, ਕਦੋਂ ਤੇ ਕਿੱਥੋਂ ਮਿਲਿਆ ਅਤੇ ਕਿਉਂ ਲਿਖੀ ਗਈ? ਦੱਸਣ ਦੀ ਲੋੜ ਨਹੀਂ। ਨਾਂ ਹੈ, 'ਪਰੀ ਸੁਲਤਾਨਾ।'

ਨਾਵਲ ਖਤਮ ਕਰਕੇ ਮੈਂ ਕਿਸੇ ਗਵਾਂਢੀ ਦੇ ਘਰ ਜਾਣ ਦੀ ਸੋਚੀ ਤਾਂ ਮੇਰੇ ਅੰਦਰਲੇ ਨੇ ਮੈਨੂੰ ਐਮ. ਐਸ. ਰੰਧਾਵਾ ਦੀ ਭਤੀਜੀ ਨਿਰਮਲ ਨਾਗਰਾ ਵਲ ਤੋਰ ਦਿੱਤਾ, ਇੰਡੀਅਨ ਨੇਵੀ ਦੇ ਸਾਬਕਾ ਅਫਸਰ ਅਮਰਜੀਤ ਸਿੰਘ ਨਾਗਰਾ ਦੀ ਪਤਨੀ ਵੱਲ। ਉਸ ਦੀ ਇੱਕ ਬੇਟੀ ਦੁਬਈ ਹੈ ਤੇ ਦੂਜੀ ਪੂਡਾ ਵਾਲੇ ਨਵਜੋਤ ਰੰਧਾਵਾ ਦੀ ਪਤਨੀ ਹੈ। ਭਰਾ ਤਰਨਜੀਤ ਰੰਧਾਵਾ ਭਾਰਤੀ ਪ੍ਰਸ਼ਾਸਨ ਸੇਵਾ ਤੋਂ ਸੇਵਾ-ਮੁਕਤ ਹੋ ਕੇ ਰੋਜ਼ ਖਾਸ, ਦਿੱਲੀ ਵਿਖੇ ਰਹਿੰਦਾ ਹੈ, ਜਿੱਥੇ ਅੰਮ੍ਰਿਤਾ ਪ੍ਰੀਤਮ ਤੇ ਕਰਤਾਰ ਸਿੰਘ ਦੁੱਗਲ ਉਸ ਦੇ ਗਵਾਂਢੀ ਸਨ। ਸਾਹਿਤ ਪ੍ਰੇਮੀ ਹੈ, ਖੁਦ ਵੀ ਲੇਖਕ ਹੈ।

ਚਾਲੀ ਦਿਨ ਆਪਣੇ ਹੀ ਘਰ ਕੈਦ ਰਹਿਣ ਪਿੱਛੋਂ ਨਿਰਮਲ ਨਾਗਰਾ ਦੇ ਘਰ ਜਾਣ ਦਾ ਕਾਰਨ ਦੱਸਣ ਵਾਲਾ ਹੈ। ਉਹ ਫੁੱਲਾਂ ਤੇ ਪੱਥਰਾਂ ਦੀ ਸ਼ੌਕੀਨ ਹੈ। ਘਰ ਦੇ ਵਿਹੜੇ, ਵਰਾਂਡੇ ਤੇ ਪਿਛਲੇ ਪਾਸੇ ਹੀ ਨਹੀਂ, ਛੱਤ ਦੇ ਬਨੇਰਿਆਂ 'ਤੇ ਵੀ ਫੁੱਲ ਹੀ ਫੁੱਲ ਹਨ। ਭਾਂਤ-ਸੁਭਾਂਤੇ ਤੇ ਰੰਗਾ-ਰੰਗ ਗਮਲਿਆਂ ਵਿਚ ਉਗੇ ਹੋਏ ਜਾਂ ਦੇਸ਼ ਦੇਸ਼ਾਂਤਰਾਂ ਦੇ ਪੱਥਰ, ਗੀਟਿਆਂ ਦਾ ਸਹਾਰਾ ਦੇ ਕੇ ਖੜੇ ਕੀਤੇ ਹੋਏ।

ਅੱਖਾਂ ਦਾ ਰੱਜ ਤੇ ਮਨ ਦੀ ਮਹਿਕ। ਇਹ ਪੱਥਰ ਗੀਟੇ ਤੇ ਫੁੱਲਾਂ ਦੀ ਪੌਦ ਉਸ ਨੇ ਖੁਦ ਵੀ ਲਿਆਂਦੀ ਹੈ ਅਤੇ ਉਸ ਦੀਆਂ ਧੀਆਂ ਤੇ ਜਵਾਈ ਵੀ ਲਿਆ ਕੇ ਦਿੰਦੇ ਰਹਿੰਦੇ ਹਨ। ਸਾਰੇ ਉਸ ਦੇ ਸ਼ੌਕ ਤੋਂ ਜਾਣੂ ਹਨ। ਭਾਰਤ ਦੇ ਕਿਹੜੇ ਕਿਹੜੇ ਰਾਜ ਅਤੇ ਭਾਰਤ ਤੋਂ ਬਾਹਰ ਦੇ ਕਿਹੜੇ ਦੇਸ਼ ਤੋਂ ਆਏ, ਦੱਸਣ ਲੱਗੀਏ ਤਾਂ ਬਾਲ ਪੁਸਤਕ ਬਣ ਜਾਵੇਗੀ। ਵੇਖਣ ਤੇ ਮਾਣਨ ਵਿਚ ਹੀ ਮਜ਼ਾ ਹੈ!

ਚੰਡੀਗੜ੍ਹ ਦਾ ਮੇਰੀ ਰਿਹਾਇਸ਼ ਵਾਲਾ ਸੈਕਟਰ ਨਵੀਂ ਦਿੱਲੀ ਦੇ ਰੋਜ਼ ਖਾਸ ਵਾਂਗ ਰੰਧਾਵਾ ਸਾਹਿਬ ਦਾ ਵਸਾਇਆ ਹੋਇਆ। ਉਥੋਂ ਵਾਲੇ ਪਲਾਟ ਲੇਖਕਾਂ ਤੇ ਕਲਾਕਾਰਾਂ ਲਈ ਕੱਟੇ ਗਏ ਸਨ ਤੇ ਇਥੇ ਵਾਲੇ ਆਰਮੀ, ਨੇਵੀ ਤੇ ਏਅਰਫੋਰਸ ਦੇ ਅਫਸਰਾਂ ਲਈ। ਖੁੱਲ੍ਹੇ ਤੇ ਸਸਤੇ। ਮੇਰੇ ਘਰ ਵਾਲੇ ਪਲਾਟ ਦਾ ਮਾਲਕ ਵਿੰਗ ਕਮਾਂਡਰ ਵਿਜੇ ਮਨਚੰਦਾ ਸੀ, ਜੋ ਹੁਣ ਦਿੱਲੀ ਨੇੜੇ ਨੋਇਡਾ ਰਹਿੰਦਾ ਹੈ। ਮੇਰਾ ਗਵਾਂਢੀ ਕਰਨਲ ਏ. ਐਸ. ਗਰੇਵਾਲ ਹੈ। ਉਸ ਨੂੰ ਵੀ ਪਲਾਟ ਸਸਤਾ ਮਿਲਿਆ ਸੀ। ਜਦੋਂ ਵੀ ਐਮ. ਐਸ. ਰੰਧਾਵਾ ਦਾ ਸ਼ੁਕਰਾਨਾ ਅਦਾ ਕਰਦਾ ਹੈ ਤਾਂ ਵੈਸਟਰਨ ਕਮਾਂਡ ਵਿਚ ਉਹਦੇ ਵਲੋਂ ਸੱਦੀ ਮੀਟਿੰਗ ਵਿਚ ਸ. ਰੰਧਾਵਾ ਦੇ ਬੋਲੇ ਇਹ ਸ਼ਬਦ ਬੜੇ ਮਜ਼ੇ ਨਾਲ ਦਸਦਾ ਹੈ, "ਤੁਸੀਂ ਫੌਜੀ ਹੋ। ਦੇਸ਼ ਲਈ ਲੜਨਾ ਤੇ ਮਰਨਾ ਜਾਣਦੇ ਹੋ, ਘਰ ਵਸਾਉਣਾ ਨਹੀਂ। ਮੈਂ ਤੁਹਾਡੇ ਵਸਣ ਲਈ ਪਲਾਟ ਕਟਵਾ ਰਿਹਾ ਹਾਂ।"

ਤਾਲਾਬੰਦੀ ਸਮੇਂ ਮੇਰੇ ਸਾਰੇ ਗਵਾਂਢੀ, ਮੇਰੀ ਹਰ ਲੋੜ ਪੂਰੀ ਕਰਨ ਦੀ ਪੇਸ਼ਕਸ਼ ਕਰਦੇ ਰਹੇ ਹਨ। ਬੀਅਰ, ਵਿਸਕੀ ਤੇ ਰਮ ਦੀ ਖਾਸ ਕਰਕੇ। ਤਾਲਾ ਬੰਦੀ ਨੇ ਆਤਮ ਨਿਰਭਰ ਹੋਣਾ ਸਿੱਖਾਇਆ ਹੈ। ਪੜੌਸੀਆਂ ਨਾਲ ਮਿਲ ਕੇ ਰਹਿਣ ਦਾ ਸਬਕ ਵੀ ਦਿੱਤਾ ਹੈ। ਮੈਂ ਉਨ੍ਹਾਂ ਮਿੱਤਰਾਂ ਦਾ ਸ਼ੁਕਰਗੁਜ਼ਾਰ ਹਾਂ, ਜੋ ਮੇਰੀਆਂ ਲੋੜਾਂ ਦਾ ਧਿਆਨ ਰੱਖਦੇ ਰਹੇ ਹਨ।

ਜਾਂਦੇ ਜਾਂਦੇ ਇੱਕ ਸੱਚਾ-ਝੂਠਾ ਟੋਟਕਾ ਵੀ ਪੇਸ਼ ਹੈ। ਤਾਲਾਬੰਦੀ ਸਮੇਂ ਸ਼ਰਾਬ ਦੀ ਚੋਰੀ ਵੀ ਹੋਈ ਤੇ ਘਰ ਦੀ ਕੱਢੀ ਵੀ ਖੂਬ ਵਿਕੀ। ਨਸ਼ੇੜੀਆਂ ਨੇ ਖੂਬ ਪੀਤੀ। ਪੀ ਕੇ ਮਰਨ ਵਾਲਿਆਂ ਦੇ ਸਮਾਚਾਰ ਵੀ ਮਿਲੇ। ਇੱਕ ਨਸ਼ੇੜੀ ਨੂੰ ਆਪਣੇ ਕਰੀਬੀ ਦੀ ਮੌਤ ਦਾ ਪਤਾ ਲੱਗਾ ਤਾਂ ਨਸ਼ੇ ਦੇ ਜੋਰ ਵਿਚ ਆਪਣੇ ਸਾਥੀ ਨੂੰ ਕਹਿਣ ਲੱਗਾ, "ਬਾਈ! ਤੂੰ ਤੇ ਮੈਂ ਕਿਹੜਾ ਬੈਠੇ ਰਹਿਣੈ। ਪੀ ਕੇ ਮਰਨ ਵਾਲਾ ਖੱਟ ਗਿਆ। ਮੱਟਾਂ ਦੇ ਮੱਟ ਨਸ਼ਾ ਲੈ ਗਿਆ। ਗੱਡਿਆਂ ਦੇ ਗੱਡੇ!"

**ਸੁਖਦੇਵ ਮਾਦਪੁਰੀ ਦਾ ਤੁਰ ਜਾਣਾ:** ਪਿਛਲੇ ਦਿਨੀਂ ਤੁਰ ਗਏ ਸੁਖਦੇਵ ਮਾਦਪੁਰੀ ਦਾ ਜਨਮ 12 ਜੂਨ 1935 ਨੂੰ ਹੋਇਆ ਸੀ। ਜ਼ਿਲਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਦੇ ਪਿੰਡ ਮਾਦਪੁਰ ਵਿਚ। ਇਹ ਪਿੰਡ ਸਆਦਤ ਹਸਨ ਮੰਟੋ ਦੀ ਪਪੋੜਦੀ ਤੋਂ ਤਿੰਨ ਕਿਲੋਮੀਟਰ ਹੈ। ਉਹਦੀ ਪ੍ਰਾਪਤੀ ਮੰਟੋ ਜਿੰਨੀ ਨਾ ਵੀ ਹੋਵੇ, ਉਸ ਨੇ ਬਾਲ ਸਾਹਿਤ ਵਿਚ ਨਾਮਣਾ ਖਟਿਆ ਹੈ। ਢਾਈ ਦਰਜਨ ਪੁਸਤਕਾਂ ਲਿਖੀਆਂ। ਖੰਨਾ ਤੇ ਸਮਰਾਲਾ ਦੀਆਂ ਸਾਹਿਤ ਸਭਾਵਾਂ ਦਾ ਕਰਤਾ ਧਰਤਾ ਰਿਹਾ। ਵਧੀਆ ਬੰਦਾ ਸੀ, ਚੁੱਪ ਚੁਪੀਤੇ ਤੁਰ ਗਿਆ। ਉਹਦੇ ਤੁਰ ਜਾਣ ਨੂੰ ਮੈਂ ਆਪਣੇ ਲਈ ਸੱਦਾ ਸਮਝਦਾ ਹਾਂ। ਮੇਰੇ ਨਾਲੋਂ ਸਵਾ ਸਾਲ ਛੋਟਾ ਸੀ। ਵੇਖੋ ਕਿਵੇਂ ਤੇ ਕਦੋਂ ਉਹਦੇ ਨਾਲ ਰਲਦਾ ਹਾਂ। ਮੱਟਾਂ ਦੇ ਮੱਟ ਨਸ਼ਈ ਹੋ ਕੇ ਜਾਂ ਐਵੇਂ ਹੀ! ਮੇਰਾ ਜਨਮ ਬਡਲਾ ਕੋਟਲਾ ਦਾ ਹੈ। ਮਾਦਪੁਰ ਤੋਂ ਪੰਜ ਕੋਹ ਦਾ ਪੈਂਡਾ। ਜ਼ਿਲਾ ਲੁਧਿਆਣਾ ਦਾ।

**ਅੰਤਿਕਾ: ਸਾਹਿਰ ਲੁਧਿਆਣਵੀ**
ਤੁਮ੍ਹਾਰੇ ਸਾਥ ਭੀ ਗੁਜ਼ਰੀ ਹੁਈ
ਰਾਤੋਂ ਕੇ ਸਾਏ ਹੈਂ
ਤੁਆਰਫ ਰੋਗ ਹੋ ਜਾਏ ਤੋ
ਉਸਕੋ ਭੂਲਨਾ ਬਿਹਤਰ।
ਤਾਅੱਲੁਕ ਬੋਝ ਬਨ ਜਾਏ ਤੋ
ਉਸ ਕੋ ਤੋੜਨਾ ਅੱਛਾ
ਵੁਹ ਅਫਸਾਨਾ ਜਿਸੇ ਤਕਮੀਲ ਤਕ
ਲਾਨਾ ਹੋ ਮੁਮਕਿਨ।
ਉਸੇ ਏਕ ਖੂਬਸੂਰਤ
ਮੋੜ ਦੇ ਕਰ ਛੋੜਨਾ ਅੱਛਾ
ਚਲੋ ਏਕ ਬਾਰ ਫਿਰ ਸੇ
ਅਜਨਬੀ ਬਨ ਜਾਏਂ ਹਮ ਦੋਨੋਂ।

ਹੱਡ-ਬੀਤੀ

# ਜਦੋਂ ਕਰੋਨਾ ਸਾਡੇ ਘਰ ਆ ਵੜਿਆ



ਡਾ. ਬਲਜਿੰਦਰ ਸਿੰਘ ਸੇਖੋਂ
ਫੋਨ: 905-781-1197


ਕਰੋਨਾ ਵਾਇਰਸ ਤੇ ਹੋਰ ਜੀਵਾਂ ਬਾਰੇ ਕਾਫੀ ਜਾਣਕਾਰੀ ਹੋਣ ਕਾਰਨ ਮੈਂ ਡਰਿਆ ਹੋਇਆ ਤਾਂ ਨਹੀਂ ਸਾਂ, ਪਰ ਸਾਡੇ ਘਰ ਦੇ ਇੱਕ ਮੈਂਬਰ ਦਾ ਇਸ ਨੂੰ ਰੋਕਣ ਅਤੇ ਬਚਣ ਲਈ ਚਲ ਰਹੀ ਲੜਾਈ ਵਿਚ ਸਥਾਨਕ ਹਸਪਤਾਲ ਵਿਚ ਮੋਹਰੀ ਰੋਲ ਹੋਣ ਕਾਰਨ ਖਦਸ਼ਾ ਜਰੂਰ ਸੀ ਕਿ ਇਨ੍ਹਾਂ ਹਾਲਤਾਂ ਵਿਚ ਇਸ ਦੇ ਪਰਿਵਾਰ ਵਿਚ ਫੈਲਣ ਦੀ ਸੰਭਾਵਨਾ ਕਾਫੀ ਹੈ। ਮੈਨੂੰ ਅਹਿਸਾਸ ਸੀ ਕਿ ਘਰ ਦੇ ਜੀਆਂ ਵਿਚ ਇਸ ਦੇ ਫੈਲਣ 'ਤੇ ਸਭ ਤੋਂ ਵੱਧ ਖਤਰਾ ਵੱਡੀ ਉਮਰ ਹੋਣ ਕਾਰਨ ਮੈਨੂੰ ਤੇ ਮੇਰੀ ਪਤਨੀ ਨੂੰ ਹੋ ਸਕਦਾ ਹੈ, ਕਿਉਂਕਿ ਸਾਡੀ ਉਮਰ 70 ਸਾਲ ਹੈ। ਅੰਕੜੇ ਦਸਦੇ ਸਨ ਕਿ ਇਸ ਉਮਰ ਵਿਚ ਕਰੀਬ 8% ਮਰੀਜ਼ ਇਸ ਦੀ ਮਾਰ ਨਹੀਂ ਝੱਲ ਸਕਦੇ ਅਤੇ ਮੈਂ ਲਗਭਗ ਨਿਸ਼ਚਿੰਤ ਸਾਂ ਕਿ ਜੇ ਸਾਨੂੰ ਵੀ ਹੋ ਗਈ ਤਾਂ ਕੋਈ ਵੱਡਾ ਖਤਰਾ ਖੜ੍ਹਾ ਨਹੀਂ ਹੋਣ ਲੱਗਾ।

ਮਾਰਚ ਦੇ ਅਖੀਰਲੇ ਦਿਨੀਂ ਸਾਡੇ ਇਕ ਸਿਰੜੀ, ਸੁਹਿਰਦ ਮੈਂਬਰ ਨੂੰ ਇਸ ਵਾਇਰਸ ਨੇ ਆ ਘੇਰਿਆ। ਸ਼ਾਮ ਨੂੰ ਗਲੇ ਵਿਚ ਦਰਦ ਸ਼ੁਰੂ ਹੋਇਆ, ਸਵੇਰ ਤੱਕ ਬੁਖਾਰ ਹੋ ਗਿਆ ਅਤੇ ਸਿਹਤ ਸੇਵਾਵਾਂ ਵਿਚ ਹੋਣ ਕਾਰਨ ਉਸੇ ਦਿਨ ਲਏ ਟੈਸਟ ਦਾ ਨਤੀਜਾ ਦੂਜੇ ਦਿਨ ਹੀ ਆ ਗਿਆ। ਉਹ ਕਰੋਨਾ ਪਾਜ਼ੇਟਿਵ ਸੀ। ਉਸ ਵੇਲੇ ਤੱਕ ਸੁੱਕੀ ਖੰਘ, ਬੁਖਾਰ ਅਤੇ ਕੁਝ ਦਿਨਾਂ ਪਿਛੋਂ ਔਖਾ ਸਾਹ ਆਉਣ ਦੀਆਂ ਨਿਸ਼ਾਨੀਆਂ ਇਸ ਵਾਇਰਸ ਤੋਂ ਪੀੜਤ ਵਿਅਕਤੀਆਂ ਦੀਆਂ ਦੱਸੀਆਂ ਜਾ ਰਹੀਆਂ ਸਨ, ਪਰ ਗਲਾ ਖਰਾਬ ਹੋਣਾ ਇਨ੍ਹਾਂ ਵਿਚ ਸ਼ਾਮਿਲ ਨਹੀਂ ਸੀ, ਪਰ ਉਸ ਦਾ ਗਲਾ ਖਰਾਬ ਹੋਇਆ ਅਤੇ ਬੁਖਾਰ ਹੋਇਆ।

ਉਸੇ ਵੇਲੇ ਉਸ ਨੂੰ ਤੇ ਉਸ ਦੇ ਜੀਵਨ ਸਾਥੀ ਨੂੰ ਵੱਖ ਵੱਖ ਕਮਰਿਆਂ ਵਿਚ ਅੱਡ ਕਰ ਦਿੱਤਾ। ਉਹ ਅੰਦਰ ਹੀ ਰਹਿੰਦੇ ਤੇ ਖਾਣ ਪੀਣ ਦਾ ਸਮਾਨ ਬਾਹਰ ਧਰੇ ਸਟੂਲਾਂ 'ਤੇ ਰੱਖ ਦਿੱਤਾ ਜਾਂਦਾ, ਜਿਥੋਂ ਉਹ ਚੁੱਕ ਲੈਂਦੇ। ਜ਼ਿਆਦਾਤਰ ਡਿਸਪੋਜ਼ਲ ਭਾਂਡੇ ਵਰਤਦੇ, ਦੂਜੇ ਭਾਂਡਿਆਂ ਨੂੰ ਉਹ ਪਹਿਲਾਂ ਚੰਗੀ ਤਰ੍ਹਾਂ ਧੋ ਕੇ ਬਾਹਰ ਰੱਖਦੇ, ਜਿਨ੍ਹਾਂ ਨੂੰ ਅਸੀਂ ਭਾਂਡੇ ਧੋਣ ਵਾਲੀ ਮਸ਼ੀਨ ਵਿਚ ਫਿਰ ਤੋਂ ਧੋ ਕੇ ਸੈਨੇਟਾਈਜ਼ ਕਰ ਲੈਂਦੇ। ਉਨ੍ਹਾਂ ਦੇ ਭਾਂਡਿਆਂ ਨੂੰ ਹੱਥ ਲਾਉਣ ਪਿਛੋਂ ਮੈਂ ਆਪਣੇ ਹੱਥ ਅਲਕੋਹਲ ਜੈਲ ਨਾਲ ਸੈਨੇਟਾਈਜ਼ ਕਰਦਾ। ਬਾਹਰ ਰਹਿ ਗਏ ਅਸੀਂ ਚਾਰ ਜੀਅ-ਦੋ ਅਸੀਂ ਪਤੀ-ਪਤਨੀ ਦੇ ਦੋ ਮੇਰੇ ਪੋਤੇ, ਸਭ ਅੱਡੋ ਅੱਡ ਕਰ ਦਿੱਤੇ। ਬੱਚਿਆਂ ਨੂੰ ਵੱਖਰਾ ਬਾਥਰੂਮ ਵਰਤਣ ਲਾ ਦਿੱਤਾ ਗਿਆ। ਮੇਰੀ ਪਤਨੀ ਰਸੋਈ ਦਾ ਕੰਮ ਕਰਦੀ ਅਤੇ ਮੈਂ ਸਭ ਕੁਝ ਲੋੜ ਮੁਤਾਬਿਕ ਵੰਡਦਾ ਰਹਿੰਦਾ। ਬਾਹਰ ਰਹੇ ਅਸੀਂ ਚਾਰੇ ਜਣੇ ਆਪਣੇ ਹੱਥ ਵਾਰ ਵਾਰ ਧੋਂਦੇ। ਮੈਂ ਸੈਨੇਟਾਈਜ਼ਰ (ਲਾਈਸੌਲ) ਦੇ ਕੱਪੜੇ ਨਾਲ ਘਰ ਦੀਆਂ ਸਾਰੇ ਕੁੰਡੇ-ਕੁੰਡੀਆਂ, ਬਿਜਲੀ ਦੇ ਸਵਿੱਚ, ਰਿਮੋਟ ਕੰਟਰੋਲ, ਸੈੱਲ ਫੋਨ, ਟੂਟੀਆਂ ਆਦਿ ਨੂੰ ਦਿਨ ਵਿਚ ਦੋ ਬਾਰ ਕਿਟਾਣੂ ਰਹਿਤ ਕਰਦਾ। ਘਰੋਂ ਬਾਹਰ ਜਾਣਾ ਸਭ ਦਾ ਬੰਦ ਸੀ।

ਪਹਿਲੇ ਮਰੀਜ਼ ਦਾ ਗਲਾ ਤੀਜੇ ਦਿਨ ਠੀਕ ਹੋ ਗਿਆ ਅਤੇ ਬੁਖਾਰ ਵੀ ਉਤਰ ਗਿਆ, ਪਰ ਉਸੇ ਦਿਨ ਉਸ ਦੇ ਜੀਵਨ ਸਾਥੀ ਨੂੰ ਆਮ ਜ਼ੁਕਾਮ ਜਿਹੀਆਂ ਅਲਾਮਤਾਂ ਸ਼ੁਰੂ ਹੋ ਗਈਆਂ। ਅਸੀਂ ਸਮਝਿਆ ਕਿ ਸ਼ਾਇਦ ਠੰਡ ਵਿਚ ਬਾਹਰ ਬਾਰੀ ਖੋਲ੍ਹ ਲਈ ਸੀ, ਇਸ ਲਈ ਆਮ ਜ਼ੁਕਾਮ ਹੋਵੇਗਾ, ਪਰ ਨਾਲ ਹੀ ਉਸ ਨੂੰ ਥੋੜਾ ਬੁਖਾਰ ਹੋਇਆ। ਟੈਸਟ ਕਰਵਾਇਆ ਤਾਂ ਉਹ ਵੀ ਕਰੋਨਾ ਵਾਇਰਸ ਦਾ ਮਰੀਜ਼ ਨਿਕਲਿਆ। ਉਸ ਦਾ ਜ਼ੁਕਾਮ ਤੇ ਬੁਖਾਰ ਵੀ ਦੋ ਦਿਨ ਵਿਚ ਠੀਕ ਹੋ ਗਿਆ।

ਇਸ ਤਰ੍ਹਾਂ ਚਾਰ ਦਿਨ ਨਿਕਲੇ ਤਾਂ ਮੇਰੀ ਪਤਨੀ ਦੇ ਮੋਢਿਆਂ ਅਤੇ ਪਿੱਠ ਵਿਚ ਦਰਦ ਹੋਣਾ ਸ਼ੁਰੂ ਹੋ ਗਿਆ। ਦੋ ਕੁ ਦਿਨ ਤਾਂ ਮੈਂ ਇਸ ਨੂੰ ਆਮ ਦਰਦ ਸਮਝਿਆ, ਪਰ ਜਦ ਤੀਜੇ ਦਿਨ ਉਸ ਨੂੰ ਬੁਖਾਰ ਹੋ ਗਿਆ, ਮੈਂ ਸਮਝ ਗਿਆ ਕਿ ਉਹ ਵੀ ਕਰੋਨਾ ਦੀ ਮਾਰ ਹੇਠ ਆ ਗਈ ਹੈ। ਬੁਖਾਰ 101 ਡਿਗਰੀ ਫਾਰਨਹੀਟ ਸੀ। ਸਾਨੂੰ ਸਿਹਤ ਸੇਵਾਵਾਂ ਵਾਲਿਆਂ ਨੇ ਘਰ ਤੋਂ ਬਾਹਰ ਜਾਣ ਦੀ ਮਨਾਹੀ ਕੀਤੀ ਹੋਈ ਸੀ। ਇਸ ਬਾਰੇ ਜਦ ਉਨ੍ਹਾਂ ਨਾਲ ਗੱਲ ਹੋਈ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਟੈਸਟ ਲਈ ਜਾ ਸਕਦੇ ਹੋ। ਮੈਂ ਪਤਨੀ ਨੂੰ ਕਾਰ ਦੀ ਮਗਰਲੀ ਸੀਟ 'ਤੇ ਬਿਠਾ ਟੈਸਟ ਲਈ ਨਾਮਜ਼ਦ ਬਰੈਂਪਟਨ ਦੇ ਹਸਪਤਾਲ ਲੈ ਗਿਆ। ਮੈਂ ਉਮੀਦ ਕਰਦਾ ਸਾਂ ਕਿ ਟੈਸਟ ਵਾਲੇ ਥਾਂ ਭੀੜ ਹੋਵੇਗੀ, ਪਰ ਉਥੇ ਤਾਂ ਸੁੰਨ ਸਰਾਂ ਸੀ।



ਸਾਨੂੰ ਘਰ ਤੋਂ ਹੀ ਪਤਾ ਲੱਗ ਗਿਆ ਸੀ ਕਿ ਟੈਸਟਿੰਗ ਲਈ ਸੈਂਪਲ ਹਸਪਤਾਲ ਦੇ ਪਿਛਲੇ ਪਾਸੇ ਲਏ ਜਾ ਰਹੇ ਹਨ। ਪਾਰਕਿੰਗ ਜਾਣ ਲਈ ਪਹਿਲੇ ਬੈਰੀਅਰ 'ਤੇ ਦੱਸਿਆ ਗਿਆ ਕਿ ਤੁਸੀਂ ਆਪਣੀ ਕਾਰ ਬਿਨਾ ਕਿਸੇ ਪਾਰਕਿੰਗ ਦੇ ਪੈਸੇ ਦੇਣ ਦੇ ਟੈਸਟ ਵਾਲੀ ਥਾਂ ਨੇੜੇ ਹੀ ਖੜ੍ਹੀ ਕਰ ਸਕਦੇ ਹੋ। ਕਾਰ ਖੜ੍ਹਾ ਜਦ ਗੇਟ ਵੱਲ ਗਏ ਤਾਂ ਡਿਊਟੀ 'ਤੇ ਖੜ੍ਹੀ ਨਰਸ ਨੇ ਰੋਕ ਲਿਆ ਅਤੇ ਸਾਨੂੰ ਪਹਿਨਣ ਲਈ ਮਾਸਕ ਦਿੱਤੇ। ਗੇਟ ਅੰਦਰ ਗਏ ਤਾਂ ਇੱਕ ਹੋਰ ਨਰਸ ਨੇ ਇਹ ਬਿਮਾਰੀ ਅੱਗੇ ਨਾ ਫੈਲੇ, ਲਈ ਕੀ ਕੀ ਸਾਵਧਾਨੀਆਂ ਵਰਤਣੀਆਂ ਹਨ 'ਤੇ ਵੱਡਾ ਲੈਕਚਰ ਦਿੱਤਾ। ਫਿਰ ਟੈਸਟ ਲੈਣ ਵਾਲੇ ਕਮਰੇ ਅੱਗੇ ਉਡੀਕਣ ਲਈ ਕਿਹਾ ਗਿਆ।

ਕੁਝ ਦੇਰ ਪਿਛੋਂ ਪੂਰੇ ਬਚਾਅ ਕਰ ਸਕਣ ਵਾਲੇ ਲਿਬਾਸ ਵਿਚ ਡਾਕਟਰ ਆਈ ਅਤੇ ਸਾਰੀ ਜਾਣਕਾਰੀ ਲੈਣ ਉਪਰੰਤ ਕੁਝ ਕੁ ਸਾਵਧਾਨੀਆਂ ਮੁੜ ਦੱਸ ਇਹ ਕਹਿ ਕੇ ਚਲੀ ਗਈ ਕਿ ਨਰਸ ਸੈਂਪਲ ਲੈਣ ਆਏਗੀ। ਸੈਂਪਲ ਲੈਣ ਵਾਲੀ ਨਰਸ ਸੈਂਪਲ ਲੈ ਕੇ ਉਸ ਨੂੰ ਇੱਕ ਛੋਟੀ ਸ਼ੀਸ਼ੀ ਵਿਚ ਬੰਦ ਕਰ ਕੇ ਲੈ ਗਈ ਅਤੇ ਸਾਨੂੰ ਜਾਣ ਲਈ ਕਹਿ ਦਿੱਤਾ। ਸਾਡੇ ਬਾਹਰ ਜਾਣ ਵੇਲੇ ਵੀ ਬੱਸ ਇੱਕ ਦੋ ਵਿਅਕਤੀ ਹੋਰ ਟੈਸਟ ਕਰਵਾਉਣ ਲਈ ਆਏ ਹੋਏ ਸਨ। ਟੈਸਟ ਦਾ ਰਿਜ਼ਲਟ ਆਉਣ 'ਤੇ ਹਫਤਾ ਉਡੀਕਣ ਲਈ ਕਿਹਾ ਗਿਆ ਸੀ, ਪਰ ਜਦ ਚਾਰ ਕੁ ਦਿਨ ਪਿਛੋਂ ਫੈਮਲੀ ਡਾਕਟਰ ਨੂੰ ਟੈਲੀਫੋਨ ਕੀਤਾ ਤਾਂ ਕੈਨੇਡਾ ਦੇ ਅਸੂਲ ਮੁਤਾਬਿਕ ਡਾਕਟਰ ਨੇ ਕੁਝ ਭੂਮਿਕਾ ਬੰਨਣ ਪਿਛੋਂ ਦਸਿਆ ਕਿ ਤੁਹਾਡੀ ਪਤਨੀ ਦਾ ਕਰੋਨਾ ਵਾਇਰਸ ਟੈਸਟ ਪਾਜ਼ੇਟਿਵ ਆਇਆ ਹੈ। ਫਿਰ ਉਸ ਨੇ ਮੁੜ ਸਾਰੇ ਜ਼ਰੂਰੀ ਇਹਤਿਆਦ ਗਿਣਾਏ ਅਤੇ ਕਿਹਾ ਕਿ ਜਦ ਤੱਕ ਬਿਮਾਰੀ ਸਾਹ ਘੁਟਣ ਤੱਕ ਜਾਂ ਕਿਸੇ ਹੋਰ ਤਰੀਕੇ ਗੰਭੀਰ ਨਾ ਹੋਵੇ, ਘਰ ਅੰਦਰ ਹੀ ਰਹੋ ਤੇ ਬੁਖਾਰ ਰੋਕਣ ਵਾਲੀ ਗੋਲੀ ਟਾਇਨੀਨੌਲ ਹਰ 6 ਘੰਟੇ ਬਾਅਦ ਦਿੰਦੇ ਰਹੋ। ਡਾਕਟਰ ਵਲੋਂ ਦਿੱਤੀ ਹੋਰ ਜਾਣਕਾਰੀ ਓਹੋ ਸੀ, ਜੋ ਸਿਹਤ ਸੇਵਾਵਾਂ ਦੇ ਅਮਲੇ ਵਲੋਂ ਵੀ ਦਿੱਤੀ ਜਾ ਚੁਕੀ ਸੀ। ਇਹ ਜਾਣਕਾਰੀ ਸਿਹਤ ਵਿਭਾਗ ਦੇ ਵੱਖ ਵੱਖ ਅਧਿਕਾਰੀਆਂ ਵਲੋਂ ਫਿਰ ਵੀ ਦੋ ਵਾਰ ਦਿੱਤੀ ਗਈ। ਮੈਨੂੰ ਇੱਕ ਗੱਲ ਮਹਿਸੂਸ ਹੋਈ ਕਿ ਇਕੋ ਜਾਣਕਾਰੀ ਸਾਨੂੰ ਚਾਰ ਵਾਰ ਦਿੱਤੀ ਗਈ।

ਮੇਰੀ ਪਤਨੀ ਦੇ ਬਿਮਾਰ ਹੋਣ ਕਾਰਨ ਖਾਣ ਪੀਣ ਦੇ ਪ੍ਰਬੰਧ ਲਈ ਰਿਸ਼ਤੇਦਾਰਾਂ ਦੀ ਮਦਦ ਲੈਣੀ ਪਈ। ਉਹ ਖਾਣਾ ਬਣਾ ਕੇ ਬਾਹਰ ਰੱਖ ਜਾਂਦੇ ਅਤੇ ਮੈਂ ਸਭ ਨੂੰ ਘਰ ਅੰਦਰ ਵੰਡ ਦਿੰਦਾ। ਹੋਰ ਜ਼ਰੂਰੀ ਸਮਾਨ, ਗਰੋਸਰੀ ਵਗੈਰਾ ਵੀ ਉਹੀ ਖਰੀਦ ਕੇ ਘਰ ਪਹੁੰਚਾਉਂਦੇ। ਮੈਂ ਪਤਨੀ ਨੂੰ ਬਿਮਾਰੀ ਵੇਲੇ ਕਮਰੇ ਵਿਚ ਇਕੱਲਿਆਂ ਨਾ ਛੱਡਣ ਦਾ ਫੈਸਲਾ ਕਰ ਲਿਆ। ਮੈਂ ਉਸੇ ਕਮਰੇ ਵਿਚ ਰਿਹਾ। ਵਾਇਰਸ ਤੋਂ ਬਚਣ ਲਈ ਉਸ ਦੇ ਬੈੱਡ ਤੋਂ ਦੂਰ ਹੇਠਾਂ ਗੱਦਾ ਲਾ ਕੇ ਸੌਣਾ ਸ਼ੁਰੂ ਕਰ ਦਿੱਤਾ। ਵਾਸ਼ਰੂਮ ਵਿਚ ਦੋ ਵਾਸ਼ਬੇਸਨ ਸਨ, ਉਹ ਵੰਡ ਲਏ; ਇੱਕ ਉਹ ਵਰਤਦੀ ਤੇ ਦੂਜਾ ਮੈਂ। ਟੁਆਲਿਟ ਵਰਤਣ ਸਬੰਧੀ ਹੋਰ ਸਾਵਧਾਨੀਆਂ ਵੀ ਲੈਣੀਆਂ ਸ਼ੁਰੂ ਕਰ ਦਿੱਤੀਆਂ।

ਮੇਰੀ ਪਤਨੀ ਨੂੰ ਲਗਾਤਾਰ 7 ਦਿਨ ਬੁਖਾਰ ਰਿਹਾ। ਬੇਸ਼ੱਕ (ਡਾਕਟਰੀ ਸਲਾਹ ਮੁਤਾਬਕ) ਟਾਇਨੀਨੌਲ 500 ਮਿਲੀਗਰਾਮ (ਕਰੋਸਿਨ) ਦੀਆਂ 24 ਘੰਟਿਆਂ ਵਿਚ ਵੱਧ ਤੋਂ ਵੱਧ ਅੱਠ ਗੋਲੀਆਂ ਵੀ ਦਿਤੀਆਂ ਜਾ ਸਕਦੀਆਂ ਹੁੰਦੀਆਂ ਹਨ, ਪਰ ਮੈਂ ਉਸ ਨੂੰ ਇੱਕ ਵੇਲੇ ਸਿਰਫ ਇੱਕ ਗੋਲੀ ਦਿੰਦਾ। ਇਸ ਦਾ ਅਸਰ 6 ਘੰਟੇ ਰਹਿੰਦਾ ਹੈ, ਪਰ ਮੈਂ ਦੋ ਘੰਟੇ ਹੋਰ ਲੰਘਾ ਦਿੰਦਾ ਤਾਂ ਜੋ ਪਤਾ ਲੱਗ ਜਾਵੇ ਕਿ ਬੁਖਾਰ ਵੱਧ ਰਿਹਾ ਹੈ ਜਾਂ ਘਟ ਰਿਹਾ ਹੈ। ਅਗਲੀ ਗੋਲੀ ਦੇਣ ਤੋਂ ਪਹਿਲਾਂ ਬੁਖਾਰ ਟੈਸਟ ਕਰਦਾ। ਬੁਖਾਰ ਲਗਾਤਾਰ 101 ਡਿਗਰੀ ਫਾਰਨਹੀਟ ਦੇ ਨੇੜੇ ਬਣਿਆ ਰਿਹਾ ਅਤੇ ਸੱਤਵੇਂ ਦਿਨ ਘਟਣ ਲੱਗਾ ਤੇ ਅਗਲੇ ਦਿਨ ਉਤਰ ਗਿਆ। ਮੈਂ ਪੰਜਵੇਂ ਦਿਨ ਚਿੰਤਿਤ ਸਾਂ, ਕਿਉਂਕਿ ਇਸ ਦਿਨ ਪਿਛੋਂ ਉਸ ਦੀ ਬਿਮਾਰੀ ਖਤਰਨਾਕ ਮੋੜ ਲੈ ਸਕਦੀ ਸੀ ਅਤੇ ਉਸ ਨੂੰ ਸਾਹ ਔਖਾ ਆਉਣ ਦੀ ਮੁਸ਼ਕਿਲ ਸ਼ੁਰੂ ਹੋ ਸਕਦੀ ਸੀ, ਪਰ ਪੰਜਵਾਂ ਦਿਨ ਵੀ ਲੰਘ ਗਿਆ ਅਤੇ ਫਿਰ ਛੇਵਾਂ ਵੀ; ਉਸ ਨੂੰ ਬੁਖਾਰ ਸੀ, ਪਰ ਹੋਰ ਕੋਈ ਗੰਭੀਰ ਔਖ ਨਹੀਂ ਸੀ। ਆਖਿਰ ਅੱਠਵੇਂ ਦਿਨ ਉਹ ਠੀਕ ਹੋ ਗਈ।

ਮੈਂ ਅਤੇ ਮੇਰੇ ਦੋਵੇਂ ਪੋਤੇ ਕਰੋਨਾ ਦੇ ਹਮਲੇ ਤੋਂ ਬਚੇ ਰਹੇ ਹਾਂ। ਅਸੀਂ ਤਿੰਨਾਂ ਨੂੰ ਬਿਮਾਰੀ ਦੇ ਕੋਈ ਲੱਛਣ ਨਹੀਂ ਆਏ। ਸਿਹਤ ਸੇਵਾਵਾਂ ਵਾਲੇ ਮੈਂਬਰ ਨੂੰ ਕੰਮ 'ਤੇ ਜਾਣ ਲਈ ਵਾਇਰਸ ਤੋਂ ਪੂਰੀ ਤਰ੍ਹਾਂ ਮੁਕਤ ਹੋਣਾ ਜ਼ਰੂਰੀ ਹੈ। ਇਸ ਵਾਇਰਸ ਦੇ ਕਣ ਕਈ ਮਰੀਜ਼ਾਂ ਵਿਚ 4 ਹਫਤੇ ਤੱਕ ਵੀ ਵੇਖੇ ਗਏ ਹਨ, ਪਰ ਮਰੀਜ਼ ਤੋਂ ਅੱਗੇ ਬਿਮਾਰੀ ਇਸ ਦੇ ਲੱਛਣ ਸ਼ੁਰੂ ਹੋਣ ਤੋਂ 3 ਦਿਨ ਪਹਿਲਾਂ ਅਤੇ ਪਹਿਲੇ 7 ਦਿਨਾਂ ਵਿਚ ਜ਼ਿਆਦਾ ਫੈਲਦੀ ਹੈ। ਲੱਛਣ ਖਤਮ ਹੋਣ ਤੋਂ 3 ਦਿਨ ਬਾਅਦ ਮਰੀਜ਼ ਆਮ ਤੌਰ 'ਤੇ ਇਸ ਨੂੰ ਅੱਗੇ ਘੱਟ ਹੀ ਫੈਲਾ ਸਕਦਾ ਹੈ।

# ਜਿਨ ਸਚੁ ਪਲੈ ਹੋਇ...

ਕਰੋਨਾ ਵਾਇਰਸ ਦੇ ਕਹਿਰ ਨੇ ਸੰਸਾਰ ਵਿਚ ਇਕ ਬਹੁਤ ਹੀ ਵੱਡਾ ਸੱਚ ਉਜਾਗਰ ਕਰ ਦਿੱਤਾ ਹੈ। ਸੰਸਾਰ ਦੀ ਵੱਡੀ ਗਿਣਤੀ, ਜੋ ਭੇਡਾਂ ਦੀ ਚਾਲ ਨੂੰ ਸਹੀ ਤੇ ਗਾਡੀ ਰਾਹ ਮੰਨਦੀ ਹੈ ਅਤੇ ਬਹੁਤੇ ਲੋਕ ਇਸੇ ਰਾਹ 'ਤੇ ਹੀ ਚੱਲਦੇ ਹਨ। ਇਸ ਮਹਾਮਾਰੀ ਨੇ ਸੰਸਾਰ ਨੂੰ ਦੁਪਹਿਰ ਵੇਲੇ ਦੀ ਰੋਸ਼ਨੀ ਵਾਂਗ ਇੱਕ ਗੱਲ ਤਾਂ ਸਪਸ਼ਟ ਕਰ ਦਿੱਤੀ ਹੈ ਕਿ ਧਰਤੀ 'ਤੇ ਜਿੰਨੇ ਵੀ ਦੇਵੀ, ਦੇਵਤੇ, ਧਰਮਾਤਮਾ, ਸਾਧ, ਬ੍ਰਹਮ ਗਿਆਨੀ, ਪੀਰ, ਔਲੀਏ ਜਾਂ ਹੋਰ ਕੋਈ ਵੀ ਮੂਰਤ ਜਾਂ ਸੂਰਤ ਲੋਕਾਂ ਵੱਲੋਂ ਪੂਜੇ ਜਾਂਦੇ ਹਨ, ਇਨ੍ਹਾਂ ਵਿਚੋਂ ਕੋਈ ਵੀ ਮਨੁੱਖ ਜਾਂ ਮਨੁੱਖਤਾ ਨੂੰ ਬਚਾਉਣ ਨਾ ਤਾਂ ਪ੍ਰਗਟ ਹੋਇਆ, ਨਾ ਹੀ ਕੋਈ ਭਵਿੱਖਵਾਣੀ ਹੋਈ ਹੈ? ਇਨ੍ਹਾਂ ਸਾਰਿਆਂ ਨੇ ਪਹਿਲਾਂ ਤੋਂ ਹੀ ਸਿਰਜੇ ਹੋਏ ਆਦਮੀ ਨੂੰ ਆਪੋ-ਆਪਣੀਆਂ ਵਿਚਾਰਧਾਰਾਵਾਂ ਨੂੰ ਧਰਮ ਦੇ ਬਾਣੇ ਪੁਆ ਕੇ ਰਹੁ ਰੀਤਾਂ ਦੇ ਸੰਗਲਾਂ ਵਿਚ ਜੂੜ ਕੇ ਰੱਖ ਦਿੱਤਾ ਤੇ ਉਸ ਨੂੰ ਦਿਮਾਗੀ ਤੌਰ 'ਤੇ ਆਪਣੀਆਂ ਹਦਾਇਤਾਂ ਦਾ ਗੁਲਾਮ ਬਣਾ ਲਿਆ। ਹੁਣ ਸਾਰੇ ਦਰ ਬੰਦ ਹੋ ਗਏ ਹਨ। ਬੰਦਾ ਆਪਣੀ ਜਾਨ ਦੀ ਸਲਾਮਤੀ ਲਈ ਆਪਣੇ ਘਰਾਂ ਵਿਚ ਆਪਣੇ ਆਪ ਨੂੰ ਕੈਦ ਕਰੀ ਬੈਠਾ ਹੈ। ਇਸ ਡਾਢੇ ਔਖੇ ਵੇਲੇ ਮਨੁੱਖ ਅਤੇ ਮਨੁੱਖਤਾ ਦੇ ਬਚਾਉ ਲਈ ਕੌਣ ਅੱਗੇ ਆਏਗਾ?

ਪਿਛਲਾ ਕੋਈ 150 ਸਾਲ ਦਾ ਇਤਿਹਾਸ ਫਰੋਲ ਕੇ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਸ ਦੌਰਾਨ ਫੈਲੀਆਂ ਮਹਾਮਾਰੀਆਂ ਜਿਵੇਂ ਹੈਜ਼ਾ ਜਾਂ ਪਲੇਗ ਨਾਲ ਲੱਖਾਂ ਦੀ ਗਿਣਤੀ ਵਿਚ ਮੌਤਾਂ ਹੋਈਆਂ ਹਨ। ਹਰ ਵਾਰ ਮਨੁੱਖਤਾ ਨੂੰ ਬਚਾਉਣ ਲਈ ਮਿਥਿਹਾਸਕ ਦੰਤ ਕਥਾਵਾਂ ਵਾਂਗ ਉਪਰੋਂ ਕੋਈ ਵੀ ਨਹੀਂ ਸੀ ਆਇਆ, ਨਾ ਹੀ ਕੋਈ ਆ ਸਕਦਾ ਹੈ; ਕਿਉਂਕਿ ਮਿਥਿਹਾਸ, ਮਿਥਿਹਾਸ ਹੈ, ਹਕੀਕਤ ਨਹੀਂ। ਹਕੀਕਤਾਂ ਹੀ ਇਤਿਹਾਸ ਦਾ ਹਿੱਸਾ ਬਣਦੀਆਂ ਹਨ।

ਇਸ ਮੌਕੇ ਮੈਨੂੰ ਗੁਰੂ ਨਾਨਕ ਅਤੇ ਉਨ੍ਹਾਂ ਦਾ ਸਦੀਵੀ ਸੱਚ ਚੇਤੇ ਆਉਂਦਾ ਹੈ, ਜਿਸ ਨੇ ਕਈ ਸਦੀਆਂ ਪਹਿਲਾਂ ਹੀ ਭ੍ਰਿਸ਼ਟਾਚਾਰ ਵਿਚ ਗਲਤਾਨ ਤੇ ਸਮਾਜਕ ਨਾਬਰਾਬਰੀ ਦੀਆਂ ਬੇਇਲਾਜ ਬੀਮਾਰੀਆਂ ਤੋਂ ਬੁਰੀ ਤਰ੍ਹਾਂ ਨਾਲ ਗ੍ਰਸਤ ਧਰਮਾਂ ਦੇ ਪੁੜਾਂ ਵਿਚ ਪਿਸ ਰਹੀ ਲੋਕਾਈ ਨੂੰ ਅਕਹਿ ਅਤੇ ਅਕੱਥ ਸੱਚ ਦੱਸਿਆ ਸੀ। ਗੁਰੂ ਨਾਨਕ ਨੇ ਬੜੀ ਬੇਬਾਕੀ ਨਾਲ ਦੱਸਿਆ ਸੀ ਕਿ ਇਸ ਬ੍ਰਹਿਮੰਡ ਦਾ ਰਚੈਤਾ ਅਤੇ ਸ੍ਰਿਸ਼ਟੀ ਦਾ ਕਰਤਾ ਇੱਕ ਹੈ ਤੇ ਉਹ ਸੱਚ ਹੈ ਅਤੇ ਸੱਚ ਹੀ ਉਸ ਦਾ ਨਾਮ ਹੈ; ਉਹਨੂੰ ਕਿਸੇ ਦਾ ਡਰ ਨਹੀਂ, ਕਿਸੇ ਨਾਲ ਵੈਰ ਨਹੀਂ, ਉਹਦੀ ਕੋਈ ਮੂਰਤ (ਸ਼ਕਲ) ਨਹੀਂ ਹੈ; ਉਹ ਜੂਨਾਂ ਵਿਚ ਨਹੀਂ ਆਉਂਦਾ, ਇਹ ਸਾਰਾ ਪਸਾਰਾ ਉਸੇ ਦਾ ਹੀ ਵਰਤਾਰਾ ਹੈ। ਇਸ ਤੋਂ ਅੱਗੇ ਗੁਰੂ ਨਾਨਕ ਸਾਹਿਬ ਨੇ ਦੱਸਿਆ ਕਿ ਯਾਦ ਰੱਖੋ, 'ਕਰਤਾ' ਪਹਿਲਾਂ ਵੀ ਸੱਚ ਸੀ, ਯੁੱਗਾਂ ਤੋਂ ਇਹੀ ਸੱਚ ਚੱਲਦਾ ਆ ਰਿਹਾ ਹੈ। ਗੁਰੂ ਨਾਨਕ ਸਾਹਿਬ ਮੁੜ ਇਸ ਦੀ ਪ੍ਰੌੜਤਾ ਕਰਦੇ ਹਨ ਕਿ ਇਹ ਹੈ ਵੀ ਸੱਚ ਅਤੇ ਭਵਿੱਖ ਵਿਚ ਵੀ ਸੱਚ ਦਾ ਹੀ ਵਰਤਾਰਾ ਰਹਿਣਾ ਹੈ।

ਹੁਣ ਇਸ ਸਮੇਂ ਕਰੋਨਾ ਵਾਇਰਸ ਤੋਂ ਮਨੁੱਖਤਾ ਨੂੰ ਬਚਾਉਣ ਵਾਸਤੇ ਕਿਸੇ ਟੀਕੇ ਦੀ ਖੋਜ ਲਈ ਕੋਈ ਵੀ ਧਰਮ ਜਾਂ ਧਰਮੀ ਮਰਕਜ਼ ਕੁਝ ਵੀ ਨਹੀਂ ਕਰ ਰਿਹਾ, ਸਗੋਂ ਵਿਗਿਆਨੀ ਹੀ ਸੱਚੇ ਮਨੁੱਖ ਦੇ ਰੂਪ ਵਿਚ ਇਸ ਔਖੀ ਘੜੀ ਵਿਚ ਮਨੁੱਖਤਾ ਦੇ ਨਾਲ ਖੜੇ ਹਨ। ਅੰਤ ਵਿਚ ਸੱਚ ਯਾਨਿ ਕਰਤਾ ਦੇ ਤਿਆਰ ਕੀਤੇ ਸ਼ੁਧ ਮਨੁੱਖ ਨੇ ਹੀ ਇਸ ਦਾ ਇਲਾਜ ਵੀ ਲੱਭ ਲੈਣਾ ਹੈ।

ਸਿੱਖਾਂ ਨੂੰ ਇਸ ਮੌਜੂਦਾ ਸਮੇਂ ਵਿਚ ਦਰਪੇਸ਼ ਸਥਿਤੀਆਂ ਅਤੇ ਖੁਦ ਆਪਣੇ ਆਪ ਤੇ ਆਪਣੇ ਆਚਾਰ ਵਿਹਾਰ 'ਤੇ ਵਿਚਾਰ ਜ਼ਰੂਰ ਕਰਨੀ ਚਾਹੀਦੀ ਹੈ। ਗੁਰੂ ਨਾਨਕ ਨੇ ਕਿਵੇਂ ਇਕ ਡੰਗੋਰੀ ਨਾਲ ਦੁਨੀਆਂ ਦਾ ਭ੍ਰਮਣ ਕੀਤਾ ਅਤੇ 'ਜਿਨ ਸਚੁ ਪਲੈ ਹੋਇ' ਦਾ ਕਥਨ ਸੱਚ ਕਰਦਿਆਂ ਜੱਗ ਤਾਰਿਆ। ਅੱਜ ਵੀ ਗੁਰੂ ਨਾਨਕ ਇਸ ਬ੍ਰਹਿਮੰਡ ਵਿਚ ਇਕ ਵਿਲੱਖਣ ਧਰੂ ਤਾਰੇ ਵਾਂਗ ਸਥਾਪਿਤ ਹਨ ਤੇ ਜਗਤ ਨੂੰ ਰੋਸ਼ਨੀ ਦੇ ਰਹੇ ਹਨ, ਭਾਵੇਂ ਸਿੱਖ ਉਨ੍ਹਾਂ ਨੂੰ ਗ੍ਰੰਥਾਂ ਜਾਂ ਖੁਦ ਵੱਲੋਂ ਤਿਆਰ ਕੀਤੀਆਂ ਸ਼ਾਨਦਾਰ ਇਮਾਰਤਾਂ ਵਿਚ ਭਾਲਦੇ ਫਿਰਦੇ ਹਨ।

-ਅਮਰਜੀਤ ਸਿੰਘ ਮੁਲਤਾਨੀ
ਨਿਊ ਯਾਰਕ
multaniny@gmail.com

## ਕਾਵਿ ਜਗਤ

# ਕੋਈ ਹਰਿਆ ਬੂਟ ਰਹਿਓ ਰੀ

ਨਾ ਡਰ ਜਿੰਦੇ, ਤੂੰ ਨਾ ਘਬਰਾ
ਤੂੰ ਮਾਲਕ ਦਾ ਬਸ ਸ਼ੁਕਰ ਮਨਾ।
ਉਹ ਆ ਰਿਹਾ ਹੈ, ਉਹ ਆਵੇਗਾ
ਆਪਣਾ ਸੰਸਾਰ ਬਚਾਵੇਗਾ।
ਸੰਸਾਰ ਕਦੇ ਵੀ ਮੁਕਣਾ ਨਹੀਂ
ਹਰਿਆਵਲ ਨੇ ਕਦੀ ਸੁੱਕਣਾ ਨਹੀਂ।
ਦਰਿਆਵਾਂ ਨੇ ਸਦਾ ਵਹਿਣਾ ਹੈ
ਜ਼ਿੰਦਗੀ ਨੇ ਤੁਰਦੀ ਰਹਿਣਾ ਹੈ।

ਪੱਤਝੜ ਦੇ ਪਿਛੋਂ ਬਹਾਰਾਂ ਨੇ
ਖੁਸ਼ਬੂ ਵੰਡਣੀ ਗੁਲਜ਼ਾਰਾਂ ਨੇ।
ਚਿੜੀਆਂ ਫਿਰ ਚੂਹਕਣ ਗਾਉਣਗੀਆਂ
ਛੱਤਾਂ 'ਚ ਆਹਲਣੇ ਪਾਉਣਗੀਆਂ।
ਘੁੱਗੀਆਂ ਘੁਗੂ ਘੂ ਕਰਨਗੀਆਂ
ਮੁਰਗਾਬੀਆਂ ਨਦੀ 'ਚ ਤਰਨਗੀਆਂ।
ਪੀਓ ਪੀਓ ਪਪੀਹਾ ਗਾਵੇਗਾ
ਮੇਘਾ ਅੰਬਰ 'ਤੇ ਛਾਵੇਗਾ।

ਸਾਵਣ ਵੀ ਰਿਮ ਝਿਮ ਵਰਸੇਗਾ
ਧਰਤੀ ਦਾ ਦਿਲ ਫਿਰ ਹਰਸੇਗਾ।
ਮੋਰਾਂ ਨੇ ਨਾਚ ਦਿਖਾਣੇ ਨੇ
ਕੋਇਲਾਂ ਨੇ ਗੀਤ ਗਾਉਣੇ ਨੇ।
ਕੂੰਜਾਂ ਉਡਣੈਂ ਅਸਮਾਨਾਂ 'ਤੇ
ਠੱਲ੍ਹ ਪੈਣੀ ਏ ਤੂਫਾਨਾਂ 'ਤੇ।
ਟਟਿਓਲੀ ਰਾਤ ਨੂੰ ਬੋਲੇਗੀ
ਕਈ ਭੇਦ ਅਗੰਮੀ ਖੋਲ੍ਹੇਗੀ।

ਕੁੜੀਆਂ ਨੇ ਗਿੱਧੇ ਪਾਉਣੇ ਨੇ
ਮੁੰਡਿਆਂ ਨੇ ਢੋਲੇ ਗਾਉਣੇ ਨੇ।
ਬਾਪੂ ਵੀ ਸੱਥ ਵਿਚ ਹੱਸਣਗੇ
ਮਾਂਵਾਂ ਦੇ ਘਰ ਵੀ ਵੱਸਣਗੇ।
ਫਸਲਾਂ 'ਤੇ ਜੋਬਨ ਮੱਚੇਗਾ
ਕਿਸਾਨ ਖੇਤਾਂ ਵਿਚ ਨੱਚੇਗਾ।
ਫਿਰ ਦੁਨੀਆਂ ਰੰਗੀਂ ਵੱਸੇਗੀ
ਕੁਦਰਤ ਝੂਮੇਗੀ, ਹੱਸੇਗੀ।
'ਸੁਰਜੀਤ' ਸਦਕੜੇ ਜਾਵੇਗੀ
ਮਾਲਕ ਦਾ ਸ਼ੁਕਰ ਮਨਾਵੇਗੀ।
ਉਹ ਆ ਰਿਹਾ ਹੈ, ਉਹ ਆਵੇਗਾ
ਆਪਣਾ ਸੰਸਾਰ ਬਚਾਵੇਗਾ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

---

# ਵਿਹਲਾ ਰੱਬ

ਸਹਿਮੀ ਪਈ ਹੈ ਅੱਜ ਕੁੱਲ ਲੁਕਾਈ,
ਰੱਬ ਅਰਾਮ ਕਰਨ ਨੂੰ, ਬਹਿ ਗਿਆ।

ਧਰਮ ਬਹੀ 'ਚ ਦੋ ਹੀ ਵਰਕੇ ਨੇ ਖੁੱਲ੍ਹੇ,
ਜਨਮ-ਮੌਤ ਦਾ ਹਿਸਾਬ ਰਹਿ ਗਿਆ।

ਕਰਮਾਂ ਵਾਲੇ ਖਾਤੇ 'ਤੇ ਲੀਕ ਫੇਰ'ਤੀ,
ਜੇਲ੍ਹੀਂ ਤੂੜੇ, ਘੁੱਗੂ ਬਣ ਕੇ ਬਹਿ ਗਿਆ।

ਬਾਕੀ ਮਹਿਕਮੇ ਲੌਕਡਾਊਨ 'ਤੇ ਹਨ,
ਧਰਮਰਾਜ ਗੱਪਾਂ ਜੋਗਾ ਰਹਿ ਗਿਆ।

ਕਾਇਨਾਤ ਸਾਫ ਸੁਥਰੀ ਇੰਜ ਕਰਕੇ,
ਮੌਜਾਂ ਕਰੋ, ਪੰਛੀਆਂ ਨੂੰ ਕਹਿ ਗਿਆ।

ਘਰ ਢਾਹ, ਜੋ ਪਿੰਜਰੇ 'ਚ ਪਾਏ ਸੀ,
ਮਖੌਲਾਂ ਕਰੋ ਬੰਦੇ ਨੂੰ, ਕਹਿ ਗਿਆ।

ਭੇਜ ਕਰੋਨੇ ਦਾ ਭੂਤ ਡੱਕ'ਤੇ ਅੰਦਰੀਂ,
ਨਸ਼ਾ ਘੁਮੰਡ ਦਾ ਸਾਰਾ ਲਹਿ ਗਿਆ।

ਅਕਲਾਂ ਵਾਲਿਆਂ ਨੇ ਅਕਾਸ਼ ਪਾੜ'ਤੇ,
ਚਾਅ ਮੰਗਲ ਦਾ ਧਰਿਆ ਰਹਿ ਗਿਆ।

ਸਾਇੰਸਦਾਨ ਵੀ ਥੱਕੇ ਮਾਰ ਕੇ ਟੱਕਰਾਂ,
ਕਰੋਨਾ ਰਾਜਾ ਮਾਰ ਮੋਢਾ ਖਹਿ ਗਿਆ।

ਚਤੁਰਾਈ ਚਲਾਕੀ ਵੀ ਕੰਮ ਨਾ ਆਈ ,
ਸਿਰ ਸੁੱਟ ਹਾਰ ਹੰਭ ਘਰੇ ਬਹਿ ਗਿਆ।

ਜਾਨ ਤਲੀ 'ਤੇ ਰੱਖ ਕਰਦੇ ਨੇ ਜੋ ਸੇਵਾ,
ਡਾਕਟਰ, ਨਰਸ, ਪੁਲਿਸ ਵਾਹ ਕਹਿ ਗਿਆ।

ਬੈਠਾ ਦੇਖੇ ਤਮਾਸ਼ਾ ਮੰਦਿਰ, ਮਸਜਿਦ ਦਾ,
ਬੰਦ ਬੂਹੇ ਪੰਡਿਤ ਮੁੱਲਾਂ ਤਾਂ ਸ਼ਹਿ ਗਿਆ।

ਧਨ ਦੱਬ ਬੇਹਿਸਾਬ ਉਤੇ ਮਾਰੀ ਕੁੰਡਲੀ,
ਨਾਗ ਜ਼ਹਿਰੀ ਫੰਨ ਖਿਲਾਰ ਬਹਿ ਗਿਆ।

ਸਿਰ 'ਚੋਂ ਮਨੀ ਕੱਢਣ ਨੂੰ ਨਾ ਜਾਗੇਗਾ,
ਸ਼ਾਇਦ ਬੰਦਾ ਹੁਣ ਬੇਚਾਰਾ ਰਹਿ ਗਿਆ!

-ਸੇਵਾ ਸਿੰਘ ਨੂਰਪੁਰੀ

# ਨਿਆਸਰਿਆਂ ਦੀ ਦਰਦ-ਕਹਾਣੀ

ਕਲਾ ਪਰਿਕਰਮਾ



ਉਜੜੇ ਰੋਹਿੰਗੀਆ ਦਾ ਕਾਫਲਾ।

## ਰੋਹਿੰਗੀਆ ਨੌਜਵਾਨ ਹਬੀਬੁਰ ਰਹਿਮਾਨ ਵਲੋਂ ਕਿਤਾਬ ਵਿਚ ਆਪਣੇ ਲੋਕਾਂ ਦਾ ਦੁੱਖ-ਦਰਦ ਬਿਆਨ




ਸੁਰਿੰਦਰ ਸਿੰਘ ਤੇਜ

ਹਬੀਬੁਰ ਰਹਿਮਾਨ ਨੂੰ ਨਾਹੱਕੀ ਅਤੇ ਨਾਇਨਸਾਫੀ ਦਾ ਅਹਿਸਾਸ ਤਿੰਨ ਵਰ੍ਹਿਆਂ ਦੀ ਉਮਰ ਵਿਚ ਹੀ ਹੋ ਗਿਆ ਸੀ। ਰਖੀਨ ਸੂਬੇ ਦੀ ਰਾਜਧਾਨੀ ਸਿੱਤਵੇ ਵਿਚ ਉਸ ਦੇ ਮਾਪਿਆਂ ਦਾ ਘਰ ਸੀ। ਘਰ ਤੋਂ ਕੁਝ ਦੂਰੀ 'ਤੇ ਆਂਗਨਵਾੜੀ ਸੀ। ਉਹਦੀ ਮਾਂ ਉਸ ਨੂੰ ਆਂਗਨਵਾੜੀ ਵਿਚ ਦਾਖਲ ਕਰਵਾਉਣ ਗਈ, ਪਰ ਹਬੀਬ ਨੂੰ ਦਾਖਲਾ ਨਹੀਂ ਮਿਲਿਆ। ਦਾਖਲਾ ਸਿਰਫ ਬਰਮੀ ਨਾਗਰਿਕਾਂ ਦੇ ਬੱਚਿਆਂ ਨੂੰ ਮਿਲਦਾ ਸੀ, 'ਬੇਗਾਨਿਆਂ' ਨੂੰ ਨਹੀਂ। ਹਬੀਬ 'ਕਾਲਾਰ' (ਸਿਆਹਫਾਮ) ਸੀ; ਸਰਕਾਰੀ ਪਰਿਭਾਸ਼ਾ ਅਨੁਸਾਰ, ਉਹ ਬਰਮੀ ਮੂਲ ਦਾ ਨਹੀਂ ਸੀ। ਹਬੀਬ ਦੀ ਮਾਂ ਨੇ ਜਦੋਂ ਬਰਮੀ ਹੋਣ ਦੀ ਦੁਹਾਈ ਦਿੱਤੀ ਤਾਂ ਉਸ ਨੂੰ ਤਤਕਾਲੀ ਫੌਜੀ ਹੁਕਮਰਾਨ ਜਨਰਲ ਯੂ ਨੇਵਿਨ ਦਾ ਫਰਮਾਨ ਦਿਖਾ ਦਿੱਤਾ ਗਿਆ। 1982 ਵਿਚ ਜਾਰੀ ਇਸ ਫਰਮਾਨ ਰਾਹੀਂ ਬਰਮੀ ਨਾਗਰਿਕਤਾ ਨੂੰ ਬਰਮੀ ਮੂਲ ਦੇ 135 ਨਸਲੀ ਗਰੁੱਪਾਂ ਤਕ ਸੀਮਿਤ ਕਰ ਦਿੱਤਾ ਗਿਆ ਸੀ। 'ਕਾਲਾਰ' ਭਾਵ ਰੋਹਿੰਗੀਆ ਮੁਸਲਿਮ ਇਨ੍ਹਾਂ ਗਰੁੱਪਾਂ ਵਿਚ ਸ਼ਾਮਲ ਨਹੀਂ ਸਨ। ਪੁਸ਼ਤਾਂ ਤੋਂ ਅਰਾਕਾਨ ਖੇਤਰ (ਹੁਣ ਰਖੀਨ ਸੂਬਾ) ਵਿਚ ਵਸੇ ਹੋਣ ਦੇ ਬਾਵਜੂਦ ਸਰਕਾਰ ਤੇ ਬਰਮੀ (ਹੁਣ ਮਿਆਂਮਾਰੀ) ਬੋਧੀਆਂ ਲਈ ਉਹ ਬਾਹਰੀ ਬੰਦੇ ਸਨ। ਮਾਂ, ਹਬੀਬ ਨੂੰ ਘਰ ਲੈ ਆਈ। ਪਿਤਾ ਪਹਿਲਾਂ ਹੀ ਹਾਲਾਤ ਨਾਲ ਸਮਝੌਤਾ ਕਰ ਚੁੱਕਾ ਸੀ ਪਰ ਮਾਂ ਨੇ ਹਬੀਬ ਦਾ ਭਵਿਖ ਸੁਧਾਰਨ ਦੀ ਠਾਣ ਲਈ। ਦੋ ਸਾਲ ਬਾਅਦ ਜਦੋਂ ਬੱਚੇ ਨੂੰ ਸਕੂਲ ਦਾਖਲ ਕਰਵਾਉਣ ਦਾ ਸਮਾਂ ਆਇਆ ਤਾਂ ਮਾਂ ਨੇ ਹੈੱਡਮਾਸਟਰ ਦੀ ਹਵਸ ਪੂਰੀ ਕਰ ਕੇ ਬੱਚੇ ਦਾ ਦਾਖਲਾ ਸੰਭਵ ਬਣਾਇਆ। ਫਿਰ ਹਰ ਸਾਲ ਨਵੀਂ ਜਮਾਤ ਚੜ੍ਹਨ ਵੇਲੇ ਇਸੇ ਘਟਨਾਕ੍ਰਮ ਦਾ ਦੁਹਰਾਓ ਚਲਦਾ ਰਿਹਾ; ਉਦੋਂ ਤੱਕ ਜਦੋਂ ਹਬੀਬ ਨੌਵੀਂ ਵਿਚ ਨਹੀਂ ਪਹੁੰਚ ਗਿਆ। ਉਸ ਵਰ੍ਹੇ ਹੈੱਡਮਾਸਟਰ ਰਿਟਾਇਰ ਹੋ ਗਿਆ। ਉਦੋਂ ਤੱਕ ਹਬੀਬ ਨੂੰ ਵੀ ਮਾਂ ਦੀ ਕੁਰਬਾਨੀ ਦਾ ਅਹਿਸਾਸ ਹੋ ਚੁੱਕਾ ਸੀ। ਉਸ ਨੇ ਮਾਂ ਨੂੰ ਕਹਿ ਦਿੱਤਾ ਕਿ ਉਹ ਆਪਣੀ ਤਕਦੀਰ ਹੁਣ ਖੁਦ ਘੜੇਗਾ।

ਰੋਹਿੰਗੀਆ ਲੋਕਾਂ ਦੇ ਹਸ਼ਰ ਤੋਂ ਦੁਨੀਆਂ ਵਾਕਫ ਹੈ ਪਰ ਸੰਯੁਕਤ ਰਾਸ਼ਟਰ ਸਮੇਤ ਕੋਈ ਵੀ ਆਲਮੀ ਸੰਸਥਾ ਜਾਂ ਤਾਕਤਵਰ ਮੁਲਕ ਸਿਰਫ ਨਸਲ ਦੇ ਆਧਾਰ 'ਤੇ ਸ਼ਹਿਰੀਅਤ ਤੇ ਕੌਮੀਅਤ ਵਰਗੇ ਹੱਕਾਂ ਤੋਂ ਮਹਿਰੂਮ ਕੀਤੇ ਗਏ ਇਨ੍ਹਾਂ ਲੋਕਾਂ ਦੀ ਬਾਂਹ ਫੜਨ ਲਈ ਤਿਆਰ ਨਹੀਂ। ਨਸਲਕੁਸ਼ੀ ਤੋਂ ਬਚਣ ਲਈ ਇਹ ਲੋਕ ਦਰ-ਦਰ ਭਟਕਣ ਲਈ ਮਜਬੂਰ ਹਨ। ਜਦੋਂ ਦਰ ਬੰਦ ਮਿਲਦੇ ਹਨ ਤਾਂ ਸੰਨ੍ਹ ਲਾ ਕੇ ਘੁਸਪੈਠ ਕਰਦੇ ਹਨ। ਅੱਗਿਓਂ ਹਸ਼ਰ ਅਪਰਾਧੀਆਂ ਵਾਲਾ ਹੁੰਦਾ ਹੈ। ਇਕ ਨਰਕ ਤੋਂ ਬਾਅਦ ਦੂਜਾ ਨਰਕ, ਦੂਜੇ ਤੋਂ ਬਾਅਦ ਤੀਜਾ। ਮਿਆਂਮਾਰ ਇਨ੍ਹਾਂ ਨੂੰ ਵਾਪਸ ਲੈਣ ਲਈ ਤਿਆਰ ਨਹੀਂ; ਦੂਜੇ ਮੁਲਕ ਝੱਲਣ ਲਈ ਤਿਆਰ ਨਹੀਂ। ਬੜੀ ਦਰਦਨਾਕ ਹੋਣੀ ਹੈ ਇਹ।

ਇਸੇ ਹੋਣੀ ਦੀ ਮਾਰਮਿਕ ਤਸਵੀਰ ਪੇਸ਼ ਕਰਦੀ ਹੈ ਹਬੀਬੁਰ ਰਹਿਮਾਨ ਦੀ ਸਵੈ-ਜੀਵਨੀ 'ਫਸਟ ਦੇਅ ਇਰੇਜ਼ਡ ਅਵਰ ਨੇਮ' (ਪਹਿਲਾਂ ਉਨ੍ਹਾਂ ਨੇ ਸਾਡਾ ਨਾਮ ਮਿਟਾਇਆ)। ਹਬੀਬ ਨੇ ਇਹ ਕਿਤਾਬ ਫਰਾਂਸੀਸੀ ਪੱਤਰਕਾਰ, ਲੇਖਕ ਤੇ ਦਸਤਾਵੇਜ਼ੀ ਫਿਲਮਸਾਜ਼ ਸੋਫੀ ਐਨਸਿਲ ਨਾਲ ਮਿਲ ਕੇ ਲਿਖੀ ਹੈ। ਸੋਫੀ ਮਿਆਂਮਾਰ ਅੰਦਰਲੇ ਕਤਲੇਆਮਾਂ ਬਾਰੇ ਨਾਵਲ ਲਿਖਣ ਤੋਂ ਇਲਾਵਾ ਕਈ ਦਸਤਾਵੇਜ਼ੀਆਂ ਬਣਾ ਚੁੱਕੀ ਹੈ। ਹਬੀਬ ਨੂੰ ਉਹ ਪਹਿਲੀ ਵਾਰ 2005 ਵਿਚ ਮਲੇਸ਼ੀਆ 'ਚ ਮਿਲੀ ਸੀ। ਉਦੋਂ ਉਹ ਅੰਡੇਮਾਨ ਸਾਗਰ ਵਿਚ ਅਪਰਾਧਿਕ ਗਤੀਵਿਧੀਆਂ ਚਲਾਉਣ ਵਾਲੇ ਸਰਗਨੇ ਦਾ ਜ਼ਰਖਰੀਦ ਗੁਲਾਮ ਸੀ। ਦੋਵਾਂ ਦੀ ਅਗਲੀ ਮੁਲਾਕਾਤ 2017 ਵਿਚ ਮੈਲਬਰਨ (ਆਸਟਰੇਲੀਆ) ਵਿਚ ਹੋਈ ਜਿੱਥੇ ਹਬੀਬ ਗੈਰਕਾਨੂੰਨੀ ਬਾਸ਼ਿੰਦੇ ਵਾਲੀ ਨਜ਼ਰਬੰਦੀ ਭੋਗ ਰਿਹਾ ਸੀ। ਇਸੇ ਮੁਲਾਕਾਤ ਨੇ ਸਵੈ-ਜੀਵਨੀ ਲਿਖਣ ਦਾ ਮੁੱਢ ਬੰਨ੍ਹਿਆ। ਕਿਤਾਬ ਪਿਛਲੇ ਸਾਲ ਨਵੰਬਰ 'ਚ ਫਰਾਂਸੀਸੀ ਵਿਚ ਛਪੀ। ਇਸ ਦਾ ਅੰਗਰੇਜ਼ੀ ਤਰਜਮਾ ਇਸ ਸਾਲ ਮਾਰਚ ਦੇ ਦੂਜੇ ਹਫਤੇ ਰਿਲੀਜ਼ ਹੋਇਆ।

ਅਮੁੱਕ ਜੱਦੋਜਹਿਦ ਹੈ ਹਬੀਬ ਦਾ ਜੀਵਨ। ਰੋਹਿੰਗੀਆ ਜ਼ਿੰਦਗੀ ਦੀ ਜੋ ਤਸਵੀਰ ਇਹ ਪੇਸ਼ ਕਰਦਾ ਹੈ, ਉਹ ਬੜੀ ਹੌਲਨਾਕ ਹੈ। ਕਿਤਾਬ ਪੜ੍ਹਦਿਆਂ ਪਰਵਰਦਿਗਾਰ ਉਤੇ ਵੀ ਨਿਰਦਈ ਤੇ ਅਨਿਆਂਕਾਰੀ ਹੋਣ ਦਾ ਸ਼ੱਕ ਹੋਣ ਲੱਗਦਾ ਹੈ। ਕਿੰਨੀ ਕਰੜੀ ਪ੍ਰੀਖਿਆ ਲੈ ਰਿਹਾ ਹੈ ਉਹ ਇਸ ਨਸਲ ਦੀ! ਹੈਰਾਨੀ ਹੁੰਦੀ ਹੈ ਇਹ ਜਾਣ ਕੇ ਕਿ ਰੋਹਿੰਗੀਆ ਲੋਕਾਂ ਨੂੰ ਪੜ੍ਹਾਈ ਕਰਨ ਜਾਂ ਵਿਆਹ ਕਰਨ ਲਈ ਵੀ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਉਹ ਯੂਨੀਵਰਸਿਟੀਆਂ ਵਿਚ ਸਿਰਫ ਪਖਾਨੇ ਸਾਫ ਕਰਨ ਲਈ ਦਾਖਲ ਹੋ ਸਕਦੇ ਹਨ, ਪੜ੍ਹਨ ਲਈ ਨਹੀਂ। ਸ਼ਾਇਦ ਇਸੇ ਕਾਰਨ ਦੁਨੀਆ ਭਰ ਵਿਚ ਰੋਹਿੰਗੀਆ ਦਾਨਿਸ਼ਵਰਾਂ, ਚਿੰਤਕਾਂ, ਵਕੀਲਾਂ, ਲੇਖਕਾਂ ਆਦਿ ਦੀ ਗਿਣਤੀ ਨਾਂ-ਮਾਤਰ ਹੈ। ਹਬੀਬ ਮਿਆਂਮਾਰੀ ਹਕੂਮਤੀ ਜਬਰ ਤੋਂ ਇਲਾਵਾ ਥਾਈਲੈਂਡ ਵਿਚ ਅਮਾਨਵੀ ਵਿਤਕਰੇ, ਮਲੇਸ਼ੀਆ ਵਿਚ ਮਨੁੱਖੀ ਤਸਕਰੀ ਤੇ ਗੁਲਾਮੀਅਤ, ਇੰਡੋਨੇਸ਼ੀਆ ਵਿਚ ਪੁਲਿਸ ਤਸ਼ੱਦਦ ਅਤੇ ਆਸਟਰੇਲੀਆ ਵਿਚ ਨਾਜਾਇਜ਼ ਨਜ਼ਰਬੰਦੀ ਤੇ ਹਿਕਾਰਤ ਦਾ ਸ਼ਿਕਾਰ ਬਣਿਆ, ਫਿਰ ਵੀ ਉਸ ਨੇ ਆਪਣੇ ਅੰਦਰਲੀ ਇਨਸਾਨੀ ਸੁਹਜ ਨੂੰ ਖੁਰਨ ਨਹੀਂ ਦਿੱਤਾ। ਉਹ ਆਲਮੀ ਭਾਈਚਾਰੇ ਤੋਂ ਰੋਹਿੰਗੀਆ ਲੋਕਾਂ ਲਈ ਖੈਰਾਤ ਨਹੀਂ ਮੰਗਦਾ, ਇਨਸਾਨੀ ਕਦਰਾਂ ਦੀ ਹਿਫਾਜ਼ਤ ਮੰਗਦਾ ਹੈ, ਉਹ ਵੀ ਸੁਹਜਮਈ ਢੰਗ ਨਾਲ। ਉਸ ਦੀ ਕਹਾਣੀ ਵਿਚ ਬੇਪਨਾਹ ਦਰਦ ਹੈ, ਪਰ ਸਵੈ-ਤਰਸ ਜ਼ਰਾ ਵੀ ਨਹੀਂ। ਜਜ਼ਬਾਤ ਅਤੇ ਅਲਫਾਜ਼ ਦੀ ਪੇਸ਼ਕਾਰੀ ਵਿਚ ਅਨੂਠੀ ਦਾਨਾਈ ਹੈ। ਹੈਰਾਨੀ ਹੁੰਦੀ ਹੈ ਕਿ ਰੋਜ਼ ਮਰ-ਮਰ ਕੇ ਜਿਉਣ ਵਾਲਾ ਬੰਦਾ ਆਪਣੀ ਗੱਲ ਕਿੰਨੇ ਸਹਿਜ, ਕਿੰਨੀ ਨਫਾਸਤ ਨਾਲ ਕਹਿ ਰਿਹਾ ਹੈ। ਇਹ ਤੱਤ ਵੀ ਇਸ ਕਿਤਾਬ ਨੂੰ ਯਾਦਗਾਰੀ ਬਣਾਉਂਦਾ ਹੈ।




ਹਬੀਬੁਰ ਰਹਿਮਾਨ ਦੀ ਕਿਤਾਬ ਦਾ ਮੁਖੜਾ।

### ਰੋਹਿੰਗੀਆ ਦੇ ਹਾਲ...

*ਰੋਹਿੰਗੀਆ ਲੋਕਾਂ ਦੇ ਹਸ਼ਰ ਤੋਂ ਦੁਨੀਆਂ ਵਾਕਫ ਹੈ ਪਰ ਸੰਯੁਕਤ ਰਾਸ਼ਟਰ ਸਮੇਤ ਕੋਈ ਵੀ ਆਲਮੀ ਸੰਸਥਾ ਜਾਂ ਤਾਕਤਵਰ ਮੁਲਕ ਸਿਰਫ ਨਸਲ ਦੇ ਆਧਾਰ 'ਤੇ ਸ਼ਹਿਰੀਅਤ ਤੇ ਕੌਮੀਅਤ ਵਰਗੇ ਹੱਕਾਂ ਤੋਂ ਮਹਿਰੂਮ ਕੀਤੇ ਗਏ ਇਨ੍ਹਾਂ ਲੋਕਾਂ ਦੀ ਬਾਂਹ ਫੜਨ ਲਈ ਤਿਆਰ ਨਹੀਂ। ਨਸਲਕੁਸ਼ੀ ਤੋਂ ਬਚਣ ਲਈ ਇਹ ਲੋਕ ਦਰ-ਦਰ ਭਟਕਣ ਲਈ ਮਜਬੂਰ ਹਨ। ਜਦੋਂ ਦਰ ਬੰਦ ਮਿਲਦੇ ਹਨ ਤਾਂ ਸੰਨ੍ਹ ਲਾ ਕੇ ਘੁਸਪੈਠ ਕਰਦੇ ਹਨ। ਅੱਗਿਓਂ ਹਸ਼ਰ ਅਪਰਾਧੀਆਂ ਵਾਲਾ ਹੁੰਦਾ ਹੈ। ਇਕ ਨਰਕ ਤੋਂ ਬਾਅਦ ਦੂਜਾ ਨਰਕ, ਦੂਜੇ ਤੋਂ ਬਾਅਦ ਤੀਜਾ। ਮਿਆਂਮਾਰ ਇਨ੍ਹਾਂ ਨੂੰ ਵਾਪਸ ਲੈਣ ਅਤੇ ਦੂਜੇ ਮੁਲਕ ਇਨ੍ਹਾਂ ਨੂੰ ਝੱਲਣ ਲਈ ਤਿਆਰ ਨਹੀਂ।*



ਹਬੀਬੁਰ ਰਹਿਮਾਨ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਮਈ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-429



ਜੇਠ ਹਾੜ੍ਹ ਦੀ ਗਰਮੀ ਮੰਜੇ ਬਾਣ ਦੇ ਜੋੜ ਕੇ ਡਾਹ ਲੈਂਦੇ ਸੀ।
ਕੰਗਣੀ ਵਾਲੇ ਗਲਾਸਾਂ ਦੇ ਵਿਚ, ਉਠ ਸਵੇਰੇ ਚਾਹ ਪੀਂਦੇ ਸੀ।
ਨਾ ਪੱਖਾ, ਨਾ ਕੂਲਰ ਕੋਈ, ਡੰਗਰਾਂ ਵਾਲਾ ਘਰ ਹੁੰਦਾ ਸੀ।
ਬਾਪੂ ਰੱਬ ਦਾ ਨਾਂ ਲੈਂਦਾ ਸੀ, ਸਾਡੇ ਮਨ ਵਿਚ ਡਰ ਹੁੰਦਾ ਸੀ।

## ਕੈਪਸ਼ਨ ਮੁਕਾਬਲਾ-427



ਵਿਚ ਘਰਾਂ ਦੇ ਕੰਮ ਬਥੇਰੇ
ਵਿਹਲ ਨਾ ਮਿਲਦੇ ਮਰਨੇ ਦੇ।
ਕਦੇ ਕਦੇ ਤਾਂ ਕੁਝ ਪਲ ਮਿਲਦੇ
ਮਨ ਦੀਆਂ ਗੱਲਾਂ ਕਰਨੇ ਦੇ।
ਆ ਮੋੜ 'ਤੇ ਅੱਡ ਹੋ ਜਾਵਣ
ਭਾਣਾ ਮੰਨ ਸਭ ਜਰਨੇ ਦੇ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਗੋਹਾ ਕੂੜਾ ਨਿੱਤ ਕਰਦੀਆਂ
ਭੈਣਾਂ, ਅੰਮੀਆਂ ਤੇ ਤਾਈਆਂ।
ਸਿਰ 'ਤੇ ਟੋਕਰਾ ਗੋਹੇ ਵਾਲਾ
ਪਾਥੀਆਂ ਪੱਥ ਕੇ ਆਈਆਂ।
ਚੁੱਲ੍ਹੇ ਚੌਂਕੇ ਲਈ ਸੁੱਕਾ ਬਾਲਣ
ਪਿੜਾਂ ਤੋਂ ਚੁੱਕ ਲਿਆਈਆਂ।
ਐਵੇਂ ਨਾ ਭੰਡੀਏ ਸੁਣੋ ਉਏ ਲੋਕੋ
ਘਰ ਵੀ ਕਰਨ ਸਫਾਈਆਂ।
*-ਸੇਵਾ ਸਿੰਘ ਨੂਰਪੁਰੀ*

---

ਸੁੱਕੀਆਂ ਪਾਥੀਆਂ ਟੋਕਰੇ 'ਚ ਚਿਣ ਕੇ
ਪਿੜ ਤੋਂ ਤੁਰਦੀਆਂ ਸਿਰ 'ਤੇ ਧਰ ਕੇ।
ਦੁੱਖ-ਸੁੱਖ, ਚੁਗਲੀਆਂ-ਸ਼ੁਗਲੀਆਂ
ਨਾਲੇ ਕਰਦੀਆਂ ਜੀਅ ਭਰ ਕੇ।
ਸਿਰ ਦਾ ਭਾਰ ਵੀ ਹੌਲਾ ਫੁੱਲ ਲੱਗਦਾ,
ਢਿੱਡ ਫਰੋਲਦੀਆਂ ਜਦ ਮੋੜ 'ਤੇ ਖੜ੍ਹ ਕੇ।
*-ਦਵਿੰਦਰ ਕੌਰ*

---

ਪਿੰਡ ਦੇ ਪਥਵਾੜੇ 'ਚ
ਮਨ ਦਾ ਬੋਝ ਹੌਲਾ ਕਰਨ ਲਈ
ਮਸਾਂ ਆਉਂਦਾ ਸਵੇਰ ਦਾ ਵੇਲਾ।
ਨਾਲੇ ਇਕ ਦੂਜੀ ਨੂੰ ਕੰਨ 'ਚ ਕਹਿਣ
ਦੇਖੀਂ ਕਿਤੇ ਹੋਰ ਨਾ ਦੱਸ ਦਈਂ,
ਕਿਤੇ ਖੜ੍ਹਾ ਹੋ'ਜੇ ਨਵਾਂ ਝਮੇਲਾ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਕਹਿਣ ਵਾਲੇ ਭਾਵੇਂ ਕਹਿਣ ਚੁਗਲੀਆਂ,
ਪਰ ਹੁੰਦੀਆਂ ਕਈ ਸੱਚਾਈਆਂ।
ਬਿੰਦ-ਝੱਟ ਢਿੱਡ ਹੌਲਾ ਕਰਕੇ
ਘਰ ਨੂੰ ਚੱਲੀਆਂ ਮਾਈਆਂ।
ਸਾਰਾ ਦਿਨ ਉਰੀ ਵਾਂਗੂੰ ਘੁੰਮਣ
ਕੋਈ ਗਿਣਦਾ ਨਹੀਂ ਕਮਾਈਆਂ।
ਘਰ ਦੀ ਸ਼ਾਨ ਧੁਰਾ ਟੱਬਰ ਦਾ,
ਕੋਈ ਆਖਦਾ ਰੱਬ-ਰਜਾਈਆਂ।
*-ਸੁਖਦੇਵ ਸ਼ਰਮਾ ਧੂਰੀ*
*ਫੋਨ: 91-95920-85886*

---

ਸਾਰਾ ਦਿਨ ਮਿਹਨਤ ਕਰ ਕੇ
ਘਰ ਜਾਣ ਦੀ ਕੀਤੀ ਤਿਆਰੀ।
ਚੁੱਲ੍ਹਾ ਚੌਕਾ ਸਾਂਭਣ ਦੀ
ਸਾਡੀ ਹੈ ਜ਼ਿੰਮੇਵਾਰੀ।
ਪਰ ਸੋਸ਼ਲ ਡਿਸਟੈਂਸਿੰਗ ਰੱਖਣ ਵੀ
ਸਾਡੀ ਹੈ ਸਰਦਾਰੀ।
*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਘਰੋਂ ਬਾਹਰ ਆ ਮੌਕਾ ਮਿਲਿਆ
ਦਿਲ ਦੇ ਦੁਖੜੇ ਫਰੋਲਣ ਦਾ।
ਸਿਰ 'ਤੇ ਚੁੱਕ ਪਾਥੀਆਂ ਦੀ ਟੋਕਰੀ
ਖੜ ਚੌਰਸਤੇ ਮਾਈਆਂ ਕਰਦੀਆਂ ਗੁਫਤਗੂ
ਸਭ ਮੁਹੱਲੇ, ਘਰ ਬਾਰ ਦੇ ਪੋਤੜੇ ਫੋਲ ਦਿੱਤੇ
ਕਹਿਣਗੇ ਕੁਝ ਚੁਗਲੀਆਂ
ਪਰ ਹੈ ਸਿਧਾਂਤ ਮਨ ਹੌਲਾ ਕਰਨ ਦਾ,
ਚੁੱਪ ਕੀਤੀਆਂ ਵਿਛੜਨ ਵੇਲੇ
'ਚੰਗਾ! ਬਾਕੀ ਫਿਰ ਕੱਲ ਨੂੰ ਸਹੀ।'
*-ਦਰਸ਼ਨਪਾਲ ਦੋਸਾਂਝ*

---

ਪਥਵਾੜਿਓਂ ਚੁਕ ਪਾਥੀਆਂ ਸਿਰ ਧਰੀਆਂ
ਨਾਲੇ ਢਿੱਡ ਦੀਆਂ ਗੱਲਾਂ ਕਰੀਆਂ।
ਜਿਥੇ ਬੈਠ ਮਰਦਾਂ ਦੀ ਢਾਣੀ ਗੱਲਾਂ ਕਰਦੀ
ਸ਼ਿੱਬੂ ਝਿਓਰ ਤੋਂ ਟਰੰਪ-ਓਬਾਮਾ ਤਾਣੀ।
ਔਰਤਾਂ ਦੇ ਦੁਖ-ਸੁਖ 'ਬਦਖੋਈਆਂ' ਜਦਕਿ
ਉਨ੍ਹਾਂ ਦੇ ਤੋਤਕੜੇ ਹੈਨ ਅੰਮ੍ਰਿਤਬਾਣੀ।
ਬਾਬੇ ਆਖਿਆ, ਮੰਦਾ ਨਾ ਆਖਿਓ, ਇਹ ਹੈ
ਰਾਜੇ ਰੰਕ ਦੀ ਅਮੰੜੀ ਪੀਰ ਪੈਗੰਬਰ ਜਾਈ।
ਪਰ ਮਰਦਾਂ ਦੀ ਦੁਨੀਆਂ ਜੋ ਜੋ ਲਾਏ ਫਤਵੇ
ਨਾ ਦੱਸ ਸਕਾਂ ਮੈਂ ਬਾਬਾ! ਮੇਰੀ ਐ ਦੁਹਾਈ।
*-ਸੁਕੰਨਿਆ ਭਾਰਦਵਾਜ ਨਾਭਾ*
*ਫੋਨ: 815-307-3112*

# ਜੰਗ-ਏ-ਆਜ਼ਾਦੀ ਹਿੰਦੋਸਤਾਨ 'ਚ ਮਈ ਮਹੀਨੇ ਸ਼ਹੀਦ ਹੋਏ ਯੋਧੇ

ਅਣਖੀ ਹਿੰਦੋਸਤਾਨੀ ਜਦੋਂ ਅੰਗਰੇਜ਼ ਰਾਜ ਦੇ ਖਾਤਮੇ ਲਈ ਕਦਮ ਨਾਲ ਕਦਮ ਮਿਲਾ ਕੇ ਤੁਰੇ ਤਾਂ ਉਹ ਕੋਈ ਵੀ ਜੋਖਮ ਮੁੱਲ ਲੈਣ ਤੋਂ ਪਿੱਛੇ ਨਾ ਹਟੇ। ਹਰ ਹਿੰਦੋਸਤਾਨੀ ਨੇ ਆਪਣੀ ਯਥਾਸ਼ਕਤੀ ਮੁਤਾਬਿਕ ਹਿੱਸਾ ਲਿਆ। ਉਹ ਭਲੀਭਾਂਤ ਜਾਣਦੇ ਸਨ ਕਿ ਆਜ਼ਾਦੀ ਸੰਗਰਾਮ ਬਲੀਦਾਨ ਮੰਗਦਾ ਹੈ। ਇਤਿਹਾਸ ਗਵਾਹ ਹੈ ਕਿ ਗੁਲਾਮ ਮਾਂ-ਭੂਮੀ ਦੇ ਸੰਗਲ ਤੋੜਨ ਲਈ ਅਣਖੀ ਯੋਧਿਆਂ ਨੇ ਆਪਣੀਆਂ ਜਾਇਦਾਦਾਂ ਕੁਰਕ ਕਰਵਾਈਆਂ, ਤਸ਼ੱਦਦ ਸਹੇ, ਜਲਾਵਤਨ ਹੋਏ, ਜੇਲ੍ਹਾਂ ਕੱਟੀਆਂ ਅਤੇ ਫਾਂਸੀ ਦੇ ਰੱਸੇ ਚੁੰਮੇ।

ਹਜ਼ਾਰਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਖੂਨ ਨਾਲ ਹਿੰਦੋਸਤਾਨ ਦੀ ਆਜ਼ਾਦੀ ਦਾ ਇਤਿਹਾਸ ਲਿਖਿਆ ਗਿਆ ਹੈ। ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਆਜ਼ਾਦੀ ਦੇ ਉਸਰੇ ਮਹਿਲ ਦਾ ਅਸੀਂ ਸਾਰੇ ਅਨੰਦ ਲੈ ਰਹੇ ਹਾਂ, ਪਰ ਇਸ ਗੱਲੋਂ ਅਣਗੌਲੇ ਹਾਂ ਕਿ ਬਹੁਤੇ ਸ਼ਹੀਦ ਇਤਿਹਾਸ ਦੇ ਪੰਨ੍ਹਿਆਂ ਤੋਂ ਵਿਰਵੇ ਹਨ।

ਹਿੰਦੋਸਤਾਨ ਦੀ ਅੰਗਰੇਜ਼ ਵਿਰੁੱਧ ਆਜ਼ਾਦੀ ਦੀ ਜੰਗ ਵਿਚ ਹਰ ਧਰਮ ਦੇ ਆਜ਼ਾਦੀ ਪਸੰਦ ਯੋਧਿਆਂ ਨੇ ਹਿੱਸਾ ਲਿਆ, ਆਪਣੇ ਨਿਜੀ ਮੁਫਾਦ ਇੱਕ ਪਾਸੇ ਰੱਖ ਕੇ ਦੇਸ਼ ਨੂੰ ਆਪਣਾ ਘਰ ਜਾਣਿਆ। ਗੁਲਾਮ ਹਿੰਦੋਸਤਾਨ ਨੂੰ ਆਜ਼ਾਦੀ ਤੱਕ ਲੈ ਕੇ ਜਾਣ ਦਾ ਔਕੜਾਂ ਭਰਿਆ ਸਫਰ ਤੈਅ ਕੀਤਾ। ਸ਼ਹੀਦ, ਲੋਕ-ਹਿਤੈਸ਼ੀ ਹੁੰਦੇ ਹਨ ਅਤੇ ਸਰਕਾਰਾਂ ਦੀਆਂ ਅਣਮਨੁੱਖੀ ਕਾਰਵਾਈਆਂ ਦੇ ਵਿਰੋਧ 'ਚ ਖੜ੍ਹਨ ਦੀ ਤਾਕਤ ਹੁੰਦੇ ਹਨ। ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਵੇਰਵਾ ਤਾਂ ਸ਼ਾਇਦ ਕਦੀ ਵੀ ਪੂਰਾ ਨਹੀਂ ਹੋਵੇਗਾ ਅਤੇ ਨਾ ਹੀ ਲਿਖਿਆ ਜਾ ਸਕਦਾ ਹੈ। ਅਸੀਂ ਆਪਣੀ ਯਥਾਸ਼ਕਤੀ ਨਾਲ ਭੁੱਲੇ ਵਿਸਰੇ ਸ਼ਹੀਦਾਂ ਨੂੰ ਲੱਭਣ ਦੇ ਯਤਨ ਕਰ ਰਹੇ ਹਾਂ।

ਮਈ ਮਹੀਨੇ ਦੇ ਸ਼ਹੀਦਾਂ ਨੂੰ ਚੇਤਿਆਂ ਦਾ ਹਿੱਸਾ ਬਣਾਉਣ ਅਤੇ ਵਿਰਸੇ ਨਾਲ ਜੋੜਨ ਲਈ ਜਾਣਕਾਰੀ ਸਮਰਪਿਤ ਹੈ:

3 ਮਈ 1860 ਨੂੰ ਸ਼ਹੀਦ ਜਵਾਲਾ ਪ੍ਰਸ਼ਾਦ ਨੂੰ ਕਾਨ੍ਹਪੁਰ ਵਿਖੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। 1857 ਦੇ ਗਦਰ ਸਮੇਂ ਉਹ ਨਾਨਾ ਸਾਹਿਬ ਦੀ ਫੌਜ ਦੇ ਕਮਾਂਡਰ ਸਨ।

3 ਮਈ 1915 ਨੂੰ ਕਾਸਮ ਇਸਮਾਈਲ ਮਨਸੂਰ ਨੂੰ ਸਿੰਘਾਪੁਰ ਵਿਚ ਅੰਗਰੇਜ਼ੀ ਹਕੂਮਤ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

4 ਮਈ 1933 ਨੂੰ ਗੋਬਿੰਦ ਰਾਮ ਵਰਮਾ ਇੱਕ ਬੈਂਕ ਡਾਕੇ ਵਿਚ ਸ਼ਹੀਦੀ ਪਾ ਗਏ ਸਨ। ਉਹ ਆਜ਼ਾਦੀ ਘੁਲਾਟੀਏ ਸਨ।

7 ਮਈ 1979 ਨੂੰ ਗੁਰਚਰਨ ਸਿੰਘ ਸਹਿੰਸਰਾ ਸਦੀਵੀ ਵਿਛੋੜਾ ਦੇ ਕੇ ਆਜ਼ਾਦੀ ਦੇ ਸ਼ਹੀਦਾਂ ਦੀ ਕਤਾਰ ਵਿਚ ਖਲ੍ਹੋ ਗਏ। ਉਹ 1927-1930 ਤੱਕ ਡੀ. ਸੀ. ਦਫਤਰ, ਅੰਮ੍ਰਿਤਸਰ ਵਿਚ ਬਤੌਰ ਬਾਬੂ ਤਾਇਨਾਤ ਸਨ। 1930 ਦੀ ਸਿਵਲ ਨਾਫੁਰਮਾਨੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਨੌਕਰੀ ਛੱਡ ਦਿੱਤੀ। ਨੌਜਵਾਨ ਭਾਰਤ ਸਭਾ ਦੇ ਮੈਂਬਰ ਬਣੇ ਅਤੇ ਕਈ ਵਾਰ ਜੇਲ੍ਹ ਯਾਤਰਾ ਕੀਤੀ। ਕਿਰਤੀ ਲਹਿਰ ਦੇ ਪਰਚੇ ਦੇ ਐਡੀਟਰ ਰਹੇ। ਗਦਰੀ ਬਾਬਿਆਂ ਦੀ ਕਮੇਟੀ ਨਾਲ ਮਿਲ ਕੇ ਗਦਰ ਪਾਰਟੀ ਦਾ ਇਤਿਹਾਸ ਲਿਖਿਆ। ਅੰਤਿਮ ਸਾਹ ਤੱਕ ਦੇਸ਼ ਦੀ ਕਿਰਤੀ ਲਹਿਰ ਨਾਲ ਜੁੜੇ ਰਹੇ।

8 ਮਈ 1899 ਨੂੰ ਮਹਾਰਾਸ਼ਟਰ ਤੋਂ ਅਣਖੀ ਯੋਧੇ ਵਾਸੂਦੇਵਾ ਚਾਪੇਕਰ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਨੂੰ ਗੱਦਾਰ ਦਰਾਵੜਾਂ ਨੂੰ ਮੌਤ ਦੇ ਘਾਟ ਉਤਾਰ ਕੇ ਮਾਂ-ਭੂਮੀ ਦਾ ਕਰਜ਼ ਉਤਾਰਨ ਦੇ ਦੋਸ਼ 'ਚ ਫਾਂਸੀ ਹੋਈ ਸੀ।

8 ਮਈ 1915 ਨੂੰ ਬਾਲ ਮੁਕੰਦ ਨੂੰ ਦਿੱਲੀ ਬੰਬ ਕਾਂਡ 'ਚ ਦੋਸ਼ੀ ਠਹਿਰਾ ਕੇ ਫਾਂਸੀ ਦਿੱਤੀ ਗਈ। ਉਹ ਸ਼ਹੀਦਾਂ ਦੀ ਕਤਾਰ ਦੇ ਚਮਕਦੇ ਸਿਤਾਰੇ ਹਨ। ਉਨ੍ਹਾਂ ਦੀ ਪਤਨੀ ਬੀਬੀ ਰਾਮ ਰੱਖੀ ਫਾਂਸੀ ਦਾ ਪਤਾ ਲੱਗਣ ਪਿਛੋਂ ਦਮ ਤੋੜ ਗਏ ਸਨ।


8 ਮਈ 1915 ਨੂੰ ਅਵਧ ਬਿਹਾਰੀ ਅਤੇ ਮਾਸਟਰ ਅਮੀਰ ਚੰਦ ਨੂੰ 23 ਦਸੰਬਰ 1912 ਦੇ ਦਿੱਲੀ ਚਾਂਦਨੀ ਚੌਂਕ 'ਚ ਲਾਰਡ ਹਾਰਡਿੰਗ 'ਤੇ ਬੰਬ ਸੁੱਟਣ ਦੇ ਕੇਸ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

9 ਮਈ 1938 ਨੂੰ ਬਾਬਾ ਜਵਾਲਾ ਸਿੰਘ ਠੱਠੀਆਂ ਬੱਸ ਹਾਦਸੇ ਵਿਚ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੇ ਮਾਣਮੱਤੇ ਇਤਿਹਾਸ ਦਾ ਪੰਨਾ ਬਣ ਗਏ। ਉਹ ਗਦਰ ਪਾਰਟੀ ਦੇ ਬਾਨੀਆਂ ਵਿਚ ਮੋਹਰਲੀ ਕਤਾਰ ਦੇ ਆਗੂ ਸਨ ਅਤੇ ਗਦਰ ਅਖਬਾਰ ਸ਼ੁਰੂ ਕੀਤੀ। ਅਮਰੀਕਾ ਵਿਚ ਆਲੂਆਂ ਦੇ ਬਾਦਸ਼ਾਹ ਸਨ, ਪਰ ਹਿੰਦੋਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਅਮਰੀਕਾ ਤੋਂ ਵਾਪਿਸ ਆ ਕਿਸਾਨਾਂ ਦੀ ਅਗਵਾਈ ਕੀਤੀ ਤੇ ਮੁਜਾਹਰਾ ਲਹਿਰ ਚਲਾਈ। ਜਮੀਨ ਹਲ ਵਾਹਕ ਦੀ (Land to Tiller) ਲੜਾਈ ਲੜੀ ਗਦਰ ਲਹਿਰ ਦੇ ਮੋਹਰੀ ਆਗੂ ਵਜੋਂ ਹਮੇਸ਼ਾ ਯਾਦ ਰਹਿਣਗੇ।


ਬਾਬਾ ਜਵਾਲਾ ਸਿੰਘ ਠੱਠੀਆਂ



ਭਗਤ ਸਿੰਘ ਉਰਫ ਗਾਂਧਾ


ਭਗਵਤੀ ਚਰਨ ਵੋਹਰਾ


ਮੌਲਾਨਾ ਹਸਰਤ ਮੋਹਾਨੀ


ਗੁਰਚਰਨ ਸਿੰਘ ਸਹਿੰਸਰਾ


ਮਾਸਟਰ ਅਮੀਰ ਚੰਦ


ਨਾਮ੍ਹਾ


ਦੀਪਕ ਧਵਨ

10 ਮਈ 1915 ਨੂੰ ਬਸੰਤ ਕੁਮਾਰ ਨੂੰ 23 ਦਸੰਬਰ 1912 ਦੇ ਦਿੱਲੀ ਚਾਂਦਨੀ ਚੌਂਕ ਵਿਚ ਲਾਰਡ ਹਾਰਡਿੰਗ 'ਤੇ ਬੰਬ ਸੁੱਟਣ ਦੇ ਦੋਸ਼ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

10 ਮਈ 1991 ਨੂੰ ਆਜ਼ਾਦੀ ਘੁਲਾਟੀਏ ਪ੍ਰੀਤਮ ਸਿੰਘ ਲਿੱਤਰਾਂ (ਜਿਲਾ ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ ਤੇ ਆਜ਼ਾਦੀ-ਏ-ਹਿੰਦੋਸਤਾਨ ਦੇ ਸ਼ਹੀਦਾਂ ਦੀ ਕਤਾਰ ਵਿਚ ਖਲੋ ਗਏ। ਉਹ ਕਿਸਾਨ ਜਥੇਬੰਦੀਆਂ ਵਿਚ ਮੋਹਰੀ ਸਫਾਂ ਦੇ ਆਗੂ ਸਨ। ਆਖਰੀ ਦਮ ਤੱਕ ਮਜ਼ਦੂਰ ਕਿਸਾਨ ਦੀ ਲੁੱਟ ਵਿਰੁੱਧ ਲੜੇ ਤੇ ਕਈ ਵਾਰ ਜੇਲ੍ਹ ਯਾਤਰਾ ਕੀਤੀ।

12 ਮਈ 1899 ਨੂੰ ਬਾਲ ਕ੍ਰਿਸ਼ਨ ਨੂੰ ਜਰਵਦਾ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਦੋਸ਼ ਇਹ ਸਨ ਕਿ ਉਨ੍ਹਾਂ ਮਹਾਰਾਣੀ ਦੇ ਬੁੱਤ ਨੂੰ ਕਾਲਖ ਮਲੀ ਅਤੇ ਏਅਰ-ਕਮਾਂਡਰ ਤੇ ਪੁਲਿਸ ਅਫਸਰ ਰੈਂਡ ਨੂੰ ਗੋਲੀਆਂ ਮਾਰ ਕੇ ਹਲਾਕ ਕੀਤਾ।

12 ਮਈ 1973 ਨੂੰ ਅੰਗਰੇਜ਼ ਵਿਰੋਧੀ ਦੇਸ਼ ਭਗਤ ਜਥੇਦਾਰ ਚੰਨਣ ਸਿੰਘ ਸੀਹਰਾ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੀ ਕਤਾਰ ਵਿਚ ਖਲੋ ਗਏ। ਉਹ ਜੈਤੋਂ ਦੇ ਮੋਰਚੇ ਵਿਚ ਗਏ, ਪਰ ਛੋਟੀ ਉਮਰ ਹੋਣ ਕਰਕੇ ਵਾਪਿਸ ਭੇਜ ਦਿੱਤਾ ਗਿਆ। ਉਨ੍ਹਾਂ ਕਿਰਪਾਨ ਮੋਰਚਾ (ਲਾਹੌਰ) ਵਿਚ ਬਾਬਾ ਗੰਗਾ ਸਿੰਘ ਨਾਲ ਜੇਲ੍ਹ ਯਾਤਰਾ ਕੀਤੀ।

13 ਮਈ 1951 ਦੇ ਦਿਨ ਮੌਲਾਨਾ ਹਸਰਤ ਮੋਹਾਨੀ ਸਦੀਵੀ ਵਿਛੋੜਾ ਦੇ ਗਏ ਤੇ ਸ਼ਹੀਦਾਂ ਦੀ ਕਤਾਰ ਵਿਚ ਸ਼ਾਮਲ ਹੋ ਗਏ। ਗਦਰ ਲਹਿਰ ਵਿਚ ਕੰਮ ਕਰਨ ਦੇ ਦੋਸ਼ ਵਿਚ ਉਹ ਦੋ ਸਾਲ ਜੇਲ੍ਹ ਗਏ। ਸਾਰੀ ਜ਼ਿੰਦਗੀ ਦੇਸ਼ ਦੀ ਆਜ਼ਾਦੀ ਲਈ ਲੜੇ ਅਤੇ ਅੰਗਰੇਜ਼ ਜਾਣ ਪਿਛੋਂ ਦੇਸ਼ ਦੀ ਬਿਹਤਰੀ ਤੇ ਜਨਤਾ ਲਈ ਹੱਕ ਸੱਚ ਦੀ ਲੜਾਈ ਲੜਦੇ ਰਹੇ।

14 ਮਈ 1934 ਨੂੰ ਬੈਕੁੰਠ ਸ਼ੁਕਲ ਜਲਾਲਪੁਰ (ਬਿਹਾਰ) ਦੀ ਗਯਾ ਜੇਲ੍ਹ 'ਚ ਸ਼ਹੀਦ ਹੋ ਗਏ। ਉਹ ਨੌਜਵਾਨ ਭਾਰਤ ਸਭਾ ਦੇ ਇਨਕਲਾਬੀ ਮੈਂਬਰ ਸਨ। ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਖਿਲਾਫ ਗਵਾਹੀ ਦੇਣ ਵਾਲੇ ਲਾਹੌਰ ਸਾਜ਼ਿਸ਼ ਕੇਸ ਦੇ ਸਰਕਾਰੀ ਗਵਾਹ ਫਨਿੰਦਰ ਘੋਸ਼ ਦੇ ਕਤਲ ਦੇ ਦੋਸ਼ 'ਚ ਫਾਂਸੀ ਹੋਈ।

16 ਮਈ 1916 ਨੂੰ ਭਗਤ ਸਿੰਘ ਉਰਫ ਗਾਂਧਾ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ 'ਤੇ ਫੇਰੂ ਸਾਕੇ ਵਿਚ ਸ਼ਮੂਲੀਅਤ, ਥਾਣੇਦਾਰ ਤੇ ਜ਼ੈਲਦਾਰ ਨੂੰ ਗੋਲੀਆਂ ਮਾਰ ਕੇ ਪਾਰ ਬੁਲਾਉਣ ਦੇ ਦੋਸ਼ ਸਨ।

16 ਮਈ 1931 ਨੂੰ ਅਕਾਲੀ ਬੱਬਰ ਲਾਭ ਸਿੰਘ, ਭਾਨ ਸਿੰਘ ਵਾਸੀ ਰੰਧਾਵਾ ਮਸੰਦਾਂ (ਜਲੰਧਰ) ਅਤੇ ਸਾਧੂ ਸਿੰਘ ਸਾਧੜਾ (ਹੁਸ਼ਿਆਰਪੁਰ) ਨੂੰ ਪੁਲਿਸ ਅਫਸਰਾਂ ਤੇ ਮੁਖਬਰਾਂ ਨੂੰ ਮਾਰਨ ਦੇ ਦੋਸ਼ ਹੇਠ ਜਲੰਧਰ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਮੁਖਬਰ ਬੱਬਰਾਂ ਦੇ ਪਰਿਵਾਰਾਂ ਨੂੰ ਤੰਗ ਕਰਦੇ ਸਨ, ਜਦੋਂ ਕਿ ਬੱਬਰ ਮੈਦਾਨੇ ਜੰਗ ਵਿਚ ਸਨ।

17 ਮਈ 1933 ਨੂੰ ਮਹਾਂਬੀਰ ਸਿੰਘ ਅੰਡੇਮਾਨ, ਕਾਲੇ ਪਾਣੀ ਜੇਲ੍ਹ 'ਚ ਸੁਵਿਧਾਵਾਂ ਵਿਰੁੱਧ ਰੱਖੀ ਭੁੱਖ ਹੜਤਾਲ ਕਰਕੇ ਸ਼ਹੀਦੀ ਪਾ ਗਏ।

18 ਮਈ 1986 ਨੂੰ ਦੇਸ਼ ਭਗਤ ਬਾਬਾ ਖੜਕ ਸਿੰਘ (ਕਾਰ ਸੇਵਾ ਵਾਲੇ) ਅਕਾਲ ਚਲਾਣਾ ਕਰ ਗਏ ਤੇ ਸ਼ਹੀਦਾਂ ਦੀ ਲੰਬੀ ਕਤਾਰ ਦਾ ਹਿੱਸਾ ਬਣੇ। ਜੈਤੋਂ ਦੇ ਮੋਰਚੇ 'ਚ ਹਿੱਸਾ ਲਿਆ, ਕਈ ਗੁਰੂ ਘਰਾਂ ਦੀ ਕਾਰ ਸੇਵਾ ਕੀਤੀ ਅਤੇ ਸਕੂਲ ਤੇ ਕਾਲਜ ਖੋਲ੍ਹੇ।

19 ਮਈ 1939 ਨੂੰ ਬੱਬਰ ਅਕਾਲੀ ਗਿਆਨੀ ਗੁਰਦਿੱਤ ਸਿੰਘ ਦਲੇਰ, ਮੰਢਾਲੀ (ਨਵਾਂ ਸ਼ਹਿਰ) ਗੱਦਾਰ ਅਨੂਪ ਸਿੰਘ ਨੂੰ ਪਾਰ ਬੁਲਾਉਣ ਦੇ ਦੋਸ਼ 'ਚ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦ ਹੋ ਗਏ।

19 ਮਈ 1987 ਨੂੰ ਦੀਪਕ ਧਵਨ ਨੂੰ ਸਮਾਜ ਵਿਰੋਧੀ ਸਿਰ ਫਿਰਿਆਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਮਜ਼ਦੂਰਾਂ-ਕਿਸਾਨਾਂ ਨੂੰ ਆਪਣੇ ਹੱਕਾਂ ਲਈ ਜਾਗ੍ਰਿਤ ਕਰਨਾ, ਲੁੱਟ ਰਹਿਤ ਸਮਾਜ ਦੀ ਸਿਰਜਣਾ ਅਤੇ ਆਜ਼ਾਦੀ ਨੂੰ ਬਚਾਉਣਾ ਉਨ੍ਹਾਂ ਦਾ ਨਿਸ਼ਾਨਾ ਸੀ। ਸੱਚ ਹੀ ਦੀਪਕ ਸਨ, ਜਿਨ੍ਹਾਂ ਦੀ ਲੋਅ ਅੱਜ ਵੀ ਮਜ਼ਦੂਰ ਜਗਤ ਨੂੰ ਰੌਸ਼ਨ ਕਰ ਰਹੀ ਹੈ।

25 ਮਈ 1919 ਨੂੰ ਅਹਿਮਦ ਉਲ੍ਹਾ ਸ਼ਹੀਦੀ ਜਾਮ ਪੀ ਗਏ। ਉਹ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਵਿਚ ਜਖਮੀ ਹੋ ਗਏ ਸਨ।

26 ਮਈ 1917 ਦੇ ਦਿਨ ਇੰਦਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਪੁਲਿਸ ਮੁਖਬਰ ਗੁਰਮੁਖ ਸਿੰਘ ਪੱਧਰੀ ਕਲਾਂ ਨੂੰ ਮਾਰਨ ਦੇ ਦੋਸ਼ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਸੇ ਦਿਨ ਜਵੰਦ ਸਿੰਘ ਉਰਫ ਜਸਵੰਤ ਸਿੰਘ ਨੰਗਲ ਕਲਾਂ (ਹੁਸ਼ਿਆਰਪੁਰ) ਨੂੰ ਪੰਜਵੇਂ ਲਾਹੌਰ ਸਾਜ਼ਿਸ਼ ਕੇਸ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

26 ਮਈ 1917 ਵਾਲੇ ਦਿਨ ਹੀ ਕੈਨੇਡਾ ਦੇ ਗਦਰੀ ਯੋਧੇ ਹਰਨਾਮ ਸਿੰਘ ਉਰਫ ਨਾਮ੍ਹਾ, ਬਾਬੂ ਅਤੇ ਸੁਰਜਨ ਸਿੰਘ ਫਤਿਹਗੜ੍ਹ (ਹੁਸ਼ਿਆਰਪੁਰ) ਫੇਰੂ ਮੁਕੱਦਮੇ ਵਿਚ ਫਾਂਸੀ ਦੇ ਰੱਸੇ ਚੁੰਮ ਕੇ ਸ਼ਹੀਦ ਹੋ ਗਏ। ਨਾਮ੍ਹੇ ਅਤੇ ਬਾਬੂ 'ਤੇ ਇਹ ਦੋਸ਼ ਵੀ ਸੀ ਕਿ ਉਹ ਮੰਡੀ ਦੇ ਰਾਜੇ ਦੇ ਭਤੀਜੇ ਠਾਕਰ ਜਵਾਹਰ ਸਿੰਘ ਨੂੰ ਗਦਰ ਪਾਰਟੀ ਨਾਲ ਜੁੜਨ ਵਾਸਤੇ ਕਹਿੰਦੇ ਸਨ।

28 ਮਈ 1930 ਨੂੰ ਭਗਵਤੀ ਚਰਨ ਵੋਹਰਾ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਨੂੰ ਬਾਹਰ ਕੱਢਣ ਲਈ ਜੇਲ੍ਹ ਤੋੜਨ ਵਾਸਤੇ ਬੰਬ ਬਣਾ ਰਹੇ ਸਨ, ਜੋ ਟੈਸਟਿੰਗ ਦੌਰਾਨ ਹੀ ਚੱਲ ਗਿਆ ਤੇ ਸ੍ਰੀ ਵੋਹਰਾ ਸ਼ਹੀਦ ਹੋ ਗਏ।

31 ਮਈ 1930 ਦੇ ਦਿਨ ਗੁਰੂ ਅਰਜਨ ਦੇਵ ਜੀ ਦੇ ਪੁਰਬ ਦਿਹਾੜੇ ਮੌਕੇ ਡਾ. ਗੰਗਾ ਸਿੰਘ ਆਪਣੇ ਪਰਿਵਾਰ ਨਾਲ ਟਾਂਗੇ ਵਿਚ ਬੈਠ ਕੇ ਗੁਰੂਘਰ ਜਾ ਰਹੇ ਸਨ। ਡਾ. ਗੰਗਾ ਸਿੰਘ ਕਦੀ ਵੀ ਕਿਸੇ ਗੋਰੇ ਅਫਸਰ ਨੂੰ ਸਲੂਟ ਨਹੀਂ ਸਨ ਮਾਰਦੇ। ਟਾਂਗਾ ਕਾਬਲੀ ਦਰਵਾਜੇ ਥਾਣੀਂ ਲੰਘਣ ਲੱਗਾ ਤਾਂ ਉਸ ਪਿਕਟ ਦੇ ਇੰਚਾਰਜ ਲੈਫਟੀਨੈਂਟ ਬਰ, ਜੋ ਪਹਿਲਾਂ ਹੀ ਡਾ. ਗੰਗਾ ਸਿੰਘ ਤੋਂ ਔਖਾ ਸੀ, ਨੇ ਬਿਨਾ ਕਾਰਨ ਗੋਲੀ ਦਾ ਹੁਕਮ ਦੇ ਦਿੱਤਾ, ਜਿਸ ਦੌਰਾਨ ਸਵਾ ਸਾਲ ਦੀ ਬੇਟੀ ਹਰਪਾਲ ਕੌਰ ਤੇ 9 ਸਾਲ ਦਾ ਬੇਟਾ ਬਚਿੱਤਰ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਦੇਸ਼ ਲਈ ਲੜਨ ਵਾਲਿਆਂ ਨੇ ਆਪਣੇ ਬੱਚੇ ਵੀ ਸ਼ਹੀਦ ਕਰਵਾਏ।

## ਮਈ ਮਹੀਨੇ ਦੇ ਹੋਰ ਸ਼ਹੀਦਾਂ ਦਾ ਵੇਰਵਾ, ਜਿਨ੍ਹਾਂ ਦੀ ਸ਼ਹੀਦੀ ਤਾਰੀਖ ਨਹੀਂ ਮਿਲ ਸਕੀ:

ਮਈ 1944 'ਚ ਜੈਮਲ ਸਿੰਘ ਬਰਮਾ ਜੇਲ੍ਹ 'ਚ ਸ਼ਹੀਦ ਹੋਏ। ਉਹ ਆਜ਼ਾਦ ਹਿੰਦ ਫੌਜ ਦੀ ਤੀਜੀ ਗੁਰੀਲਾ ਰੈਜੀਮੈਂਟ ਵਿਚ ਸਨ ਅਤੇ ਪਿੰਡ ਪਾਂਡੂਵਾ, ਡਾਕਖਾਨਾ ਦਾਲੀਆ ਦੱਦਰੀ (ਮਹਿੰਦਰਗੜ੍ਹ) ਤੋਂ ਸਨ।

ਮਈ 1915 'ਚ ਜਮਨ ਸਿੰਘ ਪਿੰਡ ਠੱਕੋਵਾਲ, ਗੜ੍ਹਸ਼ੰਕਰ (ਹੁਸ਼ਿਆਰਪੁਰ) ਬਰਮਾ ਜੇਲ੍ਹ 'ਚ ਸ਼ਹੀਦੀ ਪਾ ਗਏ। ਉਹ ਦੇਸ਼ ਆਜ਼ਾਦੀ ਲਈ ਕੈਨੇਡਾ ਤੋਂ ਵਾਪਿਸ ਆ ਕੇ ਗਦਰ ਪਾਰਟੀ ਦਾ ਹਿੱਸਾ ਬਣੇ।

ਮਈ 2001 'ਚ ਆਜ਼ਾਦ ਹਿੰਦ ਫੌਜ ਦੇ ਸਿਪਾਹੀ ਮਹਿੰਮਾ ਸਿੰਘ ਨੰਨੜਾ ਸਦੀਵੀ ਵਿਛੋੜਾ ਦੇ ਗਏ। ਉਹ ਜਿਲਾ ਸੰਗਰੂਰ ਦੇ ਪਿੰਡ ਰੰਗੀਆਂ ਤੋਂ ਸਨ ਅਤੇ ਸਾਰਾ ਜੀਵਨ ਦੇਸ਼ ਦੀ ਉਸਾਰੀ ਲਈ ਸਮਰਪਿਤ ਕੀਤਾ।

**ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਦੇ ਯਤਨ ਹਨ ਕਿ ਹਿੰਦੋਸਤਾਨ ਦੀ ਆਜ਼ਾਦੀ ਲਈ ਜਿਨ੍ਹਾਂ ਯੋਧਿਆਂ ਨੇ ਸ਼ਹੀਦੀਆਂ ਪਾਈਆਂ, ਉਨ੍ਹਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਕੇ ਸ਼ਹੀਦਾਂ ਦੇ ਅਣਖੀ ਵਿਰਸੇ ਬਾਰੇ ਦੱਸੀਏ। ਬਹੁਤ ਸ਼ਹੀਦ ਅਜਿਹੇ ਹਨ, ਜਿਨ੍ਹਾਂ ਆਪਣੀਆਂ ਜਾਨਾਂ ਹਿੰਦੋਸਤਾਨ ਦੀ ਆਜ਼ਾਦੀ ਲਈ ਨਿਛਾਵਰ ਕਰ ਦਿੱਤੀਆਂ, ਪਰ ਭੁੱਲੇ ਵਿਸਰੇ ਹੋਏ ਹਨ। ਜੇ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ ਸਾਡੇ ਨਾਲ ਫੋਨ: 347-753-5940 ਰਾਹੀਂ ਸਾਂਝੀ ਕਰ ਸਕਦਾ ਹੈ ਤਾਂ ਜੋ ਉਨ੍ਹਾਂ ਨੂੰ ਬਣਦਾ ਮਾਣ ਮਿਲ ਸਕੇ।**

## ਵਲੋਂ: ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ

## ਉਠੋ! ਜਾਗੋ!!

ਲਹਿਰਾਂ ਬਣ ਉਠੋ, ਭੁੱਖਾਂ ਦਿਓ ਲਤਾੜਿਓ।
ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ।

ਬੱਝੀਆਂ ਨਾ ਰਹਿਣ ਇਹ ਰਵਾਇਤੀ ਲੜੀਆਂ
ਉਠੋ ਵੇ ਗੁਲਾਮੀ ਦੀਆਂ ਤੋੜੋ ਕੜੀਆਂ।
ਕਿਰਤਾਂ ਦਾ ਜ਼ੋਰ ਜੁੱਸਿਆਂ 'ਚ ਭਰ ਕੇ
ਲੁੱਟ ਦਾ ਇਹ ਰਾਜ ਜੜ੍ਹਾਂ ਤੋਂ ਉਖਾੜਿਓ।

ਬੁੱਢਾ ਹੋ ਪੁਰਾਣਾ ਢਾਂਚਾ ਜਦੋਂ ਥੰਮ੍ਹਦਾ
ਉਹਨੂੰ ਤੋੜ ਨਵਾਂ ਸੰਸਾਰ ਜੰਮਦਾ।
ਨਵਾਂ ਤੇ ਉਸਾਰੂ ਜੱਗ ਰਚਣੇ ਲਈ
ਗਲੀ-ਸੜੀ ਹਰ ਚੀਜ਼ ਨੂੰ ਨਕਾਰਿਓ।

ਨਵੀਆਂ ਹੀ ਲੀਹਾਂ 'ਤੇ ਉਸਾਰ ਹੋਊਗਾ
ਸਾਰਾ ਜੱਗ ਸਾਡਾ ਪਰਿਵਾਰ ਹੋਊਗਾ।
ਲੋਟੂਆਂ ਦੇ ਹੱਥਾਂ ਨੇ ਤੁਹਾਥੋਂ ਖੋਹਿਆ ਜੋ
ਸਭ ਹੋਊ ਤੁਹਾਡਾ ਸਿਰਜਣ-ਹਾਰਿਓ।

ਮਹਿਲਾਂ 'ਚੋਂ ਨਾ ਸਾਡੇ 'ਤੇ ਕੋਈ ਰਾਜ ਵੇ ਕਰੇ
ਰਾਜਿਆਂ ਦੀ ਸਾਨੂੰ ਹੁਣ ਵਫਾ ਨਾ ਫੜੇ।
ਧੁਖ ਰਹਿਓ ਮੱਚੋ ਹੁਣ ਲਾਟਾਂ ਬਣ ਕੇ
ਤਖਤਾਂ ਨੂੰ ਢਾਹਵੋ, ਤਾਜਾਂ ਨੂੰ ਉਛਾਲਿਓ।

ਹਾਕਮਾਂ ਦੇ ਲਾਰਿਆਂ ਨੂੰ ਉਠੋ ਤੋੜ ਕੇ
ਸਮਾਂ ਲੰਘ ਜਾਵੇ ਨਾ ਤੁਹਾਨੂੰ ਰੋਲ ਕੇ।
ਰਾਜ ਮਹਿਲਾਂ ਤਾਈਂ ਦੇਵੇ ਕਾਂਬਾ ਛੇੜ ਜੋ
ਐਸੀ ਤੋਰ ਤੁਰੋ ਕੁੱਲੀਓ ਤੇ ਢਾਰਿਓ।

ਲੋਟੂਆਂ ਤੋਂ ਲੁੱਟ ਵਾਲਾ ਰਾਜ ਖੋਹਣ ਲਈ
ਕੈਦ ਹੋਈਆਂ ਰੂਹਾਂ ਦੇ ਆਜ਼ਾਦ ਹੋਣ ਲਈ
।
ਸਾਂਝਿਆਂ ਦੁੱਖਾਂ ਦੇ ਵਿਚ ਸ਼ਰੀਕ ਹੋਇਕੇ
ਮੁਕਤੀ ਦੇ ਰਾਹ ਸੋਚਿਓ, ਵਿਚਾਰਿਓ।

ਖੁਦ ਆਪਣੇ ਹੀ ਕੰਮਕਾਰ ਮਿਥਾਂਗੇ
ਕਿੱਦਾਂ ਦਾ ਇਹ ਹੋਊ ਸੰਸਾਰ ਮਿਥਾਂਗੇ।
ਮਿਹਨਤ 'ਚੋਂ ਉਸਰੀ ਏ ਹਰ ਰਚਨਾ
ਦੁਨੀਆਂ ਤੁਹਾਡੀ, ਦੁਨੀਆਂ ਦੇ ਘਾੜਿਓ।

ਧਰਤੀ ਜਾਗੀਰ ਨਹੀਂਓ ਇੱਲ੍ਹਾਂ-ਜੋਕਾਂ ਦੀ
ਧਰਤੀ ਹੈ ਮਾਂ ਧਰਤੀ ਦੇ ਲੋਕਾਂ ਦੀ।
ਇੱਲ੍ਹਾਂ, ਕਾਂਵਾਂ, ਜੋਕਾਂ ਦਾ ਸਫਾਇਆ ਕਰਕੇ
ਕਿਰਤਾਂ ਦਾ ਝੰਡਾ ਸੂਰਜਾਂ 'ਤੇ ਚਾੜ੍ਹਿਓ।

ਫੌਜੀਓ, ਸਿਪਾਹੀਓ ਜਾਣੋ ਹਲਚਲ ਨੂੰ
ਮੋੜ ਲਓ ਬੰਦੂਕਾਂ ਹਾਕਮਾਂ ਦੇ ਵੱਲ ਨੂੰ।
ਜਿਨ੍ਹਾਂ ਦੀਆਂ ਗੋਦਾਂ ਵਿਚ ਜੰਮੇ ਪਲੇ ਹੋ
ਓ! ਲੋਕ ਜਾਇਓ, ਲੋਕਾਂ ਨੂੰ ਨਾ ਮਾਰਿਓ।

ਆਖਰੀ ਏ ਆਪਣੀ ਲੜਾਈ ਸਾਥੀਓ
ਥਾਂ ਥਾਂ ਉਠੋ ਕਰ ਦਿਓ ਚੜ੍ਹਾਈ ਸਾਥੀਓ।
ਲੁੱਟ ਦੇ ਮਸੀਹੇ ਤਾਈਂ ਰੱਦ ਕਰਕੇ
ਹੁਕਮ-ਕਾਨੂੰਨ ਪੈਰਾਂ 'ਚ ਲਤਾੜਿਓ।

ਲਹਿਰਾਂ ਬਣ ਉਠੋ ਭੁੱਖਾਂ ਦੇ ਲਿਤਾੜਿਓ
ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ।

*-ਯੂਜੀਨ ਪੋਤੀਏ*
*ਪੰਜਾਬੀ ਰੂਪ: ਡਾ. ਸੁਖਪਾਲ ਸੰਘੇੜਾ*

# ਤਬਾਹੀ ਦੇ ਤੂਫਾਨ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ: 916-273-2856
www.boparaisudhar.com

ਦਰਸ਼ਨ ਮਾਪਿਆਂ ਦਾ ਇਕਲੌਤਾ ਪੁੱਤ ਸੀ। ਜ਼ਮੀਨ ਦੇ ਦਸ ਕਿੱਲੇ ਬਹੁਤ ਸਨ ਗੁਜ਼ਾਰੇ ਲਈ। ਸਾਊ ਪਰਿਵਾਰ ਸੀ, ਜ਼ਮਾਨੇ ਦਾ ਬਹੁਤਾ ਅਸਰ ਨਹੀਂ ਸੀ। ਦਸਾਂ ਨਹੁੰਆਂ ਦੀ ਕਿਰਤ ਕਰ ਕੇ ਖਾਣ ਵਾਲਾ ਪਰਿਵਾਰ ਸੀ। ਮਾਪਿਆਂ ਨੇ ਦਰਸ਼ਨ ਨੂੰ ਦਸ ਜਮਾਤਾਂ ਪਾਸ ਕਰਵਾ ਕੇ ਖੇਤੀਬਾੜੀ ਕਰਨ ਲਾ ਲਿਆ। ਇਉਂ ਉਹ ਬਾਪੂ ਨਾਲ ਹੱਥ ਵਟਾਉਣ ਲੱਗ ਗਿਆ ਅਤੇ ਛੇਤੀ ਹੀ ਖੇਤੀਬਾੜੀ ਦੇ ਗੁਰ ਸਿੱਖ ਗਿਆ। ਥੋੜ੍ਹੇ ਸਾਲ ਮਿਹਨਤ ਕਰ ਕੇ ਦਰਸ਼ਨ ਨੇ ਨਵਾਂ ਟਰੈਕਟਰ ਲੈ ਲਿਆ। ਬਾਪੂ ਦਾ ਹਲ-ਪੰਜਾਲੀ ਤੋਂ ਖਹਿੜਾ ਛੁਡਾ ਦਿੱਤਾ। ਉਹ ਹੁਣ ਕਮਾਊ ਪੁੱਤ ਬਣ ਗਿਆ ਸੀ।

ਦਰਸ਼ਨ ਦਾ ਦਰਸ਼ਨੀ ਸਰੀਰ ਦੇਖ ਕੇ ਭੁੱਖ ਲਹਿੰਦੀ ਸੀ। ਫਿਰ ਉਹਨੂੰ ਰਿਸ਼ਤੇ ਆਉਣ ਲੱਗ ਗਏ। ਪੱਤੀ ਵਿਚੋਂ ਹੀ ਇਕ ਚਾਚੇ ਨੇ ਆਪਣੇ ਸਾਲੇ ਦੀ ਧੀ ਦਾ ਰਿਸ਼ਤਾ ਕਰਵਾ ਦਿੱਤਾ। ਉਨ੍ਹੀਂ ਦਿਨੀਂ ਦਸ ਕਿੱਲਿਆਂ ਵਾਲੇ ਨੂੰ ਲੋਕ ਹੀਰੋ ਹਾਂਡਾ ਮੋਟਰਸਾਈਕਲ ਤਾਂ ਆਮ ਹੀ ਦੇ ਦਿੰਦੇ ਸਨ, ਸਹੁਰਿਆਂ ਨੇ ਦਰਸ਼ਨ ਨੂੰ ਮਾਰੂਤੀ ਕਾਰ ਦਿੱਤੀ, ਪਰ ਦਰਸ਼ਨ ਨੇ ਕਾਰ ਵਾਪਸ ਕਰ ਦਿੱਤੀ। ਉਹ ਸਹੁਰਿਆਂ ਨੂੰ ਕਹਿੰਦਾ ਕਿ ਤੁਹਾਡੇ ਇਕੱਠੇ ਪਰਿਵਾਰ ਵਿਚ ਸੱਤ ਕੁੜੀਆਂ ਹਨ, ਫਿਰ ਤਾਂ ਤੁਹਾਨੂੰ ਸੱਤ ਮਾਰੂਤੀਆਂ ਦੇਣੀਆਂ ਪੈਣਗੀਆਂ, ਇਸ ਕਰ ਕੇ ਮੈਂ ਮਾਰੂਤੀ ਕਾਰ ਨਹੀਂ ਲੈਣੀ। ਹੱਸਦਾ-ਹੱਸਦਾ ਕਹਿੰਦਾ, "ਨਾਲੇ ਮੈਂ ਇਸ ਵਿਚ ਪੈਟਰੋਲ ਪਵਾਉਂਦਾ ਕਰਜ਼ਾਈ ਨਹੀਂ ਹੋਣਾ। ਮੇਰੇ ਕੋਲ ਜਾਣ-ਆਉਣ ਵਾਸਤੇ ਸਕੂਟਰ ਹੈ।"

ਦਰਸ਼ਨ ਦੀ ਇਸ ਗੱਲ ਕਰ ਕੇ ਪਿੰਡਾਂ ਵਿਚ ਵਾਹਵਾ ਵਡਿਆਈ ਹੋਈ। ਕੋਈ ਕਹੇ, ਹੋਵੇ ਏਕ ਹੋਵੇ ਨੇਕ। ਕੋਈ ਕਹੇ, ਜੇ ਅਜਿਹੇ ਜਵਾਈ ਲੱਭਣ ਤਾਂ ਕੋਈ ਕੁੜੀ ਜੰਮਣ ਤੋਂ ਨਾ ਡਰੇ! ਅਸਲ ਵਿਚ, ਦਰਸ਼ਨ ਦੀ ਸੋਚ ਬਹੁਤ ਉਚੀ ਸੀ। ਮਾਰੂਤੀ ਮੋੜ ਕੇ ਉਸ ਦਾ ਕੱਦ ਘਰ ਵਾਲੀ ਮੂਹਰੇ ਵੀ ਹੋਰ ਉਚਾ ਹੋ ਗਿਆ ਸੀ। ਸਹੁਰਿਆਂ ਤੋਂ ਮਿਲਿਆ ਤਾਂ ਬੰਦਾ ਭੋਰਾ ਵਾਪਸ ਨਹੀਂ ਕਰਦਾ, ਇਹ ਤਾਂ ਮਾਰੂਤੀ ਸੀ। ਖੈਰ! ਦਰਸ਼ਨ ਆਪਣੀ ਘਰ ਵਾਲੀ ਬੀਰੋ ਨਾਲ ਬਹੁਤ ਖੁਸ਼ ਸੀ।

ਬੀਰੋ ਨੇ ਵੀ ਦਰਸ਼ਨ ਦੇ ਘਰ ਆ ਕੇ 'ਦਿਨ ਦੁੱਗਣੀ ਰਾਤ ਚੌਗਣੀ' ਮਿਹਨਤ ਕੀਤੀ। ਪੈਸੇ ਨਾਲ ਪੈਸਾ ਜੁੜਦਾ ਗਿਆ। ਫਿਰ ਦਰਸ਼ਨ ਨੇ ਬਾਪੂ ਵਾਲਾ ਪੁਰਾਣਾ ਘਰ ਢਾਹ ਕੇ ਕੋਠੀ ਵਰਗਾ ਘਰ ਬਣਾ ਲਿਆ। ਪਸ਼ੂਆਂ ਵਾਸਤੇ ਵੱਖਰਾ ਬਰਾਂਡਾ ਤੇ ਤੂੜੀ ਵਾਲਾ ਕੋਠਾ ਉਸਾਰ ਦਿੱਤਾ। ਦੋਹਾਂ ਜੀਆਂ ਨੇ ਬੜੀ ਵਧੀਆ ਵਿਉਂਤਬੰਦੀ ਨਾਲ ਮਕਾਨ ਦਾ ਕਾਰਜ ਸਿਰੇ ਚੜ੍ਹਾਇਆ। ਆਂਢ-ਗੁਆਂਢ ਬੀਰੋ ਦੀਆਂ ਸਿਫਤਾਂ ਹੁੰਦੀਆਂ। ਸੱਸ ਆਪਣੀ ਨੂੰਹ ਦੀਆਂ ਸਿਫਤਾਂ ਸੁਣ ਕੇ ਅੱਖਾਂ ਵਿਚੋਂ ਹਸਦੀ। ਪਰਮਾਤਮਾ ਦਾ ਓਟ ਆਸਰਾ ਲੈਣ ਲਈ ਘਰ ਸਹਿਜ ਪਾਠ ਕਰਵਾਇਆ ਗਿਆ। ਰਿਸ਼ਤੇਦਾਰ, ਸ਼ਰੀਕਾ ਕਬੀਲਾ ਆਇਆ, ਸਭ ਦਾ ਮਨ ਬਾਗੋ-ਬਾਗ ਹੋ ਗਿਆ।

ਦਰਸ਼ਨ ਦੀ ਗ੍ਰਿਹਿਸਥ-ਗੱਡੀ ਆਪਣੀ ਚਾਲੇ ਤੁਰਦੀ ਗਈ। ਬੀਰੋ ਦੀ ਕੁੱਖ ਹਰੀ ਹੋਈ, ਉਹਨੇ ਪਲੇਠੀ ਧੀ ਨੂੰ ਜਨਮ ਦਿੱਤਾ। ਸਭ ਨੇ ਪਹਿਲਾਂ ਆਏ ਜੀਅ ਨੂੰ ਲਾਡ ਪਿਆਰ ਨਾਲ ਕਬੂਲਿਆ। ਦਾਦੇ-ਦਾਦੀ ਲਈ ਪਰਮਾਤਮਾ ਨੇ ਖਿਡੌਣਾ ਦੇ ਦਿੱਤਾ ਸੀ। ਘਰ ਵਿਚ ਰੌਣਕ ਲੱਗੀ ਰਹਿੰਦੀ। ਬੀਰੋ ਦੇ ਪੇਕੇ ਵੀ ਪੰਜੀਰੀ ਦੇਣ ਆਏ ਬਹੁਤ ਕੁਝ ਲੈ ਕੇ ਆਏ। ਉਹ ਵੀ ਖੁਸ਼ ਸਨ, ਧੀ ਦਾ ਵਸੇਬਾ ਬੱਚੇ ਨਾਲ ਹੀ ਹੁੰਦਾ ਹੈ। ਬੱਚਾ ਹੀ ਦੋਹਾਂ ਪਾਸਿਆਂ ਦੇ ਪਿਆਰ ਨੂੰ ਜੋੜਦਾ ਹੈ। ਬੀਰੋ ਨੇ ਧੀ ਦਾ ਨਾਂ ਆਸਕਿਰਨ ਰੱਖਿਆ। ਸਾਰੇ ਪਿਆਰ ਨਾਲ ਉਸ ਨੂੰ ਆਸੂ ਆਖ ਕੇ ਬੁਲਾਉਂਦੇ ਸਨ। ਦਿਨ ਚੜ੍ਹਦੇ ਛਿਪਦੇ ਰਹੇ, ਆਸੂ ਤਿੰਨ ਸਾਲ ਦੀ ਹੋ ਗਈ। ਇਕ ਦਿਨ ਸੱਸ ਨੇ ਹੱਸਦੀ ਨੇ ਆਖਿਆ, "ਕੁੜੇ ਬੀਰੋ! ਮੈਨੂੰ ਮਰਨ ਤੋਂ ਪਹਿਲਾਂ ਪੋਤੇ ਦਾ ਮੂੰਹ ਦਿਖਾ ਦੇ, ਮੇਰਾ ਮਰਨਾ ਸੁਖਾਲਾ ਹੋ ਜਾਊ।"

"ਹਾਏ ਬੀਬੀ, ਇੰਜ ਨਾ ਬੋਲ, ਪੋਤਾ ਵੀ ਆ ਜਾਊਗਾ।" ਬੀਰੋ ਨੇ ਤਸੱਲੀ ਦਿੱਤੀ।

ਪਿੰਡ ਵਾਲੀਆਂ ਸੱਸਾਂ ਨੂੰ ਕੀ, ਸਾਰੀਆਂ ਹੀ ਸੱਸਾਂ ਨੂੰ ਪੋਤਾ ਜ਼ਰੂਰ ਚਾਹੀਦਾ ਹੁੰਦਾ ਹੈ, ਬੇਸ਼ੱਕ ਜ਼ਮਾਨਾ ਬਹੁਤ ਬਦਲ ਗਿਆ ਹੈ। ਬੀਰੋ ਦੀ ਸੱਸ ਵੀ ਇਸੇ ਆਸ ਦੀ ਕਿਰਨ ਨਾਲ ਜਿਉਂਦੀ ਸੀ ਕਿ ਦਰਸ਼ਨ ਦੀ ਦਹਿਲੀਜ਼ ਨੂੰ ਵਧਦਾ ਦੇਖ ਕੇ ਹੀ ਧਰਮਰਾਜ ਕੋਲ ਜਾਵੇ। ਫਿਰ ਸਾਲ ਪਿਛੋਂ ਬੀਰੋ ਦਾ ਪੈਰ ਭਾਰੀ ਹੋ ਗਿਆ। ਦੂਜੀ ਵਾਰੀ ਪੋਤੀ ਦੇ ਡਰ ਨੇ ਦਰਸ਼ਨ ਦੀ ਮਾਂ ਨੂੰ ਸੋਚੀਂ ਪਾ ਦਿੱਤਾ। ਉਸ ਨੇ ਬੀਰੋ ਨੂੰ ਕਿਹਾ ਕਿ ਟੈਸਟ ਕਰਵਾ ਲਵੇ, ਜੇ ਕੁੜੀ ਹੋਈ ਤਾਂ ਸਫਾਈ ਹੋ ਜਾਊਗੀ। ਅਖੇ, ਮੈਂ ਪੋਤੀਆਂ ਨਾਲ ਵਿਹੜਾ ਨਹੀਂ ਭਰਨਾ।

ਬੀਰੋ ਕਹਿੰਦੀ, "ਬੀਬੀ, ਆਪਾਂ ਵੀ ਕਿਸੇ ਦੀਆਂ ਧੀਆਂ। ਤੁਸੀਂ ਚਾਰ ਭੈਣਾਂ ਹੋ, ਚਾਰੇ ਵਧੀਆ ਵੱਸਦੀਆਂ ਹੋ। ਅਸੀਂ ਚਾਚੇ-ਤਾਏ ਸਭ ਦੀਆਂ ਧੀਆਂ ਮਿਲਾ ਕੇ ਸੱਤ ਜਣੀਆਂ ਹਾਂ। ਸੱਤੇ ਹੀ ਵਧੀਆ ਘਰੇ ਵਸਦੀਆਂ ਹਾਂ। ਆਉਣ ਵਾਲਾ ਜੀਅ ਆਪਣੇ ਕਰਮ ਆਪ ਲਿਖਾ ਕੇ ਲਿਆਉਂਦਾ ਹੈ। ਮੈਂ ਨਹੀਂ ਟੈਸਟ ਕਰਵਾਉਣਾ।" ਉਹਦਾ ਜਵਾਬ ਸਪਸ਼ਟ ਸੀ।

ਸੱਸ ਨੂੰਹ ਦਾ ਮੂੰਹ ਮੋਟਾ ਦੇਖ ਕੇ ਦਰਸ਼ਨ ਨੂੰ ਸ਼ੱਕ ਹੋਇਆ ਕਿ ਦੋਹਾਂ ਵਿਚਾਲੇ ਕੋਈ ਗੱਲ ਲੜਾਈ ਦਾ ਰੂਪ ਧਾਰ ਚੁਕੀ ਹੈ। ਉਸ ਨੇ ਬੀਰੋ ਤੋਂ ਕਾਰਨ ਪੁੱਛਿਆ ਤਾਂ ਬੀਰੋ ਨੇ ਰੋ ਕੇ ਸਾਰੀ ਕਹਾਣੀ ਸੁਣਾ ਦਿੱਤੀ। ਦਰਸ਼ਨ ਵੀ ਜੀਅ-ਘਾਤ ਦੇ ਖਿਲਾਫ ਸੀ। ਉਹ ਕਹਿੰਦਾ, "ਜੇ ਧੀ ਹੋ ਗਈ ਤਾਂ ਮੈਂ ਹੀ ਪਾਲਣੀ ਹੈ, ਪੜ੍ਹਾਉਣੀ ਹੈ ਤੇ ਵਿਆਹੁਣੀ ਹੈ। ਬੀਬੀ ਨੂੰ ਕੀ ਤਕਲੀਫ ਹੈ? ਕੁੜੀਆਂ ਕਿਸ ਗੱਲੋਂ ਮੁੰਡਿਆਂ ਨਾਲੋਂ ਘੱਟ ਨੇ। ਉਹ ਕਿਹੜਾ ਕੰਮ ਆ ਜੋ ਕੁੜੀਆਂ ਨਹੀਂ ਕਰ ਸਕਦੀਆਂ?"

ਦਰਸ਼ਨ ਦੀ ਉਦੋਂ ਸੋਚ ਨੇ ਇਕ ਬੋਟ ਨੂੰ ਜ਼ਿੰਦਗੀ ਬਖਸ਼ੀ। ਦੂਜੀ ਧੀ ਦਾ ਵੀ ਉਸ ਨੇ ਪਹਿਲੀ ਵਾਂਗ ਚਾਅ ਕੀਤਾ। ਗੱਲ ਕਰਮਾਂ 'ਤੇ ਛੱਡ ਕੇ ਆਪ ਕੰਮੀਂ ਲੱਗ ਗਿਆ। ਬੀਰੋ ਵੀ ਦਲੇਰੀ ਵਿਚ ਆ ਗਈ ਕਿ ਜਦੋਂ ਉਹਦਾ ਪਤੀ ਉਹਦੀ ਹਰ ਗੱਲ ਨਾਲ ਸਹਿਮਤ ਹੈ, ਫਿਰ ਡਰਨ ਦੀ ਲੋੜ ਨਹੀਂ। ਥੋੜ੍ਹੇ ਮਹੀਨਿਆਂ ਪਿਛੋਂ ਸਭ ਕੁਝ ਠੀਕ ਹੋ ਗਿਆ। ਦਰਸ਼ਨ ਦੀ ਦੂਜੀ ਧੀ ਗੁਰਲੀਨ ਤੋਂ ਬਾਅਦ ਘਰ-ਬਾਰ ਅਤੇ ਖੇਤੀਬਾੜੀ ਵਿਚ ਹੋਰ ਵਾਧਾ ਹੋਇਆ। ਫਸਲਾਂ ਦਾ ਝਾੜ ਆਮ ਨਾਲੋਂ ਜ਼ਿਆਦਾ ਨਿਕਲਣ ਲੱਗ ਪਿਆ। ਲਵੇਰੇ ਨਾਲ ਲਵੇਰਾ ਜੁੜਦਾ ਗਿਆ। ਹੁਣ ਦਰਸ਼ਨ ਦੇ ਬੇਬੇ-ਬਾਪੂ ਨੇ ਵੀ ਮਨ ਸਮਝਾ ਲਿਆ ਸੀ ਕਿ ਜਦੋਂ ਨੂੰਹ-ਪੁੱਤ ਰਾਜ਼ੀ ਨੇ, ਫਿਰ ਉਹ ਕਿਉਂ ਤੜਫਦੇ ਹਨ!

ਇਕ ਦਿਨ ਦਰਸ਼ਨ ਨੇ ਆਪਣੇ ਬਾਪੂ ਨੂੰ ਪੁੱਛਿਆ, "ਬਾਪੂ, ਹਰੀ ਹੋਰੀਂ ਇਕ ਕਿੱਲਾ ਬੈਅ ਕਰਨ ਨੂੰ ਕਹਿੰਦੇ ਸੀ, ਆਪਣੀ ਵੱਟ ਨਾਲ ਲੱਗਦਾ ਵਾ। ਕੀ ਖਿਆਲ ਆ, ਜੇ ਆਪਾਂ ਲੈ ਲਈਏ?"

"ਪੈਸੇ ਹੈਗੇ ਨੇ? ਦਿਨੇ ਸੁਪਨੇ ਨਹੀਂ ਦੇਖੀਦੇ ਹੁੰਦੇ ਦਰਸ਼ਨਾ।" ਬਾਪੂ ਨੇ ਕਿਹਾ।

"ਬਾਪੂ, ਪੈਸੇ ਤਾਂ ਦੋ ਕਿੱਲਿਆਂ ਦੇ ਇਕੱਠੇ ਕਰੀ ਫਿਰਦਾ ਹਾਂ, ਤੂੰ ਹਾਂ ਕਰ। ਸਵੇਰੇ ਹੀ ਨਹਾਣੇ ਨੂੰ ਤੁਰ ਪੈਂਦੇ ਹਾਂ, ਰਜਿਸਟਰੀ ਕਰਵਾਉਣ।" ਦਰਸ਼ਨ ਨੇ ਚਾਅ ਨਾਲ ਕਿਹਾ।

ਬਾਪੂ ਨੇ ਅੱਖਾਂ ਗਿੱਲੀਆਂ ਕਰਦਿਆਂ ਦਰਸ਼ਨ ਨੂੰ ਬੁੱਕਲ ਵਿਚ ਲੈ ਕੇ 'ਹਾਂ' ਕਰ ਦਿੱਤੀ। ਦਰਸ਼ਨ ਨੇ ਹਰੀ ਹੋਰਾਂ ਦਾ ਇਕ ਕਿੱਲਾ ਬੈਅ ਲਿਖਵਾ ਲਿਆ। ਉਸ ਕਿੱਲੇ ਕਰ ਕੇ ਦਰਸ਼ਨ ਹੋਰਾਂ ਨੂੰ ਆਪਣੇ ਖੇਤ ਲਈ ਖੁੱਲ੍ਹਾ ਰਾਹ ਮਿਲ ਗਿਆ। ਦਰਸ਼ਨ ਦੀ ਬੇਬੇ ਪੋਤੀਆਂ ਨੂੰ ਖੇਤ ਲਿਜਾ ਕੇ ਆਪ ਖੇਤ ਦੇਖ ਕੇ ਆਈ, ਜੋ ਪੁੱਤ ਨੇ ਖਰੀਦਿਆ ਸੀ।

ਕਈ ਪਿੰਡ ਵਾਲੇ ਦਰਸ਼ਨ ਨੂੰ ਕਹਿਣ ਲੱਗ ਪਏ ਸੀ ਕਿ ਦਰਸ਼ਨਾ! ਪੈਸੇ ਜੋੜ ਲੈ, ਹਰੀ ਹੋਰਾਂ ਨੇ ਦੂਜਾ ਕਿੱਲਾ ਵੀ ਬੈਅ ਕਰ ਦੇਣਾ। ਦਰਸ਼ਨ ਹੱਸ ਕੇ ਸਾਰ ਦਿੰਦਾ, ਪਰ ਲੋਕਾਂ ਦੀ ਕਹੀ ਗੱਲ ਸੱਚ ਵੀ ਹੋ ਜਾਂਦੀ ਹੈ। ਅਗਲਾ ਸਾਲ ਆਉਣ ਤੋਂ ਪਹਿਲਾਂ ਉਨ੍ਹਾਂ ਨੇ ਦੂਜਾ ਕਿੱਲਾ ਵੀ ਦਰਸ਼ਨ ਨੂੰ ਬੈਅ ਲਿਖਵਾ ਦਿੱਤਾ। ਹੁਣ ਦਰਸ਼ਨ ਨੂੰ ਉਨ੍ਹਾਂ ਦੀ ਮੋਟਰ ਅਤੇ ਟਿਊਬਵੈਲ ਵੀ ਮਿਲ ਗਏ ਸਨ। 12 ਕਿੱਲਿਆਂ ਵਿਚ ਦੋ ਮੋਟਰਾਂ ਹੋ ਗਈਆਂ। ਸਾਰਾ ਪਰਿਵਾਰ ਹੀ ਖੁਸ਼ ਸੀ। ਇਸ ਖੁਸ਼ੀ ਦਾ ਸਿਹਰਾ ਸਾਰੇ ਗੁਰਲੀਨ ਨੂੰ ਸਮਝਦੇ ਕਿ ਉਸ ਦੇ ਆਉਣ ਨਾਲ ਹੀ ਸਾਨੂੰ ਦੋ ਕਿੱਲੇ ਮਿਲੇ ਹਨ।

ਇਕ ਦਿਨ ਦੇਬੋ ਦਾਈ ਘਰੇ ਆਈ ਤਾਂ ਕਹਿੰਦੀ, "ਲਿਆ ਨੀ ਬੀਰੋ ਤੇਰਾ ਢਿੱਡ ਮਲ ਦੇਵਾਂ। ਚਾਰ ਸਾਲ ਦੀ ਗੁਰਲੀਨ ਹੋ ਗਈ, ਤੂੰ ਅਜੇ ਢਿੱਡੀ ਨਹੀਂ ਪੱਟੀ।" ਦੇਬੋ ਗੋਲ ਟਿੱਚਰ ਕਰ ਗਈ ਸੀ। ਸੱਸ ਨੇ ਬੀਰੋ ਦਾ ਢਿੱਡ ਮਲਾਇਆ ਤੇ ਦੇਬੋ ਨੂੰ ਕਣਕ ਦਾ ਪੀਪਾ ਤੇ ਗਿਆਰਾਂ ਰੁਪਏ ਦੇ ਕੇ ਤੋਰਿਆ। ਦੇਬੋ ਅਸੀਸਾਂ ਦਿੰਦੀ ਬੂਹਾ ਟੱਪ ਗਈ। ਤਿੰਨ ਮਹੀਨੇ ਨਹੀਂ ਸਨ ਟੱਪੇ ਕਿ ਬੀਰੋ ਦੇ ਦਿਨ ਟੱਪ ਗਏ। ਇਸ ਵਾਰੀ ਪਰਮਾਤਮਾ ਦੇ ਆਸਰੇ 'ਤੇ ਗੱਲ ਛੱਡ ਦਿੱਤੀ ਗਈ ਤੇ ਦਰਸ਼ਨ ਦੇ ਘਰ ਪੁੱਤਰ ਨੇ ਜਨਮ ਲਿਆ। ਸਾਰੇ ਕਹਿਣ, ਚੱਲ ਧੀਆਂ ਢੱਕੀਆਂ ਗਈਆਂ, ਭੈਣਾਂ ਦਾ ਵੀਰ ਆ ਗਿਆ। ਸਾਰੇ ਪਿੰਡ ਨੇ ਹੀ ਪੁੱਤ ਦਾ ਚਾਅ ਕੀਤਾ। ਪੁੱਤਰ ਦਾ ਨਾਂ ਸਨਦੀਪ ਰੱਖਿਆ ਗਿਆ। ਲੋਹੜੀ 'ਤੇ ਇਕੱਠ ਕਰ ਕੇ ਸਭ ਨੂੰ ਖੁਸ਼ ਕੀਤਾ ਗਿਆ।

ਸਮਾਂ ਬੀਤਦਾ ਗਿਆ। ਵੱਡੀ ਧੀ ਆਸੂ ਨੇ ਪਲੱਸ-ਟੂ ਕਰ ਕੇ ਆਈਲੈਟਸ ਕਰ ਲਿਆ ਅਤੇ ਉਸ ਨੂੰ ਆਸਟਰੇਲੀਆ ਦਾ ਸਟੱਡੀ ਵੀਜ਼ਾ ਮਿਲ ਗਿਆ। ਫਿਰ ਗੁਰਲੀਨ ਨੇ ਵੀ ਇਸੇ ਤਰ੍ਹਾਂ ਕੀਤਾ, ਉਸ ਨੂੰ ਕੈਨੇਡਾ ਦਾ ਸਟੱਡੀ ਵੀਜ਼ਾ ਮਿਲ ਗਿਆ। ਧੀਆਂ ਵਲੋਂ ਦਰਸ਼ਨ ਦਾ ਭਾਰ ਅੱਧਿਓਂ ਵੱਧ ਲਹਿ ਗਿਆ ਸੀ। ਹੁਣ ਵਾਰੀ ਸੀ ਸਨਦੀਪ ਦੀ। ਉਹਨੇ ਦਸਵੀਂ ਵਧੀਆ ਨੰਬਰਾਂ ਨਾਲ ਪਾਸ ਕਰ ਲਈ ਸੀ ਅਤੇ ਹੁਣ ਅਗਲੀ ਪੜ੍ਹਾਈ ਲਈ ਸ਼ਹਿਰ ਦੇ ਕਾਲਜ ਵਿਚ ਦਾਖਲਾ ਲੈਣਾ ਸੀ। ਦੋਵੇਂ ਭੈਣਾਂ ਪਰਦੇਸਾਂ ਤੋਂ ਫੋਨ ਕਰਦੀਆਂ ਕਿ ਇਸ ਨੂੰ ਵੀ ਪਲੱਸ-ਟੂ ਕਰਵਾ ਕੇ ਆਈਲੈਟਸ ਕਰਵਾਓ ਤੇ ਉਨ੍ਹਾਂ ਕੋਲ ਭੇਜ ਦਿਓ, ਪਰ ਸਨਦੀਪ ਕਾਲਜ ਜਾ ਕੇ ਬਦਲਣ ਲੱਗ ਪਿਆ ਸੀ। ਦਰਸ਼ਨ ਤੋਂ ਲਾਡਾਂ ਨਾਲ ਬੁਲਟ ਮੋਟਰਸਾਈਕਲ ਲੈ ਲਿਆ। ਚੜ੍ਹਦੀ ਉਮਰੇ ਜਵਾਨੀ ਦਾ ਜੋਸ਼ ਸੀ, ਤੇ ਨਾਲ ਦੇ ਪਿੰਡ ਵਾਲੇ ਸਰਦਾਰਾਂ ਦੇ ਮੁੰਡੇ ਨਾਲ ਯਾਰੀ ਪੈ ਗਈ। ਨਸ਼ਿਆਂ ਨੂੰ ਤਾਂ ਦੋਵੇਂ ਨਹੀਂ ਲੱਗੇ, ਪਰ ਕੁੜੀਆਂ ਦੇ ਚੱਕਰਾਂ ਵਿਚ ਫਸ ਗਏ ਸਨ।

ਇਕ ਦਿਨ ਕਿਸੇ ਕੁੜੀ ਨੂੰ ਬਿਠਾ ਕੇ ਦੋਵੇਂ ਜਣੇ ਜਾ ਰਹੇ ਸਨ ਕਿ ਮੋਟਰਸਾਈਕਲ ਦਾ ਬੱਸ ਨਾਲ ਐਕਸੀਡੈਂਟ ਹੋ ਗਿਆ। ਕੁੜੀ ਥਾਏਂ ਮਰ ਗਈ। ਦੂਜਾ ਮੁੰਡਾ ਕੋਮਾ ਵਿਚ ਚਲਾ ਗਿਆ। ਸਨਦੀਪ ਦੇ ਸਿਰ ਅਤੇ ਲੱਤਾਂ ਉਤੇ ਸੱਟਾਂ ਵੱਜੀਆਂ। ਗੱਲ ਪੁਲਿਸ ਕੋਲ ਪਹੁੰਚ ਗਈ। ਸਰਦਾਰਾਂ ਨੇ ਸਨਦੀਪ ਸਿਰ ਘੜਾ ਭੰਨ ਦਿੱਤਾ ਕਿ ਇਹ ਉਨ੍ਹਾਂ ਦੇ ਮੁੰਡੇ ਨੂੰ ਖਰਾਬ ਕਰਦਾ ਸੀ। ਥਾਣੇਦਾਰ ਤੋਂ ਕੇਸ ਬਣਵਾ ਦਿੱਤਾ ਕਿ ਸਨਦੀਪ ਸ਼ਹਿਰ ਕੁੜੀਆਂ ਸਪਲਾਈ ਕਰਦਾ ਸੀ। ਪੁੱਤ ਨੇ ਦਰਸ਼ਨ ਦੀ ਬਣੀ ਹੋਈ ਇੱਜਤ ਲੀਰੋ-ਲੀਰ ਕਰ ਦਿੱਤੀ ਸੀ। ਥਾਣੇਦਾਰ ਨੇ ਕੇਸ ਰਫਾ-ਦਫਾ ਕਰਨ ਲਈ ਵੀਹ ਲੱਖ ਰੁਪਇਆ ਮੰਗਿਆ। ਆਖਰ ਗੱਲ ਪੰਦਰਾਂ ਲੱਖ 'ਤੇ ਮੁੱਕੀ। ਕੁੜੀ ਵਾਲੇ ਹਮਾਤੜ ਸਨ, ਦੋ ਲੱਖ ਲੈ ਕੇ ਰਾਜ਼ੀਨਾਮਾ ਕਰ ਗਏ।

ਦਰਸ਼ਨ ਦਾ ਸਾਰਾ ਟੱਬਰ ਇਕੋ ਗੱਲ ਕਹਿ ਰਿਹਾ ਸੀ ਕਿ ਜਿਥੇ ਦੋ ਧੀਆਂ ਆਈਆਂ ਸਨ, ਇਹ ਵੀ ਧੀ ਬਣ ਕੇ ਜੰਮ ਪੈਂਦਾ, ਆਹ ਦਿਨ ਨਾ ਦੇਖਣੇ ਪੈਂਦੇ! ਦਰਸ਼ਨ ਨੂੰ ਬੈਅ ਲਏ ਦੋਵੇਂ ਕਿੱਲੇ ਵੇਚਣੇ ਪੈ ਗਏ, ਫਿਰ ਹੀ ਉਹ ਸੁਰਖਰੂ ਹੋ ਸਕਿਆ। ਜੇ ਪੁੱਤਾਂ ਨਾਲ ਸੋਨੇ ਦੀਆਂ ਕੰਧਾਂ ਉਸਾਰੀਆਂ ਜਾਂਦੀਆਂ ਹਨ ਤਾਂ ਇਨ੍ਹਾਂ ਦੇ ਨਾਲ ਹੀ ਤਬਾਹੀ ਦੇ ਤੂਫਾਨ ਵੀ ਉਠ ਪੈਂਦੇ ਹਨ, ਪਰ ਪਤਾ ਠਹਿਰ ਕੇ ਲੱਗਦਾ ਹੈ। ਰੱਬ ਰਾਖਾ!

# ਤੇਰੀ ਯਾਦ ਸੱਜਣਾ ਜਦੋਂ ਆਈ ਵੇ...

## ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਯਾਦਾਂ ਦੇ ਵਾਵਰੋਲੇ ਉਡ ਰਹੇ ਨੇ ਬੁਰੀ ਤਰ੍ਹਾਂ, ਘਿਰ ਗਿਆ ਹਾਂ ਇਨ੍ਹਾਂ ਵਿਚਾਲੇ। ਆਓ, ਲੈ ਚੱਲਾਂ ਲੁਧਿਆਣੇ, ਉਸਤਾਦ ਲੋਕ ਗਾਇਕ ਲਾਲ ਚੰਦ ਯਮਲਾ ਜੱਟ ਦੇ ਡੇਰੇ! 21 ਅਪਰੈਲ ਨੂੰ ਦੁਪਹਿਰੇ ਵਿਜੇ ਯਮਲਾ ਨੇ ਸੁਨੇਹਾ ਲਿਖਿਆ ਕਿ ਮੇਰਾ ਤਾਇਆ ਕਰਤਾਰ ਚੰਦ ਚੱਲ ਵਸਿਆ ਹੈ। ਪਹਿਲਾਂ ਈ ਸੋਗੀ ਮਨ ਹੋਰ ਸੋਗ ਵਿਚ ਡੁੱਬ ਮੋਇਆ। ਗੁਰਭਜਨ ਗਿੱਲ ਨੇ ਵੀ ਲਿਖਿਆ ਕਿ ਉਸਤਾਦ ਯਮਲੇ ਜੱਟ ਦਾ ਆਖਰੀ ਚਿਰਾਗ ਬੁਝ ਗਿਐ ਅੱਜ! ਸੱਚੀਓਂ, ਸੱਚ ਨਹੀਂ ਆਉਂਦਾ ਕਿ ਏਨਾ ਹਰਿਆ ਭਰਿਆ ਪਰਿਵਾਰ ਇਕਦਮ ਖਾਲਮ ਖਾਲੀ ਹੋ ਗਿਐ? ਪੰਜ ਪੁੱਤਰ ਤੇ ਦੋ ਧੀਆਂ ਸਨ, ਉਸਤਾਦ ਯਮਲਾ ਜੱਟ ਦੀ ਔਲਾਦ। ਪੰਜੇ ਭਰਾ, ਆਪਣੇ ਪਿਓ ਨਾਲ ਕੋਈ ਸਾਜ਼ ਵਜਾਉਂਦਾ ਰਿਹਾ, ਕੋਈ ਅਲਾਪ ਨਾਲ ਆਲਾਪ ਮੇਚਦਾ ਰਿਹਾ, ਕੋਈ ਤੂੰਬੀ ਸੁਰ ਕਰਦਾ ਰਿਹਾ। ਕੋਈ ਕੋਰੇ ਘੜੇ ਦੀ ਟਿੱਡ ਉਤੇ ਕੁਤਕੁਤਾੜੀਆਂ ਕੱਢਦਾ ਰਿਹਾ ਤੇ ਕੋਈ ਝੂਲ ਝੂਲ ਕੇ ਚਿਮਟਾ ਖੜਕਾਉਂਦਾ ਰਿਹਾ।

ਵੱਡੇ ਪੁੱਤ ਕਰਤਾਰ ਚੰਦ ਨੇ ਲੰਬਾ ਅਰਸਾ ਆਪਣੇ ਪਿਓ ਨਾਲ ਸਿਰ ਸੁੱਟ ਕੇ ਢੋਲਕੀ ਵਜਾਈ। ਬਹੁਤ ਸਾਰੇ ਅਮਰ ਹੋ ਗਏ ਗੀਤਾਂ ਨਾਲ ਵੀ ਯਮਲਾ ਜੱਟ ਦੀ ਰਿਕਾਰਡਿੰਗ 'ਚ ਕਰਤਾਰ ਚੰਦ ਦੀ ਢੋਲਕ ਦਾ ਹੀ ਸਾਥ ਹੈ। 'ਮੇਰੇ ਬਾਜਰੇ ਦੀ ਰਾਖੀ ਨੀ ਤੂੰ ਆਵੀਂ ਭਰਜਾਈਏ' ਗੀਤ ਦੀ ਰਿਕਾਰਡਿੰਗ ਵਿਚ ਕਰਤਾਰ ਚੰਦ ਨੇ ਢੋਲਕੀ ਉਤੇ ਥਾਪ ਦਿੱਤੀ ਸੀ। ਘਰ ਦੇ ਬੰਦੇ ਦਸਦੇ ਨੇ ਕਿ ਸੰਨ 1963 ਸੀ, ਜਦੋਂ ਉਸਤਾਦ ਯਮਲਾ ਜੱਟ ਦੀ ਪਤਨੀ ਰਾਮ ਰੱਖੀ ਜੁਆਨੀ ਵਿਚ ਹੀ ਵਿਛੋੜਾ ਦੇ ਗਈ। ਸੱਤ ਨਿਆਣੇ ਅਸਲੋਂ ਬਾਲ, ਕੌਣ ਸਾਂਭੇ? ਕਰਤਾਰ ਚੰਦ ਉਦੋਂ 14 ਸਾਲਾਂ ਦਾ ਸੀ। ਯਮਲਾ ਜੱਟ ਤਾਂ ਤੂੰਬੀ ਚੁੱਕ ਕੇ ਬਾਹਰ ਤੁਰੇ ਰਹਿੰਦੇ ਤੇ ਛੋਟੇ ਭੈਣਾਂ ਭਾਈਆਂ ਨੂੰ ਕਰਤਾਰ ਹੀ ਪਾਲਦਾ ਸਾਂਭਦਾ ਰਿਹਾ। ਜਦ ਇਹ ਹੌਲੀ ਹੌਲੀ ਉਡਾਰੂ ਹੋਏ ਤਾਂ ਕਰਤਾਰ ਪਿਤਾ ਨਾਲ ਅਖਾੜਿਆਂ 'ਚ ਢੋਲਕ ਵਜਾਉਣ ਲੱਗ ਪਿਆ। ਦੂਰਦਰਸ਼ਨ ਕੇਂਦਰ ਜਲੰਧਰ ਅਤੇ ਰੇਡੀਓ ਉਤੇ ਵੀ ਬਥੇਰੇ ਸਾਲ ਕਰਤਾਰ ਨੇ ਪਿਤਾ ਦਾ ਸਾਥ ਦਿੱਤਾ।

ਜਦ ਨਵੇਂ ਗਾਇਕ ਮੁੰਡੇ-ਕੁੜੀਆਂ ਤੇ ਜੋੜੀਆਂ ਗਾਇਕੀ ਦੀ ਮੰਡੀ ਵਿਚ ਉਤਰ ਆਈਆਂ, ਤਾਂ ਉਸਤਾਦ ਜੀ ਵਰਗਿਆਂ ਦੀ ਵੀ ਪੁੱਛ ਘਟ ਗਈ। ਕਰਤਾਰ ਅਤੇ ਉਹਦੇ ਭਰਾ ਜਗਵਿੰਦਰ ਤੇ ਜਗਦੀਸ਼ ਵੀ ਹੋਰਨਾਂ ਗਾਇਕਾਂ ਨਾਲ ਢੋਲਕੀਆਂ ਤੇ ਹੋਰ ਸਾਜ਼ ਵਜਾਉਣ ਜਾਣ ਲੱਗ ਪਏ। ਕਰਤਾਰ ਨੇ ਸਦੀਕ, ਮਾਣਕ, ਛਿੰਦੇ, ਰਮਲੇ, ਕਰਨੈਲ ਗਿੱਲ, ਸੰਦੀਲੇ ਤੇ ਦੇਤਵਾਲੀਏ ਨਾਲ ਪ੍ਰੋਗਰਾਮਾਂ 'ਤੇ ਜਾਣਾ ਸ਼ੁਰੂ ਕਰ ਦਿੱਤਾ ਸੀ। ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ, ਜਗਤ ਸਿੰਘ ਜੱਗਾ ਤੇ ਨਰਿੰਦਰ ਬੀਬਾ ਦਾ ਇੱਕ ਟਰੁੱਪ ਸ਼ਿਲੌਂਗ ਗਿਆ ਸੀ ਤਾਂ ਕਰਤਾਰ ਚੰਦ ਢੋਲਕੀ ਲੈ ਕੇ ਗਿਆ ਸੀ।



ਕਰਤਾਰ ਚੰਦ ਆਪਣੇ ਪਿਤਾ ਯਮਲਾ ਜੱਟ ਨੂੰ ਕਿਸੇ ਚੇਲੇ ਦੀ ਆਈ ਚਿੱਠੀ ਪੜ੍ਹ ਕੇ ਸੁਣਾਉਂਦਾ ਹੋਇਆ

ਸਮੇਂ ਬੀਤੇ। ਗਾਇਕਾਂ ਦੇ ਰੁਜ਼ਗਾਰ ਥੰਮ੍ਹ ਗਏ। ਅਤਿਵਾਦ ਦੀ ਮਾਰ ਪਈ। ਢੋਲਕੀ ਨੇ ਉਹਦਾ ਢਿੱਡ ਨਹੀਂ ਭਰਿਆ, ਮੂੰਹ ਫੇਰ ਗਈ ਢੋਲਕੀ ਦਿਲਕ ਕੇ, ਤਾਂ ਫਿਰ ਕਰਤਾਰ ਨੇ ਪਿਤਾ ਨੂੰ ਕਿਹਾ ਕਿ ਇੱਕ ਪੁਰਾਣਾ ਆਟੋ ਰਿਕਸ਼ਾ ਲੈ ਲੈਂਦੇ ਆਂ, ਰੋਟੀ ਚਲਦੀ ਰਹੂ। ਪਿਤਾ ਨੇ ਆਖਿਆ ਕਿ ਨਵਾਂ ਹੀ ਲੈ ਦਿਆਂ? ਕਰਤਾਰ ਸਿਆਣਾ ਸੀ, ਬੋਲਿਆ ਕਿ ਪਹਿਲਾਂ ਨਵਾਂ ਲੈ ਕੇ ਪੈਸੇ ਖਰਾਬ ਕਿਉਂ ਕਰਨੇ? ਕੀ ਪਤਾ ਏ ਇਹ ਕੰਮ ਸੈਟ ਬੈਠੂ ਕਿ ਨਾ; ਜੇ ਸੈਟ ਬਹਿ ਗਿਆ ਤਾਂ ਨਵਾਂ ਵੀ ਲੈ ਲਵਾਂਗੇ। ਸੋ, ਪੁਰਾਣਾ ਆਟੋ ਲੈ ਲਿਆ। 32 ਸਾਲ ਉਸ ਆਟੋ ਵਾਹਿਆ। ਮੰਨੇ ਪ੍ਰਮੰਨੇ ਫਨਕਾਰ ਪਿਓ ਦੇ ਜਿਉਂਦੇ ਜੀਅ ਵੀ ਉਸ ਇਸ ਕੰਮ ਤੋਂ ਨੱਕ ਨਾ ਮੋੜਿਆ। ਰੋਟੀ ਦਾ ਮਸਲਾ ਸੀ।

ਮੇਰੇ ਨਾਲ ਉਹਦਾ ਦਿਲੋਂ ਮੋਹ ਤਿਹੁ ਸੀ। ਮੈਂ 1987 ਵਿਚ ਜਦ ਪਹਿਲੀ ਵਾਰ ਉਸਤਾਦ ਯਮਲਾ ਜੱਟ ਦੇ ਡੇਰੇ ਗਿਆ ਤਾਂ ਅਸਲੋਂ ਨਿਆਣਾ ਸਾਂ। ਉਦੋਂ ਕਰਤਾਰ ਕਈ ਵਾਰ ਮੈਨੂੰ ਘੂਰੀ ਵੀ ਵਟਦਾ ਸੀ ਤੇ ਬਹੁਤੀ ਵਾਰ ਪਿਆਰ ਕਰਦਾ ਤੇ ਆਸ਼ੀਰਵਾਦ ਵੀ ਦਿੰਦਾ। ਹੁਣ ਕਦੇ ਕਦੇ ਉਹ ਆਖਦਾ, "ਮੇਰੇ ਪਰਿਵਾਰ ਨਾਲ ਤੂੰ ਈ ਨਿਭਿਆ ਏਂ ਨਿੰਦਿਆ, ਬਹੁਤ ਆਏ ਤੇ ਤੁਰ'ਗੇ, ਰੱਬ ਤੇਰਾ ਭਲਾ ਕਰੇ।" ਇਹ ਆਖ ਉਹਦਾ ਮਨ ਭਰ ਆਉਂਦਾ। ਉਹ ਆਪਣੇ ਵਿਛੜਿਆਂ ਨੂੰ ਚੇਤੇ ਕਰਦਾ ਸੀ ਤੇ ਹੁਣ ਆਪ ਵਿਛੋੜਾ ਦੇ ਗਿਐ। ਉਹਦੇ ਫਰਜ਼ੰਦ ਸੁਰੇਸ਼ ਯਮਲੇ ਨੇ ਪਿਤਾ ਦੀ ਸੇਵ ਕਮਾਉਂਦਿਆਂ ਉਹਨੂੰ ਸੁੱਖ ਦਿਤਾ ਹੈ, ਪਰ ਉਹਦੇ ਬੀਮਾਰ ਬਾਬਤ ਦੱਸ ਕੇ ਸਾਨੂੰ ਦੁੱਖ ਨਹੀਂ ਦਿਤਾ। ਸੁਰਗੀਂ ਵਾਸਾ ਹੋਵੇ ਤੇਰਾ। ਤੂੰ ਜਾਣੇ ਕਰਤਾਰ, ਤੇਰੀਆਂ ਤੂੰ ਜਾਣੇ।

## ਸੱਚ ਨਾ ਰਿਹਾ

ਕਿਉਂ ਗੀਤਾਂ ਦੇ ਬੋਲਾਂ 'ਚ ਸੱਚ ਨਾ ਰਿਹਾ,
ਕਿਉਂ ਸ਼ਾਇਰਾਂ ਦੀਆਂ ਕਲਮਾਂ ਅੱਜ ਚੁੱਪ-ਚੁੱਪ।
ਓ ਨੂਰਪੁਰੀ, ਸ਼ਿਵ ਦੇ ਸੁਣੋ ਵਾਰਿਸੋ,
ਅੱਜ ਲਗਦਾ ਹਨੇਰਾ ਹੈ ਫਿਰ ਘੁੱਪ-ਘੁੱਪ।

ਅੱਜ ਬੋਲਾਂ ਨੂੰ ਲਗਦਾ ਘੁਣ ਖਾ ਗਿਆ,
ਏਹ ਨਵੇਂ ਗੀਤ ਲੈ ਕੇ ਕੋਈ ਆ ਗਿਆ।
ਸੁੱਚੇ ਬੋਲਾਂ ਦਾ ਕਤਲ ਕਰਨ ਵਾਲਿਓ,
ਉਨ੍ਹਾਂ ਰਾਹਾਂ ਤੋਂ ਕਾਹਤੋਂ ਗਏ ਤੁਸੀਂ ਉਕ...।

ਉਹ ਗਾਇਕਾਂ ਦੀ ਟੋਲੀ ਕਿੱਥੇ ਖੋਹ ਗਈ,
ਯਮਲੇ, ਮਾਣਕ ਦੀ ਇੱਜਤ ਨਿਲਾਮ ਹੋ ਰਹੀ।
ਕਿੱਥੇ ਗੀਤ ਬਰੀਕੇ ਤੇ ਸਫਰੀ ਦੇ ਗੀਤ
ਕਿੱਥੇ ਅੱਜ ਇਹ ਰੌਲਾ, ਨਾ ਬੋਲਾਂ 'ਚ ਸੁੱਚ...।

ਕਈ ਮਾਂਵਾਂ ਦੇ ਪੁੱਤ ਬਣੇ ਲਾਸ਼ਾਂ ਦੇ ਢੇਰ,
ਇਹ ਆਜ਼ਾਦ ਹੈ ਮੁਲਕ, ਪਰ ਨਾ ਆਈ ਸਵੇਰ।
ਓ ਭਗਤ ਸਿੰਘ, ਸਰਾਭੇ ਦੇ ਸੁਣੋ ਵਾਰਿਸੋ,
ਕਰੋ ਫਿਰ ਤੋਂ ਹਰੇ, ਰੁੱਖ ਗਏ ਨੇ ਜੋ ਸੁੱਕ...।

ਹੁਣ ਕਲਮਾਂ 'ਚ ਲੈ ਕੇ ਅੱਗ ਉਠ ਖੜੋ,
ਹੁਣ ਢਿੱਡ ਲਈ ਨਾ ਸੋਚਾਂ ਗਿਰਵੀ ਧਰੋ।
ਓ ਉਠੋ, ਓ ਜਾਗੋ ਵਤਨ ਵਾਸੀਓ,
'ਸੁਖਵਿੰਦਰਾ' ਆਪਣੇ ਹੀ ਰਹੇ ਸਾਨੂੰ ਲੁੱਟ...।

*-ਸੁਖਵਿੰਦਰ ਸਿੰਘ ਬੋਦਲਾਂਵਾਲਾ*
*Sukhvinderbodal@yahoo.com*

# ਬਹੁਤ ਕੁਝ ਬਦਲ ਗਿਆ ਬਾਪ ਦੇ ਤੁਰ ਜਾਣ 'ਤੇ

## ਸ਼ਬਦ ਜੋਤ




**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080


*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਉਨ੍ਹਾਂ ਪਰਵਾਸ ਲਈ ਪਰਵਾਜ਼ ਵਿਚੋਂ ਉਪਜੀ ਪੀੜ ਅਤੇ ਆਪਣੀ ਮਿੱਟੀ ਤੇ ਰਿਸ਼ਤਿਆਂ ਦੀ ਮਹਿਕ ਤੋਂ ਦੂਰ ਜਾਣ ਦਾ ਝੋਰਾ ਅਵਚੇਤਨ ਵਿਚ ਬੈਠੇ ਸੁਪਨੇ ਰਾਹੀਂ ਬਿਆਨ ਕੀਤਾ ਸੀ, "ਪਰਦੇਸ ਜਾਣ ਵਾਲਿਆ! ਮਾਪਿਆਂ ਤੋਂ ਦੂਰ ਜਾਣ ਦੇ ਦਰਦ, ਭੈਣ-ਭਰਾਵਾਂ ਤੋਂ ਵਿਛੜਨ ਦੀ ਪੀੜਾ, ਸੰਗੀਆਂ-ਸਾਥੀਆਂ ਦੇ ਸਾਥ ਨੂੰ ਮਾਣਨ ਤੋਂ ਵਿਰਵੇ ਹੋਣ ਦੀ ਚੀਸ ਨੇ ਤੈਨੂੰ ਦੇਰ-ਸਵੇਰ ਤੇ ਗਾਹੇ-ਬਗਾਹੇ ਸਤਾਉਂਦੇ ਰਹਿਣਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਬਾਪ ਦੇ ਸਦੀਵੀ ਵਿਛੋੜੇ ਪਿਛੋਂ ਮਨ-ਮਸਤਕ ਵਿਚ ਉਕਰੀਆਂ ਉਹਦੀਆਂ ਯਾਦਾਂ ਨੂੰ ਨਿਹਾਰਦਿਆਂ ਠੰਡਾ ਹਉਕਾ ਭਰਿਆ ਹੈ, "ਸਿਰ 'ਤੇ ਬਾਪ ਦੀ ਛਾਂ ਦੇ ਕੀ ਅਰਥ ਹੁੰਦੇ ਨੇ, ਸਿਰਫ ਉਦੋਂ ਪਤਾ ਲੱਗਦਾ, ਜਦੋਂ ਬਾਪ ਦੀ ਛਾਂ ਖੁਸਦੀ ਏ।...ਬਾਪ ਦੇ ਤੁਰ ਜਾਣ ਪਿਛੋਂ ਲੱਭਦੀ ਨਹੀਂ ਉਹ ਉਂਗਲ, ਜਿਸ ਨੂੰ ਫੜ ਕੇ ਤੁਰਨਾ ਸਿਖਿਆ ਸੀ ਅਤੇ ਜਿਸ ਨੇ ਜੀਵਨ-ਡੰਡੀ ਨੂੰ ਪਹੇ ਬਣਨਾ ਸਿਖਾਇਆ।" ਪਰ ਬਾਪ ਦੇ ਫੌਤ ਹੋ ਜਾਣ ਪਿਛੋਂ ਪਰਦੇਸੀ ਹੋ ਗਿਆਂ ਦੇ ਹਿੱਸੇ ਆਉਂਦੀ ਜੱਦੀ ਜਮੀਨ-ਜਾਇਦਾਦ ਹੜੱਪਣ ਵਾਲੇ ਆਪਣਿਆਂ 'ਤੇ ਵੀ ਡਾ. ਭੰਡਾਲ ਹਿਰਖ ਕਰਦੇ ਆਖਦੇ ਹਨ, "ਈਰਖਾ, ਜਾਇਦਾਦ ਦਾ ਲਾਲਚ ਅਤੇ ਸਭ ਕੁਝ ਨੂੰ ਆਪਣੇ ਕਬਜ਼ੇ ਵਿਚ ਕਰ ਲੈਣ ਦੀ ਤਮੰਨਾ ਜਦ ਕਿਸੇ ਸ਼ਖਸ ਦੀ ਧਾਰਨਾ ਬਣ ਜਾਵੇ ਤਾਂ ਅੰਦਰੀਵੀ ਵੈਰ-ਵਿਰੋਧ ਕਈ ਵਾਰ ਕੁਝ ਅਜਿਹਾ ਵੀ ਕਰਵਾ ਦਿੰਦਾ, ਜਿਸ ਨੂੰ ਸੁਣ ਕੇ ਮਨੁੱਖ ਸੁੰਨ ਹੋ ਜਾਂਦਾ।" -ਸੰਪਾਦਕ*

ਸਾਲ ਹੋ ਗਿਆ ਏ, ਬਾਪ ਨੂੰ ਸਦੀਵੀ ਸਫਰ 'ਤੇ ਗਿਆਂ। ਸਫਰ, ਜਿਥੋਂ ਕੋਈ ਉਘ-ਸੁੱਘ ਨਹੀਂ ਮਿਲਦੀ ਅਤੇ ਨਾ ਹੀ ਆਉਂਦਾ ਕੋਈ ਸੁੱਖ-ਸੁਨੇਹਾ। ਕਦੋਂ ਪਰਤਦੇ ਨੇ ਸਦਾ ਲਈ ਤੁਰ ਗਏ ਮਾਪੇ! ਪਿੱਛੇ ਛੱਡ ਜਾਂਦੇ ਨੇ ਯਾਦਾਂ ਦੀ ਵਰਣਮਾਲਾ, ਜਿਸ ਨੂੰ ਫੇਰਦਿਆਂ, ਜੀਵਨ ਨੂੰ ਸੁਖਦ ਅਹਿਸਾਸਾਂ ਤੇ ਯਾਦ ਨਾਲ ਭਰੀਂਦੇ, ਜੀਵਨ-ਤੋਰ ਨੂੰ ਸਾਵਾਂ ਰੱਖੀਦਾ ਏ।

ਬਾਪ ਤੁਰ ਜਾਵੇ ਤਾਂ ਬਹੁਤ ਕੁਝ ਬਦਲ ਜਾਂਦਾ। ਇਸ ਬਦਲਾਓ ਵਿਚ ਬੰਦਾ ਜਦ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਕਰਦਾ ਤਾਂ ਉਸ ਦਾ ਅੰਤਰੀਵ ਉਸ ਨੂੰ ਛਿੱਲਦਾ ਤੇ ਤਰਾਸ਼ਦਾ। ਇਸ ਚੀਸ ਵਿਚੋਂ ਅਜਿਹੇ ਮਨੁੱਖ ਦਾ ਮੁੜ ਜਨਮ ਹੁੰਦਾ, ਜਿਸ ਦਾ ਕਦੇ ਕਿਆਸ ਵੀ ਨਹੀਂ ਕੀਤਾ ਹੁੰਦਾ।

ਜਦ ਤੀਕ ਬਾਪ ਜਿਉਂਦਾ, ਬੱਚਾ ਆਪਣੇ ਬਾਪ ਸਾਹਵੇਂ ਬੱਚਾ ਹੀ ਰਹਿੰਦਾ, ਭਾਵੇਂ ਉਹ ਦਾਦਾ/ਨਾਨਾ ਕਿਉਂ ਨਾ ਬਣ ਜਾਵੇ। ਸਿਰ 'ਤੇ ਬਾਪ ਦੀ ਛਾਂ ਦੇ ਕੀ ਅਰਥ ਹੁੰਦੇ ਨੇ, ਸਿਰਫ ਉਦੋਂ ਪਤਾ ਲੱਗਦਾ, ਜਦੋਂ ਬਾਪ ਦੀ ਛਾਂ ਖੁਸਦੀ ਏ। ਉਸ ਦੀ ਨਿੱਘੀ ਬੁੱਕਲ ਤੋਂ ਬਿਨਾ ਠੁਰ ਠੁਰ ਕਰਦਿਆਂ ਤਰਸ ਦੇ ਪਾਤਰ ਬਣੀਂਦਾ। ਅਜਿਹੇ ਮੌਕੇ 'ਤੇ ਨਿੱਕੀ ਜਿਹੀ ਬੱਦਲੀ ਦੀ ਸੰਘਣੀ ਛਾਂ ਵੀ ਠੰਢਕ ਪਹੁੰਚਾਉਂਦੀ ਜਾਂ ਠਰਿਆ ਬੰਦਾ ਧੁੱਖਦੀ ਧੂਣੀ ਵਿਚੋਂ ਵੀ ਸੇਕ ਭਾਲਦਾ।

ਬਾਪ ਦੇ ਤੁਰ ਜਾਣ ਪਿਛੋਂ ਰੁੱਸ ਜਾਂਦਾ ਏ ਪਿੰਡ। ਕਦੇ ਨਹੀਂ ਹਾਕ ਮਾਰਦਾ। ਬਾਪ ਜਿਹੇ ਦਬਕੇ ਨਾਲ ਕੋਈ ਨਹੀਂ ਪਿੰਡ ਪਰਤਣ ਲਈ ਕਹਿੰਦਾ। ਪਿੰਡ ਦੇ ਖੁਸਣ ਦਾ ਦਰਦ ਉਹੀ ਸਮਝ ਸਕਦਾ, ਜਿਸ ਦੇ ਅੰਦਰ ਪਿੰਡ ਵੱਸਦਾ ਹੋਵੇ, ਪਰ ਉਸ ਨੂੰ ਪਿੰਡ ਪਰਤਣ ਦੀ ਮਨਾਹੀ ਹੋਵੇ। ਪਿੰਡ ਕਦੇ ਵੀ ਬੰਦੇ ਵਿਚੋਂ ਮਨਫੀ ਨਹੀਂ ਹੁੰਦਾ, ਭਾਵੇਂ ਪਿੰਡ ਨੂੰ ਬੰਦੇ ਵਿਚੋਂ ਮਨਫੀ ਕਰਨ ਦੀਆਂ ਕਿੰਨੀਆਂ ਵੀ ਕੋਝੀਆਂ ਚਾਲਾਂ ਚੱਲੀਆਂ ਜਾਣ।

ਬਾਪ ਦੇ ਤੁਰ ਜਾਣ 'ਤੇ ਘਰ ਹੋ ਜਾਂਦਾ ਏ ਪਰਾਇਆ। ਬੰਦ ਹੋ ਜਾਂਦੇ ਨੇ ਆਪਣੇ ਹੀ ਘਰ ਦੇ ਦਰ, ਜਿਨ੍ਹਾਂ ਨੂੰ ਬਿਨਾ ਖੜਕਾਏ ਚਾਅ ਨਾਲ ਅੰਦਰ ਲੰਘ ਜਾਈਦਾ ਸੀ। ਆਪਣੇ ਹੀ ਖੂਨ ਦਾ ਸਫੈਦ ਰੰਗ ਜਦ ਘਰ ਦੀਆਂ ਦੀਵਾਰਾਂ ਨੂੰ ਆਪਣੀ ਲਪੇਟ ਵਿਚ ਲੈਂਦਾ ਤਾਂ ਘਰ ਵੀ ਮਸੋਸਿਆ ਜਾਂਦਾ। ਘਰ ਨੂੰ ਆਸ ਹੀ ਨਹੀਂ ਹੁੰਦੀ ਕਿ ਇੰਨੀ ਜਲਦੀ ਖੂਨ ਚਿੱਟਾ ਹੋ ਜਾਵੇਗਾ ਅਤੇ ਆਪਣੇ ਹੀ ਆਪਣਿਆਂ ਲਈ ਹਊਆ ਬਣ ਜਾਣਗੇ। ਨਿਜੀ ਲਾਲਸਾ ਅਤੇ ਲੋਭ ਵਿਚ ਗਰਕੇ ਰਿਸ਼ਤਿਆਂ ਨੂੰ ਕਿਹੜਾ ਨਾਮ ਦੇਵੋਗੇ? ਕਿਹੜੀ ਅਪਣੱਤ ਦੀ ਕਲਪਨਾ ਕਰੋਗੇ, ਜਦ ਪਿੱਤਰੀ ਵਿਰਾਸਤ ਨੂੰ ਹੜੱਪਣ ਲਈ ਘਿਨਾਉਣੀਆਂ ਚਾਲਾਂ ਚੱਲੀਆਂ ਜਾਣ? ਕੀ ਰਹਿ ਜਾਂਦੀ ਏ ਆਪਣਿਆਂ ਦੀ ਸਾਂਝ? ਕੀ ਅਜਿਹਾ ਵੀ ਵੇਲਾ ਆਉਣਾ ਸੀ, ਜਦ ਆਪਣੇ ਹੱਥੀਂ ਆਪਣਾ ਹੀ ਸਿਵਾ ਸੇਕਣਾ ਪੈਣਾ ਸੀ? ਦਫਨ ਹੋ ਚੁਕੀ ਸਾਂਝ ਦਾ ਮਰਸੀਆ ਹੀ ਨਿੱਸ ਦਿਨ ਪੜ੍ਹੀਦਾ।

ਬਾਪ ਦੀ ਕੰਧ 'ਤੇ ਲਟਕਦੀ ਫੋਟੋ ਦੇਖਦਾਂ ਤਾਂ ਸੋਚਦਾਂ ਕਿ ਬਾਪ ਤਾਂ ਰਿਸ਼ਤਿਆਂ ਦਾ ਚੁੰਬਕੀ ਕੇਂਦਰ ਬਿੰਦੂ ਸੀ। ਸਭ ਦਾ ਆਪਣਾ, ਪਰ ਹਰੇਕ ਨੂੰ ਆਪਣੀ ਔਕਾਤ, ਅਹਿਮੀਅਤ ਅਤੇ ਹੋਂਦ ਦਾ ਅਹਿਸਾਸ ਕਰਵਾਉਂਦਾ ਸੀ। ਬਾਪ ਹਰੇਕ ਨੂੰ ਟਿਕਾਣੇ ਸਿਰ ਰੱਖਦਾ ਸੀ, ਪਰ ਬਾਪ ਦੇ ਤੁਰ ਜਾਣ ਪਿਛੋਂ ਖੰਭਹੀਣਾਂ ਦੇ ਵੀ ਖੰਬ ਉਗ ਆਏ ਨੇ। ਲਾਲਚ ਵਿਚ ਗੁਆਚੀ ਹੋਸ਼ੋ-ਹਵਾਸ ਹੀ ਆਪਣਿਆਂ ਦੀ ਸੰਘੀ ਨੂੰ ਪੈਂਦੀ ਏ। ਹੁਣ ਤਾਂ ਇਹ ਨੌਬਤ ਵੀ ਆਉਣੀ ਸੀ।

ਬਾਪ ਜਿਉਂਦਾ ਸੀ ਤਾਂ ਦੋ-ਚਾਰ ਦਿਨ ਬਾਅਦ ਫੋਨ ਕਰਨ ਦੀ ਚਾਹਨਾ ਹੁੰਦੀ ਸੀ। ਬਾਪ ਨਾਲ ਗੱਲ ਕਰਕੇ ਧਰਵਾਸ ਹੁੰਦਾ ਕਿ ਬਜੁਰਗੀ ਅਸੀਸ ਮਿਲ ਗਈ ਏ। ਇਸ ਅਸ਼ੀਰਵਾਦ ਵਿਚੋਂ ਸੁਖਨ-ਸਬੂਰੀ ਦੀ ਭਾਵਨਾ, ਮਨ-ਲਬਰੇਜ਼ਤਾ ਨੂੰ ਭਰਪੂਰ ਕਰ ਦਿੰਦੀ ਸੀ। ਕਦੇ ਕਦਾਈਂ ਫੋਨ ਕਰਨ ਤੋਂ ਲੇਟ ਹੋ ਜਾਣ 'ਤੇ ਵਧੀਆ ਲੱਗਦੀਆਂ ਸਨ ਬਾਪ ਦੀਆਂ ਝਿੜਕਾਂ ਅਤੇ ਇਨ੍ਹਾਂ 'ਚੋਂ ਡੁੱਲਦਾ ਪਿਆਰ। ਦਰਅਸਲ ਆਪਣੇ ਹੀ ਝਿੜਕ ਸਕਦੇ, ਕੰਨ ਪਕੜ ਸਕਦੇ ਅਤੇ ਸੁਚਾਰੂ ਸੇਧ ਦੇ ਕੇ ਜੀਵਨ-ਦਰਸ਼ਨ ਨਾਲ ਨਿਵਾਜ ਸਕਦੇ।

ਬਾਪ ਦੀ ਤਸਵੀਰ ਵੱਲ ਨੀਝ ਨਾਲ ਝਾਕਦਿਆਂ ਸੋਚਦਾਂ ਕਿ ਬਾਪ ਤਾਂ ਬਹੁਤ ਮਿਹਨਤੀ ਅਤੇ ਇਮਾਨਦਾਰ ਸੀ। ਆਪਣੀ ਔਲਾਦ ਨੂੰ ਚੰਗੀਆਂ ਕਦਰਾਂ-ਕੀਮਤਾਂ ਅਤੇ ਮਿਹਨਤ-ਮੁਸ਼ੱਕਤ ਦੇ ਸਚਿਆਰੇਪਣ ਨਾਲ ਨਿਵਾਜਿਆ ਸੀ, ਪਰ ਇਹ ਕੇਹਾ ਭਾਣਾ ਵਰਤਿਆ ਕਿ ਉਸ ਦੇ ਜਾਏ ਨੇ ਹੀ ਪਿੰਡ ਅਤੇ ਘਰ ਨੂੰ ਬਾਕੀਆਂ ਲਈ ਵਰਜਿੱਤ ਕਰ ਦਿਤਾ ਏ। ਇਹ ਤਾਂ ਕਿਸੇ ਦੇ ਚਿੱਤ-ਚੇਤੇ ਵਿਚ ਵੀ ਨਹੀਂ ਸੀ। ਘਰ ਤਾਂ ਜਰੂਰ ਸੋਚਦਾ ਹੋਵੇਗਾ ਕਿ ਮੇਰੀ ਧੰਨਭਾਗਤਾ ਨੂੰ ਕਿਸ ਦੀ ਨਜ਼ਰ ਲੱਗੀ ਅਤੇ ਰੌਣਕ ਹੈ ਕਿਸ ਨੇ ਠੱਗੀ?

ਬਾਪ ਤੁਰ ਗਿਆ ਹੈ ਤਾਂ ਨਾਲ ਹੀ ਤੁਰ ਗਈਆਂ ਨੇ ਪੋਤਰੀਆਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਲਾਡ ਲਡਾਉਣ ਵਾਲੇ ਦਾਦੇ/ਪੜਦਾਦੇ ਦੀਆਂ ਰਹਿਮਤਾਂ। ਆਪਣੇ ਦਾਦੇ ਦੇ ਸਾਹੀਂ ਸਾਹ ਲੈਣ ਵਾਲੀਆਂ ਪੋਤਰੀਆਂ ਵੀ ਉਦਾਸ ਨੇ। ਉਹ ਦਾਦੇ ਨਾਲ ਫੋਨ 'ਤੇ ਅਕਸਰ ਹੀ ਮਨ ਦੀਆਂ ਬਾਤਾਂ ਕਰ ਲੈਂਦੀਆਂ ਸਨ, ਪਰ ਉਹ ਕਿਥੇ ਫੋਨ ਕਰਨ? ਈਰਖਾ, ਜਾਇਦਾਦ ਦਾ ਲਾਲਚ ਅਤੇ ਸਭ ਕੁਝ ਨੂੰ ਆਪਣੇ ਕਬਜ਼ੇ ਵਿਚ ਕਰ ਲੈਣ ਦੀ ਤਮੰਨਾ ਜਦ ਕਿਸੇ ਸ਼ਖਸ ਦੀ ਧਾਰਨਾ ਬਣ ਜਾਵੇ ਤਾਂ ਅੰਦਰੀਵੀ ਵੈਰ-ਵਿਰੋਧ ਕਈ ਵਾਰ ਕੁਝ ਅਜਿਹਾ ਵੀ ਕਰਵਾ ਦਿੰਦਾ, ਜਿਸ ਨੂੰ ਸੁਣ ਕੇ ਮਨੁੱਖ ਸੁੰਨ ਹੋ ਜਾਂਦਾ। ਹੁਣ ਤਾਂ ਪੁਰਾਣਾ ਘਰ, ਪਿੱਤਰੀ ਪਿੰਡ ਅਤੇ ਡੌਲਿਉਂ ਟੁੱਟੀਆਂ ਬਾਹਾਂ ਦੀ ਅਲਵਦਾਇਗੀ ਹੀ ਮਨ ਨੂੰ ਸੰਤੋਖ ਦਿੰਦੀ ਏ ਕਿ ਚਲੋ ਚੰਗਾ ਹੀ ਹੋਇਆ। ਸਭ ਕੁਝ ਜਲਦੀ ਹੀ ਜੱਗ-ਜਾਹਰ ਹੋ ਗਿਆ। ਸ਼ਾਇਦ ਹੋਰ ਨੁਕਸਾਨ ਤੋਂ ਬਚਾਓ ਹੋ ਗਿਆ।

**ਬਾਪ ਦਰਅਸਲ ਕਿਧਰੇ ਨਹੀਂ ਜਾਂਦਾ। ਸਾਡੇ ਆਲੇ-ਦੁਆਲੇ, ਸਾਡੇ ਵਿਚ, ਸਾਡੀਆਂ ਆਦਤਾਂ ਵਿਚ, ਸਾਡੀ ਜੀਵਨ-ਸ਼ੈਲੀ ਵਿਚ ਅਤੇ ਜੀਵਨ-ਜੁਗਤ ਵਿਚ ਹਰਦਮ ਹਾਜ਼ਰ-ਨਾਜ਼ਰ। ਸਿਰਫ ਅਸੀਂ ਹੀ ਉਸ ਨੂੰ ਦੇਖਣ ਅਤੇ ਮਿਲਣ ਤੋਂ ਅਵੇਸਲੇ ਹੁੰਦੇ ਆਂ।**

ਬਾਪ ਤੁਰ ਗਿਆ ਏ ਤਾਂ ਰੁੱਸ ਗਈ ਏ ਬਾਪ ਨੂੰ ਵਾਰ-ਵਾਰ ਮਿਲਣ ਦੀ ਤਮੰਨਾ। ਉਡੀਕ ਹੁੰਦੀ ਸੀ ਛੁੱਟੀਆਂ ਦੀ, ਦੇਸ਼ ਨੂੰ ਜਾਣ ਦੀ ਅਤੇ ਪਿੰਡ ਜਾ ਕੇ ਬਾਪ ਨੂੰ ਮਿਲਣ ਦੀ। ਬਾਪ ਦੇ ਕਲੇਜੇ ਪੈ ਜਾਂਦੀ ਸੀ ਠੰਡ। ਪੁਰ-ਖਲੂਸ ਅਤੇ ਝੁਰੜੀਆਂ ਵਾਲੇ ਹੱਥਾਂ ਨਾਲ ਸਿਰਾਂ ਨੂੰ ਪਲੋਸਦਾ, ਦੁਆਵਾਂ ਨਾਲ ਝੋਲੀਆਂ ਭਰਦਾ ਸੀ। ਬਾਪ ਬੋਝੇ ਵਿਚੋਂ ਨੋਟ ਕੱਢ ਕੇ ਪੋਤਰੀਆਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਦਿੰਦਾ, ਉਨ੍ਹਾਂ ਦੇ ਤੋਤਲੇ ਬੋਲਾਂ ਅਤੇ ਨਿੱਕੜੇ ਹਾਸਿਆਂ ਵਿਚ ਆਪ ਵੀ ਦੂਣ-ਸਵਾਇਆ ਹੋ ਜਾਂਦਾ ਸੀ। ਕਦੇ ਨਹੀਂ ਪਰਤਣੇ ਉਹ ਪਲ ਜਦ ਬਾਪ ਨਾਲ ਬੈਠ ਕੇ ਚਾਰ ਪੀੜ੍ਹੀਆਂ ਨੇ ਇਕੱਠਿਆਂ ਤਸਵੀਰ ਖਿਚਵਾਈ ਸੀ।

ਬਾਪ ਦੇ ਤੁਰ ਜਾਣ ਪਿਛੋਂ ਉਦਾਸ ਨੇ ਖੇਤ, ਹਵੇਲੀ, ਲਵੇਰੀ ਗਾਂ ਅਤੇ ਉਸ ਦਾ ਸਾਈਕਲ। ਘਰ ਦੀ ਨੁੱਕਰੇ ਖੜਾ ਸਾਈਕਲ ਜੰਗਾਲਿਆ ਗਿਆ ਏ। ਇਕ ਸਾਲ ਤੋਂ ਉਹ ਬਾਪ ਦੇ ਹੱਥਾਂ ਦੀ ਉਡੀਕ ਵਿਚ ਖੁਦ ਵੀ ਕਬਾੜ ਬਣ, ਕਿਸੇ ਫੇਰੀ ਵਾਲੇ ਦੀ ਰੇਹੜੀ ਵਿਚ ਜਾਣ ਲਈ ਕਾਹਲਾ ਏ।

ਬਾਪ ਨੂੰ ਪੂਰਾ ਹੋਇਆਂ ਸਾਲ ਹੀ ਹੋਇਆ ਏ, ਪਰ ਇੰਜ ਲੱਗਦਾ ਏ ਜਿਵੇਂ ਕੱਲ ਦੀ ਹੀ ਗੱਲ ਹੋਵੇ, ਜਦੋਂ ਫੋਨ ਵਿਚ ਹੁੰਗਾਰਾ ਭਰਦਿਆਂ ਹਰੇਕ ਲਈ ਮੋਹ ਦੀਆਂ ਸੁਗਾਤਾਂ ਵੰਡਦਾ ਸੀ। ਬਾਪ ਦਰਅਸਲ ਕਿਧਰੇ ਨਹੀਂ ਜਾਂਦਾ। ਸਾਡੇ ਆਲੇ-ਦੁਆਲੇ, ਸਾਡੇ ਵਿਚ, ਸਾਡੀਆਂ ਆਦਤਾਂ ਵਿਚ, ਸਾਡੀ ਜੀਵਨ-ਸ਼ੈਲੀ ਵਿਚ ਅਤੇ ਜੀਵਨ-ਜੁਗਤ ਵਿਚ ਹਰਦਮ ਹਾਜ਼ਰ-ਨਾਜ਼ਰ। ਸਿਰਫ ਅਸੀਂ ਹੀ ਉਸ ਨੂੰ ਦੇਖਣ ਅਤੇ ਮਿਲਣ ਤੋਂ ਅਵੇਸਲੇ ਹੁੰਦੇ ਆਂ।

ਬਾਪ ਦੀ ਵਸੀਅਤ ਵਿਚੋਂ ਖੁਦਗਰਜੀ ਭਾਲਣ ਵਾਲਿਆਂ ਨੂੰ ਚਾਹੀਦਾ ਹੈ ਕਿ ਵਸੀਅਤ ਦੀ ਥਾਂ ਉਸ ਦੀ ਸ਼ਖਸੀਅਤ ਨੂੰ ਆਪਣੇ ਅੰਦਰ ਉਤਾਰਨ, ਬਜੁਰਗੀ ਅੰਦਾਜ਼ ਨੂੰ ਜੀਵਨ-ਬਗੀਚੀ ਵਿਚ ਖਿਲਾਰਨ ਅਤੇ ਫਿਰ ਇਸ ਦੀਆਂ ਨਿਆਮਤਾਂ ਨਾਲ ਖੁਦ ਦੀ ਜਾਮਾ-ਤਲਾਸ਼ੀ ਕਰਨ, ਜ਼ਿੰਦਗੀ ਅਣਮੁੱਲੀਆਂ ਅਮਾਨਤਾਂ ਅਤੇ ਇਨਾਇਤ ਨਾਲ ਭਰ ਜਾਵੇਗੀ। ਸੋਚ ਵਿਚ ਖੋਟ ਰੱਖਣ ਵਾਲੇ, ਆਪਣਿਆਂ ਨਾਲ ਧੋਖਾ ਕਰਨ ਵਾਲੇ, ਆਪਣੇ ਹੋ ਕੇ ਵੀ ਆਪਣੇ ਨਹੀਂ ਹੁੰਦੇ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਜ਼ਮੀਨ-ਜਾਇਦਾਦ ਨਾਲੋਂ ਅਹਿਮ ਹੁੰਦਾ ਹੈ-ਪਿਆਰ ਦਾ ਰਿਸ਼ਤਾ, ਆਪਸੀ ਮਿਲਵਰਤਣ, ਭਰਾਤਰੀ ਭਾਵ, ਰਲ ਕੇ ਜਿਉਣ ਦੀ ਜਾਚ ਅਤੇ ਇਕ ਦੂਜੇ ਦੇ ਸਾਹਾਂ ਵਿਚੋਂ ਸਾਹ-ਸਾਰੰਗੀ ਦਾ ਸੰਗੀਤ ਉਪਜਾਉਣ ਦਾ ਹੁਨਰ ਤੇ ਹਾਸਲ।

ਬਾਪ ਦੇ ਜਾਣ ਪਿਛੋਂ ਨਿਜੀ ਸੁਆਰਥ ਨੂੰ ਸਾਹਵੇਂ ਰੱਖ ਕੇ ਹਰ ਰਿਸ਼ਤਾ ਨਿਭਾਉਣ ਅਤੇ ਖੋਟੀ ਨੀਅਤ ਨਾਲ ਦੇਖਣ ਤੇ ਪਰਖਣ ਦੀ ਰੁਚੀ ਜਦ ਭਾਰੂ ਹੁੰਦੀ ਤਾਂ ਸਮਾਜਕ ਪੱਧਰ 'ਤੇ ਬਹੁਤ ਨੀਵਾਂ ਹੋ ਜਾਂਦਾ ਏ ਉਹ ਸ਼ਖਸ। ਉਹ ਨੀਚਪੁਣੇ ਵਿਚੋਂ ਹੀ ਪਰਿਵਾਰਕ ਆਭਾ ਨੂੰ ਦਾਗੀ ਕਰਦਾ ਏ। ਸ਼ਾਇਦ ਲੋਭ ਵਿਚ ਮਨੁੱਖ ਨੂੰ ਆਪਣੀ ਔਕਾਤ ਵੀ ਨਹੀ ਦਿਸਦੀ। ਉਹ ਭਵਿੱਖ-ਮੁਖੀ ਸੋਚ ਨੂੰ ਆਪਣੇ ਮਸਤਕ ਵਿਚ ਕਿਵੇਂ ਉਕਰ ਸਕਦਾ?

ਬਾਪ ਦੇ ਤੁਰ ਜਾਣ ਪਿਛੋਂ ਲੱਭਦੀ ਨਹੀਂ ਉਹ ਉਂਗਲ, ਜਿਸ ਨੂੰ ਫੜ ਕੇ ਤੁਰਨਾ ਸਿਖਿਆ ਸੀ ਅਤੇ ਜਿਸ ਨੇ ਜੀਵਨ-ਡੰਡੀ ਨੂੰ ਪਹੇ ਬਣਨਾ ਸਿਖਾਇਆ। ਸ਼ਬਾਸ਼ੀ ਦੇਣ ਵਾਲੀ ਬਜੁਰਗੀ ਛੋਹ ਨੂੰ ਤਰਸ ਗਏ ਨੇ ਮੋਢੇ। ਨਹੀਂ ਮਿਲਦੀ ਦੈਵੀ ਦਿੱਖ, ਜੋ ਅੱਖਾਂ ਵਿਚ ਨਵੀਂ ਊਰਜਾ ਪੈਦਾ ਕਰਦੀ, ਮੁਸ਼ਕਿਲਾਂ ਨੂੰ ਅੱਗੇ ਲਾ ਲੈਂਦੀ ਸੀ।

ਬਾਪ ਦੇ ਸਦਾ ਲਈ ਤੁਰ ਜਾਣ ਨਾਲ ਨਾ-ਪੂਰਿਆ ਜਾਣ ਵਾਲਾ ਘਾਟਾ ਪੈਂਦਾ। ਇਕ ਥੋੜ੍ਹ ਜਿਸ ਦੀ ਕਦੇ ਨਹੀਂ ਹੁੰਦੀ ਪੂਰਤੀ; ਘਾਟ ਹਰ ਮੌਕੇ 'ਤੇ ਅੱਖਰਦੀ, ਪਰ ਉਸ ਦੀ ਅਦਿੱਖ ਹਾਜ਼ਰੀ ਹਮੇਸ਼ਾ ਸਾਥ-ਸਾਥ।



ਬਾਪ ਦੀ ਹੋਂਦ ਸਿਰਫ ਸਰੀਰਕ ਹੀ ਨਹੀਂ ਹੁੰਦੀ, ਸਗੋਂ ਇਕ ਨਿਰਮਲ ਭੈਅ ਹੁੰਦਾ, ਜੋ ਬਾਪ ਕਾਰਨ ਮਨ ਵਿਚ ਵੱਸਦਾ। ਬਾਪ ਪਿਛੋਂ ਜਦ ਕਿਸੇ ਦਾ ਨਿਰਮਲ ਭੈਅ ਕਾਫੂਰ ਹੁੰਦਾ ਤਾਂ ਮਨੁੱਖ ਦਾ ਅਸਤਿਤਵ ਰਾਖ ਹੋ ਜਾਦਾ ਅਤੇ ਕਾਲਖ ਦਾ ਵਣਜ ਕਰਦਾ। ਨਿਰਮਲ ਭੈਅ ਦੀ ਅਦੁੱਤੀ ਦਾਤ ਤੋਂ ਵਿਰਵੇ ਲੋਕ ਕੀ ਜਾਣਦੇ ਨੇ ਇਸ ਦੀ ਕੀਮਤ। ਇਸ ਵਿਚੋਂ ਉਦੈ ਹੁੰਦੀ ਸਰਘੀ, ਜਿਸ ਨੇ ਜੀਵਨ ਨੂੰ ਸੂਹੀ ਸਵੇਰਾਂ, ਸੁਨਹਿਰੀ ਸ਼ਾਮਾਂ ਅਤੇ ਰੰਗਲੀਆਂ ਸ਼ਾਮਾਂ ਨਾਲ ਸ਼ਿੰਗਾਰਨਾ ਹੁੰਦਾ।

ਬਾਪ ਸਭ ਕੁਝ ਹੁੰਦਾ ਏ ਬੱਚਿਆਂ ਲਈ। ਔਲਾਦ ਦੀ ਪਛਾਣ। ਉਸ ਦੇ ਤੁਰ ਜਾਣ ਪਿਛੋਂ ਔਲਾਦ, ਸਮਾਜ ਵਿਚ ਕਿਸ ਰੂਪ ਵਿਚ ਵਿਚਰਦੀ ਏ, ਤਰਜ਼ੀਹਾਂ ਕਿਹੜੀਆਂ ਨੇ ਅਤੇ ਉਹ ਸਮਾਜਕ ਸਬੰਧਾਂ 'ਚ ਕਿਵੇਂ ਵਿਚਰਦੀ ਏ, ਇਹ ਬਾਪ ਦੇ ਤੁਰ ਜਾਣ ਪਿਛੋਂ ਹੀ ਪਤਾ ਲੱਗਦਾ।

ਬਾਪ ਦੇ ਤੁਰ ਜਾਣ ਪਿਛੋਂ ਕਈ ਵਾਰ ਧੀਆਂ ਲਈ ਸਦਾ ਖਾਤਿਰ ਛੁੱਟ ਜਾਂਦਾ ਏ ਪੇਕਾ ਘਰ। ਉਹ ਘਰ, ਜਿਸ ਨਾਲ ਆਂਦਰਾਂ ਦੀ ਸਾਂਝ ਹੁੰਦੀ ਅਤੇ ਜਿਸ ਵਿਚੋਂ ਸੁਪਨਿਆਂ ਤੇ ਚਾਵਾਂ ਨੇ ਉਡਾਣ ਭਰੀ ਹੁੰਦੀ। ਧੀਆਂ ਨੂੰ ਪੇਕੇ ਘਰ ਦਾ ਮਾਣ ਹੀ ਬਹੁਤ ਹੁੰਦਾ ਅਤੇ ਜਦ ਇਹ ਹੀ ਖੁਸ ਜਾਵੇ ਅਤੇ ਬਾਬਲ ਦੇ ਘਰ ਦੀਆਂ ਪੁਰਾਣੀਆਂ ਯਾਦਾਂ ਨੂੰ ਸਿਜਦਾ ਕਰਨ ਤੋਂ ਹੀ ਵਰਜ ਦਿਤਾ ਜਾਵੇ ਤਾਂ ਧੀ ਦੇ ਮਨ 'ਤੇ ਕੀ ਬੀਤਦੀ ਏ, ਸਿਰਫ ਇਕ ਧੀ ਹੀ ਸਮਝ ਸਕਦੀ। ਉਸ ਦੀ ਸੰਵੇਦਨਾ ਕਿਵੇਂ ਲੀਰਾਂ ਹੁੰਦੀ? ਉਹ ਚਾਹ ਕੇ ਮਾਂ ਦੇ ਸੰਦੂਕ ਵਿਚ ਪਈ ਮਾਂ ਦੀ ਫੁਲਕਾਰੀ ਨਾ ਛੋਹ ਸਕੇ ਜਾਂ ਬਾਬਲ ਦੇ ਵਿਹੜੇ ਨੂੰ ਪਿਆਰ ਨਾਲ ਨਾ ਨਿਹਾਰ ਸਕੇ ਤਾਂ ਡੁਸਕਦੇ ਘਰ 'ਚ ਉਗੀਆਂ ਕੰਡਿਆਲੀਆਂ ਵਾੜਾਂ ਹੀ ਕਸੂਰਵਾਰ ਹੁੰਦੀਆਂ, ਜਿਨ੍ਹਾਂ ਵਿਚੋਂ ਕੋਮਲਤਾ, ਅਹਿਸਾਸ, ਭਾਵ ਅਤੇ ਸੁਹਜ ਅਲੋਪ ਹੁੰਦੇ। ਉਹ ਸਿਰਫ ਕਠੋਰਤਾ ਵਿਚੋਂ ਕਪਟ, ਕੋਹਝ, ਕਮੀਨਗੀ ਅਤੇ ਕੁਰਖਤਾ ਨਾਲ ਹੀ ਵਿਹੜੇ 'ਚ ਸੇਹ ਦਾ ਤੱਕਲਾ ਬਣ, ਘਰ ਨੂੰ ਕਲੇਸ਼-ਘਰ ਬਣਾਉਣ ਵਿਚ ਕੋਈ ਕਸਰ ਨਹੀਂ ਰਹਿਣ ਦਿੰਦੀ। ਫਿਰ ਘਰ ਸਿਰਫ ਇਕ ਹਿਚਕੀ ਹੀ ਹੁੰਦਾ।

**ਬਾਪ ਦੇ ਤੁਰ ਜਾਣ ਪਿਛੋਂ ਕਈ ਵਾਰ ਧੀਆਂ ਲਈ ਸਦਾ ਖਾਤਿਰ ਛੁੱਟ ਜਾਂਦਾ ਏ ਪੇਕਾ ਘਰ। ਉਹ ਘਰ, ਜਿਸ ਨਾਲ ਆਂਦਰਾਂ ਦੀ ਸਾਂਝ ਹੁੰਦੀ ਅਤੇ ਜਿਸ ਵਿਚੋਂ ਸੁਪਨਿਆਂ ਤੇ ਚਾਵਾਂ ਨੇ ਉਡਾਣ ਭਰੀ ਹੁੰਦੀ। ਧੀਆਂ ਨੂੰ ਪੇਕੇ ਘਰ ਦਾ ਮਾਣ ਹੀ ਬਹੁਤ ਹੁੰਦਾ ਅਤੇ ਜਦ ਇਹ ਹੀ ਖੁਸ ਜਾਵੇ ਅਤੇ ਬਾਬਲ ਦੇ ਘਰ ਦੀਆਂ ਪੁਰਾਣੀਆਂ ਯਾਦਾਂ ਨੂੰ ਸਿਜਦਾ ਕਰਨ ਤੋਂ ਹੀ ਵਰਜ ਦਿਤਾ ਜਾਵੇ ਤਾਂ ਧੀ ਦੇ ਮਨ 'ਤੇ ਕੀ ਬੀਤਦੀ ਏ, ਸਿਰਫ ਇਕ ਧੀ ਹੀ ਸਮਝ ਸਕਦੀ। ਉਸ ਦੀ ਸੰਵੇਦਨਾ ਕਿਵੇਂ ਲੀਰਾਂ ਹੁੰਦੀ? ਉਹ ਚਾਹ ਕੇ ਮਾਂ ਦੇ ਸੰਦੂਕ ਵਿਚ ਪਈ ਮਾਂ ਦੀ ਫੁਲਕਾਰੀ ਨਾ ਛੋਹ ਸਕੇ ਜਾਂ ਬਾਬਲ ਦੇ ਵਿਹੜੇ ਨੂੰ ਪਿਆਰ ਨਾਲ ਨਾ ਨਿਹਾਰ ਸਕੇ ਤਾਂ ਡੁਸਕਦੇ ਘਰ 'ਚ ਉਗੀਆਂ ਕੰਡਿਆਲੀਆਂ ਵਾੜਾਂ ਹੀ ਕਸੂਰਵਾਰ ਹੁੰਦੀਆਂ, ਜਿਨ੍ਹਾਂ ਵਿਚੋਂ ਕੋਮਲਤਾ, ਅਹਿਸਾਸ, ਭਾਵ ਅਤੇ ਸੁਹਜ ਅਲੋਪ ਹੁੰਦੇ। ਉਹ ਸਿਰਫ ਕਠੋਰਤਾ ਵਿਚੋਂ ਹੀ ਕਪਟ, ਕੋਹਝ, ਕਮੀਨਗੀ ਅਤੇ ਕੁਰਖਤਾ ਨਾਲ ਹੀ ਵਿਹੜੇ 'ਚ ਸੇਹ ਦਾ ਤੱਕਲਾ ਬਣ, ਘਰ ਨੂੰ ਕਲੇਸ਼-ਘਰ ਬਣਾਉਣ ਵਿਚ ਕੋਈ ਕਸਰ ਨਹੀਂ ਰਹਿਣ ਦਿੰਦੀ। ਫਿਰ ਘਰ ਸਿਰਫ ਇਕ ਹਿਚਕੀ ਹੀ ਹੁੰਦਾ।**

ਬਾਪ ਤੁਰ ਗਿਆ ਏ, ਬਾਪ ਦਾ ਬਾਪ ਵੀ ਤੁਰ ਗਿਆ ਸੀ ਅਤੇ ਇਸ ਸਿਲਸਿਲੇ ਨੇ ਨਿਰੰਤਰ ਜਾਰੀ ਰਹਿਣਾ। ਕੋਈ ਵੀ ਸਥਿਰ ਨਹੀਂ। ਜਾਰੀ ਰਹਿਣੀ ਹੈ-ਸੋਚ ਵਿਚੋਂ ਉਗਦੇ ਸੂਰਜਾਂ ਦੀ ਲੋਅ, ਕਰਮ ਵਿਚੋਂ ਧਰਮ ਦਾ ਜਗਦਾ ਚਿਰਾਗ ਅਤੇ ਜੀਵਨ-ਪੈੜਾਂ ਵਿਚੋਂ ਉਗ ਰਹੀ ਕਿਰਮਚੀ ਨਿਸ਼ਾਨਦੇਹੀ, ਜਿਨ੍ਹਾਂ ਨੇ ਜੀਵਨ-ਦਿਸਹੱਦਿਆਂ ਦੇ ਮੱਥਿਆਂ ਨੂੰ ਜੀਵਨੀ ਸ਼ਿਲਾਲੇਖ ਬਣਾਉਣਾ ਏ। ਬਾਪ ਦੀ ਅਕੀਦਤ ਵਿਚ ਇਹ ਕੁਝ ਹੋ ਜਾਵੇ ਤਾਂ ਜੀਵਨ ਸਫਲ ਹੁੰਦਾ।

ਇਕ ਸਾਲ ਪਹਿਲਾਂ ਜਦ ਬਾਪ ਹੌਲੀ ਹੌਲੀ ਮੇਰੇ ਹੱਥਾਂ ਵਿਚੋਂ ਹੱਥ ਖਿਸਕਾ ਰਿਹਾ ਸੀ ਤਾਂ ਉਸ ਦੀ ਆਖਰੀ ਝਾਤ ਨੇ ਮੇਰੇ ਨੈਣਾਂ ਵਿਚ ਅਜਿਹੀ ਰੌਸ਼ਨੀ ਭਰੀ ਕਿ ਜੀਵਨ ਦਾ ਉਦੇਸ਼ ਚਾਨਣ ਦਾ ਵਣਜ ਕਰਨਾ ਅਤੇ ਜੀਵਨ ਸਾਰਥਕਤਾ ਨੂੰ ਵਿਸਥਾਰਨਾ ਹੀ ਬਣ ਗਿਆ। ਇਸ ਤੋਂ ਚੰਗੇਰੀ ਅਕੀਦਤ ਸਦਾ ਲਈ ਵਿਛੜੇ ਬਾਪ ਨੂੰ ਹੋਰ ਕੀ ਦਿਤੀ ਜਾ ਸਕਦੀ ਏ?

ਬਾਪੂ ਤਾਂ ਕਿਧਰੇ ਵੀ ਨਹੀਂ ਗਿਆ। ਜਿਉਂਦਾ ਏ ਮੇਰੇ ਸਫਰ ਵਿਚ, ਨੈਣਾਂ ਵਿਚ ਉਮੜੇ ਸੁਪਨਿਆਂ ਵਿਚ, ਕਲਮ ਦੀ ਹਰਫਨਮੌਲਤਾ ਵਿਚ ਅਤੇ ਜੀਵਨ ਦੇ ਸੁਹੰਢਣੇ ਸਰੂਪ ਵਿਚ। ਤੇਰੇ ਹੀ ਕਦਮਾਂ ਦੀ ਨਿਸ਼ਾਨਦੇਹੀ ਕਰਨੀ ਤੇ ਕਰਦੇ ਰਹਿਣਾ ਏ। ਬਾਪੂ ਤੇਰੀ ਪੱਗ ਦਾ ਸ਼ਮਲਾ ਸਦਾ ਉਚਾ ਹੀ ਰਹੇਗਾ।

ਬਾਪ ਦੇ ਤੁਰ ਜਾਣ ਪਿਛੋਂ ਅਕਸਰ ਹੀ ਕਮਰੇ ਦੀ ਕੰਧ 'ਤੇ ਲਟਕਦੀ ਬਾਪ ਦੀ ਤਸਵੀਰ ਨਾਲ ਸੰਵਾਦ ਰਚਾਉਂਦਾ ਹਾਂ। ਸੋਚਦਾਂ! ਸੂਖਮ ਬਿਰਤੀਆਂ ਅਤੇ ਸਿਮਦੇ ਸ਼ਬਦਾਂ ਨੂੰ ਕਿਵੇਂ ਸਹਿਲਾਵਾਂ, ਚੁੱਪ ਕਰਾਵਾਂ ਤਾਂ ਕਿ ਮਨ ਵਿਚ ਆਇਆ ਉਬਾਲ ਸ਼ਾਂਤ ਹੋਵੇ। ਕਈ ਵਾਰ ਸੋਚਦਾਂ ਕਿ ਸ਼ਾਇਦ ਆਪਣਿਆਂ ਨੇ ਮੇਰੀ ਭਾਵਨਾਤਮਕਤਾ ਨੂੰ ਕਮਜੋਰੀ ਸਮਝ ਲਿਆ ਹੋਵੇ, ਪਰ ਉਹ ਨਹੀਂ ਜਾਣਦੇ ਕਿ ਬਾਪ ਦੇ ਭੋਗ ਸਮੇਂ, ਸਿਰ 'ਤੇ ਬੰਨੀ ਗਈ ਪੱਗ ਦਾ ਭਾਰ ਬਹੁਤ ਹੁੰਦਾ। ਪੱਗ, ਜੋ ਬਾਪ ਦੇ ਸ਼ਮਲੇ ਦੀ ਸੂਚਕ ਏ, ਇਹ ਸ਼ਮਲਾ ਜਿੰਦ ਵੇਚ ਕੇ ਵੀ ਜੇ ਉਚਾ ਰੱਖ ਸਕਿਆ ਤਾਂ ਇਹ ਸੌਦਾ ਕਦੇ ਵੀ ਘਾਟੇਵੰਦਾ ਨਹੀਂ ਹੋਵੇਗਾ। ਇਹ ਖੁਦ ਨਾਲ ਵਚਨ ਹੈ।

ਗੁਰਬਾਣੀ ਗਿਆਨ

# ਮੰਨੈ ਸੁਰਤਿ ਹੋਵੈ ਮਨਿ ਬੁਧਿ

ਸੁਰਤ (consciousness), ਮਤ (skill), ਮਨ (mind) ਅਤੇ ਬੁੱਧੀ (intellect) ਬੜੇ ਭਾਰੀ ਅਰਥਾਂ ਵਾਲੇ ਸ਼ਬਦ ਹਨ, ਜੋ ਮਨੁੱਖ ਦੀ ਹੋਂਦ ਨਾਲ ਸਬੰਧਤ ਹਨ। ਮਨੁੱਖ ਦੀ ਉਤਪਤੀ ਇਨ੍ਹਾਂ ਦੀ ਉਤਪਤੀ ਨਾਲ ਜੁੜੀ ਹੋਈ ਹੈ। ਮਨੁੱਖ ਦੀ ਉਤਪਤੀ ਦੀਆਂ ਦੋ ਮੁੱਖ ਥਿਊਰੀਆਂ ਹਨ- ਇਕ ਕਲਪਨਾਵਾਦੀ (Idealism), ਜਿਸ ਨੂੰ ਆਦਰਸ਼ਵਾਦੀ ਵੀ ਕਹਿੰਦੇ ਹਨ ਤੇ ਦੂਜੀ ਯਥਾਰਥਵਾਦੀ (Realism) ਭਾਵ ਅਸਲੀਅਤ ਦੇ ਤੱਥਾਂ 'ਤੇ ਆਧਾਰਿਤ। ਕਲਪਨਾਵਾਦੀ ਪਹਿਲਾਂ ਇਕ ਆਦਰਸ਼ ਮਿੱਥਦੇ ਹਨ ਤੇ ਫਿਰ ਉਸ ਤੀਕ ਪਹੁੰਚਣ ਦੀ ਇਕ ਸਿੱਧੀ ਤੇ ਜਟਕੀ ਵਿਉਂਤ। ਇਸ ਵਿਉਂਤ ਦਾ ਤਰਕ ਅਸਲੀਅਤ ਨਾਲ ਇਕਸੁਰ ਨਹੀਂ ਹੁੰਦਾ। ਅਰਥਾਤ ਆਦਰਸ਼ਵਾਦੀ ਆਪਣੇ ਅੰਦਾਜ਼ੇ ਅਨੁਸਾਰ ਘੋੜੇ ਦੀ ਧੜ ਵਾਲਾ ਮਨੁੱਖ ਜਾਂ ਮਨੁੱਖ ਦੇ ਮੂੰਹ ਵਾਲਾ ਸੱਪ ਕਲਪ ਸਕਦੇ ਹਨ, ਪਰ ਉਨ੍ਹਾਂ ਦੀਆਂ ਕਲਪ-ਕ੍ਰਿਤੀਆਂ ਤੁੱਕੇਬਾਜ਼ੀ 'ਤੇ ਆਧਾਰਿਤ ਹੋਣ ਕਰਕੇ ਯਥਾਰਥ ਨਾਲ ਮੇਲ ਨਹੀਂ ਖਾਂਦੀਆਂ। ਦੂਜੇ ਪਾਸੇ ਯਥਾਰਥਵਾਦੀ ਅਸਲ ਤੱਥਾਂ ਦਾ ਅਧਿਐਨ ਕਰ ਕੇ ਹਕੀਕਤ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਹਨ। ਉਹ ਕਲਪਨਾ ਨਹੀਂ, ਸਗੋਂ ਯਥਾਰਥ ਦੇ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਆਲੇ ਦੁਆਲੇ ਦੀ ਅਰਧ-ਕਲਪਨਾ ਕਰ ਸਕਦੇ ਹਨ ਤੇ ਇਸ ਨੂੰ ਪ੍ਰਯੋਗਾਂ ਰਾਹੀਂ ਯਥਾਰਥ ਦੇ ਹੋਰ ਨੇੜੇ ਪਹੁੰਚਣ ਲਈ ਵਰਤਦੇ ਹਨ।

ਮਨੁੱਖ ਦੀ ਉਤਪਤੀ ਬਾਰੇ ਸਾਰੇ ਆਦਰਸ਼ਵਾਦੀ ਇਹ ਕਲਪਨਾ ਕਰਦੇ ਹਨ ਕਿ ਉਸ ਨੂੰ ਮਨੁੱਖ ਜਿਹੇ ਕਿਸੇ ਰੱਬ ਨੇ ਬਣਾਇਆ ਹੈ। ਉਸ ਰੱਬ ਨੇ ਪਹਿਲਾਂ ਧਰਤੀ ਸਿਰਜੀ ਤੇ ਫਿਰ ਇੱਥੇ ਮਨੁੱਖ ਤੇ ਹੋਰ ਜੀਵ ਜੰਤੂਆਂ ਨੂੰ ਬਣਾ ਕੇ ਬਿਠਾਇਆ। ਉਨ੍ਹਾਂ ਅਨੁਸਾਰ ਇਹ ਰੱਬ ਜਾਂ ਸਿਰਜਣਹਾਰ ਕਿਤੇ ਦੂਰ ਅਸਮਾਨ ਵਿਚ ਰਹਿੰਦਾ ਹੈ ਤੇ ਅਸੀਮ ਸਮਝ ਦਾ ਮਾਲਕ ਹੈ। ਉਸੇ ਨੇ ਆਪਣੇ ਮਨੁੱਖਾਂ ਵਿਚ ਬੌਧਿਕ ਗੁਣ ਪਾਏ ਹਨ ਭਾਵ ਮਨੁੱਖ ਨੂੰ ਉਸ ਦੀ ਸੁਰਤ, ਮੱਤ, ਮਨ ਤੇ ਬੁੱਧ ਆਦਿ ਘੜੇ ਘੜਾਏ ਮਿਲੇ ਹਨ। ਇਸ ਲਈ ਮਨੁੱਖ ਨੂੰ ਉਸ ਸ਼ਕਤੀਸ਼ਾਲੀ ਕਰਤੇ ਦਾ ਸ਼ੁਕਰਗੁਜ਼ਾਰ ਹੋ ਕੇ ਉਸ ਵਿਚ ਭਰੋਸਾ ਕਰਨਾ ਚਾਹੀਦਾ ਹੈ। ਕਿਉਂਕਿ ਉਸ ਪ੍ਰਭੂ ਨੂੰ ਕੇਵਲ ਮਨੁੱਖੀ ਜੀਵਨ ਵਿਚ ਹੀ ਮਿਲਿਆ ਜਾ ਸਕਦਾ ਹੈ, ਇਸ ਲਈ ਮਨੁੱਖੀ ਜੀਵਨ ਦਾ ਇਕੋ ਇਕ ਮਨੋਰਥ ਉਸਦੀ ਭਗਤੀ ਵਿਚ ਲੀਨ ਰਹਿ ਕੇ ਉਸ ਨੂੰ ਪਾਉਣਾ ਹੈ। ਸਭ ਧਾਰਮਿਕ ਫਿਲਾਸਫੀਆਂ ਦੀ ਲਗਭਗ ਇਹੀ ਮਨੌਤ ਹੈ।

ਪਰ ਇਹ ਖਿਆਲ ਜਟਕਾ ਹੀ ਨਹੀਂ, ਬਚਗਾਨਾ ਵੀ ਹੈ। ਕਿਵੇਂ ਚਿਤਵ ਲਿਆ ਗਿਆ ਕਿ ਇਹ ਜੀਵ ਕਿਸੇ ਨੇ ਬਣਾਏ ਹਨ? ਕਦੋਂ ਬਣਾਏ, ਕਿਵੇਂ ਬਣਾਏ, ਕਿੱਥੇ ਬੈਠ ਕੇ ਬਣਾਏ, ਕਿਹੜੇ ਪਦਾਰਥ ਨਾਲ ਬਣਾਏ, ਕਿਹੜੇ ਵਾਹਨ ਵਿਚ ਬਿਠਾ ਕੇ ਇੱਥੇ ਲਿਆਂਦੇ? ਕੀ ਇਨ੍ਹਾਂ ਪ੍ਰਸ਼ਨਾਂ ਦਾ ਕੋਈ ਮੁੱਲ ਨਹੀਂ? ਸਹੀ ਉਤਰ ਦੇਣ ਦੀ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ। ਜਿਨ੍ਹਾਂ ਕਿਹਾ, ਉਹ ਰਹੇ ਨਹੀਂ ਤੇ ਜੋ ਹਨ, ਉਹ ਜਾਣਦੇ ਨਹੀਂ। ਮੱਲੋ ਮੱਲੀ ਇਕ ਮਨਘੜਤ ਗੱਲ 'ਤੇ ਯਕੀਨ ਕਰਨ ਲਈ ਕਿਹਾ ਜਾਂਦਾ ਹੈ। ਕੋਈ ਨਾ ਕਰੇ ਤਾਂ ਕਈ ਤਰ੍ਹਾਂ ਦੇ ਡਰ-ਡਰਾਵੇ ਖੜ੍ਹੇ ਕੀਤੇ ਜਾਂਦੇ ਹਨ। ਪ੍ਰਸ਼ਨ ਕਰਨ ਨੂੰ ਵਿਦਰੋਹ ਮੰਨਿਆ ਜਾਂਦਾ ਹੈ। ਉਤਰ ਦੇਣ ਦੀ ਲੋੜ ਪਵੇ ਵੀ, ਇਕ ਕਾਲਪਨਿਕ ਗੱਲ ਨੂੰ ਸਹੀ ਸਿੱਧ ਕਰਨ ਲਈ ਦੂਜੀ ਦੀ ਕਲਪਨਾ ਕਰ ਲਈ ਜਾਂਦੀ ਹੈ। ਹਵਾਲੇ ਉਦੋਂ ਦੀਆਂ ਦੰਦ-ਕਥਾ ਆਧਾਰਿਤ ਪੁਸਤਕਾਂ ਦੇ ਦਿੱਤੇ ਜਾਂਦੇ ਹਨ, ਜਦੋਂ ਅਜੇ ਮਨੁੱਖੀ ਸਭਿਅਤਾ ਸ਼ਿਕਾਰ ਕਰਨ, ਪਸ਼ੂ ਪਾਲਣ ਤੇ ਮਿੱਟੀ ਦੇ ਭਾਂਡਿਆਂ ਤੋਂ ਪਰ੍ਹੇ ਕੁਝ ਨਹੀਂ ਸੀ ਜਾਣਦੀ। ਹੈਰਤ ਹੈ ਕਿ ਪਰਾਣੀ ਕੁੰਧਰਾਂ ਵਿਚ ਰਹਿੰਦੇ ਆਦਿ ਪੁਰਖਾਂ ਦੀ ਫਹਿਮ ਖਿਆਲੀ ਨੂੰ ਆਧੁਨਿਕ ਕਾਲ ਦੇ ਵਿਗਿਆਨ ਪੁਰਖਾਂ ਦੀ ਰਾਏ ਤੋਂ ਵੱਧ ਸ੍ਰੇਸ਼ਟ ਸਮਝਿਆ ਜਾਂਦਾ ਹੈ!

ਪਰ ਸੱਚਾਈ ਕਲਪਨਾ ਨਾਲ ਸਮਝ ਵਿਚ ਆਉਣ ਵਾਲੀ ਚੀਜ਼ ਨਹੀਂ। ਕਿਸੇ ਅਜਨਬੀ ਨਾਲ ਹੋਣ ਵਾਲੀ ਮੁਲਾਕਾਤ ਦਾ ਦ੍ਰਿਸ਼ ਮਨ ਵਿਚ ਚਿਤਰੋ ਤੇ ਮੁਲਾਕਾਤ ਪਿਛੋਂ ਇਸ ਨੂੰ ਵਿਚਾਰੋ। ਕਾਲਪਨਿਕ ਤੇ ਅਸਲ ਚਿਤਰ ਕਦੇ ਮੇਲ ਨਹੀਂ ਖਾਣਗੇ। ਉਸ ਅਜਨਬੀ ਦੀ ਉਮਰ, ਕੱਦ-ਕਾਠ, ਸ਼ਕਲ, ਰੰਗ ਰੂਪ, ਸੁਭਾਅ ਤੇ ਮਿਲਣ ਵਾਲੀ ਥਾਂ ਦਾ ਬਿਊਰਾ ਕਦੇ ਵੀ ਕਲਪਨਾ ਕੀਤੇ ਗਏ ਵੇਰਵਿਆਂ ਨਾਲ ਮੇਲ ਨਹੀਂ ਖਾਵੇਗਾ। ਬਹੁਤ ਮੁਸ਼ਕਿਲ ਹੈ ਇਹ ਕਹਿਣਾ ਕਿ ਦੂਰ ਬੈਠਾ ਕੋਈ ਦੋਸਤ, ਸਬੰਧੀ ਜਾਂ ਧੀ-ਪੁੱਤਰ ਇਸ ਵੇਲੇ ਕੀ ਕਰ ਰਿਹਾ ਹੈ। ਯਕੀਨ ਨਹੀਂ ਤਾਂ ਕਲਪਨਾ ਕਰੋ ਤੇ ਫੋਨ ਕਰ ਕੇ ਅਸਲੀਅਤ ਪੁੱਛੋ। ਸਿੱਟੇ ਅਲੱਗ ਹੀ ਨਿਕਲਣਗੇ। ਜੇ ਸਾਡੀ ਸੋਚ ਸਾਡੇ ਆਲੇ-ਦੁਆਲੇ ਦੀਆਂ ਚੀਜ਼ਾਂ ਬਾਰੇ ਹੀ ਸਹੀ ਜਾਣਕਾਰੀ ਨਹੀਂ ਦਿੰਦੀ ਤਾਂ ਉਹ ਕੁਦਰਤ ਦੇ ਡੂੰਘੇ ਭੇਦਾਂ ਬਾਰੇ ਮੰਨਣਯੋਗ ਗਿਆਨ ਕਿਵੇਂ ਦੇ ਸਕਦੀ ਹੈ। 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ' ਦੇ ਮਹਾਂ ਵਾਕ ਅਨੁਸਾਰ ਸੋਚਣ ਜਾਂ ਕਲਪਨਾ ਕਰਨ ਦੀ ਆਦਰਸ਼ਵਾਦੀ ਵਿਧੀ ਸੱਚ ਤੀਕ ਪਹੁੰਚਾਉਣ ਦੇ ਸਮਰੱਥ ਨਹੀਂ।

ਫਿਰ ਮਨੁੱਖ ਵਿਚ 'ਸੁਰਤਿ ਮਤਿ ਮਨ ਬੁਧਿ' ਕਿਵੇਂ ਆਏ? ਇਸ ਦਾ ਉਤਰ ਇਹ ਕਿ ਨਾ ਮਨੁੱਖ ਤੇ ਨਾ ਹੀ ਉਸ ਦੀ ਚੇਤਨਤਾ ਦੇ ਇਹ ਗੁਣ ਘੜੇ ਘੜਾਏ ਆਏ ਹਨ। ਜਿਵੇਂ ਮਨੁੱਖ ਪਸ਼ੂ ਪਾਲਕ ਤੋਂ ਡਿਜੀਟਲ ਟੈਕਨੋਲੋਜਿਸਟ ਤੀਕ ਹੌਲੀ ਹੌਲੀ ਵਿਕਸਿਤ ਹੋ ਕੇ ਆਇਆ ਹੈ, ਉਵੇਂ ਹੀ ਉਹ ਪਹਿਲਾਂ ਵੀ ਵਿਕਾਸ ਦੇ ਰਾਹ ਹੀ ਜਾਨਵਰ ਤੋਂ ਮਨੁੱਖ ਬਣਿਆ ਹੈ। ਇਹ ਝੱਖ ਨਹੀਂ, ਗਣਿਤੀ ਲੱਖਣ (corollary) ਹੈ ਕਿ ਇਹ ਇੰਦਾਂ ਹੀ ਹੋ ਸਕਦਾ ਹੈ। ਜੀਵ ਆਪਣੇ ਤਜਰਬੇ ਤੋਂ ਸਿੱਖਦਾ ਹੈ ਤੇ ਇਸ ਤੋਂ ਸੇਧ ਲੈ ਕੇ ਅਗ੍ਹਾਂ ਵਿਕਾਸ ਕਰਦਾ ਹੈ। ਜਿਵੇਂ ਬੱਚਾ ਕਿਸੇ ਗਰਮ ਚੀਜ਼ ਨੂੰ ਹੱਥ ਲਾਉਣ ਪਿਛੋਂ ਉਸ ਨੂੰ ਦੂਜੀ ਵਾਰ ਫੜਨ ਤੋਂ ਡਰਦਾ ਹੈ, ਤਿਵੇਂ ਜੀਵ ਬਾਹਰਲੇ ਵਰਤਾਰਿਆਂ ਦਾ ਦਿਮਾਗ ਅੰਦਰ ਵਿਵੇਚਨ ਕਰਦਾ ਹੈ ਤੇ ਉਸ ਤੋਂ ਸਮਝ ਲੈ ਕੇ ਲਗਾਤਾਰ ਆਪਣੀਆਂ ਪ੍ਰਤੀਕ੍ਰਿਆਵਾਂ ਸੁਧਾਰਦਾ ਰਹਿੰਦਾ ਹੈ। ਨਵੇਂ ਪ੍ਰਤੀਕਰਮਾਂ ਦੇ ਨਵੇਂ ਸਿੱਟਿਆਂ ਉਤੇ ਦਿਮਾਗ ਮੁੜ ਮੁੜ ਵਿਚਾਰ ਕਰਦਾ ਹੈ ਤੇ ਉਸ ਦੀਆਂ ਨਵੀਆਂ ਪ੍ਰਤੀਕ੍ਰਿਆਵਾਂ ਪਹਿਲਾਂ ਨਾਲੋਂ ਵਧੀਆ ਬਣਦੀਆਂ ਰਹਿੰਦੀਆਂ ਹਨ। ਵਿਚਾਰਾਂ ਤੇ ਕਰਨੀ ਦੇ ਸਦਾ-ਵਰਤੀ ਗੇੜਾਂ ਰਾਹੀਂ ਮਨ ਦੀਆਂ ਬੌਧਿਕ ਸ਼ਕਤੀਆਂ ਦਾ ਲਗਾਤਾਰ ਵਿਕਾਸ ਹੁੰਦਾ ਰਹਿੰਦਾ ਹੈ। ਡਾਰਵਿਨ, ਐਂਗਲਜ਼ ਤੇ ਸਪੈਂਸਰ ਦੀਆਂ ਖੋਜਾਂ ਨੇ ਇਸ ਬਾਰੇ ਕੋਈ ਸ਼ੱਕ ਨਹੀਂ ਰਹਿਣ ਦਿੱਤਾ।

ਪਰ ਗੁਰੂ ਨਾਨਕ ਇਨ੍ਹਾਂ ਤੋਂ ਵੀ ਕਿਤੇ ਪਹਿਲਾਂ ਲਿਖ ਗਏ ਸਨ ਕਿ ਮਨੁੱਖੀ ਸੁਰਤ, ਮਨ, ਮਤ ਤੇ ਬੁਧ ਦਾ ਵਿਕਾਸ 'ਮੰਨੇ' ਭਾਵ ਮਨਨ ਜਾਂ ਮਨੁੱਖੀ ਅਕਲ ਦੀ ਵਰਤੋਂ ਨਾਲ ਹੋਇਆ ਹੈ। ਵਿਗਿਆਨ ਕਹਿੰਦਾ ਹੈ ਕਿ ਪ੍ਰਤੀਕ੍ਰਿਆ ਤੇ ਪ੍ਰਤੀਬਿੰਬਣ (reflection) ਮਾਦੇ ਦੇ ਮੁਢਲੇ ਗੁਣ ਹਨ। ਸ਼ੀਸ਼ਾ, ਪਾਣੀ, ਤੇਲ ਆਦਿ ਵਿਚ ਤਸਵੀਰ ਬਣਦੀ ਹੈ ਤੇ ਮਿੱਟੀ ਉਤੇ ਪੈੜ ਦੇ ਨਿਸ਼ਾਨ ਪੈਂਦੇ ਹਨ। ਇਹ ਉਸੇ ਯਾਦਾਸ਼ਤ ਦੇ ਕੱਚਘਰੜ ਰੂਪ ਹਨ, ਜੋ ਸਭ ਜੀਵਾਂ ਅੰਦਰ ਸੁਰਤ (consciousness) ਬਣ ਕੇ ਪ੍ਰਗਟ ਹੁੰਦੀ ਹੈ। ਜੀਵ ਭੋਜਨ ਭਾਲਦਾ ਹੈ ਤੇ ਆਪਣੇ ਰੱਖ ਰਖਾਓ ਲਈ ਹੱਥ ਪੈਰ ਮਾਰਦਾ ਹੈ। ਇਨ੍ਹਾਂ ਕੰਮਾਂ ਲਈ ਉਹ ਪਦਾਰਥ ਵਲ ਭੱਜਦਾ ਹੈ ਤੇ ਦੂਜੇ ਜੀਵਾਂ ਨਾਲ ਖਹਿੰਦਾ ਹੈ। ਉਸ ਦੀਆਂ ਪ੍ਰਤੀਕ੍ਰਿਆਵਾਂ ਦੀ ਲੜੀ ਦਿਮਾਗ ਵਿਚ ਦਰਜ ਹੁੰਦੀ ਹੈ। ਨਿਤਾ-ਪ੍ਰਤੀ ਇੰਦਾਂ ਹੋਣ ਨਾਲ ਉਸ ਦੀ ਸੂਝ-ਬੂਝ ਵਿਚ ਨਿਖਾਰ ਆਉਂਦਾ ਹੈ ਤੇ ਉਹ ਆਪਣੀਆਂ ਕ੍ਰਿਆਵਾਂ ਨੂੰ ਹੋਰ ਸੁਲਝੇ ਢੰਗ ਨਾਲ ਕਰ ਸਕਦਾ ਹੈ। ਉਹ ਅਗਲੀਆਂ ਤੇ ਪਿਛਲੀਆਂ ਟੰਗਾਂ ਤੋਂ ਵੱਖ ਵੱਖ ਕੰਮ ਲੈਣ ਲੱਗ ਜਾਂਦਾ ਹੈ, ਅਰਥਾਤ ਪਿਛਲੀਆਂ ਦੋ ਟੰਗਾਂ ਦੇ ਸਹਾਰੇ ਖੜ੍ਹਾ ਹੋ ਕੇ ਅਗਲੀਆਂ ਦੋ ਨੂੰ ਹੱਥਾਂ ਵਜੋਂ ਵਰਤਣ ਲੱਗ ਪੈਂਦਾ ਹੈ। ਇਸ ਨਾਲ ਉਸ ਦੇ ਹੱਥਾਂ ਦੀ ਬਣਤਰ ਵਿਚ ਬਦਲਾਓ ਆਉਂਦਾ ਹੈ। ਖੁਰ ਜਾਂ ਪੰਜੇ ਦੀ ਥਾਂ ਮਹੀਨ ਕੰਮ ਕਰਨ ਦੀ ਸਮਰੱਥਾ ਵਾਲਾ ਉਂਗਲੀਆਂ ਵਾਲਾ ਹੱਥ ਹੋਂਦ ਵਿਚ ਆਉਂਦਾ ਹੈ। ਇਸ ਹੱਥ ਨੂੰ ਵਰਤਣ ਨਾਲ ਉਸ ਦੇ ਦਿਮਾਗ ਦਾ ਆਕਾਰ ਤੇ ਸਮਰੱਥਾ-ਦੋਵੇਂ ਵਧਦੇ ਹਨ। ਜਿਉਂ ਜਿਉਂ ਮਨੁੱਖ ਹੱਥਾਂ ਨਾਲ ਕੰਮ ਕਰਦਾ ਹੈ, ਤਿਉਂ ਤਿਉਂ ਉਸ ਦਾ ਦਿਮਾਗ ਉਸ ਦਾ ਜਾਇਜ਼ਾ ਲੈਂਦਾ ਹੈ ਤੇ ਆਪਣੀ ਕਾਰਗੁਜ਼ਾਰੀ ਵਧਾਉਂਦਾ ਹੈ। 'ਮਨੁ ਹਾਲੀ ਕਿਰਸਾਣੀ ਕਰਣੀ ਸਰਮ ਪਾਣੀ ਤਨੁ ਖੇਤੁ' ਦਾ ਇਹੀ ਭਾਵ ਹੈ। ਦਿਮਾਗ ਦੇ ਕੰਮਾਂ ਤੇ ਗੁਣਵੱਤਾ ਨੂੰ ਹੀ ਮਨ (mind) ਕਹਿੰਦੇ ਹਨ। ਦਿਮਾਗ ਹਰ ਕੰਮ ਨੂੰ ਸੌਖਿਆਂ ਤੇ ਸੁਚੱਜ ਨਾਲ ਕਰਨ ਲਈ ਨਮੂਨੇ (pattern) ਘੜਦਾ ਹੈ। ਉਹ ਇਨ੍ਹਾਂ ਨੂੰ ਵਰਤਣ ਲਈ ਆਪਣੇ ਅੰਦਰ ਜਮ੍ਹਾਂ ਕਰ ਕੇ ਰੱਖਦਾ ਹੈ। ਇਸ ਨੂੰ ਮੱਤ ਕਹਿੰਦੇ ਹਨ। ਸੁਰਤ, ਮਤ ਤੇ ਮਨ ਦੀ ਲਗਾਤਾਰ ਵਰਤੋਂ ਨਾਲ ਬੁਧ (intellect) ਪੈਦਾ ਹੁੰਦੀ ਹੈ, ਜੋ ਤਰਕ ਦੇ ਸਹਾਰੇ ਭਵਿੱਖ ਦੇ ਕਾਰਜਾਂ ਅਤੇ ਸਿੱਟਿਆਂ ਬਾਰੇ ਅੰਦਾਜ਼ਾ ਲਾ ਲੈਂਦੀ ਹੈ। ਬੁੱਧ ਪੱਖੋਂ ਮਨੁੱਖ ਸਿੱਖਦਾ ਹੀ ਰਹਿੰਦਾ ਹੈ। ਇਸੇ ਲਈ ਉਸ ਨੂੰ ਸਦਾ ਵਿਦਿਆਰਥੀ ਮੰਨਿਆ ਜਾਂਦਾ ਹੈ।

ਗੁਰੂ ਸਾਹਿਬ ਫੁਰਮਾਉਂਦੇ ਹਨ, ਮੰਨੇ ਭਾਵ ਮਨਨ ਨਾਲ ਸੁਰਤ, ਮਤ, ਮਨ ਅਤੇ ਬੁਧ ਘੜ੍ਹੇ ਜਾਂਦੇ ਹਨ ਤੇ ਇਨ੍ਹਾਂ ਦਾ ਸਰਬ-ਪੱਖੀ ਵਿਕਾਸ ਹੁੰਦਾ ਹੈ। ਮਨੁੱਖ ਦੇ ਦਿਮਾਗੀ ਵਿਸ਼ਲੇਸ਼ਣ ਅਤੇ ਅਨੁਭਵ ਸਦਕਾ ਸਮਾਜਕ ਸੂਝ ਭਾਵ ਸਭਿਅਤਾ ਬਣਦੀ ਹੈ। ਸਮਾਜਕ ਪੱਧਰ 'ਤੇ ਮਨ, ਦਿਮਾਗ, ਬੁੱਧੀ ਤੇ ਅਨੁਭਵ ਦੀ ਸੰਯੁਕਤ ਵਰਤੋਂ ਨਾਲ ਤਕਨਾਲੋਜੀ (technology) ਪੈਦਾ ਹੁੰਦੀ ਹੈ। ਪ੍ਰਯੋਗਸ਼ਾਲਾਵਾਂ ਬਣਦੀਆਂ ਹਨ, ਮਿਥ ਕੇ ਖੋਜਾਂ ਹੁੰਦੀਆਂ ਹਨ, ਜਿਨ੍ਹਾਂ ਨਾਲ ਬੁੱਧੀ, ਵਿਵੇਕ ਤੇ ਤਕਨਾਲੋਜੀ ਹੋਰ ਅੱਗੇ ਵਧਦੇ ਰਹਿੰਦੇ ਹਨ। ਇਸ ਪ੍ਰਕ੍ਰਿਆ ਨੂੰ ਕੋਈ ਰੋਕ ਨਹੀਂ ਸਕਦਾ। ਬੱਸ ਇਕ ਅੰਧ ਵਿਸ਼ਵਾਸ ਹੀ ਹੈ, ਜੋ ਇਸ ਵਿਚ ਰੁਕਾਵਟ ਪਾ ਸਕਦਾ ਹੈ, ਜਿਵੇਂ ਮੱਧ ਕਾਲ ਵਿਚ ਪਈ ਸੀ; ਪਰ ਬੁੱਧੀ ਤੇ ਵਿਕਾਸ ਦੀਆਂ ਠਾਠਾਂ ਅੱਗੇ ਇਹ ਵੀ ਬਹੁਤਾ ਚਿਰ ਨਹੀਂ ਟਿਕਦਾ। ਇਤਿਹਾਸ ਦੀ ਮੰਨੋ ਤਾਂ ਇਕ ਦਿਨ ਮਨੁੱਖੀ ਬੁੱਧੀ ਆਪਣੇ ਦੁਆਲੇ ਦੇ ਸਾਰੇ ਰਹੱਸ ਜਾਣ ਕੇ ਹੀ ਰਹੇਗੀ ਭਾਵ ਮਨੁੱਖ ਨੂੰ 'ਸਗਲ ਭਵਣ ਕੀ ਸੁਧ' ਆ ਕੇ ਹੀ ਰਹੇਗੀ।

ਸੁਰਤ, ਮਤ, ਮਨ ਅਤੇ ਬੁੱਧ ਦੇ ਵਿਕਾਸ ਦੀ ਇਹ ਯਥਾਰਥਕ ਵਿਧੀ ਅਸਲੀਅਤ ਦੇ ਨੇੜੇ ਹੈ। ਇਸ ਦਾ ਪ੍ਰਮਾਣ ਇਸ ਵਿਚ ਹੈ ਕਿ ਪੈਦਾ ਹੋਣ ਵੇਲੇ ਬੱਚੇ ਦਾ ਦਿਮਾਗ ਸਾਫ ਸਲੇਟ ਵਾਂਗ ਹੁੰਦਾ ਹੈ। ਕ੍ਰਿਆਵਾਂ ਪ੍ਰਤੀ-ਕ੍ਰਿਆਵਾਂ ਰਾਹੀਂ ਉਹ ਇਸ ਤੇ ਆਪਣੇ ਅਨੁਭਵ ਉਕਰਦਾ ਹੈ ਤੇ ਇਨ੍ਹਾਂ ਵਿਚ ਸੁਧਾਰ ਕਰਦਾ ਰਹਿੰਦਾ ਹੈ। ਜੇ ਪੜ੍ਹੇ ਤੇ ਲਿਖੇ ਤਾਂ ਉਹ ਵੱਡਾ ਹੋ ਕੇ ਇਕ ਸਿਆਣਾ ਵਿਗਿਆਨਕ, ਵਕੀਲ, ਸਿਆਸੀ ਆਗੂ ਜਾਂ ਲੇਖਕ ਬਣ ਜਾਂਦਾ ਹੈ। ਇਹ ਚਮਤਕਾਰ ਕਿਸੇ ਰੱਬ ਨੇ ਨਹੀਂ, ਸਗੋਂ ਉਸ ਦੀ ਆਪਣੀ ਕਾਰਜਸ਼ੈਲੀ ਨੇ ਕੀਤਾ ਹੁੰਦਾ ਹੈ। ਇਹੀ ਕਾਰਨ ਹੈ ਕਿ ਜੇ ਉਹ ਨਾ ਪੜ੍ਹੇ-ਲਿਖੇ ਤਾਂ ਉਸ ਦੀ ਬੁੱਧੀ ਇਕ ਅਨਪੜ੍ਹ ਗਵਾਰ ਤੋਂ ਵੱਧ ਨਹੀਂ ਹੁੰਦੀ।

ਇਹ ਅਰੰਭਕ ਸ਼ਬਦ ਇਸ ਲਈ ਜਰੂਰੀ ਸਨ, ਕਿਉਂਕਿ ਜਪੁਜੀ ਦੀ 13ਵੀਂ ਪਉੜੀ ਵਿਚ ਸੁਰਤ, ਮਤ, ਮਨ ਅਤੇ ਬੁਧ ਦਾ ਜ਼ਿਕਰ ਹੈ ਅਤੇ ਅਜੋਕੇ ਸਿੱਖ ਵਿਦਵਾਨਾਂ ਨੇ ਇਨ੍ਹਾਂ ਦੀ ਵਿਆਖਿਆ ਆਦਰਸ਼ਵਾਦੀ ਢੰਗ ਨਾਲ ਕੀਤੀ ਹੈ। ਇਹ ਪਉੜੀ ਤੇ ਉਨ੍ਹਾਂ ਵਲੋਂ ਇਸ ਦੇ ਕੀਤੇ ਅਰਥ ਇਸ ਤਰ੍ਹਾਂ ਹਨ,

ਮੰਨੈ ਸੁਰਤਿ ਹੋਵੈ ਮਨਿ ਬੁਧਿ॥
ਮੰਨੈ ਸਗਲ ਭਵਣ ਕੀ ਸੁਧਿ॥
ਮੰਨੈ ਮੁਹਿ ਚੋਟਾ ਨਾ ਖਾਇ॥
ਮੰਨੈ ਜਮ ਕੈ ਸਾਥਿ ਨ ਜਾਇ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥੧੩॥

'ਚੂੜਾਮਨੀ' ਕਵੀ ਭਾਈ ਸੰਤੋਖ ਸਿੰਘ ਜਪੁਜੀ ਸਾਹਿਬ ਦੇ ਆਪਣੇ ਗਰਬ ਗੰਜਨੀ ਟੀਕੇ ਵਿਚ ਇਸ ਪਉੜੀ ਦੇ ਅਰਥ ਕਰਦਿਆਂ ਲਿਖਦੇ ਹਨ, "ਮੰਨਨ ਕਰਨ ਕੋ ਨਾਉ ਮੰਨੇ, ਮਨਨ ਕਰਨ ਤੇ ਸੁਰਤ ਸੁਸ਼ਿਤ ਕਹੀਏ ਪ੍ਰੀਤੀ ਮਨ ਬਿਖੇ ਅਰ ਬੁਧਿ ਵਿਖੇ ਹੁਇ ਆਵਤ ਹੈ। ਸੋ ਪ੍ਰੀਤਿ ਕੌਨ? ਬ੍ਰਹਮ ਕੇ ਬਿਚਾਰ ਕੀ ਆਛੀ ਪ੍ਰੀਤ ਹੁਇ ਆਵਤ ਹੈ।...ਮਨਨ ਕਰਨ ਤੇ ਸਗਲ ਭਵਨ ਕੋ ਅਰਥ ਚੌਦਹਿ ਲੋਕ, ਤਿਨ ਕੀ 'ਸੁਧੀ' ਕਹੀਏ 'ਗਯਾਤ' ਹੋਇ ਆਵਤ ਹੈ। ਜੋ ਐਸੇ ਪ੍ਰਾਨੀ ਤਿਨ ਕੇ ਬਿਖੇ ਰਹਿਤ ਹੈਂ, ਐਸੇ ਕਰਮ ਕਰਿ ਤਹਾਂ ਪਹੁੰਚਤ ਹੈਂ, ਇਸ ਰੀਤਿ ਕੋ ਤਹਾਂ ਬਿਵਹਾਰ ਹੈ, ਵਾ ਜਿਸ ਰੀਤਿ ਚੌਦਹ ਲੋਕ ਕਿ ਉਤਪਤਿ ਭਈ ਸੋ ਜਾਨ ਜਾਤ ਹੈਂ।...ਜੋ ਮਨਨ ਕਰਤ ਹੈਂ, ਤਿਨ੍ਹੋਂ ਕੇ ਮੁਖ ਪਰ ਚੋਟ ਜੋ ਹੈ ਜਮਦੂਤਨ ਕੀ, ਸੋ ਨਹੀਂ ਲਾਗਤ ਹੈ। ਜੋ ਕੋਟਨਿ ਕੋਟ ਜਨਮ ਧਾਰ ਕਰਿ ਮ੍ਰਿਤ ਸਮੇਂ ਮੈਂ ਮਾਰ ਹੁਤੀ ਸੋ ਹਟ ਜਾਤ ਹੈ।...ਮਨਨ ਕੇ ਕਰਨਹਾਰੇ ਜੋ ਹੈਂ, ਸੋ ਜਮ ਕੇ ਸੰਗ ਜਮਪੁਰੀ ਨਹੀਂ ਜਾਤ ਹੈਂ; ਸਨਮਾਨ ਕੇ ਸੰਗ ਬੈਕੁੰਠ ਤੀਕ ਪਹੁੰਚਤ ਹੈਂ।... ਐਸਾ ਮਨਨ ਹੈ, ਜਿਸ ਕੇ ਕਰਨ ਤੇ ਏਤਕ ਫਲ ਹੋਤ ਹੈ, ਪ੍ਰੰਤੂ ਕਬ ਹੋਤ ਹੈ, ਜਬ ਨਾਮ ਨਿਰੰਜਨ ਹੋਇ=ਹਉਮੈ ਤੇ ਬਿਹੀਨ ਹੋਇ, ਮਾਯਾ ਤੇ ਰਹਤ ਹੋਇ।...ਜੋ ਇਕੋ ਬਿਖੇ ਮਨਨ ਕਰੇ ਤੋ ਤੋ ਮਨ ਮੈਂ ਜਾਣੈ ਕੋਈ।"

ਭਾਈ ਵੀਰ ਸਿੰਘ, ਜਿਨ੍ਹਾਂ ਨੇ ਭਾਈ ਸੰਤੋਖ ਸਿੰਘ ਦੇ ਉਲਥੇ ਨੂੰ ਥਾਪਣਾ ਦਿੱਤੀ ਹੈ, ਆਪ ਇਸ ਦਾ ਟੀਕਾ ਇੰਜ ਕਰਦੇ ਹਨ, "(ਨਾਮ ਨੂੰ) ਮੰਨ ਲੈਣ ਨਾਲ (ਜਗਯਾਸੂ ਦੀ) ਸੁਰਤਿ, ਮਨੀਖਾ, (ਤੇ) ਬੁਧਿ (ਨਾਮੀ ਨੂੰ ਵਿਸ਼ਯ ਕਰਨ ਵਾਲੀ) ਹੋ ਜਾਂਦੀ ਹੈ। (ਨਾਮ ਨੂੰ) ਮੰਨ ਲੈਣ ਨਾਲ (ਉਹ ਸੁਧਿ ਪ੍ਰਾਪਤ ਹੁੰਦੀ ਹੈ ਜੋ) ਸਾਰੇ ਭਵਨਾਂ ਦੀ ਸੋਝੀ (ਕਹੀਦੀ ਹੈ, ਭਾਵ ਸੁਤੇ ਗਯਾਨ ਪ੍ਰਾਪਤੀ ਵਾਲੀ ਬੁੱਧੀ, ਜੋ ਦੇਵਤਿਆਂ ਤੇ ਸਿਧਾਂ ਪੁਰਖਾਂ ਨੂੰ ਪ੍ਰਾਪਤ ਹੁੰਦੀ ਹੈ)। (ਐਸੀ ਅਨੁਭਵੀ ਸੁਤੇ ਬੁੱਧੀ ਜਿਸ ਨੂੰ ਪ੍ਰਾਪਤ ਹੋ ਜਾਏ, ਉਹ ਮਨਨਸ਼ੀਲ ਪਰਮੇਸ਼ੁਰ ਦਾ ਨਾਮ) ਮੰਨ ਲੈਣ ਨਾਲ (ਭ੍ਰਮ ਭਾਂਤੀ ਦੀਆਂ) ਸੱਟਾਂ ਮੂੰਹ ਤੇ (ਫੇਰ) ਨਹੀਂ ਖਾਂਦਾ। (ਤੇ ਐਸਾ ਮਨਨਸ਼ੀਲ ਪੁਰਖ) ਮੰਨ ਲੈਣ ਕਰਕੇ ਜਮ ਦੇ ਨਾਲ ਨਹੀਂ ਜਾਂਦਾ (ਭਾਵ ਜਨਮ ਮਰਨ ਰਹਿਤ ਹੋ ਜਾਂਦਾ ਹੈ)।

ਭਾਈ ਸੰਤੋਖ ਸਿੰਘ ਤੇ ਭਾਈ ਵੀਰ ਸਿੰਘ-ਦੋਵੇਂ 'ਮੰਨੇ' ਤੇ 'ਮੰਨੈ' ਵਿਚ ਫਰਕ ਨਹੀਂ ਕਰਦੇ ਤੇ ਦੋਵੇਂ ਇਨ੍ਹਾਂ ਸ਼ਬਦਾਂ ਦਾ ਅਰਥ 'ਨਾਮ' ਨੂੰ ਮੰਨ ਲੈਣਾ ਕਰਦੇ ਹਨ। ਭਾਈ ਸੰਤੋਖ ਸਿੰਘ ਅਨੁਸਾਰ ਨਾਮ ਨੂੰ ਮੰਨਣ ਦਾ ਅਸਰ ਉਦੋਂ ਹੁੰਦਾ ਹੈ, ਜਦੋਂ ਇਸ ਦਾ ਮਨ ਵਿਚ ਮਨਨ ਕੀਤਾ ਜਾਵੇ ਭਾਵ ਇਸ ਦਾ ਮਨ ਵਿਚ ਸਿਮਰਨ ਕੀਤਾ ਜਾਵੇ। ਭਾਈ ਵੀਰ ਸਿੰਘ ਕੇਵਲ ਨਾਮ ਨੂੰ ਮੰਨਣਾ ਹੀ ਇਸ ਦੇ ਅਸਰ ਪੈਦਾ ਕਰਨ ਲਈ ਕਾਫੀ ਸਮਝਦੇ ਹਨ; ਪਰ ਨਾਮ ਨੂੰ ਮੰਨਣ ਦੇ ਫਾਇਦੇ ਦੋਵੇਂ ਵਿਦਵਾਨਾਂ ਲਈ ਲਗਭਗ ਇਕੋ ਜਿਹੇ ਹਨ। ਉਨ੍ਹਾਂ ਅਨੁਸਾਰ ਇਸ ਨਾਲ (1) 'ਮਨ ਬਿਖੇ ਅਰ ਬੁਧਿ ਵਿਖੇ' ਸੁਰਤ ਆਉਂਦੀ ਹੈ ਅਤੇ ਨਾਮ ਲੈਣ ਵਾਲੇ ਦਾ ਮਨ ਸੁਰਤ ਤੇ ਬੁੱਧੀ ਨਾਲ ਭਰ ਜਾਂਦਾ ਹੈ। (2) ਨਾਮ ਮੰਨ ਲੈਣ ਨਾਲ ਜਗਿਆਸੂ ਨੂੰ ਸਾਰੇ ਭਵਨਾਂ ਦੀ ਭਾਵ ਦੁਨੀਆਂ ਦੇ ਕੁਲ ਚੌਦਾਂ ਲੋਕਾਂ ਦੀ ਸੁਧਿ ਆ ਜਾਂਦੀ ਹੈ। ਅਜਿਹੀ ਸੁਧਿ ਕੇਵਲ ਦੇਵੀ ਦੇਵਤਿਆਂ ਤੇ ਸਿੱਧਾਂ ਪੁਰਖਾਂ ਕੋਲ ਹੀ ਹੁੰਦੀ ਹੈ। (3) ਪਰਮੇਸ਼ਰ ਦਾ ਨਾਮ ਮੰਨ ਲੈਣ ਨਾਲ ਮੂੰਹ ਉਤੇ ਭਰਮ ਤੇ ਭ੍ਰਾਂਤੀ ਦੀਆਂ ਸੱਟਾਂ ਨਹੀਂ ਲਗਦੀਆਂ। ਅਜਿਹੇ ਮੰਨਣ ਵਾਲਿਆਂ ਨੂੰ ਮਰਨ ਵੇਲੇ ਮੂੰਹ 'ਤੇ ਜਮਦੂਤਾਂ ਦੇ ਥਪੇੜੇ ਨਹੀਂ ਖਾਣੇ ਪੈਂਦੇ। (4) ਉਹ ਬੜੇ ਸਨਮਾਨ ਨਾਲ ਬੈਕੁੰਠ ਪਹੁੰਚ ਜਾਂਦੇ ਹਨ ਤੇ ਫਿਰ ਜਨਮ-ਮਰਨ ਤੋਂ ਰਹਿਤ ਹੋ ਜਾਂਦੇ ਹਨ। (5) ਮੰਨਣ ਦੇ ਇਹ ਇੰਨੇ ਸਾਰੇ ਫਾਇਦੇ ਉਦੋਂ ਹੁੰਦੇ ਹਨ, ਜਦੋਂ ਮੰਨਣ ਵਾਲਾ ਮਾਯਾ ਜਾਂ ਲੋਭ ਲਾਲਚ ਤੋਂ ਮੁਕਤ ਹੋਵੇ ਅਤੇ ਮਨ ਵਿਚ ਇਕੋ ਦਾ ਧਿਆਨ ਕਰੇ ਤੇ ਕੋਈ ਦੂਜਾ ਉਸ ਦੇ ਮਨ ਵਿਚ ਨਾ ਆਵੇ।

ਇਸ ਤਰ੍ਹਾਂ ਵੱਡੇ ਵੱਡੇ ਨਾਂਵਾਂ ਵਾਲੇ ਵਿਦਵਾਨਾਂ ਦੀ ਵਿਆਖਿਆ ਵੀ ਯਥਾਰਥ ਦੇ ਇਨੇ ਨੇੜੇ ਨਹੀਂ ਢੁਕਦੀ। ਨਾਮ ਦਾ ਜਪਣਾ ਇਕ ਮਕੈਨਕੀ (mechanical) ਕ੍ਰਿਆ ਹੈ ਤੇ ਇਸ ਨੂੰ ਮੰਨਣਾ ਇਕ ਭਰੋਸਾ (faith) ਹੈ। ਦੋਹਾਂ ਦਾ ਮਨੁੱਖ ਦੀ ਸੁਰਤਿ, ਅਕਲ, ਬੁੱਧੀ ਆਦਿ ਦੀ ਉਤਪਤੀ ਤੇ ਵਿਕਾਸ ਨਾਲ ਕੋਈ ਸਬੰਧ ਨਹੀਂ। ਭਰੋਸਾ ਤਾਂ ਕਈ ਲੋਕ ਪਸ਼ੂ, ਪੰਛੀਆਂ, ਦਰਖਤਾਂ, ਨਦੀਆਂ, ਪਰਬਤਾਂ ਤੇ ਪੱਥਰਾਂ ਵਿਚ ਵੀ ਕਰਦੇ ਹਨ। ਗੁਰੂ ਸਾਹਿਬ ਨੇ ਜਪੁਜੀ ਵਿਚ ਅਜਿਹੀਆਂ ਚੀਜ਼ਾਂ ਦੀ ਇਕ ਲੰਮੀ ਲਿਸਟ ਦਿੱਤੀ ਹੋਈ ਹੈ। ਭਰੋਸਾ ਕਰਨ ਜਾਂ ਮੰਨਣ ਨਾਲ ਮਨੁੱਖੀ ਦਿਮਾਗ ਦੇ ਵਿਕਾਸ ਦੀ ਕੋਈ ਵਜ੍ਹਾ ਹੀ ਨਹੀਂ। ਕੁਦਰਤ ਦਾ ਪੱਕਾ ਪੱਕਾ ਜਾਣਦਾ ਹੈ ਕਿ ਕਿਸੇ ਚੀਜ਼ ਨੂੰ ਬਿਨਾ ਕਾਰਨ ਮੰਨ ਲੈਣਾ ਕਿਸੇ ਪ੍ਰਸ਼ਨ ਦਾ ਉਤਰ ਨਹੀਂ। ਦਿਮਾਗ ਨੂੰ ਤਾਲਾ ਲਾਉਣ ਨਾਲ ਇਸ ਦੀਆਂ ਸਭ ਕ੍ਰਿਆਵਾਂ ਖੜ੍ਹੋਤ ਵਿਚ ਆ ਜਾਣਗੀਆਂ। ਵਿਅਕਤੀ ਇਕੋ ਵਿਚਾਰ ਨਾਲ ਬੰਨ੍ਹਿਆ ਜਾਵੇਗਾ। ਉਹ ਕੁਝ ਹੋਰ ਸੋਚਣਾ ਵੀ ਚਾਹੇ, ਸੋਚ ਨਹੀਂ ਸਕੇਗਾ। ਮਨੋ-ਰੋਗਾਂ ਦਾ ਸ਼ਿਕਾਰ ਹੋ ਜਾਵੇਗਾ। ਵਿਕਾਸ ਦੀ ਥਾਂ ਬੁੱਧੀ ਦਾ ਨਾਸ਼ ਹੋਵੇਗਾ। ਜੇ ਬੁੱਧੀ ਨਹੀਂ ਰਹੇਗੀ ਤਾਂ ਗਿਆਨ ਤੇ ਤਕਨਾਲੋਜੀ ਕਿੱਥੋਂ ਆਉਣਗੇ? ਗਿਆਨ ਤੇ ਤਕਨਾਲੋਜੀ ਦੀ ਅਣਹੋਂਦ ਵਿਚ 'ਸਗਲ ਭਵਣ ਕੀ ਸੁਧ' ਕਿਵੇਂ ਹੋਵੇਗੀ? ਜਿਨ੍ਹਾਂ ਚੌਦਾਂ ਲੋਕਾਂ ਦੀ ਸੁਧ ਦੀ ਇਹ ਵਿਦਵਾਨ ਗੱਲ ਕਰਦੇ ਹਨ, ਉਹ ਇਕ ਹਵਾਈ ਗੱਲ ਹੈ। ਯਥਾਰਥਕ ਤੌਰ 'ਤੇ ਇਸ ਦਾ ਕੋਈ ਅਸਤਿਤਵ ਨਹੀਂ। ਫਿਰ ਕਿਹੜਾ ਬੈਕੁੰਠ, ਕਿਹੜਾ ਜਮਦੂਤ, ਕਿਹੜਾ ਮੂੰਹ ਤੇ ਕਿਹੜੀਆਂ ਚੋਟਾਂ? ਅਜਿਹੀਆਂ ਕਿੰਨੀਆਂ ਮਿੱਥ ਕਥਾਵਾਂ ਦਾ ਪਰਦਾ ਤਾਂ ਗੁਰੂ ਸਾਹਿਬ ਨੇ ਆਪ ਫਾਸ਼ ਕੀਤਾ ਸੀ। ਇਨ੍ਹਾਂ ਵਿਆਖਿਆਕਾਰਾਂ ਪਿੱਛੇ ਲਗ ਕੇ ਅਜੋਕੇ ਸਿੱਖ ਵਿਦਵਾਨ ਤੇ ਪੁਜਾਰੀ ਜਿਨ੍ਹਾਂ ਗੱਲਾਂ ਨੂੰ ਪ੍ਰਚਾਰਦੇ ਹਨ, ਉਹ ਕਿਸੇ ਅਨਭੋਲ ਬੱਚੇ ਨੂੰ ਜਾਂ ਕਿਸੇ ਮੰਦ ਬੁੱਧੀ ਵਾਲੇ ਵਿਅਕਤੀ ਨੂੰ ਵੀ ਹਜ਼ਮ ਨਾ ਹੋਣ। ਸੁਚੇਤ ਵਿਅਕਤੀ ਤਾਂ ਇਨ੍ਹਾਂ ਨੂੰ ਸੁਣੇਗਾ ਹੀ ਨਹੀਂ। ਇਸ ਲਈ ਨਵੇਂ ਪੁਰਾਣੇ ਸਭ ਸਿੱਖ ਵਿਦਵਾਨ ਇਸ ਪਉੜੀ ਦੀ ਮਨਮੱਤੀ ਵਿਆਖਿਆ ਕਰ ਕੇ ਅੰਧ ਵਿਸ਼ਵਾਸ ਫੈਲਾਉਂਦੇ ਹਨ। ਅਜਿਹਾ ਕਰਦਿਆਂ ਉਹ ਨਾ ਬਾਣੀ ਦੀ ਸਾਤਵਿਕਤਾ ਦਾ ਖਿਆਲ ਰੱਖਦੇ ਹਨ ਤੇ ਨਾ ਹੀ ਗੁਰੂ ਸਾਹਿਬ ਦੀ ਸ਼ਖਸੀਅਤ ਤੇ ਪ੍ਰਤਿਭਾ ਦਾ।

ਇਸ ਪਉੜੀ ਦੇ ਠੇਠ ਅਰਥ ਕੁਝ ਇਉਂ ਬਣਦੇ ਹਨ, "ਮਨੁੱਖ ਕਰਮ ਕਰਦਾ ਹੈ ਤੇ ਦਿਮਾਗ ਰਾਹੀਂ ਉਨ੍ਹਾਂ ਦਾ ਮਨਨ ਭਾਵ ਵਿਸ਼ਲੇਸ਼ਣ ਕਰਦਾ ਹੈ। ਕਰਮਾਂ ਦੇ ਮਨਨ ਨਾਲ ਜੋ ਮਾਨਸਿਕ ਪ੍ਰਤੀਕ੍ਰਿਆਵਾਂ ਪੈਦਾ ਹੁੰਦੀਆਂ ਹਨ, ਉਨ੍ਹਾਂ ਦੇ ਸਿੱਟੇ ਵਜੋਂ ਦਿਮਾਗ ਦੇ ਕਾਰਜ ਤੇ ਸ਼ਕਤੀਆਂ ਵਿਸ਼ਾਲ ਬਣਦੇ ਹਨ। ਇਸ ਤਰ੍ਹਾਂ ਮਨੁੱਖ ਦੀ ਸੁਰਤ, ਮਤਿ ਤੇ ਬੁਧੀ ਆਦਿ ਲਗਾਤਾਰ ਘੜ੍ਹੀਆਂ ਜਾਂਦੀਆਂ ਹਨ ਤੇ ਸੋਚ ਤਿੱਖਣ ਹੁੰਦੀ ਰਹਿੰਦੀ ਹੈ। ਮੰਨੇ ਦੇ ਉਸਾਰੂ ਵਿਸ਼ਲੇਸ਼ਣ ਰਾਹੀਂ ਉਸ ਨੂੰ ਉਨ੍ਹਾਂ ਸਭ ਗੱਲਾਂ ਦੀ 'ਸੁਧ' ਆ ਜਾਂਦੀ ਹੈ ਤੇ ਉਨ੍ਹਾਂ ਜਟਿਲ ਪ੍ਰਸ਼ਨਾਂ ਦੇ ਉਤਰ ਮਿਲ ਜਾਂਦੇ ਹਨ, ਜੋ ਢੂੰਡਣ ਲਈ ਸਭ ਨਾਥ ਜੋਗੀ, ਸੰਨਿਆਸੀ ਤੇ ਸਾਧ ਸੰਤ ਥਾਂ ਥਾਂ ਭਟਕਦੇ ਫਿਰਦੇ ਹਨ। ਅਜਿਹੀ ਸੁਧ ਵਿਚ ਮਨਘੜਤ ਗੱਲਾਂ ਦੀ ਕੋਈ ਥਾਂ ਨਹੀਂ। ਇਸ ਲਈ ਅਧਿਆਤਮਵਾਦੀਆਂ ਦੇ ਦੱਸੇ ਜਮਦੂਤਾਂ ਤੇ ਉਨ੍ਹਾਂ ਦੇ ਮ੍ਰਿਤੂ-ਕਾਲੀਨ ਤਸੀਹਿਆਂ ਦੀ ਹੋਂਦ ਹੀ ਆਪੇ ਖਤਮ ਹੋ ਜਾਂਦੀ ਹੈ। ਸਮਝ ਤੋਂ ਕੰਮ ਲੈਣ ਨਾਲ ਨਾ ਜਮਦੂਤ ਰਹਿੰਦੇ ਹਨ ਤੇ ਨਾ ਉਨ੍ਹਾਂ ਦੀ ਮਾਰ ਦਾ ਡਰ। ਅਕਲ ਵਿਚਾਰ ਨਾਲ ਇਹ ਗੱਲਾਂ ਭਾਫ ਬਣ ਉਡ ਜਾਂਦੀਆਂ ਹਨ। ਗੁਰੂ ਸਾਹਿਬ ਕਹਿੰਦੇ ਹਨ, ਜਿਸ ਨੂੰ ਸਿੱਧ-ਮੰਡਲੀ ਨਿਰੰਜਣ ਕਹਿੰਦੀ ਹੈ, ਉਸ ਦੇ ਨਾਮ ਦੀ ਖੋਜ ਵੀ ਮੰਨੇ ਭਾਵ ਵਿਚਾਰ ਵਿਸ਼ਲੇਸ਼ਣ ਰਾਹੀਂ ਹੀ ਸੰਭਵ ਹੋ ਸਕਦੀ ਹੈ, ਪਰ ਜੇ ਕੋਈ ਇਸ ਦਾ ਸਹੀ ਮਨਨ ਕਰੇ ਤਾਂ।"

ਬਹੁਤੇ ਵਿਦਵਾਨਾਂ ਨੇ ਆਪਣੇ ਟੀਕਿਆਂ ਵਿਚ 'ਭਵਣ' ਦੇ ਅਰਥ ਦੂਰ ਦੁਰਾਡੇ ਦੀਆਂ ਥਾਂਵਾਂ ਜਿਵੇਂ ਸ਼ਹਿਰ, ਲੋਕ, ਬਸਤੀਆਂ, ਦੇਸ਼, ਗ੍ਰਹਿ ਜਾਂ ਉਪ-ਗ੍ਰਹਿ ਕੀਤੇ ਹਨ, ਪਰ ਇਹ ਅਰਥ ਸਹੀ ਨਹੀਂ ਹਨ, ਕਿਉਂਕਿ ਗੁਰੂ ਸਾਹਿਬ ਨੇ ਭਵਨ ਨਹੀਂ, ਭਵਣ ਸ਼ਬਦ ਵਰਤਿਆ ਹੈ। ਭਵਣ ਦਾ ਅਰਥ ਭ੍ਰਮਣ ਕਰਨਾ, ਬੇਲੋੜਾ ਘੁੰਮਣਾ ਜਾਂ ਭੌਣਾ ਹੁੰਦਾ ਹੈ। ਨਾਥ ਜੋਗੀਆਂ ਤੇ ਸਿੱਧਾਂ ਦੇ ਹਵਾਲੇ ਨਾਲ ਆਇਆ, ਇਹ ਸ਼ਬਦ ਉਨ੍ਹਾਂ ਦੇ ਭ੍ਰਮਣ ਵਾਲੇ ਕਿੱਤੇ ਨਾਲ ਵੱਧ ਸਬੰਧ ਰੱਖਦਾ ਹੈ। ਮੁੱਖ ਗੱਲ ਹੈ ਕਿ ਗੁਰਬਾਣੀ ਵਿਚ ਕਿਸੇ ਸ਼ਬਦ ਦੇ ਸਹੀ ਅਰਥ ਓਹੀ ਹੁੰਦੇ ਹਨ, ਜੋ ਸੰਦਰਭ-ਸੁਹਾਉਣ ਹੋਣ ਦੇ ਨਾਲ ਨਾਲ ਚੜ੍ਹਦੀ ਕਲਾ ਵਲ ਵਹਿਣ। ਗੁਰੂ ਸਾਹਿਬ ਤਰਕ ਤੇ ਵਿਗਿਆਨ ਨਾਲ ਖੜ੍ਹਨ ਵਾਲੀ ਸੋਚ ਦੇ ਮਾਲਕ ਸਨ, ਇਸ ਲਈ ਉਨ੍ਹਾਂ ਦੇ ਵਰਤੇ ਸ਼ਬਦਾਂ ਦੇ ਅਗਿਆਨ ਫੈਲਾਉਣ ਵਾਲੇ ਅਰਥ ਕਰਨਾ ਉਚਿਤ ਨਹੀਂ। ਹੈਰਾਨੀ ਦੀ ਗੱਲ ਹੈ ਕਿ ਹੁਣ ਤੀਕ ਦੇ ਸਾਰੇ ਵਿਦਵਾਨ ਗੁਰੂ ਸਾਹਿਬ ਨੂੰ ਅੰਧ-ਵਿਸ਼ਵਾਸੀ ਦਰਸਾ ਕੇ ਦਕਿਆਨੂਸੀ ਵਿਚਾਰਧਾਰਾਵਾਂ ਨਾਲ ਜੋੜਦੇ ਰਹੇ ਹਨ। ਗੁਰੂ ਸਾਹਿਬ ਦੇ ਮਨਨ ਸਿਧਾਂਤ ਨੂੰ ਵਿਸ਼ਵਾਸ ਕਰਨਾ ਭਾਵ ਮੰਨਣਾ ਦੱਸ ਰਹੇ ਹਨ ਤੇ ਭਵਣ ਨੂੰ ਭਟਕਣ ਦੀ ਥਾਂ ਲੋਕ-ਪ੍ਰਲੋਕ ਤੇ ਮਹਿਲ। ਗੁਰੂ ਸਾਹਿਬ ਦਿਮਾਗ ਦੀ ਵਰਤੋਂ ਨੂੰ ਸਰਬਉਚ ਕ੍ਰਿਆ ਕਹਿੰਦੇ ਹਨ ਤੇ ਇਹ ਵਿਦਵਾਨ ਦਿਮਾਗ ਵਰਤਣ ਨੂੰ ਮਨਮੁਖਤਾ ਦੱਸਦੇ ਹਨ। ਇਹੀ ਨਹੀਂ, ਸਗੋਂ ਉਹ ਦਿਮਾਗ ਦੀ ਵਰਤੋਂ ਕਰਨ ਵਾਲਿਆਂ ਨੂੰ ਗੁਰੂ ਵਿਰੋਧੀ ਦੱਸ ਕੇ ਦੁਰਕਾਰਦੇ ਹਨ!

ਅਚੰਭੇ ਦੀ ਗੱਲ ਇਹ ਹੈ ਕਿ ਆਮ ਸਿੱਖ ਸ਼ਰਧਾਲੂ ਉਨ੍ਹਾਂ ਦੀ ਹਰ ਅੰਧ-ਵਿਸ਼ਵਾਸੀ ਗੱਲ ਸਿਰ ਸੁੱਟ ਕੇ ਮੰਨ ਲੈਂਦੇ ਹਨ ਤੇ ਗੁਰੂ ਸਾਹਿਬ ਦੀ ਦੱਸੀ ਅਕਲ ਦੀ ਗੱਲ ਵਿਸਾਰ ਦਿੰਦੇ ਹਨ। ਉਹ ਇਕ ਪਾਸੇ ਕਹਿੰਦੇ ਹਨ ਕਿ ਸਿੱਖੀ ਵਿਚ ਪੁਜਾਰੀਵਾਦ ਨਹੀਂ ਹੈ ਤੇ ਦੂਜੇ ਪਾਸੇ ਸਭ ਕੁਝ ਪੁਜਾਰੀ ਤੇ ਛੱਡੀ ਬੈਠੇ ਹਨ। ਜਿਵੇਂ ਪਾਣੀ ਵਿਚ ਰਹਿੰਦੀ ਮੱਛੀ ਪਾਣੀ ਦੀ ਹੋਂਦ ਨਹੀਂ ਪਛਾਣਦੀ, ਉਵੇਂ ਪੁਜਾਰੀਵਾਦ ਨੂੰ ਪ੍ਰਣਾਏ ਇਹ ਸ਼ਰਧਾਲੂ ਆਪਣੇ ਆਪ ਨੂੰ ਪੁਜਾਰੀਵਾਦ ਤੋਂ ਮੁਕਤ ਸਮਝਦੇ ਹਨ; ਪਰ ਇਹ ਮੁਕਤੀ ਉਦੋਂ ਤੀਕ ਪ੍ਰਾਪਤ ਨਹੀਂ ਹੋ ਸਕਦੀ, ਜਦੋਂ ਤੀਕ ਉਹ ਗੁਰਬਾਣੀ ਦਾ ਅਧਿਐਨ ਆਪ ਨਹੀਂ ਕਰਦੇ। ਜਦੋਂ ਉਨ੍ਹਾਂ ਨੇ ਆਪ ਬਾਣੀ ਪੜ੍ਹਨੀ ਸ਼ੁਰੂ ਕੀਤੀ, ਉਦੋਂ ਕੋਈ ਪੁਜਾਰੀ ਉਨ੍ਹਾਂ ਨੂੰ ਇਹ ਕਹਿਣ ਦੀ ਹਿੰਮਤ ਨਹੀਂ ਕਰੇਗਾ ਕਿ "ਗੁਰੂ ਵਾਲੇ ਬਣੋ।" ਉਦੋਂ ਉਲਟਾ ਉਹ ਪੁਜਾਰੀਆਂ ਨੂੰ ਕਹਿਣਗੇ, "ਬ੍ਰਾਹਮਣਵਾਦ ਛੱਡੋ, ਹੁਣ ਗੁਰੂ ਵਾਲੇ ਬਣੋ।"

## ਪ੍ਰਤੀਕਰਮ

# ਖਾਲਿਸਤਾਨ ਦਾ ਐਲਾਨਨਾਮਾ: ਕੁਝ ਹਕੀਕੀ ਨੁਕਤੇ

***ਪਿਛਲੇ ਅੰਕ ਵਿਚ ਅਸੀਂ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੀ ਲਿਖਤ 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ' ਛਾਪੀ ਸੀ। ਇਸ ਲਿਖਤ ਅਤੇ ਉਸ ਵਕਤ ਦੇ ਹਾਲਾਤ ਬਾਰੇ ਸਾਡੇ ਕੋਲ ਕੁਝ ਲਿਖਤਾਂ ਪੁੱਜੀਆਂ ਹਨ। ਐਤਕੀਂ ਅਸੀਂ ਹਜ਼ਾਰਾ ਸਿੰਘ ਮਿਸੀਸਾਗਾ ਅਤੇ ਹਰਜੀਤ ਦਿਓਲ, ਬਰੈਂਪਟਨ ਦੀਆਂ ਟਿੱਪਣੀਆਂ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਅਗਲੇ ਅੰਕ ਵਿਚ ਉਘੇ ਚਿੰਤਕ ਗੁਰਬਚਨ ਸਿੰਘ ਦੇ ਵਿਚਾਰ ਛਾਪੇ ਜਾਣਗੇ। 'ਪੰਜਾਬ ਟਾਈਮਜ਼' ਵੱਖ-ਵੱਖ ਮਸਲਿਆਂ ਬਾਰੇ ਬਹਿਸ-ਮੁਬਾਹਿਸੇ ਦੀ ਬੜੀ ਅਮੀਰ ਰੀਤ ਮੁੱਢ ਤੋਂ ਹੀ ਪਾਲਦਾ ਰਿਹਾ ਹੈ। ਇਸ ਪ੍ਰਸੰਗ ਵਿਚ ਵੀ ਸਭ ਪਾਠਕਾਂ ਅਤੇ ਵਿਦਵਾਨਾਂ ਨੂੰ ਬੇਨਤੀ ਹੈ ਕਿ ਆਪੋ-ਆਪਣੇ ਵਿਚਾਰ ਭੇਜਣ, ਪਰ ਇਕ ਹੀ ਸ਼ਰਤ ਹੈ ਕਿ ਤਹੱਮਲ ਤੇ ਸਬਰ ਦਾ ਪੱਲਾ ਫੜ ਕੇ ਰੱਖਿਆ ਜਾਵੇ ਅਤੇ ਗੱਲਾਂ ਸਬੰਧਤ ਮਸਲੇ ਦੇ ਇਰਦ-ਗਿਰਦ ਹੀ ਰਹਿਣ। -ਸੰਪਾਦਕ***

**ਹਜ਼ਾਰਾ ਸਿੰਘ ਮਿਸੀਸਾਗਾ**
**ਫੋਨ: 905-795-3428**

ਪੰਜਾਬ ਟਾਈਮਜ਼ ਦੇ 2 ਮਈ 2020 ਦੇ ਅੰਕ ਵਿਚ ਸ. ਕਰਮਜੀਤ ਸਿੰਘ ਦੀ ਲਿਖਤ 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ' ਪੜ੍ਹੀ। ਲੇਖਕ ਖਾਲਿਸਤਾਨ ਦੇ ਇਸ ਐਲਾਨ ਨੂੰ ਸ਼ਗਨਾਂ ਭਰੀ ਸਵੇਰ ਕਹਿ ਕੇ ਪ੍ਰਣਾਮ ਕਰਦਾ ਹੈ, ਕਿਉਂਕਿ ਇਹ ਸਿੱਖ ਮਨਾਂ ਅੰਦਰ ਚਲੀ ਆ ਰਹੀ ਸਿੱਖ ਰਾਜ ਦੀ ਰੀਝ ਦਾ ਸਪਸ਼ਟ ਐਲਾਨ ਸੀ। ਲੇਖਕ ਇਸ ਨੂੰ ਵਿਚਾਰਧਾਰਕ ਨਿਖੇੜੇ ਦੀ ਸਵੇਰ ਕਹਿ ਕੇ ਸਿੱਖਾਂ ਵਲੋਂ ਹਥਿਆਰਬੰਦ ਜੰਗ, ਜੋ ਸਿੱਖ ਮਨਾਂ ਵਿਚੋਂ ਵਿਸਰ ਚੁਕੀ ਸੀ, ਸ਼ੁਰੂ ਕਰਨ ਦਾ ਅੰਮ੍ਰਿਤ ਵੇਲਾ ਆਖਦਾ ਹੈ। ਲੇਖਕ ਵਾਂਗ ਬਹੁਤ ਸਾਰੇ ਹੋਰ ਵਿਸ਼ਲੇਸ਼ਕ ਵੀ ਕਰੀਬ ਇਸੇ ਤਰ੍ਹਾਂ ਸੋਚਦੇ ਹਨ। ਖਾੜਕੂ ਲਹਿਰ ਦੀਆਂ ਮੁੱਖ ਘਟਨਾਵਾਂ ਨੂੰ ਦੇਖਿਆਂ ਵੀ ਇੰਜ ਹੀ ਲਗਦਾ ਹੈ ਕਿ ਹਮਲੇ ਤੋਂ ਪਹਿਲਾਂ ਖਾਲਿਸਤਾਨ ਦੀ ਸਪਸ਼ਟ ਮੰਗ ਨਹੀਂ ਸੀ। ਸਰਕਾਰ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਨਤੀਜੇ ਵਜੋਂ ਖਾੜਕੂ ਲਹਿਰ ਉਭਰੀ, ਜਿਸ ਨੇ ਖਾਲਿਸਤਾਨ ਵਾਸਤੇ ਹਥਿਆਰਬੰਦ ਸੰਘਰਸ਼ ਲੜਿਆ।

ਇਕ ਹੋਰ ਨਜ਼ਰੀਏ ਤੋਂ ਦੇਖਿਆ ਜਾਏ ਤਾਂ 29 ਅਪਰੈਲ 1986 ਨੂੰ ਖਾਲਿਸਤਾਨ ਦਾ ਕੀਤਾ ਗਿਆ ਐਲਾਨਨਾਮਾ ਨਾ ਕੋਈ ਨਵੀਂ ਸਵੇਰ ਸੀ ਅਤੇ ਨਾ ਹਥਿਆਰਬੰਦ ਜੰਗ ਦੀ ਸ਼ੁਰੂਆਤ। ਖਾਲਿਸਤਾਨ ਦਾ ਇਹ ਐਲਾਨਨਾਮਾ ਜਿਸ ਜੰਗ ਦੀ ਸ਼ੁਰੂਆਤ ਕਰਨ ਦੀ ਗੱਲ ਕਰਦਾ ਹੈ, ਸਿੱਖ ਉਹ ਜੰਗ ਕਰੀਬ ਦੋ ਸਾਲ ਪਹਿਲਾਂ ਹਾਰ ਚੁਕੇ ਸਨ। ਇਹ ਸਿਆਸੀ ਅਨਾੜੀਪੁਣੇ ਦਾ ਐਲਾਨ ਸੀ। ਵੱਡੀ ਹਾਰ ਪਿਛੋਂ ਬਚੀ ਹੋਈ ਤਾਕਤ ਨਾਲ ਜੋ ਹਾਸਿਲ ਕੀਤਾ ਜਾ ਸਕਦਾ ਸੀ, ਇਹ ਉਸ ਮੌਕੇ ਨੂੰ ਵੀ ਸਾਂਭ ਸਕਣ ਦੀ ਅਸਮਰੱਥਾ ਦਾ ਸੰਕੇਤ ਸੀ। ਇਸ ਬਾਰੇ ਹੋਰ ਸਪਸ਼ਟ ਕਰਨ ਲਈ ਕੁਝ ਮਿਸਾਲਾਂ ਮਦਦਗਾਰ ਹੋਣਗੀਆਂ।

ਸ਼ਾਮ ਵੇਲੇ ਜਿਸ ਪਲ ਸੂਰਜ ਡੁਬਦਾ ਪ੍ਰਤੀਤ ਹੁੰਦਾ ਹੈ, ਅਸਲ ਵਿਚ ਉਹ ਉਸ ਪਲ ਤੋਂ ਅੱਠ ਮਿੰਟ ਪਹਿਲਾਂ ਡੁੱਬ ਚੁਕਾ ਹੁੰਦਾ ਹੈ, ਕਿਉਂਕਿ ਸੂਰਜ ਤੋਂ ਧਰਤੀ ਤੱਕ ਪਹੁੰਚਣ ਲਈ ਰੌਸ਼ਨੀ ਨੂੰ ਵੀ ਅੱਠ ਮਿੰਟ ਲਗਦੇ ਹਨ; ਭਾਵ ਜਿੱਥੇ ਸੂਰਜ ਸਾਨੂੰ ਜਾਪਦਾ ਹੈ, ਉਥੇ ਹੁੰਦਾ ਨਹੀਂ। ਇਸੇ ਤਰ੍ਹਾਂ ਜਦ ਕਿਸੇ ਸੁਪਰਸੌਨਿਕ ਜੰਗੀ ਜਹਾਜ ਦੀ ਕੰਨ ਪਾੜਵੀਂ ਅਵਾਜ਼ ਸੁਣਦੀ ਤਾਂ ਜਹਾਜ ਲੰਘ ਚੁਕਾ ਹੁੰਦਾ ਹੈ, ਕਿਉਂਕਿ ਇਨ੍ਹਾਂ ਜਹਾਜਾਂ ਦੀ ਸਪੀਡ ਅਵਾਜ਼ ਦੀ ਸਪੀਡ ਨਾਲੋਂ ਵੱਧ ਹੁੰਦੀ ਹੈ। ਜਦ ਸੱਪ ਦੀ ਲੀਹ ਨਜ਼ਰ ਪੈਂਦੀ ਹੈ, ਤਦ ਨੂੰ ਸੱਪ ਲੰਘ ਚੁਕਾ ਹੁੰਦਾ ਹੈ। ਲੱਛਣ ਪ੍ਰਗਟ ਹੋਣ ਤੋਂ ਕਈ ਦਿਨ ਪਹਿਲਾਂ ਮਰੀਜ਼ ਨੂੰ ਕਰੋਨਾ ਹੋ ਚੁਕਾ ਹੁੰਦਾ ਹੈ। ਸੋ, ਬਹੁਤ ਕੁਝ ਐਸਾ ਹੈ, ਜੋ ਨਜ਼ਰ ਆਉਣ ਦੇ ਸਮੇਂ ਤੋਂ ਪਹਿਲਾਂ ਵਾਪਰ ਚੁਕਾ ਹੁੰਦਾ ਹੈ, ਪਰ ਜਾਪਦਾ ਇੰਜ ਹੈ ਕਿ ਜਿਵੇਂ ਹੁਣੇ ਵਾਪਰ ਰਿਹਾ ਹੋਵੇ।

ਖਾਲਿਸਤਾਨ ਦਾ ਵਰਤਾਰਾ ਵੀ ਕੁਝ ਇਸੇ ਤਰ੍ਹਾਂ ਦਾ ਹੈ। ਬਹੁਤੇ ਵਿਸ਼ਲੇਸ਼ਕ ਇਹੋ ਕਹਿੰਦੇ ਆ ਰਹੇ ਹਨ ਕਿ 1984 ਦੇ ਫੌਜੀ ਹਮਲੇ ਤੋਂ ਬਾਅਦ ਖਾਲਿਸਤਾਨ ਦੀ ਲਹਿਰ ਚੱਲੀ, 29 ਅਪਰੈਲ ਨੂੰ ਖਾਲਿਸਤਾਨ ਦਾ ਐਲਾਨ ਹੋਇਆ, ਵਗੈਰਾ ਵਗੈਰਾ। ਖਾਲਿਸਤਾਨ ਦੀ ਜਿਸ ਲਹਿਰ ਦਾ ਆਗਾਜ਼ ਖਾਲਿਸਤਾਨ ਦੇ ਐਲਾਨ ਨਾਲ ਹੋਇਆ ਜਾਪਦਾ ਹੈ, ਅਸਲ ਵਿਚ ਉਹ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਦੌਰਾਨ 6 ਜੂਨ 1984 ਨੂੰ ਸ਼ਾਮ ਦੇ 5 ਵਜੇ ਤੱਕ ਦਮ ਤੋੜ ਗਈ ਸੀ। ਪਿਛੋਂ ਖਾਲਿਸਤਾਨ ਦੇ ਨਾਂ 'ਤੇ ਜੋ ਕੁਝ ਵੀ ਹੋਇਆ, ਉਹ ਛੋਟੀਆਂ-ਵੱਡੀਆਂ ਘਟਨਾਵਾਂ ਸਨ, ਨਾ ਕਿ ਖਾਲਿਸਤਾਨੀ ਯੁੱਧ। ਇਹ ਬਿਲਕੁਲ ਉਵੇਂ ਹੀ ਸੀ, ਜਿਵੇਂ ਸਿੱਖ ਰਾਜ ਬੇਸ਼ੱਕ 1849 ਵਿਚ ਜਾ ਕੇ ਖਤਮ ਹੋਇਆ, ਪਰ ਅਸਲ ਵਿਚ ਸਿੱਖ ਰਾਜ ਦਾ ਸੂਰਜ 10 ਫਰਵਰੀ 1846 ਨੂੰ ਸਭਰਾਵਾਂ ਦੀ ਹਾਰ ਦੇ ਨਾਲ ਹੀ ਅਸਤ ਹੋ ਗਿਆ ਸੀ।

1947 ਵਿਚ ਸਿੱਖਾਂ ਦਾ ਭਾਰਤ ਨਾਲ ਬਣਿਆ ਸਿਆਸੀ ਰਿਸ਼ਤਾ ਕਈਆਂ ਨੂੰ ਪਸੰਦ ਨਹੀਂ ਸੀ। ਕਈ ਇਸ ਵਿਚ ਕੁਝ ਤਬਦੀਲੀਆਂ ਚਾਹੁੰਦੇ ਸਨ ਅਤੇ ਕਈ ਇਸ ਨੂੰ ਬਿਲਕੁਲ ਹੀ ਰੱਦ ਕਰ ਕੇ ਤੋੜ ਦੇਣ ਦਾ ਵਿਚਾਰ ਰੱਖਦੇ ਸਨ। ਐਸੇ ਵਿਚਾਰਾਂ ਵਾਲਿਆਂ ਨੇ 1982 ਤੋਂ 1984 ਦੌਰਾਨ ਖਾਲਿਸਤਾਨ ਬਣਾਉਣ ਲਈ ਬੜੀ ਸਰਲ ਯੁੱਧਨੀਤੀ ਘੜੀ। ਅਕਾਲੀ ਮੋਰਚੇ ਦੌਰਾਨ 1984 ਤੱਕ ਹਾਲਾਤ ਬਹੁਤ ਤਲਖੀ ਵਾਲੇ ਬਣ ਚੁਕੇ ਸਨ। ਇੰਦਰਾ ਗਾਂਧੀ ਵੀ ਇਸ ਮਸਲੇ ਨੂੰ ਹੱਲ ਕਰਨ ਦੀ ਥਾਂ ਇਸ ਦਾ ਰਾਜਸੀ ਲਾਹਾ ਲੈਣ ਦੀ ਨੀਤ ਨਾਲ ਹਾਲਾਤ ਵਿਗੜਨ ਦੇ ਰਹੀ ਸੀ। ਉਹ ਸਮੱਸਿਆ ਦੇ ਵਧਣ ਕਾਰਨ ਭੈਅਭੀਤ ਹੋਈ ਹਿੰਦੂ ਵੋਟ ਨੂੰ ਆਪਣੇ ਹੱਕ ਵਿਚ ਕਰਨ ਲਈ ਵੱਡੇ ਮਾਅਰਕੇ ਵਾਲੀ ਕਾਰਵਾਈ ਕਰਨ ਦੀ ਤਾਕ ਵਿਚ ਸੀ। ਦੂਜੇ ਪਾਸੇ ਖਾਲਿਸਤਾਨ ਦੇ ਇੱਛਕ ਲੋਕ ਮਹਿਸੂਸ ਕਰ ਰਹੇ ਸਨ ਕਿ ਗੱਲ ਸਿੱਖਾਂ ਦਾ ਦੇਸ਼ ਬਣਨ ਵਾਲੇ ਰਾਹ ਪੈ ਰਹੀ ਹੈ। ਉਹ ਖੁਸ਼ ਜ਼ਰੂਰ ਸਨ, ਪਰ ਉਨ੍ਹਾਂ ਦੀ ਰਾਜਨੀਤਕ ਤਿਆਰੀ ਬਿਲਕੁਲ ਨਹੀਂ ਸੀ। ਲੋਕਾਂ ਨੂੰ ਤਿਆਰ ਕਰਨਾ ਤਾਂ ਦੂਰ ਦੀ ਗੱਲ, ਉਹ ਖੁੱਲ੍ਹ ਕੇ ਖਾਲਿਸਤਾਨ ਦੀ ਗੱਲ ਵੀ ਨਹੀਂ ਸੀ ਕਰਦੇ। ਇਕ ਰਣਨੀਤੀ ਤਹਿਤ ਉਹ ਇਹ ਆਖਦੇ ਸਨ ਕਿ ਜੇ ਇੰਦਰਾ ਦੇਊ ਤਾਂ ਲੈ ਜ਼ਰੂਰ ਲਵਾਂਗੇ, ਮੰਗਦੇ ਅਜੇ ਨਹੀਂ। ਅਸਲ ਵਿਚ ਇਹ ਖਾਲਿਸਤਾਨ ਬਣਾਉਣ ਲਈ ਘੜੀ ਜਟਕੇ ਫੰਧ ਵਾਲੀ ਨੀਤੀ ਦੀ ਉਪਰਲੀ ਪਰਤ ਸੀ। ਇਸ ਜਟਕੇ ਫੰਧ ਦੀ ਨੀਤੀ ਦਾ ਸੂਤਰਧਾਰ ਸੰਤ ਜਰਨੈਲ ਸਿੰਘ ਸੀ। ਸੰਤ ਅਤੇ ਉਸ ਦੇ ਸਾਥੀ ਕਿਸੇ ਲਾਲਸਾ ਬਗੈਰ ਸਿੱਖ ਰਾਜ ਦੀ ਮੁੜ ਬਹਾਲੀ ਵਾਲਾ ਕ੍ਰਿਸ਼ਮਾ ਕਰ ਦਿਖਾਉਣ ਲਈ ਕੁਰਬਾਨੀ ਵਾਸਤੇ ਤਿਆਰ ਬਰ ਤਿਆਰ ਸਨ। ਲੋਕਾਂ ਨੂੰ ਤਿਆਰ ਕਰਨ ਵਾਸਤੇ ਰਾਜਨੀਤਕ ਪ੍ਰੋਗਰਾਮ ਦੀ ਥਾਂ ਉਨ੍ਹਾਂ ਸਿੱਖਾਂ ਦੀ ਦਰਬਾਰ ਸਾਹਿਬ ਨਾਲ ਧਾਰਮਿਕ ਜਜ਼ਬਾਤੀ ਸਾਂਝ ਨੂੰ ਵਰਤਣ ਦਾ ਪੈਂਤੜਾ ਅਪਨਾਇਆ। ਲੋਕਾਂ ਦਾ ਭਰੋਸਾ ਜਿੱਤਣ ਲਈ ਪੁਰਾਤਨ ਸਿੰਘਾਂ ਵਾਂਗ ਜੂਝ ਮਰਨ ਦਾ ਪ੍ਰਣ ਕੀਤਾ ਗਿਆ। ਕਿਸੇ ਰਾਜ ਵਿਚੋਂ ਵੱਖਰਾ ਰਾਜ ਪੈਦਾ ਕਰਨ ਲਈ ਲੋਕਾਂ ਦਾ ਉਠਣਾ ਵੀ ਜ਼ਰੂਰੀ ਹੁੰਦਾ ਹੈ। ਲੋਕਾਂ ਨੂੰ ਉਠਾਉਣ ਲਈ ਪ੍ਰੇਰਨਾ ਸ੍ਰੋਤ ਵਜੋਂ ਕਿਸੇ ਰਾਜਨੀਤਕ ਪ੍ਰੋਗਰਾਮ ਦੀ ਥਾਂ ਧਾਰਮਿਕ ਜਜ਼ਬਾਤ ਨੂੰ ਉਬਾਲਾ ਦੇਣ 'ਤੇ ਟੇਕ ਰੱਖ ਲਈ ਗਈ।

ਇਉਂ ਇਸ ਜਟਕਾ ਨੀਤੀ ਰਾਹੀਂ ਖਾਲਿਸਤਾਨ ਸਿਰਜਣ ਦੇ ਦੋ ਮੁੱਖ ਹਿੱਸੇ ਸਨ। ਪਹਿਲਾ, ਦਰਬਾਰ ਸਾਹਿਬ 'ਤੇ ਹਮਲਾਵਰ ਫੌਜ ਨੂੰ ਕੁਝ ਸਮੇਂ ਲਈ ਰੋਕਣਾ, ਜਿਸ ਵਾਸਤੇ ਮੋਰਚਾਬੰਦੀ ਕੀਤੀ ਗਈ। ਦੂਜਾ, ਦਰਬਾਰ ਸਾਹਿਬ 'ਤੇ ਹਮਲੇ ਦੀ ਖਬਰ ਸੁਣਦਿਆਂ ਹੀ ਰੋਸ ਨਾਲ ਭਰੇ ਪਿੰਡਾਂ ਦੇ ਲੋਕ ਉਠ ਖਲੋਣ ਅਤੇ ਸਾਰੇ ਪਾਸੇ ਅਰਾਜਕਤਾ ਫੈਲਾ ਦੇਣ। ਖਾਲਿਸਤਾਨੀ ਸਿਧਾਂਤਕਾਰਾਂ ਦੀ ਸੋਚ ਸੀ ਕਿ ਇਸ ਅਫਰਾ-ਤਫਰੀ ਕਾਰਨ ਹਾਲਾਤ ਸਟੇਟ ਦੇ ਕਾਬੂ ਤੋਂ ਬਾਹਰ ਹੋ ਜਾਣਗੇ ਅਤੇ ਨਵੇਂ ਦੇਸ਼ ਖਾਲਿਸਤਾਨ ਦਾ ਜਨਮ ਹੋ ਜਾਏਗਾ। ਲੋਕਾਂ ਨੂੰ ਇਸ ਬਗਾਵਤ ਲਈ ਤਿਆਰ ਕਰਨ ਦੇ ਮਨੋਰਥ ਨਾਲ ਸੰਤ ਜਰਨੈਲ ਸਿੰਘ ਮੰਜੀ ਸਾਹਿਬ ਤੋਂ ਸਿੱਖਾਂ ਨੂੰ ਹਥਿਆਰਬੰਦ ਹੋਣ ਦੀਆਂ ਅਪੀਲਾਂ ਕਰਦੇ ਹੁੰਦੇ ਸਨ। ਸਿੱਖਾਂ ਨੂੰ ਇਹ ਵੀ ਕਿਹਾ ਜਾਂਦਾ ਸੀ ਕਿ ਰੱਖਣੀ ਆਪਾਂ ਸ਼ਾਂਤੀ ਆ, ਪਰ ਜਿਸ ਦਿਨ ਦਰਬਾਰ ਸਾਹਿਬ 'ਤੇ ਹਮਲਾ ਹੋ ਜਾਵੇ, ਫਿਰ ਢਿੱਲ੍ਹ ਨਹੀਂ ਕਰਨੀ, ਉਸ ਦਿਨ ਤੁਹਾਡੇ ਵਲੋਂ ਗੁਰੂ ਦੇ ਨਿੰਦਕ ਅਤੇ ਜੋ ਵੀ ਕੌਮ ਦੇ ਉਲਟ ਹੋਵੇ, ਸਭ ਸੋਧ ਦਿੱਤੇ ਜਾਣੇ ਚਾਹੀਦੇ ਆ। ਜਦ ਪਤਾ ਲੱਗ ਜਾਏ ਕਿ ਸਰਕਾਰ ਨੇ ਚਾਰਦੀਵਾਰੀ ਅੰਦਰ ਆ ਕੇ ਹਮਲਾ ਕੀਤਾ, ਸਿੰਘ ਮਾਰੇ ਆ, ਫਿਰ ਕੋਈ ਹੁਕਮ ਨਾ ਉਡੀਕਦੇ ਰਿਹੋ। ਹੁਕਮ ਅੱਜ ਈ ਲੈ ਜੋ ਪੱਲੇ ਬੰਨ੍ਹ ਕੇ।

ਦਰਬਾਰ ਸਾਹਿਬ ਨਾਲ ਜੁੜੇ ਸਿੱਖਾਂ ਦੇ ਗੂੜ੍ਹੇ ਧਾਰਮਿਕ ਜਜ਼ਬਾਤ ਅਤੇ ਦਰਬਾਰ ਸਾਹਿਬ ਦੀ ਰੱਖਿਆ ਲਈ ਸਿੱਖਾਂ ਦੀਆਂ ਕੁਰਬਾਨੀਆਂ ਦੀ ਇਤਿਹਾਸਕ ਪ੍ਰਸੰਗਿਕਤਾ ਕਾਰਨ ਸੰਤ ਦੀਆਂ ਇਹ ਗੱਲਾਂ ਆਮ ਸਿੱਖਾਂ ਨੂੰ ਧੁਰ ਅੰਦਰ ਤੱਕ ਟੁੰਬ ਜਾਂਦੀਆਂ ਸਨ। ਆਪਣੇ ਵਲੋਂ ਜਾਨ ਵਾਰਨ ਅਤੇ ਹੋਣ ਵਾਲੇ ਯੁੱਧ ਬਾਰੇ ਉਹ ਖੁੱਲ੍ਹਮ-ਖੁੱਲ੍ਹਾ ਕਿਹਾ ਕਰਦਾ ਸੀ ਕਿ ਇਸ ਗੱਲੋਂ ਨਿਸ਼ਚਿੰਤ ਰਿਹੋ ਕਿ ਕੋਈ ਆਏਗਾ ਤੇ ਮੈਨੂੰ ਫੜ ਕੇ ਲੈ ਜਾਊਗਾ। ਜਿਹੜਾ ਆਇਆ, ਤੁਰ ਕੇ ਉਹ ਵੀ ਨਹੀਂ ਜਾਂਦਾ, ਫੱਟੇ 'ਤੇ ਪਾ ਕੇ ਲਿਜਾਣਗੇ। ਦਰਬਾਰ ਸਾਹਿਬ ਦੀ ਰੱਖਿਆ ਖਾਤਿਰ ਕੁਰਬਾਨ ਹੋ ਜਾਣ ਨੂੰ ਆਪਣੀ ਰਣਨੀਤੀ ਦੇ ਕੇਂਦਰ ਵਿਚ ਰੱਖ ਕੇ ਉਹ ਆਪਣੀ ਕੁਰਬਾਨੀ ਦੀ ਵਚਨਬੱਧਤਾ, 'ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ, ਨਹੀਂ ਮੋੜਦੇ ਸੂਰਮੇ ਅੰਗ ਮੀਆਂ', ਅਨੁਸਾਰ ਅਕਸਰ ਹੀ ਦੁਹਰਾਉਂਦਾ ਸੀ। ਇਸੇ ਮੁੱਦੇ 'ਤੇ ਹੀ ਉਹ ਬਾਕੀ ਸਿੱਖਾਂ ਨੂੰ ਹਥਿਆਰ ਬੰਦ ਹੋਣ ਅਤੇ ਕੁਰਬਾਨੀ ਵਾਸਤੇ ਤਿਆਰ ਰਹਿਣ ਦੀਆਂ ਅਪੀਲਾਂ ਕਰਦਾ ਸੀ। ਕੁੱਲ ਮਿਲਾ ਕੇ ਖਾਲਿਸਤਾਨ ਦੇ ਯੁੱਧ ਦੀ ਰਣਨੀਤੀ ਦਰਬਾਰ ਸਾਹਿਬ ਦੀ ਰੱਖਿਆ ਦਾ ਯੁੱਧ ਬਣਾ ਕੇ ਲੜਨ ਦੀ ਵਿਉਂਤੀ ਗਈ।

ਮਈ 1984 ਤੱਕ ਸੂਬੇ ਦੇ ਹਾਲਾਤ ਯੁੱਧ ਵਰਗ ਬਣ ਗਏ ਸਨ। ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਇਮਤਿਹਾਨ ਮੁਲਤਵੀ ਕਰ ਦਿੱਤੇ ਗਏ ਸਨ। ਇਕ ਰਾਤ ਸੂਬੇ ਭਰ ਵਿਚ 36 ਰੇਲਵੇ ਸਟੇਸ਼ਨਾਂ ਨੂੰ ਅੱਗ ਲਾ ਕੇ ਇਹ ਸੁਨੇਹਾ ਦੇ ਦਿੱਤਾ ਗਿਆ ਸੀ, ਲੜਨ ਵਾਲੀਆਂ ਧਿਰਾਂ ਜਥੇਬੰਦ ਹੋ ਕੇ ਸਾਰੇ ਸੂਬੇ ਵਿਚ ਫੈਲ ਚੁਕੀਆਂ ਹਨ। ਸ਼ਾਇਦ ਇਹ ਖਾਲਿਸਤਾਨ ਲਈ ਹੋਣ ਵਾਲੇ ਯੁੱਧ ਦੀ ਤਿਆਰੀ ਪਰਖਣ ਲਈ ਕੀਤੀ ਗਈ ਰਿਹਰਸਲ ਸੀ। ਅਕਾਲੀ ਦਲ ਨੇ ਮੋਰਚੇ ਦੇ ਅਗਲੇ ਪੜਾਅ ਵਿਚ 3 ਜੂਨ 1984 ਤੋਂ ਨਾ ਮਿਲਵਰਤਨ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਸੀ।

ਹਾਲਾਤ ਯੁੱਧ ਵਾਲੇ ਬਣੇ ਹੋਏ ਸਨ। ਜਟਕੇ ਫੰਧ ਵਾਲੀ ਨੀਤੀ ਤਹਿਤ ਖਾਲਿਸਤਾਨ ਲਈ ਯੁੱਧ ਲੜਨ ਲਈ ਤਿਆਰ ਬੈਠੀ ਧਿਰ 'ਚੁੱਪੇ ਬੈਠਿਆਂ ਆਪਣਾ ਕੰਮ ਪਾਈਐ, ਉਚੀ ਬੋਲਿਆ ਨਹੀ ਵਹੀਵਣਾ ਜੀ' ਅਨੁਸਾਰ ਖਾਲਿਸਤਾਨ ਬਾਰੇ ਚੁੱਪ ਸੀ, ਪਰ ਸਰਕਾਰ ਨੂੰ ਇਸ ਜਟਕੀ ਨੀਤੀ ਦਾ ਭੇਤ ਮਾਲੂਮ ਸੀ, ਜਿਸ ਕਰਕੇ ਉਨ੍ਹਾਂ ਵਿਆਪਕ ਪ੍ਰਬੰਧ ਕਰ ਕੇ ਹੀ ਯੁੱਧ ਛੇੜਿਆ। ਜਦ ਯੁੱਧ ਛਿੜਿਆ ਤਾਂ ਸਾਰੇ ਪੰਜਾਬ ਵਿਚ ਕਰਫਿਊ ਸੀ। ਦਰਬਾਰ ਸਾਹਿਬ ਅੰਦਰ ਲੜਨ ਵਾਲਿਆਂ ਫੌਜ ਨਾਲ ਲੜਾਈ ਲੜੀ, ਕੀਤੇ ਵਾਅਦਿਆਂ ਅਨੁਸਾਰ ਜਾਨਾਂ ਵਾਰੀਆਂ ਪਰ ਪਿੰਡਾਂ ਵਿਚ ਉਹ ਬਗਾਵਤ ਨਾ ਹੋ ਸਕੀ, ਜਿਸ ਵਾਸਤੇ ਸੰਤ ਜਰਨੈਲ ਸਿੰਘ ਸਿੱਖਾਂ ਨੂੰ ਤਿਆਰ ਕਰਨ ਦੇ ਯਤਨ ਕਰਦਾ ਰਿਹਾ ਸੀ। ਜੋ ਵਾਪਰਿਆ ਅਫਜ਼ਲ ਅਹਿਸਨ ਰੰਧਾਵਾ ਦੇ ਲਫਜ਼ਾਂ ਵਿਚ ਇਹ ਸੀ, "ਮੇਰਾ ਸ਼ੇਰ ਬਹਾਦਰ ਸੂਰਮਾ, ਜਰਨੈਲਾਂ ਦਾ ਜਰਨੈਲ। ਉਸ ਮੌਤ ਵਿਆਹੀ ਹੱਸ ਕੇ, ਉਸ ਦੇ ਦਿਲ 'ਤੇ ਰਤਾ ਨਾ ਮੈਲ। ਪਰ ਕੋਈ ਨਾ ਉਹਨੂੰ ਬਹੁੜਿਆ, ਉਹਨੂੰ ਵੈਰੀਆਂ ਮਾਰਿਆ ਘੇਰ। ਉਂਜ ਡੱਕੇ ਰਹਿ ਗਏ ਘਰਾਂ 'ਚ, ਮੇਰੇ ਲੱਖਾਂ ਪੁੱਤਰ ਸ਼ੇਰ।'

ਪਿੰਡਾਂ ਵਿਚ ਅਫਰਾ-ਤਫਰੀ ਨਾ ਫੈਲ ਸਕਣ ਦੇ ਦੋ ਕਾਰਨ ਸਨ। ਇਕ ਤਾਂ ਲੋਕ ਅਜੇ ਐਡੀ ਬਗਾਵਤ ਵਾਸਤੇ ਤਿਆਰ ਨਹੀਂ ਸਨ, ਦੂਜਾ ਫੌਜ ਦੀ ਪੂਰੀ ਸਖਤੀ ਸੀ। ਕਾਫੀ ਗਿਣਤੀ ਵਿਚ ਸਿੱਖ ਜਰਨੈਲ ਸਿੰਘ ਨਾਲ ਸਹਿਮਤ ਵੀ ਨਹੀਂ ਸਨ, ਪਰ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਕਾਰਨ ਭਾਰੀ ਰੋਸ ਤੇ ਗੁੱਸੇ ਵਿਚ ਜ਼ਰੂਰ ਸਨ। ਉਹ ਇਸ ਨੂੰ ਇੰਦਰਾ ਦਾ ਕੀਤਾ ਵੱਡਾ ਪਾਪ ਮੰਨਦੇ ਸਨ। ਹਮਲੇ ਕਾਰਨ ਮਨੋਂ ਦੁਖੀ ਸਿੱਖ ਵੀ ਹਥਿਆਰ ਚੁੱਕਣ ਲਈ ਅਜੇ ਤਿਆਰ ਨਹੀਂ ਸਨ। ਦਰਬਾਰ ਸਾਹਿਬ ਤੋਂ ਲੜਨ ਵਾਲਿਆਂ ਤਾਂ 6 ਜੂਨ ਤੱਕ ਫੌਜ ਰੋਕ ਰੱਖੀ, ਪਰ ਬਾਕੀ ਸੂਬੇ ਵਿਚ ਯੁੱਧ ਨਾ ਛਿੜਨ ਕਾਰਨ ਸਿੱਖ 6 ਜੂਨ ਨੂੰ ਸ਼ਾਮ 5 ਵਜੇ ਤੱਕ ਭਾਰਤ 'ਚ ਖਾਲਿਸਤਾਨ ਦਾ ਪਹਿਲਾ ਯੁੱਧ ਹਾਰ ਗਏ।

ਇਸ ਪਿਛੋਂ ਜੋ ਹੋਇਆ, ਉਹ ਬਹੁਤਾ ਰੋਸ ਅਤੇ ਗੁੱਸੇ ਦਾ ਪ੍ਰਗਟਾਵਾ ਸੀ, ਜਿਸ ਨਾਲ ਨਜਿੱਠਣ ਲਈ ਸਰਕਾਰ ਨੂੰ ਕਦੇ ਵੀ ਇਤਨੇ ਵਿਆਪਕ ਪ੍ਰਬੰਧ ਨਹੀਂ ਕਰਨੇ ਪਏ। ਕਦੇ ਵੀ ਸਾਰੇ ਸੂਬੇ ਵਿਚ ਫੌਜ ਲਾ ਕੇ ਕਰਫਿਊ ਨਹੀਂ ਲਾਉਣਾ ਪਿਆ। ਖਾਲਿਸਤਾਨ ਦਾ ਐਲਾਨ ਕਰਨ ਵਾਲੀ ਪੰਥਕ ਕਮੇਟੀ ਦੇ ਮੈਂਬਰਾਂ ਨੂੰ ਫੜਨ ਲਈ ਜਦ ਪੁਲਿਸ ਗਈ ਤਾਂ ਜੂਨ 84 ਜਿਹੀ ਕੋਈ ਹਥਿਆਰਬੰਦ ਟੱਕਰ ਨਾ ਹੋਈ, ਸਗੋਂ ਇਹ ਪਤਾ ਲੱਗਾ, 'ਇਥੋਂ ਹੋ ਗਿਆ ਹਰਨ ਹੈ ਖਾਲਸਾ ਜੀ, ਚੌਦਾਂ ਹੱਥ ਦੀ ਮਾਰ ਕੇ ਮਿਰਗ ਛਾਲੀਂ।' ਜੇ ਇਤਿਹਾਸਕਾਰ ਡਾ. ਸੰਗਤ ਸਿੰਘ ਦੀ ਮੰਨੀਏ ਤਾਂ ਐਲਾਨ ਕੀਤਾ ਨਹੀਂ ਸੀ ਗਿਆ, ਕਿਸੇ ਵਲੋਂ ਕਰਵਾਇਆ ਗਿਆ ਸੀ।

ਸੋ, 29 ਅਪਰੈਲ 1986 ਨੂੰ ਜਿਸ ਖਾਲਿਸਤਾਨ ਦਾ ਐਲਾਨ ਕੀਤਾ ਗਿਆ, ਉਹ ਜੰਗ ਤਾਂ ਸਿੱਖ 6 ਜੂਨ 1984 ਨੂੰ ਹਾਰ ਚੁਕੇ ਸੀ। ਹਾਂ, ਇਸ ਧਿਰ ਕੋਲ ਅਜੇ ਵੀ ਸੂਬੇ ਵਿਚਲੀ ਰਵਾਇਤੀ ਸਿਆਸੀ ਧਿਰ ਅਕਾਲੀ ਦਲ ਦਾ ਬਦਲ ਬਣ ਸਕਣ ਦੀ ਸਮਰੱਥਾ ਸੀ, ਪਰ ਸਿਆਸੀ ਸੂਝ-ਬੂਝ ਦੀ ਘਾਟ ਕਾਰਨ ਇਹ ਮੌਕਾ ਵੀ ਨਾ ਸਾਂਭ ਸਕੇ। ਇਹ ਇਸ ਧਿਰ ਦੀ ਦੂਜੀ ਹਾਰ ਸੀ। ਜਦ ਇਸ ਧਿਰ ਦੀ ਸ਼ਕਤੀ ਨਿਗੂਣੀ ਰਹਿ ਗਈ ਤਾਂ ਫਿਰ ਚੋਣਾਂ ਲੜ ਕੇ ਰਾਜ ਸ਼ਕਤੀ ਵਿਚ ਪਾਸਕੂ ਬਣਨ ਦੀ ਕੋਸ਼ਿਸ਼ ਵੀ ਕੀਤੀ, ਪਰ ਲੋਕਾਂ ਸਾਥ ਨਾ ਦਿੱਤਾ। ਹੌਲੀ-ਹੌਲੀ ਹਾਲਾਤ ਬਦਲ ਗਏ ਅਤੇ ਇਹ ਧਿਰ ਗੈਰ-ਪ੍ਰਸੰਗਿਕ ਹੋ ਗਈ। ਹੁਣ ਇਸ ਧਿਰ ਦੇ ਕਈ ਅੰਸ਼ ਉਹ ਸ਼ਕਤੀ ਮੁੜ ਹਾਸਿਲ ਕਰਨ ਲਈ ਹੱਥ ਪੱਲਾ ਮਾਰਦੇ ਹਨ, ਜਿਸ ਨੂੰ ਇਨ੍ਹਾਂ ਕਦੇ ਹੇਚ ਜਾਣ ਕੇ ਵਗਾਹ ਮਾਰਿਆ ਸੀ। ਹੁਣ ਜ਼ਮੀਨੀ ਪੱਧਰ 'ਤੇ ਲੜੇ ਜਾ ਰਹੇ ਲੋਕ ਸੰਘਰਸ਼ਾਂ ਵਿਚ ਨਾ ਤਾਂ ਇਹ ਧਿਰਾਂ ਸ਼ਾਮਿਲ ਹਨ ਅਤੇ ਨਾ ਹੀ ਸਪਸ਼ਟ। ਇਹੋ ਕਾਰਨ ਹੈ ਕਿ ਪੰਜਾਬ ਵਿਚ ਚੱਲ ਰਹੇ ਲੋਕ ਸੰਘਰਸ਼ਾਂ ਵਿਚੋਂ ਕੇਸਰੀ ਝੰਡਾ ਗਾਇਬ ਹੈ। ਜੇ ਖਾਲਿਸਤਾਨ ਦਾ ਐਲਾਨਨਾਮਾ 'ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ ਅਤੇ ਨਵੀਂ ਬਹਾਰ' ਹੁੰਦਾ ਤਾਂ ਐਸਾ ਨਹੀਂ ਸੀ ਹੋਣਾ, ਸਗੋਂ ਗੱਲ 'ਵਿਚ ਸੰਘਰਸ਼ੀ ਝੰਡਿਆਂ, ਮੇਰਾ ਝੰਡਾ ਤਾਂਹ' ਵਾਲੀ ਹੋਣੀ ਸੀ।

# ਖਾਲਿਸਤਾਨ ਐਲਾਨਨਾਮੇ ਬਾਰੇ ਇਕ ਪਾਸੜ ਨਜ਼ਰੀਆ

**ਹਰਜੀਤ ਦਿਓਲ, ਬਰੈਂਪਟਨ**
**ਫੋਨ: 905-676-9242**

'ਪੰਜਾਬ ਟਾਈਮਜ਼' ਵਿਚ ਸ. ਕਰਮਜੀਤ ਸਿੰਘ ਦੇ ਇਕ ਪਾਸੜ ਨਜ਼ਰੀਏ ਨੂੰ ਬਿਆਨਦਾ ਅਤੇ ਖਾਲਿਸਤਾਨੀ ਐਲਾਨਨਾਮੇ ਦਾ ਸਵਾਗਤ ਕਰਦਾ ਲੇਖ ਪ੍ਰਕਾਸ਼ਿਤ ਹੋਇਆ ਹੈ, ਜੋ ਨਿਰੋਲ ਪ੍ਰਚੰਡ ਜਜ਼ਬਾਤੀ ਵਹਿਣ ਦਾ ਦਸਤਾਵੇਜ਼ ਤਾਂ ਹੋ ਸਕਦਾ ਹੈ, ਪਰ ਜ਼ਮੀਨੀ ਹਕੀਕਤਾਂ ਤੋਂ ਕੋਹਾਂ ਦੂਰ ਹੈ। ਇਸ ਵਿਸ਼ੇ ਦੀ ਗਹਿਰਾਈ ਵਿਚ ਜਾਂਦਿਆਂ ਬੜੇ ਨਾਖੁਸ਼ਗਵਾਰ ਸਵਾਲਾਂ ਨਾਲ ਰੂਬਰੂ ਹੋਣਾ ਪੈਂਦਾ ਹੈ, ਜਿਨ੍ਹਾਂ ਵਲ ਉਚੇਚਾ ਧਿਆਨ ਦੇਣਾ ਬਣਦਾ ਹੈ।

ਪਹਿਲਾ ਸਵਾਲ ਹੈ, ਕੀ ਆਜ਼ਾਦ ਭਾਰਤ ਵਿਚ ਸਿੱਖਾਂ ਨਾਲ ਕਦੇ ਉਸ ਕਿਸਮ ਦਾ ਵਿਤਕਰਾ ਹੋਇਆ, ਜਿਸ ਕਿਸਮ ਦਾ ਖੁਦ ਸਿੱਖਾਂ ਨੇ ਆਪਣੇ ਦਲਿਤ ਭਰਾਵਾਂ ਨਾਲ, ਦੁਨੀਆਂ ਭਰ ਦੇ ਇਸਾਈਆਂ ਨੇ ਆਪਣੇ ਯਹੂਦੀ ਭਰਾਵਾਂ ਨਾਲ, ਪਾਕਿਸਤਾਨ ਦੇ ਮੁਸਲਮਾਨਾਂ ਨੇ ਆਪਣੇ ਕਾਦਿਆਨ ਜਾਂ ਸ਼ੀਆ ਮੁਸਲਮਾਨ ਭਰਾਵਾਂ ਨਾਲ, ਅਮਰੀਕਨ ਗੋਰਿਆਂ ਨੇ ਕਾਲਿਆਂ ਨਾਲ ਸਦੀਆਂ ਤੱਕ ਕੀਤਾ? ਸੱਚਾਈ ਇਹ ਹੈ ਕਿ ਅਜਿਹੀ ਕੋਈ ਗੱਲ ਨਹੀਂ ਸੀ, ਸਗੋਂ ਸੂਬੇ ਦੀਆਂ ਆਮ ਸਮੱਸਿਆਵਾਂ ਨੂੰ ਬੜੇ ਯੋਜਨਾਬੱਧ ਤਰੀਕੇ ਨਾਲ 'ਸਿੱਖ ਸਰੋਕਾਰਾਂ' ਨਾਲ ਜੋੜ ਕੇ ਵਿਵਾਦ ਭਖਦਾ ਰੱਖਿਆ ਗਿਆ ਅਤੇ ਵੱਖਵਾਦ ਦਾ ਰਾਹ ਪੱਧਰਾ ਕਰਨ ਦਾ ਯਤਨ ਕੀਤਾ ਗਿਆ। ਕੀ ਸਿੱਖ ਸਿਰਫ ਪੰਜਾਬ ਵਿਚ ਹੀ ਵਸਦੇ ਹਨ?

ਲੰਮਾ ਸਮਾਂ ਪੰਜਾਬ 'ਚ ਅਕਾਲੀ ਪੰਥਕ ਸਰਕਾਰਾਂ ਰਹੀਆਂ ਹਨ। ਆਜ਼ਾਦੀ ਪਿਛੋਂ ਪੰਜਾਬ ਦੇ ਗੁਆਂਢੀ ਰਾਜਾਂ ਸਮੇਤ ਸਾਰੇ ਭਾਰਤ ਵਿਚ ਹਰ ਖੇਤਰ ਵਿਚ ਸਿੱਖਾਂ ਨੇ ਕਾਮਯਾਬੀਆਂ ਹਾਸਲ ਕੀਤੀਆਂ ਹਨ। ਪੰਜਾਬੋਂ ਬਾਹਰ ਭਾਰਤੀ ਸੈਨਾ ਤੋਂ ਲੈ ਕੇ ਰਾਜਨੀਤੀ, ਵਪਾਰ ਤੇ ਕਿਸਾਨੀ ਵਿਚ ਸਿੱਖਾਂ ਨੇ ਨਵੇਂ ਕੀਰਤੀਮਾਨ ਕਾਇਮ ਕੀਤੇ ਹਨ। ਮੈਂ ਆਜ਼ਾਦੀ ਉਪਰੰਤ ਪਿਛਲੇ 60 ਕੁ ਸਾਲਾਂ ਤੋਂ ਹਿੰਦੂ ਬਹੁਗਿਣਤੀ ਵਿਚ ਰਿਹਾ ਹਾਂ, ਜਿੱਥੇ ਲੋਕਾਂ ਘੱਟ ਗਿਣਤੀ ਸਿੱਖਾਂ ਨੂੰ ਸਿਰ-ਅੱਖਾਂ 'ਤੇ ਬਿਠਾਇਆ ਹੈ। ਵਿਤਕਰੇ ਹੁੰਦੇ ਤਾਂ ਕੀ ਇਹ ਸਭ ਕੁਝ ਸੰਭਵ ਹੁੰਦਾ?

ਵਿਤਕਰੇ ਦੀ ਲੜਾਈ ਵਿਚ ਜ਼ਬਰਦਸਤੀ ਮੁਸਲਮਾਨਾਂ ਨੂੰ ਵੀ ਨਾਲ ਘੜੀਸਿਆ ਜਾਂਦਾ ਹੈ। ਯੂ. ਪੀ. ਦੇ ਮੁਸਲਿਮ ਬਹੁਗਿਣਤੀਆਂ ਵਿਚ ਵਿਚਰਦਿਆਂ ਇਹ ਸਪਸ਼ਟ ਹੋਇਆ ਕਿ ਭਾਰਤ ਵਸਦੇ ਮੁਸਲਮਾਨ ਕਿਸੇ ਹਾਲਤ ਵਿਚ ਵੀ ਪਾਕਿਸਤਾਨ ਜਾਣ ਦੇ ਇੱਛਕ ਨਹੀਂ। ਮੇਰਾ ਇਕ ਜਾਣਕਾਰ ਮੁਸਲਿਮ ਪਰਿਵਾਰ 3 ਮਹੀਨੇ ਦਾ ਵੀਜ਼ਾ ਲੈ ਕੇ ਪਾਕਿਸਤਾਨ ਗਿਆ, ਜੋ ਦੋ ਮਹੀਨੇ ਬਾਅਦ ਇਹ ਕਹਿੰਦਿਆਂ ਪਰਤ ਆਇਆ ਕਿ ਓਧਰ (ਪਾਕਿਸਤਾਨ) ਇਧਰ ਜਿਹੀ ਗੱਲ ਨਹੀਂ। ਧਰਮ ਆਧਾਰਤ ਆਪਣੇ ਕੌਮੀ ਘਰ (ਪਾਕਿਸਤਾਨ) ਪ੍ਰਤੀ ਉਨ੍ਹਾਂ ਦਾ ਮੋਹ ਭੰਗ ਹੋ ਚੁਕਾ ਸੀ। ਵੰਡ ਨਾਲ ਸਿਆਸਤਦਾਨਾਂ ਤੋਂ ਬਿਨਾ ਕਿਸੇ ਦਾ ਭਲਾ ਨਹੀਂ ਹੋਇਆ।

ਫਿਰ ਵੀ ਜੇ ਮੰਨ ਲਿਆ ਜਾਵੇ ਕਿ ਆਪਣਾ ਵੱਖਰਾ ਵਤਨ ਲੈਣਾ ਹੀ ਹੈ ਤਾਂ ਇਸ ਬਾਰੇ ਆਉਣ ਵਾਲੀਆਂ ਔਕੜਾਂ ਵਲੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਇਸ ਵਿਸ਼ੇ 'ਤੇ ਸ. ਪ੍ਰੀਤਮ ਸਿੰਘ ਕੁਮੇਦਾਨ ਦੇ ਇੱਕ ਲੇਖ ਦਾ ਜ਼ਿਕਰ ਕੁਥਾਂ ਨਹੀਂ ਹੋਵੇਗਾ। ਉਨ੍ਹਾਂ ਜੋ ਸਵਾਲ ਉਠਾਏ ਹਨ, ਕਾਬਲੇ-ਗੌਰ ਹਨ। ਮੌਜੂਦਾ ਪੰਜਾਬ ਵਿਚੋਂ ਵੀ ਹਿੰਦੂ ਬਹੁਗਿਣਤੀ ਵਾਲੇ ਇਲਾਕੇ ਖੁੱਸ ਜਾਣਗੇ, ਕਿਉਂਕਿ ਖਾੜਕੂਵਾਦ ਦੌਰਾਨ ਹੋਈਆਂ ਆਪਹੁਦਰੀਆਂ ਨੇ ਇਸ 'ਵੱਖਰੇ ਵਤਨ' ਪ੍ਰਤੀ ਹੀ ਨਹੀਂ, ਪੰਜਾਬੀ ਬੋਲੀ ਤੋਂ ਵੀ ਹਿੰਦੂਆਂ ਨੂੰ ਦੂਰ ਕੀਤਾ ਹੈ। ਇਸ ਬਾਰੇ ਕਦੇ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਜ਼ਹਿਮਤ ਨਹੀਂ ਕੀਤੀ ਗਈ। ਸ. ਕੁਮੇਦਾਨ ਸੂਬਿਆਂ ਦੇ ਪਾਣੀਆਂ ਦੀ ਵੰਡ ਦੇ ਮਾਹਿਰ ਰਹੇ ਹਨ ਅਤੇ ਉਨ੍ਹਾਂ ਭਾਰਤ ਤੋਂ ਵੱਖ ਹੋਏ ਖਾਲਿਸਤਾਨ ਦੀ ਜੋ ਤਸਵੀਰ ਪੇਸ਼ ਕੀਤੀ ਹੈ, ਬਹੁਤੀ ਸੁਖਾਵੀਂ ਨਹੀਂ। ਅਣਗਿਣਤ ਸਮੱਸਿਆਵਾਂ ਵਿਚ ਘਿਰੇ ਸਾਡੇ ਕੌਮੀ ਘਰ ਲਈ 1947 ਵਾਂਗ ਆਬਾਦੀ ਦੀ ਅਦਲਾ-ਬਦਲੀ ਲੱਖਾਂ ਪਰਿਵਾਰਾਂ ਦੀ ਬਰਬਾਦੀ ਦਾ ਕਾਰਨ ਬਣੇਗੀ। ਇਸ ਦੌਰਾਨ ਹੋਣ ਵਾਲੀ ਹਿੰਸਾ ਅਤੇ ਲੁੱਟਮਾਰ ਵਲੋਂ ਅਣਗਹਿਲੀ ਦਾ ਨਤੀਜਾ ਲੱਖਾਂ ਬੇਗੁਨਾਹਾਂ ਨੂੰ ਭੁਗਤਣਾ ਪਵੇਗਾ। ਵੰਡਾਂ ਸਦਾ ਹੀ ਉਜਾੜਿਆਂ ਦਾ ਕਾਰਨ ਬਣਦੀਆਂ ਹਨ।

ਵਿਦਵਾਨ ਕਰਮਜੀਤ ਸਿੰਘ ਨੇ 'ਰਾਜ ਕਰੇਗਾ ਖਾਲਸਾ' ਦੀ ਵੀ ਗਲਤ ਤਰਜਮਾਨੀ ਕੀਤੀ ਹੈ। ਇਸ ਦਾ ਭਾਵ ਸਿੱਖਾਂ ਦਾ ਰਾਜ ਨਹੀਂ, ਸਗੋਂ ਖਾਲਿਸ (ਸੱਚ ਦੀ ਪਹਿਰੇਦਾਰ) ਹਕੂਮਤ ਤੋਂ ਹੈ ਅਤੇ ਨਾਲ ਹੀ 'ਆਕੀ (ਜ਼ਾਲਮ) ਰਹੇ ਨਾ ਕੋਇ' ਦਾ ਭਾਵ ਭ੍ਰਿਸ਼ਟ-ਤੰਤਰ ਦਾ ਖਾਤਮਾ ਹੈ। ਅਕਸਰ ਸਾਰਾ ਦੋਸ਼ ਹਕੂਮਤਾਂ ਸਿਰ ਮੜ੍ਹਿਆ ਜਾਂਦਾ ਹੈ ਤਾਂ ਸੋਚਣਾ ਬਣਦਾ ਹੈ ਕਿ ਹਕੂਮਤਾਂ ਦੀ ਇਕਾਈ ਤਾਂ ਅਸੀਂ ਆਪ ਹੀ ਹਾਂ ਅਤੇ ਹਕੂਮਤਾਂ ਕਿਤੇ ਬਾਹਰੋਂ ਨਾ ਆ ਕੇ ਲੋਕਤੰਤਰ ਨਾਲ ਅਸੀਂ ਆਪ ਚੁਣੀਆਂ ਹਨ। ਸਾਨੂੰ ਵੋਟ ਰਾਹੀਂ ਆਪਣੀ ਹਕੂਮਤ ਆਪ ਚੁਣਨ ਦਾ ਹੱਕ ਹੈ, ਜਿਸ ਦੀ ਵਰਤੋਂ ਕਰਨ ਲਈ ਅਸੀਂ ਸੁਤੰਤਰ ਹਾਂ।

ਇਸ ਲਈ ਹੋਰ ਬਹੁਤੀਆਂ ਵੰਡੀਆਂ ਦਾ ਰਾਹ ਛੱਡ ਕੇ ਸਾਨੂੰ ਇਸੇ ਲੋਕਤੰਤਰਕ ਸਿਸਟਮ ਨੂੰ ਸਹੀ ਰਸਤੇ ਲਿਆਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ।

# ਗੁਰੂ ਗ੍ਰੰਥ ਸਾਹਿਬ ਵਿਚ ਮਾਂ ਦਾ ਸਥਾਨ

## ਮਾਂ ਦਿਵਸ 'ਤੇ

ਪਰਮਾਤਮਾ ਤੋਂ ਬਿਨਾ ਇਸ ਸੰਸਾਰ ਵਿਚ ਹਰ ਕਿਸੇ ਦੀ ਮਾਂ ਹੈ। ਸਿਰਫ ਉਹ ਪ੍ਰਭੂ ਹੀ ਅਜੂਨੀ ਹੈ, 'ਨਾ ਤਿਸੁ ਕੁਟੰਬੁ ਨਾ ਤਿਸੁ ਮਾਤਾ' (ਪੰਨਾ 1051), ਅਥਵਾ 'ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ' (ਪੰਨਾ 1136) ਗੁਰਬਾਣੀ ਦੇ ਮਹਾਂ ਵਾਕ ਹਨ। ਦੁਨੀਆਂ ਵਿਚ ਸਭ ਤੋਂ ਪਹਿਲਾਂ ਮਾਂ ਦਾ ਰੁਤਬਾ ਧਰਤੀ ਨੂੰ ਦਿੱਤਾ ਗਿਆ ਹੈ, 'ਮਾਤਾ ਧਰਤਿ ਮਹਤੁ॥'



ਜੇ.ਬੀ. ਸਿੰਘ (ਕੈਂਟ, ਵਾਸ਼ਿੰਗਟਨ)
ਫੋਨ: 253-508-9805

ਧਰਤੀ ਦੂਰ ਦੂਰ ਤਕ ਫੈਲੀ ਹੈ, 'ਹੋਰੁ ਪਰੈ ਹੋਰੁ ਹੋਰੁ' ਹੈ। ਰਾਤਾਂ, ਰੁੱਤਾਂ, ਥਿਤਾਂ, ਵਾਰ, ਹਵਾ, ਪਾਣੀ, ਅੱਗ ਅਤੇ ਪਾਤਾਲ-ਸਭ ਦੇ ਸਮੂਹ 'ਚ, ਇਹ ਧਰਤੀ 'ਧਰਮ ਕਮਾਣ' ਥਾਂ ਹੈ,

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥ (ਪੰਨਾ 7)

ਸਾਰੀ ਸ੍ਰਿਸ਼ਟੀ ਇਸ ਧਰਤੀ ਦੀ ਗੋਦ ਵਿਚ ਪਲ ਤੇ ਖੇਡ ਰਹੀ ਹੈ। ਸਭ ਜੀਵਾਂ, ਪਸ਼ੂ-ਪੰਛੀਆਂ, ਬਨਸਪਤੀ ਆਦਿ ਦਾ ਇਹ ਘਰ ਹੈ। ਬਨਸਪਤੀ ਦਾ ਜਨਮ ਇਸ ਤੋਂ ਹੁੰਦਾ ਹੈ। ਇਹ ਜੀਵ-ਮਾਂ ਵਾਂਗ ਸਭ ਆਪਣੇ ਪੇਟ ਵਿਚ ਪਾਲਦੀ ਹੈ, 'ਉਦਰ ਸੰਜੋਗੀ ਧਰਤੀ ਮਾਤਾ॥' (ਪੰਨਾ 1021)

ਧਰਤੀ ਤੋਂ ਬਾਅਦ ਜੀਵ ਇਸਤਰੀ ਹੀ ਮਾਂ ਬਣ ਸਕਣ ਦੇ ਕਾਬਿਲ ਹੈ। ਜਿਥੇ ਧਰਤੀ ਉਤਭੁਜ ਨੂੰ ਜਨਮ ਦਿੰਦੀ ਹੈ, ਉਵੇਂ ਜੀਵ-ਮਾਂ ਅੰਡਜ ਤੇ ਜੇਰਜ ਜੀਵਾਂ ਨੂੰ ਪੈਦਾ ਕਰਦੀ ਹੈ। ਉਸ ਨੂੰ ਗਰਭਵਤੀ ਹੋਣ 'ਤੇ ਖੁਸ਼ੀ ਤੇ ਮਾਣ ਹੁੰਦਾ ਹੈ,

ਉਦਰੈ ਮਾਹਿ ਆਇ ਕੀਆ ਨਿਵਾਸੁ॥
ਮਾਤਾ ਕੈ ਮਨਿ ਬਹੁਤੁ ਬਿਗਾਸੁ॥ (ਪੰਨਾ 396)

ਹਰ ਮਾਂ ਖੁਦ ਮਾਇਆ ਦੇ ਬੰਧਨ ਵਿਚ ਹੈ, ਪਰ ਜਦ ਤਕ ਜੀਵ ਉਸ ਦੇ ਗਰਭ ਵਿਚ ਹੈ, ਤਦ ਤਕ ਉਹ ਉਸ ਤੇ ਸੰਸਾਰਕ ਮਾਇਆ ਦਾ ਅਸਰ ਨਹੀਂ ਹੋਣ ਦਿੰਦੀ। ਇਹੀ ਇਕ ਥਾਂ ਹੈ, ਜਿਥੇ ਜੀਵ ਪ੍ਰਭੂ ਨਾਲ ਲਿਵ ਲਾਈ ਰੱਖਦਾ ਹੈ ਤੇ ਅਰਦਾਸਾਂ ਕਰਦਾ ਹੈ; ਪਰ ਜਨਮ ਲੈਣ ਪਿਛੋਂ ਉਹ ਮਾਇਆ ਵਿਚ ਉਲਝ ਜਾਂਦਾ ਹੈ,

ਪ੍ਰਥਮੇ ਗਰਭ ਮਾਤਾ ਕੈ ਵਾਸਾ
ਊਹਾ ਛੋਡਿ ਧਰਨਿ ਮਹਿ ਆਇਆ॥
(ਪੰਨਾ 497)

ਅਤੇ

ਦਸ ਮਾਸ ਮਾਤਾ ਉਦਰਿ ਰਾਖਿਆ
ਬਹੁਰਿ ਲਾਗੀ ਮਾਇਆ॥ (ਪੰਨਾ 481)

ਸੋ ਮਾਇਆ ਦੀ ਖੇਡ ਇਸ ਧਰਤੀ 'ਤੇ ਹੈ, ਜਿਥੇ ਅਨੇਕਾਂ ਕਿਸਮਾਂ ਤੇ ਜੁਗਤੀਆਂ ਵਾਲੇ ਜੀਵ ਹੋਰ ਵੀ ਰਹਿੰਦੇ ਹਨ। ਜਿਨ੍ਹਾਂ ਵਿਚ ਜਿਥੇ ਅਨੇਕਾਂ ਭਗਤ, ਸਤੀ, ਦਾਤਾਰ ਆਦਿ ਰਹਿੰਦੇ ਹਨ; ਉਥੇ ਅਣਗਿਣਤ ਅੰਧਘੋਰ ਮੂਰਖ, ਚੋਰ, ਹਤਿਆਰੇ, ਪਾਪੀ, ਕੁੜਿਆਰ, ਮਲੇਸ਼ ਤੇ ਨਿੰਦਕ ਭੀ ਰਹਿੰਦੇ ਹਨ। ਅਨੇਕਾਂ ਧਰਮ ਤੇ ਦੀਬਾਣ ਹਨ। ਧਰਤੀ ਮਾਤਾ ਧਰਮਸਾਲ ਹੈ, ਜਿਥੇ ਕਰਮ ਕਮਾਏ ਜਾਂਦੇ ਹਨ। ਧਰਤੀ ਨੂੰ ਸਾਜਣ ਵਾਲਾ ਸੱਚਾ ਨਿਆਂਕਾਰ ਹੈ। (ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥ ਪੰਨਾ 7) ਇਸ ਲਈ ਧਰਤੀ 'ਤੇ ਆਏ ਹਰ ਜੀਵ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ।

ਪਰ ਜੀਵ-ਜਨਨੀ ਦਾ ਸੁਭਾਅ ਅਲੱਗ ਹੈ। ਪਹਿਲਾਂ ਉਹ ਗਰਭ ਵਿਚ ਬੱਚੇ ਨੂੰ ਪਾਲਦੀ ਹੈ, ਫਿਰ ਉਸ ਦਾ ਪਾਲਣ ਪੋਸਣ ਕਰ ਕੇ ਖੁਸ਼ ਹੁੰਦੀ ਹੈ। ਬੱਚੇ ਦੇ ਮੂੰਹ ਵਿਚ ਭੋਜਨ ਆਪ ਪਾਉਂਦੀ ਹੈ,

ਸਾਰਿ ਸਮ੍ਹਾਲਿ ਮਾਤਾ ਮੁਖਿ ਨੀਰੈ
ਤਬ ਓਹੁ ਤ੍ਰਿਪਤਿ ਅਘਾਈ॥ (ਪੰਨਾ 1266)

ਗੁਰਬਾਣੀ ਵਿਚ ਮਾਂ ਦੇ ਪਿਆਰ ਨੂੰ ਮਿਸਾਲ ਵਜੋਂ ਵਰਤਿਆ ਗਿਆ ਹੈ। ਜਿਵੇਂ ਮਾਂ ਆਪਣੇ ਬੱਚੇ ਨੂੰ ਪਾਲਦੀ ਹੈ, ਉਵੇਂ ਹੀ ਪਰਮਾਤਮਾ ਆਪਣੇ ਜੀਵਾਂ ਨੂੰ ਪਾਲਦਾ ਹੈ,

ਅਪੁਨੇ ਜੀਅ ਜੰਤ ਪ੍ਰਤਿਪਾਰੇ॥
ਜਿਉ ਬਾਰਿਕ ਮਾਤਾ ਸੰਮਾਰੇ॥ (ਪੰਨਾ 105)

ਦੂਸੇ ਪਾਸੇ, ਇਕ ਭਗਤ ਦੀ ਅਵਸਥਾ ਵੀ ਇਸ ਤਰ੍ਹਾਂ ਦੀ ਹੋ ਜਾਂਦੀ ਹੈ। ਜਿਵੇਂ ਮਾਂ ਆਪਣੇ ਪੁੱਤਰਾਂ ਨੂੰ ਵੇਖ ਵੇਖ ਕੇ ਜਿਉਂਦੀ ਹੈ, ਤਿਵੇਂ ਪਰਮਾਤਮਾ ਦਾ ਸੇਵਕ ਵੀ ਉਸ ਪ੍ਰਭੂ ਨਾਲ ਤਾਣੇ-ਪੇਟੇ ਦੇ ਸੂਤਰ ਵਾਂਗ ਰੱਤਿਆ ਰਹਿੰਦਾ ਹੈ,


ਪੂਤ ਪੇਖਿ ਜਿਉ ਜੀਵਤ ਮਾਤਾ॥
ਓਤਿ ਪੋਤਿ ਜਨੁ ਹਰਿ ਸਿਉ ਰਾਤਾ॥
(ਪੰਨਾ 198)

ਜਿਉ ਮਾਤਾ ਬਾਲਿ ਲਪਟਾਵੈ॥
ਤਿਉ ਗਿਆਨੀ ਨਾਮੁ ਕਮਾਵੈ॥ (ਪੰਨਾ 629)

ਭਾਵ ਜੇ ਕਿਤੇ ਸੱਚਾ, ਗੂੜ੍ਹਾ ਪਿਆਰ ਲੱਭਣਾ ਹੋਵੇ ਤਾਂ ਮਾਂ ਦੇ ਦਿਲ ਵਿਚ ਝਾਤੀ ਮਾਰ ਲਓ। ਮਾਂ ਤੋਂ ਵੱਧ ਪਿਆਰ ਕਰਨ ਵਾਲਾ ਲੋਕ-ਪਰਲੋਕ ਵਿਚ ਕੋਈ ਨਹੀਂ ਲੱਭਣਾ।

ਹਰ ਜੀਵ-ਮਾਂ ਆਪਣੇ ਬੱਚਿਆਂ ਨੂੰ ਵੱਡੇ ਹੁੰਦਿਆਂ ਵਧਦਾ ਫੁਲਦਾ ਦੇਖ ਕੇ ਖੁਸ਼ੀ ਹੁੰਦੀ ਹੈ। ਉਹਨੂੰ ਇਹ ਨਹੀਂ ਸੁੱਝਦਾ ਕਿ 'ਦਿਨ ਦਿਨ ਅਵਧ ਘਟਤੁ ਹੈ।' ਉਹ ਸਮਝਦੀ ਹੈ ਕਿ ਉਸ ਦਾ ਰਿਸ਼ਤਾ ਆਪਣੇ ਬੱਚੇ ਨਾਲ ਸਦੀਵੀ ਹੈ। ਉਹ ਇਹ ਨਹੀਂ ਸੋਚਦੀ ਕਿ ਉਨ੍ਹਾਂ ਵਿਚੋਂ ਕਿਸੇ ਇਕ ਦੀ ਮੌਤ ਪਿਛੋਂ ਉਨ੍ਹਾਂ ਵਿਛੜ ਜਾਣਾ ਹੈ ਤੇ ਪਰਲੋਕ ਵਿਚ ਕੋਈ ਵੀ ਦੂਜੇ ਨਾਲ ਨਹੀਂ ਜਾ ਸਕਦਾ। ਮਾਂ ਦਾ ਸੁਭਾਅ ਸਿਰਫ ਪਿਆਰ ਕਰਨਾ ਹੈ।

ਜੀਵ-ਮਾਂ ਸਾਡੇ ਕੀਤੇ ਹੋਏ ਕਰਮਾਂ ਦਾ ਹਿਸਾਬ ਨਹੀਂ ਮੰਗਦੀ। ਉਸ ਦਾ ਪਿਆਰ ਸੁਆਰਥੀ ਵੀ ਨਹੀਂ। ਉਹ ਬੱਚੇ ਦੀਆਂ ਤਮਾਮ ਗਲਤੀਆਂ ਨੂੰ ਨਜ਼ਰਅੰਦਾਜ਼ ਕਰ ਦਿੰਦੀ ਹੈ। ਇਥੋਂ ਤਕ ਕਿ ਜੇ ਕੋਈ ਬੱਚਾ ਗੁੱਸੇ ਵਿਚ ਆ ਕੇ ਆਪਣੀ ਮਾਂ ਨੂੰ ਕੁੱਟ ਮਾਰ ਵੀ ਦੇਵੇ ਤਾਂ ਵੀ ਉਹ ਭੁਲਾ ਦਿੰਦੀ ਹੈ। ਇਸੇ ਕਰਕੇ ਹੀ ਪ੍ਰਭੂ-ਭਗਤ ਮਾਂ ਦੇ ਪਿਆਰ ਦਾ ਹਵਾਲਾ ਦੇ ਕੇ ਪਰਮਾਤਮਾ ਨੂੰ



ਆਪਣੀਆਂ ਭੁੱਲਾਂ ਬਖਸ਼ਾਉਣ ਨੂੰ ਕਹਿੰਦੇ ਹਨ,

ਸੁਤੁ ਅਪਰਾਧ ਕਰਤ ਹੈ ਜੇਤੇ॥
ਜਨਨੀ ਚੀਤਿ ਨ ਰਾਖਸਿ ਤੇਤੇ॥੧॥
ਰਾਮਈਆ ਹਉ ਬਾਰਿਕੁ ਤੇਰਾ॥
ਕਾਹੇ ਨ ਖੰਡਸਿ ਅਵਗਨੁ ਮੇਰਾ॥੧॥ਰਹਾਉ॥
ਜੇ ਅਤਿ ਕ੍ਰੋਪ ਕਰੇ ਕਰਿ ਧਾਇਆ॥
ਤਾ ਭੀ ਚੀਤਿ ਨ ਰਾਖਸਿ ਮਾਇਆ॥ (ਪੰਨਾ 478)

ਪੁਰਤਨ ਸਮੇਂ ਤੋਂ ਔਰਤ ਨੂੰ ਮਰਦ ਜਿੰਨੀ ਬਰਾਬਰੀ ਨਹੀਂ ਮਿਲੀ। ਫਾਰਸੀ ਦੇ ਸ਼ਬਦ 'ਔਰਤ' ਦਾ ਅਖਰੀ ਅਰਥ ਹੈ, "ਉਹ ਚੀਜ਼, ਜੋ ਛੁਪਾਉਣ ਲਾਇਕ ਹੋਵੇ।" ਸੋ, ਔਰਤ ਨੂੰ ਘਰ ਦੀ ਦਹਿਲੀਜ਼ ਟੱਪ ਕੇ ਸਮਾਜ ਦੇ ਕੰਮਾਂ ਵਿਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਸੀ। ਤੁਲਸੀ ਦਾਸ ਦੇ ਸ਼ਬਦਾਂ ਵਿਚ 'ਢੋਲ ਗਵਾਰ ਸੂਦਰ ਪਛੂ ਨਾਰੀ, ਜਿਹ ਸਭ ਤਾੜਨ ਕੇ ਅਧਿਕਾਰੀ' ਹਨ। ਔਰਤ ਨੂੰ ਪੈਰ ਦੀ ਜੁੱਤੀ ਜਾਂ ਪੁਆੜੇ ਦੀ ਜੜ੍ਹ ਕਿਹਾ ਜਾਂਦਾ ਸੀ, ਪਰ ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਆਖ ਕੇ ਸਤਿਕਾਰ ਦਿੱਤਾ। ਮਨੁੱਖਤਾ ਦੀ ਹੋਂਦ ਨੂੰ ਔਰਤ ਦੇ ਮਨਫੀ ਹੋ ਜਾਣ 'ਤੇ ਜ਼ੀਰੋ ਕਰ ਦਿੱਤਾ। ਪੈਰ ਦੀ ਜੁੱਤੀ ਆਖੀ ਜਾਣ ਵਾਲੀ ਔਰਤ ਨੂੰ ਮਨੁੱਖ ਦਾ ਸਿਰਤਾਜ ਬਣਾ ਦਿਤਾ। ਇਥੋਂ ਤਕ ਕਿ ਪੁਰਖ ਸ਼ਬਦ ਉਸ ਪਰਮਤਾਮਾ ਲਈ ਵਰਤਿਆ, ਜੋ 'ਭੰਡੇ ਬਾਹਰਾ' ਹੈ, ਜਿਸ ਨੇ ਔਰਤ ਦੀ ਕੁਖ ਤੋਂ ਜਨਮ ਹੀ ਨਹੀਂ ਲਿਆ। ਸਭ ਜਗਿਆਸੂਆਂ ਨੂੰ ਉਸ ਪ੍ਰਭੂ ਦੀਆਂ ਪਤਨੀਆਂ ਜਾਂ ਦਾਸੀਆਂ ਨਾਲ ਸੰਬੋਧਨ ਕੀਤਾ,

ਇਸ ਜਗ ਮਹਿ ਪੁਰਖ ਏਕ ਹੈ
ਹੋਰ ਸਗਲੀ ਨਾਰ ਸਬਾਈ॥ (ਪੰਨਾ 591)

ਮੰਨੂ ਸਿਮ੍ਰਿਤੀ ਅਨੁਸਾਰ ਪਤੀ ਦੇ ਮਰਨ ਪਿਛੋਂ ਉਸ ਦੀ ਪਤਨੀ ਨੂੰ 'ਸਤੀ ਦੀ ਰਸਮ' ਨਿਭਾਉਣੀ ਪੈਂਦੀ ਸੀ, ਜਿਸ ਦਾ ਭਾਵ ਉਸ ਨੇ ਆਪਣੇ ਪਤੀ ਦੀ ਚਿਖਾ 'ਚ ਸੜ ਕੇ ਮਰਨਾ ਹੁੰਦਾ ਸੀ। ਗੁਰੂ ਸਾਹਿਬਾਨ ਨੇ ਇਸ ਰਸਮ ਨੂੰ ਨਿੰਦਿਆ ਤੇ ਖਤਮ ਕਰਨ 'ਤੇ ਜ਼ੋਰ ਦਿਤਾ। ਗੁਰਬਾਣੀ ਅਨੁਸਾਰ ਸਤੀ ਉਹ ਹੈ, ਜੋ ਸੁੱਚੇ ਆਚਰਣ (ਸੀਲ ਸੰਤੋਖ) ਵਾਲਾ ਜੀਵਨ ਅਪਨਾਵੇ।

ਗੁਰੂਆਂ ਵਲੋਂ ਦਿਤਾ ਸਿੱਖ ਫਲਸਫਾ ਉਸ ਵਕਤ ਦੇ ਸਮਾਜ ਅੱਗੇ, ਔਰਤ ਲਈ ਸਿਰਫ ਢਾਲ ਬਣ ਕੇ ਹੀ ਨਹੀਂ ਖੜਿਆ, ਸਗੋਂ ਔਰਤ ਅੰਦਰ ਦਫਨ ਹੋਈਆਂ, ਕੁਦਰਤ ਵਲੋਂ ਦਿੱਤੀਆਂ ਮਹਾਨ ਸ਼ਕਤੀਆਂ ਨੂੰ ਮੁੜ ਜਿਉਂਦਾ ਕਰ ਕੇ ਉਸ ਨੂੰ ਮਰਦ ਦੇ ਮੂਹਰੇ ਲਿਆ ਖੜਾ ਕੀਤਾ। ਮਾਂਵਾਂ ਨੂੰ ਆਪਣੇ ਨਾਂ ਅੱਗੇ ਮਾਤਾ ਸ਼ਬਦ ਲਾ ਕੇ ਮਾਣ ਮਹਿਸੂਸ ਹੋਣ ਲੱਗਾ। ਜਿਥੇ ਮਰਦ ਆਪਣੇ ਨਾਂ ਅੱਗੇ ਸੰਤ, ਭਾਈ, ਰਾਜਾ, ਸਰਦਾਰ ਤੇ ਸ੍ਰੀਮਾਨ ਜਿਹੇ ਸ਼ਬਦ ਲਾਉਣ ਦਾ ਮਾਣ ਰੱਖਦਾ ਸੀ, ਉਥੇ ਬੀਬੀਆਂ ਨੇ ਅਜਿਹੇ ਕਾਰਨਾਮੇ ਦਿਖਾਏ ਕਿ ਇਤਿਹਾਸ 'ਮਾਤਾ' ਸ਼ਬਦ ਦਾ ਸਜਦਾ ਕਰਨ ਲੱਗ ਪਿਆ। ਮਾਤਾ ਜੀਤੋ ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵੇਲੇ ਪਤਾਸੇ ਪਾਉਣ ਦਾ ਸਨਮਾਨ ਮਿਲਿਆ। ਮਾਤਾ ਗੁਜਰੀ, ਮਾਤਾ ਸੁੰਦਰੀ, ਮਾਤਾ ਖੀਵੀ, ਮਾਤਾ ਗੰਗਾ ਤੇ ਮਾਈ ਭਾਗੋ ਆਦਿ ਦੀ ਅਨਮੋਲ ਪੰਥਕ ਸੇਵਾ ਦਾ ਕੋਈ ਸਾਨੀ ਨਹੀਂ। ਗੁਰੂ ਗੋਬਿੰਦ ਸਿੰਘ ਨੇ ਔਰਤ ਨੂੰ ਆਪਣੇ ਨਾਂ ਨਾਲ ਕੌਰ (ਕੰਵਰ) ਲਾ ਕੇ ਰਾਜਕੁਮਾਰੀ ਦਾ ਦਰਜਾ ਦਿਤਾ। ਅਰਦਾਸ ਵਿਚ ਧਰਮ ਲਈ ਬਲੀਦਾਨ ਦੇਣ ਵਾਲੀਆਂ ਮਾਂਵਾਂ ਤੇ ਸਿੰਘਣੀਆਂ ਨੂੰ ਹਰ ਵਕਤ ਯਾਦ ਕੀਤਾ ਜਾਂਦਾ ਹੈ।

ਅਫਸੋਸ ਦੀ ਗੱਲ ਹੈ ਕਿ ਸਿਰਫ ਔਰਤ ਨੂੰ ਹੀ ਆਪਣੀ ਔਲਾਦ ਦੀਆਂ ਭੁੱਲਾਂ, ਗਲਤੀਆਂ ਲਈ ਸ਼ਰਮਿੰਦਾ ਹੋਣਾ ਪੈਂਦਾ ਹੈ। ਅੱਜ ਦੇ ਜ਼ਮਾਨੇ ਵਿਚ ਵੀ ਇਹੀ ਸੁਣਨ ਨੂੰ ਮਿਲਦਾ ਹੈ, 'ਕੀ ਤੇਰੀ ਮਾਂ ਨੇ ਤੈਨੂੰ ਕੁਝ ਨਹੀਂ ਸਿਖਾਇਆ?' ਭਾਵ ਇਹ ਮੰਨਿਆ ਗਿਆ ਹੈ ਕਿ ਮਨੁੱਖ ਦੀ ਮਤਿ ਜਾਂ ਅਕਲ ਸਿਰਫ ਉਸ ਦੀ ਮਾਂ ਦੀ ਸਿਖਿਆ 'ਤੇ ਹੀ ਨਿਰਭਰ ਕਰਦੀ ਹੈ। ਇਸ ਲਈ ਹਰ ਮਾਂ ਕੋਸ਼ਿਸ਼ ਕਰਦੀ ਹੈ ਕਿ ਉਸ ਦੀ ਔਲਾਦ ਚੰਗੇ ਆਚਰਨ ਵਾਲੀ ਤੇ ਗੁਣਵਾਨ ਹੋਵੇ। ਇਸੇ ਸੰਕਲਪ ਹੇਠਾਂ ਗੁਰਬਾਣੀ 'ਚ ਮਤਿ (ਬੁਧੀ) ਨੂੰ ਵੀ ਮਾਤਾ ਕਿਹਾ ਗਿਆ ਹੈ।

ਗਉੜੀ ਰਾਗ (ਪੰਨਾ 151) ਵਿਚ 'ਮਾਤਾ ਮਤਿ ਪਿਤਾ ਸੰਤੋਖੁ' ਦਾ ਹੁਕਮ ਹੈ ਅਤੇ ਪੰਨਾ 172 'ਤੇ ਅੰਕਿਤ ਹੈ, 'ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ।' ਗੁਰਮਤ ਅਧੀਨ ਗੁਰੂ ਵਲੋਂ ਦਿੱਤੀ ਮਤਿ ਜਾਂ ਸਿਖਿਆ ਸਾਨੂੰ ਪਾਲਦੀ ਹੈ ਤੇ ਮਾਨਸ ਤੋਂ ਦੇਵਤੇ ਬਣਾ ਦਿੰਦੀ ਹੈ। ਮਨਮਤਿ ਦੀ ਦੇਣ ਹੋਛਾਪਨ ਹੈ, 'ਮਨ ਮਤਿ ਹਉਲੀ ਬੋਲੇ ਬੋਲੁ॥' (ਪੰਨਾ 151)

ਪੂਰਨ ਗੁਰੂ ਦੀ ਦਿਤੀ ਮਤਿ ਮਨੁੱਖ ਨੂੰ ਪੂਰਨ ਬਣਾਉਂਦੀ ਹੈ। ਕੱਚੇ ਪਿਲੇ ਗੁਰੂ ਦੀ ਦਿੱਤੀ ਮਤਿ ਜੀਵਨ ਗੱਡੀ ਨੂੰ ਅਧਰਮ ਦੇ ਰਸਤੇ ਤੋਰਦੀ ਹੈ, 'ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥' (ਪੰਨਾ 951) ਗੁਰਬਾਣੀ ਸਾਨੂੰ ਕੱਚੇ ਗੁਰੂਆਂ ਦੀ ਮਤਿ ਅਤੇ ਆਪਣੇ ਮਨ ਦੀ ਮਤਿ ਪਿਛੇ ਲੱਗਣ ਤੋਂ ਵਰਜਦੀ ਹੈ। ਇਹ ਅਖੌਤੀ ਗੁਰੂਆਂ ਦੀ ਦਿੱਤੀ ਮਤਿ ਨੂੰ ਧਿਰਕਾਰ ਪਾਉਂਦੀ ਹੈ, ਜੋ ਆਪਣੇ ਸਿੱਖ ਦੇ ਭਰਮ ਦੂਰ ਨਹੀਂ ਕਰ ਸਕਦੀ,

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ
ਜਾ ਤੇ ਭਰਮੁ ਨ ਜਾਇ॥ (ਪੰਨਾ 1369)

ਜੋ ਆਪਣੇ ਮਨ ਪਿੱਛੇ ਲਗ ਕੇ ਪਰਮਾਤਮਾ ਦਾ ਨਾਮ ਨਹੀਂ ਜਪਦੇ, ਗੁਰਬਾਣੀ ਉਨ੍ਹਾਂ ਦਾ 'ਮਤਿਹੀਨ' ਹੋ ਜਾਣਾ ਹੀ ਬਿਹਤਰ ਸਮਝਦੀ ਹੈ,

ਜਿਨ ਹਰਿ ਹਿਰਦੈ ਨਾਮੁ ਨ ਬਸਿਓ
ਤਿਨ ਮਾਤ ਕੀਜੈ ਹਰਿ ਬਾਂਝਾ॥ (ਪੰਨਾ 697)
ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ
ਤਿਸ ਕੈ ਕੁਲਿ ਲਾਗੀ ਗਾਰੀ॥
ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ
ਤਿਸੁ ਬਿਧਵਾ ਕਰਿ ਮਹਤਾਰੀ॥ (ਪੰਨਾ 1262)

ਇਨ੍ਹਾਂ ਤੁਕਾਂ ਵਿਚ 'ਮਾਤ, ਮਹਿਤਾਰੀ ਤੇ ਮਾਇ' ਸ਼ਬਦ ਮਤਿ-ਮਾਤਾ (ਬੁਧੀ) ਲਈ ਵਰਤੇ ਗਏ ਹਨ, ਮਦੀਨ ਜਾਂ ਜਨਨੀ ਲਈ ਨਹੀਂ।

ਗੁਰਬਾਣੀ ਅਨੁਸਾਰ ਉਹ ਮਾਂ ਧੰਨ ਹੈ, ਜਿਸ ਦੀ ਔਲਾਦ ਜਨਮ ਤੋਂ ਬਾਅਦ ਗੁਰੂ ਦਾ ਪੱਲਾ ਫੜ ਕੇ ਜਨਮ ਸਫਲਾ ਕਰਦੀ ਹੈ। ਉਨ੍ਹਾਂ ਮਾਂਵਾਂ ਲਈ ਫੁਰਮਾਨ ਹੈ, 'ਨਾਨਕ ਜਨਨੀ ਧੰਨੀ ਮਾਇ॥' (ਪੰਨਾ 1257)

## ਔਰਤ

ਜੱਗ ਦੀ ਜਨਨੀ ਏਂ ਤੂੰ
ਮੂਰਤ ਏਂ ਤਿਆਗ ਦੀ,
ਮਾਲਣ ਫੁਲਵਾੜੀ ਦੀ ਤੂੰ
ਆਦਮ ਦੇ ਬਾਗ ਦੀ।
ਪੁਤਲੀ ਕਰਬਾਨੀ ਦੀ ਤੂੰ
ਮੂਰਤ ਏਂ ਪਿਆਰ ਦੀ,
ਦੁਖੜੇ ਸਹਿ ਕੇ ਗਿਲਾ ਨਾ
ਕਰੇਂ ਇਕ ਵਾਰ ਵੀ।

ਪੀਰ, ਫਕੀਰ, ਗੁਰੂ ਸਭ
ਤੇਰੀ ਹੀ ਕੁੱਖੋਂ ਆਏ,
ਸੂਰਬੀਰਾਂ, ਰਾਜੇ, ਰਾਣਿਆਂ
ਤੈਥੋਂ ਹੀ ਨੂਰ ਪਾਏ।
ਤੇਰੇ ਹੀ ਦਮ ਦੇ ਨਾਲ
ਬਹਾਰ ਇਸ ਜੱਗ ਦੀ ਏ,
ਰੰਗਲੀ ਫੁਲਵਾੜੀ ਪਈ ਏ
ਤੇਰੇ ਨਾਲ ਸੱਜਦੀ ਏ।

ਤੇਰਿਆਂ ਪੈਰਾਂ ਥੱਲੇ
ਜੰਨਤ ਦੀ ਛਾਂ ਏ ਲੱਭਦੀ,
ਤੇਰੇ ਪਿਆਰ ਬਾਝੋਂ
ਦੁਨੀਆਂ ਹੈ ਭੱਠੀ ਦਗਦੀ।
ਆਦਮ ਦਾ ਅੱਧਾ ਹਿੱਸਾ
ਕਾਦਰ ਦਾ ਨੂਰ ਏਂ ਤੂੰ,
ਕਹਿਣ ਵਾਲੇ ਚਾਹੇ ਕਹਿੰਦੇ
ਜੰਨਤ ਦੀ ਹੂਰ ਏਂ ਤੂੰ।

ਧਰਮ ਦੇ ਠੇਕੇਦਾਰਾਂ
ਬੇਸ਼ੱਕ ਛੁਟਿਆਇਆ ਤੈਨੂੰ,
ਵਿਹੁ ਦੀ ਗੰਦਲ
ਜੁੱਤੀ ਪੈਰ ਦੀ ਬਣਾਇਆ ਤੈਨੂੰ।
ਜਗਤ ਦੀ ਜਨਨੀ ਆਖ
ਬਾਬੇ ਪਿਆਰ ਕੀਤਾ,
ਦੁਰਕਾਰੀ, ਤ੍ਰਿਸਕਾਰੀ ਦਾ
ਰੁਤਬਾ ਬਹਾਲ ਕੀਤਾ।

ਤੇਰੇ ਤੋਂ ਉਚਾ ਸੁੱਚਾ
ਹੋਰ ਕੋਈ ਹੋ ਨਹੀਂ ਸਕਦਾ,
ਤੇਰੀ ਮੁਹੱਬਤ ਅੱਗੇ
ਕੋਈ ਵੀ ਖਲੋ ਨਹੀਂ ਸਕਦਾ।
ਮਾਂ, ਭੈਣ, ਧੀ ਏਂ ਤੂੰ
ਸ਼ਰੀਕ-ਏ-ਹਯਾਤ ਏਂ ਤੂੰ,
ਝੀਲ ਦੀ ਸ਼ਾਂਤੀ ਏਂ ਤੂੰ
ਬਾਗ-ਏ-ਨਿਸ਼ਾਤ ਏਂ ਤੂੰ।

ਤੇਰੀ ਇੱਜਤ, ਆਬਰੂ ਦੀ
ਹੋ ਰਹੀ ਜੋ ਬੇ-ਪਤੀ,
ਮਨੁਖਤਾ ਦੇ ਚਿਹਰੇ ਉਤੇ
ਕਾਲਖ ਹੈ ਲੱਗੀ ਪਈ।
ਸ਼ਰਮ ਦਾ ਪੱਲਾ ਲਾਹ ਕੇ
ਅੱਖਾਂ ਤੂੰ ਖੋਲ੍ਹ ਅੜੀਏ,
ਕਰ ਲੈ ਹਿੰਮਤ ਆਪਣੇ
ਹੱਕਾਂ ਲਈ ਬੋਲ ਅੜੀਏ।

*-ਚੰਨ*
*ਫੋਨ: 908-788-8427*

---

## ਮਦਰ'ਜ਼ ਡੇ

ਮਈ ਦੇ ਦੂਜੇ ਸੰਡੇ ਨੂੰ,
ਮਿੱਥਿਆ ਦਿਨ ਹੈ ਖਾਸ।
ਟੱਬਰ ਰਲ ਮਿਲ ਬੈਠਦੇ,
ਮਾਤਾ ਚਰਨਾਂ ਦੇ ਪਾਸ।
ਮਾਂ ਦੇ ਮਿਲ ਗੁਣ ਗਾਉਂਦੇ,
ਨਾਲੇ ਆਖਦੇ ਧੰਨਵਾਦ।
ਅਕ੍ਰਿਤਘਣ ਨਹੀਂ ਕਹਾਉਂਦੇ,
ਦਿਨ ਰੱਖਦੇ ਨੇ ਯਾਦ।

ਮਦਰਜ਼ ਡੇ ਮਨਾਉਂਦੇ ਇੱਥੇ,
ਚੁੱਕੀ ਫਿਰਨ ਸੁਗਾਤਾਂ।
ਫੁੱਲਾਂ ਦੇ ਗੁਲਦਸਤੇ ਲੈ ਕੇ,
ਹੱਸ ਹੱਸ ਕਰਦੇ ਬਾਤਾਂ।
ਨਾਲ ਚਾਵਾਂ ਦੇ ਤੁਰ ਪੈਂਦੇ,
ਜਿੱਥੇ ਮਾਂ ਰਹੇ ਇਕੱਲੀ।
ਗੋਰਾ ਗੋਰੀ ਮੌਜਾਂ ਲੈਂਦੇ,
ਮਾਂ ਨਰਸਿੰਗ ਹੋਮ ਘੱਲੀ।

ਰੱਖਣ ਸੁਗਾਤਾਂ ਅੱਗੇ,
ਘੁੱਟ ਘੁੱਟ ਪਾਉਂਦੇ ਜੱਫੀ।
ਲਾਡ ਨਾਲ ਹੱਥ ਚੁੰਮਦੇ,
ਨਾਲੇ ਮੂੰਹ 'ਤੇ ਲੈਂਦੇ ਪੱਪੀ।
ਇੰਜ ਦਿਨ ਲੰਘ ਜਾਂਦਾ,
ਫਿਰ ਸਾਲ ਲਈ ਛੁੱਟੀ।
ਮੁੜ ਕੇ ਨਾ ਪਿਛੇ ਤੱਕਦੇ,
ਨਾ ਦਿੰਦੇ ਫਿਰ ਕੌਡੀ ਫੁੱਟੀ।

ਆਪਣੇ ਵਤਨੀਂ ਤੱਕੀਏ ਤਾਂ,
ਹਰ ਦਿਨ ਹੈ ਮਾਂ ਦਾ।
ਸਵੇਰ ਤੋਂ ਲੈ ਕੇ ਸ਼ਾਮ ਤਾਈਂ,
ਡੰਕਾ ਵੱਜਦਾ ਹੈ ਮਾਂ ਦਾ।
ਪੁੱਤ-ਨੂੰਹਾਂ ਪਾਣੀ ਭਰਦੇ,
ਕਿਤੇ ਬੇਬੇ ਗੁੱਸੇ ਨਾ ਹੋਵੇ।
ਬਾਪੂ ਵੀ ਰੱਖੇ ਪੂਛ ਦਬਾ ਕੇ,
ਖੁਦ ਦੀ ਭੰਡੀ ਨਾ ਹੋਵੇ।

*-ਸੇਵਾ ਸਿੰਘ ਨੂਰਪੁਰੀ*

## ਮੇਰੀ ਅਵਾਜ਼ ਸੁਣੋ!

### (ਧਰਤੀ ਦੀ ਫਰਿਆਦ)

ਸੁਣ ਅੰਬਰ ਸ਼ਹਿਜ਼ਾਦੀਏ,
ਮੈਂ ਮੰਗਾਂ ਤੇਰੀ ਖੈਰ।
ਮੈਂ ਧਰਤੀ ਤੇਰੀ ਭੈਣ ਹਾਂ,
ਨਾ ਸਮਝੀਂ ਮੈਨੂੰ ਗੈਰ।
ਇਹ ਜੁਗਾਂ ਪੁਰਾਣੀ ਗੱਲ ਨੀ,
ਅਸੀਂ ਨੱਚੀਆਂ ਸਾਂ ਭਰ ਜ਼ੋਰ।
ਮੇਰੇ ਕਿੱਕਲੀ ਵਿਚ ਹੱਥ ਛੁੱਟ ਗਏ,
ਮੈਂ ਡਿੱਗ ਪਈ ਕਿਧਰੇ ਹੋਰ।

ਫੇਰ ਸਮੇਂ ਦੀ ਧੂੜ ਨੇ,
ਮੇਰਾ ਠੰਢਾ ਕਰ 'ਤਾ ਤਾਅ।
ਮੈਂ ਆਦਮ ਯਾਰ ਬਣਾ ਲਿਆ,
ਗਈ ਤੈਨੂੰ ਭੁੱਲ ਭੁਲਾ।
ਮੈਂ ਸਭ ਕੁਝ ਇਸ ਨੂੰ ਸੌਂਪਿਆ,
ਉਹਦੇ ਕੁੰਜੀਆਂ ਹੱਥ ਫੜਾ।
ਮੈਂ ਆਪ ਮਿੱਟੀ ਹੋ ਗਈ,
ਮੇਰਾ ਅਜੇ ਨਾ ਲੱਥਾ ਚਾਅ।

ਪਰ ਅੱਜ ਤਕ ਆਈ ਸਮਝ ਨਾ,
ਇਹ ਕੈਸੀ ਆਦਮ ਜ਼ਾਤ।
ਮੈਨੂੰ ਵੰਡ ਬਣਾਈਆਂ ਢੇਰੀਆਂ,
ਮੈਂ ਰੋਂਦੀ ਰਹੀ ਦਿਨ ਰਾਤ।
ਮੇਰਾ ਚੁੰਦ ਕਲੇਜਾ ਖਾ ਗਏ,
ਇਹਦੇ ਧਰਮ ਨਸਲ ਤੇ ਜ਼ਾਤ।
ਕਿੰਜ ਬੰਨ੍ਹੀਆਂ ਮਸ਼ਕਾਂ ਮੇਰੀਆਂ,
ਆ ਪਾਵੀਂ ਨੀ ਇਕ ਝਾਤ।

ਮੈਂ ਗਿਣ ਨਾ ਸਕਦੀ ਦੁੱਖ ਨੀ,
ਜੋ ਦਿਤੇ ਮੈਨੂੰ ਏਸ।
ਮੈਂ ਸਾੜੀ ਇਸ ਦੇ ਕਾਰਿਆਂ,
ਮੇਰੇ ਭਖਣ ਕਲੇਜੇ ਸੇਕ।

ਮੇਰੇ ਸਾਗਰ ਜ਼ਹਿਰਾਂ ਦੱਬੀਆਂ,
ਮੇਰੇ ਜ਼ਖਮੀ ਕੁੱਲ ਦਰਿਆ।
ਮੇਰੇ ਲੂੰ ਲੂੰ ਭਰਿਆ ਜ਼ਹਿਰ ਨੀ,
ਰੋਗੀ ਹੋ ਗਈ ਹਵਾ।
ਇਹ ਪਰਬਤ ਸਾਗਰ ਛਾਣਦਾ,
ਕਿਹੜਾ ਲਿਆ ਸੂ ਲਾਲ ਗੰਵਾ।
ਜੋ ਵਸਤ ਗੰਵਾਈ ਧਰਤ ਤੇ,
ਫਿਰੇ ਲੱਭਦਾ ਵਿਚ ਖਿਲਾਅ।
ਮੈਨੂੰ ਕੈਂਸਰ ਰੋਗ ਲਾ ਕੇ,
ਹੁਣ ਉਡ ਪਿਆ ਤੇਰੀ ਵੱਲ।
ਮੈਨੂੰ ਹਸਦ ਨਹੀਂ ਤੇਰੇ ਨਾਲ ਨੀਂ,
ਮੈਂ ਤਾਂ ਅੱਜ ਮਰੀ ਜਾਂ ਕੱਲ੍ਹ।

ਮੈਨੂੰ ਫਿਕਰ ਕਿ ਤੂੰ ਅਣਭੋਲ ਹੈਂ,
ਤੇਰੇ ਆਇਆ ਆਦਮ ਚੋਰ।
ਤੂੰ ਨਾਜ਼ੁਕ ਸੁੱਚੀ ਕਲੀ ਏਂ,
ਇਹ ਬੂਟਾਂ ਵਾਲਾ ਭੌਰ।
ਇਹ ਕਲੀਆਂ ਸੁੰਘਦਾ ਮਸਲ ਕੇ,
ਡਾਲੀ ਸਣੇ ਮਰੋੜ।
ਇਹ ਖੋਜਾਂ ਕਰਦਾ ਮੌਤ 'ਤੇ,
ਇਹਨੂੰ ਨਹੀਂ ਜ਼ਿੰਦਗੀ ਦੀ ਲੋੜ।

ਪਹਿਲਾਂ ਅੱਖ ਮਿਲਾਉਣ ਤੋਂ,
ਇਹਨੂੰ ਪੁੱਛੀਂ ਨੀ ਉਹ ਗੱਲ।
ਜਦ ਚਾਰੋਂ ਲੱਤੀਂ ਖੜ੍ਹਾ ਸੀ,
ਮੇਰੇ ਬਾਰ-ਬਰੂਹਾਂ ਮੱਲ।
ਅਜ ਮੂੰਹ ਸਿਰ ਆਪਣਾ ਬੰਨ੍ਹ ਕੇ,
ਆਇਆ ਦਰ ਤੇਰੇ 'ਤੇ ਚੱਲ।
ਨੀ ਇਹ ਧਰਤ ਭਗੌੜਾ ਆਦਮੀ,
ਕਿਤੇ ਜਾਏ ਨਾ ਤੈਨੂੰ ਛੱਲ!

*-ਪਸ਼ੌਰਾ ਸਿੰਘ ਢਿੱਲੋਂ*

# ਪੰਜਾਬ ਤੋਂ ਕੈਨੇਡਾ: ਸਫਲਤਾ ਦੀ ਉਡਾਰੀ

***ਕੈਨੇਡਾ ਦੀ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਪ੍ਰੋਫੈਸਰ ਹੀਊ ਜੇ. ਐਮ. ਜੌਹਨਸਟਨ ਨੇ ਆਪਣੀ ਕਿਤਾਬ 'ਜਿਊਲਜ਼ ਆਫ ਦਿ ਕਿਲ੍ਹਾ' ਵਿਚ ਕੈਨੇਡੀਅਨ ਪੰਜਾਬੀ ਕਪੂਰ ਸਿੰਘ ਸਿੱਧੂ ਦੀ ਨਿਵੇਕਲੀ ਕਹਾਣੀ ਸੁਣਾਈ ਹੈ। ਇਸ ਕਿਤਾਬ ਦਾ ਪੰਜਾਬ ਵਿਚ ਅਨੁਵਾਦ ਉਘੇ ਕਹਾਣੀਕਾਰ ਹਰਪ੍ਰੀਤ ਸੇਖਾ ਨੇ ਕੀਤਾ ਹੈ। ਇਹ ਕਿਤਾਬ ਪਰਦੇਸਾਂ ਵਿਚ ਪੰਜਾਬੀਆਂ ਦੀ ਇਕ ਵੱਖਰੀ ਧਾਰਾ ਦੀ ਚਰਚਾ ਛੇੜਦੀ ਹੈ। ਜੌਹਨਸਟਨ ਇਸ ਤੋਂ ਪਹਿਲਾਂ ਕਾਮਾਗਾਟਾ ਮਾਰੂ ਬਾਰੇ ਕਿਤਾਬ ਵੀ ਲਿਖ ਚੁੱਕਾ ਹੈ। ਅਸੀਂ ਆਪਣੇ ਪਾਠਕਾਂ ਲਈ ਰਾਜਪਾਲ ਸਿੰਘ ਦਾ ਇਹ ਲੇਖ ਛਾਪ ਰਹੇ ਹਾਂ। -ਸੰਪਾਦਕ***


ਪੰਜਾਬੀਆਂ ਕੋਲ ਸ਼ਹੀਦੀਆਂ ਦੀਆਂ ਬਹੁਤ ਗਾਥਾਵਾਂ ਹਨ ਪਰ ਸਫਲਤਾਵਾਂ ਦੀਆਂ ਕਹਾਣੀਆਂ ਬਹੁਤ ਘੱਟ। ਇਸ ਕਿਤਾਬ ਵਿਚ ਸਫਲ ਪੰਜਾਬੀ ਕਪੂਰ ਸਿੰਘ ਸਿੱਧੂ ਅਤੇ ਉਸ ਦੇ ਪਰਿਵਾਰ ਦੀ ਕਹਾਣੀ ਹੈ ਜੋ ਕੈਨੇਡਾ ਜਾ ਕੇ ਤਕੜੀ ਮਾਇਕ ਸਫਲਤਾ ਹਾਸਲ ਕਰਦਾ ਹੈ, ਲੱਕੜ ਮਿੱਲਾਂ ਦਾ ਮਾਲਕ ਬਣਦਾ ਹੈ ਪਰ ਕੇਵਲ ਪੈਸੇ ਦੀ ਦੌੜ ਵਿਚ ਹੀ ਖਚਿਤ ਨਹੀਂ ਹੁੰਦਾ। ਆਪਣੇ ਭਾਈਚਾਰੇ ਦੀ ਭਲਾਈ ਲਈ ਵੀ ਯਤਨ ਕਰਦਾ ਹੈ, ਕੈਨੇਡਾ ਵਿਚ ਬਹੁਤ ਸਾਰੇ ਗੋਰਿਆਂ ਨਾਲ ਦੋਸਤਾਨਾ ਸਬੰਧ ਬਣਾਉਂਦਾ ਹੈ ਪਰ ਪੰਜਾਬ ਪ੍ਰਤੀ ਲਗਾਓ ਛਡਦਾ ਨਹੀਂ; ਕੈਨੇਡਾ ਨੂੰ ਆਪਣਾ ਦੇਸ਼ ਮੰਨਣ ਦੇ ਬਾਵਜੂਦ ਆਪਣੀਆਂ ਧੀਆਂ ਨੂੰ ਡਾਕਟਰ ਬਣਾ ਕੇ ਪੰਜਾਬ ਵਿਚ ਜਾ ਕੇ ਸੇਵਾ ਕਰਨ ਲਈ ਤਿਆਰ ਕਰਦਾ ਹੈ; ਭਾਰਤ ਨੂੰ ਆਜ਼ਾਦ ਦੇਖਣਾ ਚਾਹੁੰਦਾ ਹੈ ਪਰ ਹਿੰਸਕ ਢੰਗਾਂ ਤੋਂ ਸਫਲਤਾ ਦੀ ਆਸ ਨਹੀਂ ਰੱਖਦਾ। ਇਸ ਲਈ ਸ਼ਹੀਦੀਆਂ ਪਾਉਣ ਲਈ ਗਦਰੀਆਂ ਦੇ ਨਾਲ ਨਹੀਂ ਰਲਦਾ। ਕੁੱਲ ਮਿਲਾ ਕੇ ਉਹ ਜਾਤੀ ਤੌਰ ਉਤੇ ਸਫਲ ਅਤੇ ਸਮਾਜ ਲਈ ਲਾਹੇਵੰਦ

**ਰਾਜਪਾਲ ਸਿੰਘ**
ਫੋਨ: +91-98767-10809

ਜ਼ਿੰਦਗੀ ਜਿਊਂਦਾ ਹੈ।

ਖਾੜਕੂ ਬਿਰਤੀ ਵਾਲੇ ਪੰਜਾਬੀ ਅਜਿਹੇ ਸ਼ਾਂਤ ਅਤੇ ਸਫਲ ਇਨਸਾਨਾਂ ਦੀਆਂ ਕਹਾਣੀਆਂ ਨਹੀਂ ਲਿਖਦੇ, ਇਸ ਲਈ ਕਪੂਰ ਸਿੰਘ ਦੀ ਕਹਾਣੀ ਵੀ ਕਿਸੇ ਪੰਜਾਬੀ ਨੇ ਨਾ ਲਿਖੀ। ਆਖਰ ਇਹ ਕਹਾਣੀ ਲਿਖੀ ਕੈਨੇਡਾ ਦੀ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਪ੍ਰੋਫੈਸਰ ਹੀਊ ਜੇ. ਐਮ. ਜੌਹਨਸਟਨ ਨੇ। ਖੈਰ ਇਕ ਪੰਜਾਬੀ ਹਰਪ੍ਰੀਤ ਸੇਖਾ ਨੇ ਇਸ ਦਾ ਪੰਜਾਬੀ ਅਨੁਵਾਦ ਕਰ ਦਿੱਤਾ ਜਿਸ ਨਾਲ ਇਸ ਕੈਨੇਡੀਅਨ ਪੰਜਾਬੀ ਕਪੂਰ ਸਿੰਘ ਸਿੱਧੂ ਦੀ ਕਹਾਣੀ ਤੋਂ ਭਾਰਤੀ ਪੰਜਾਬੀ ਵੀ ਜਾਣੂ ਹੋ ਗਏ। ਉਹ ਪੰਜਾਬੀ, ਜਿਨ੍ਹਾਂ ਲਈ ਉਸ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਔੜ ਪਿੰਡ ਵਿਚ ਹਸਪਤਾਲ ਖੋਲ੍ਹ ਕੇ, ਆਪਣੀ ਕਮਾਈ ਅਤੇ ਆਪਣੀਆਂ ਧੀਆਂ ਦੀ ਪੜ੍ਹਾਈ ਲੇਖੇ ਲਾਈ।

ਇਸ ਕਹਾਣੀ ਤੋਂ ਇਕੱਲੇ ਕਪੂਰ ਸਿੰਘ ਸਿੱਧੂ ਦੇ ਪਰਿਵਾਰ ਬਾਰੇ ਹੀ ਜਾਣਕਾਰੀ ਨਹੀਂ ਮਿਲਦੀ ਸਗੋਂ ਉਸ ਦੌਰ ਦੇ ਪੰਜਾਬ ਅਤੇ ਕੈਨੇਡਾ








***ਹੀਊ ਜੇ. ਐਮ. ਜੋਹਨਸਟਨ ਦੀ ਲਿਖੀ ਕਾਮਾਗਾਟਾ ਮਾਰੂ ਵਾਲੀ ਕਿਤਾਬ (ਖੱਬੇ) ਅਤੇ ਇਸ ਦਾ ਪੰਜਾਬੀ ਅਨੁਵਾਦ।***


ਦੇ ਜੀਵਨ ਬਾਰੇ ਵੀ ਬਹੁਤ ਕੁਝ ਪਤਾ ਲਗਦਾ ਹੈ। ਕਪੂਰ ਸਿੰਘ ਦਾ ਪੜਦਾਦਾ ਰਣਜੀਤ ਸਿੰਘ ਦੀ ਫੌਜ ਵਿਚ ਹੋਣ ਕਰ ਕੇ ਉਨ੍ਹਾਂ ਨੂੰ ਹੁਸ਼ਿਆਰਪੁਰ ਵਿਚ ਪੈਂਦੇ ਦੋ ਪਿੰਡਾਂ ਦੀ ਜਾਗੀਰ ਮਿਲੀ ਹੋਈ ਸੀ, ਜਦਕਿ ਉਸ ਦੀ ਪਤਨੀ ਬਸੰਤ ਕੌਰ ਦੇ ਪਰਿਵਾਰ ਕੋਲ ਪੰਜ ਪਿੰਡ ਸਨ। ਅੰਗਰੇਜ਼ੀ ਰਾਜ ਦੌਰਾਨ ਪੰਜਾਬ ਦੀ ਕਿਸਾਨੀ ਦੀ ਹਾਲਤ ਕਿਹੋ ਜਿਹੀ ਸੀ, ਇਸ ਗੱਲ ਦਾ ਪਤਾ ਇਸ ਤੱਥ ਤੋਂ ਲਗਦਾ ਹੈ ਕਿ ਜਾਗੀਰਦਾਰ ਪਰਿਵਾਰ ਨਾਲ ਸਬੰਧ ਹੋਣ ਦੇ ਬਾਵਜੂਦ ਕਪੂਰ ਸਿੰਘ ਅਤੇ ਉਸ ਦੇ ਭਰਾਵਾਂ ਨੂੰ ਚੰਗੇਰੇ ਜੀਵਨ ਦੀ ਭਾਲ ਵਿਚ ਅਮਰੀਕਾ ਜਾਣਾ ਪਿਆ। ਪਤੀ ਪਤਨੀ 16 ਸਾਲ ਇਕ ਦੂਜੇ ਤੋਂ ਵੱਖ ਰਹੇ, ਯਾਨੀ ਆਪਣੀ ਜਵਾਨੀ ਅਲੱਗ-ਅਲੱਗ ਦੇਸ਼ਾਂ ਵਿਚ ਰਹਿ ਕੇ ਲੰਘਾਈ। ਇਹ ਦੁਖਾਂਤ ਉਸ ਦੌਰ ਵਿਚ ਪਰਦੇਸੀ ਹੋਏ ਬਹੁਤੇ ਮਨੁੱਖਾਂ ਨੂੰ ਹੰਢਾਉਣਾ ਪਿਆ ਸੀ।

ਕਪੂਰ ਸਿੰਘ ਨੇ ਕਿਤੋਂ ਸੁਣ ਲਿਆ ਸੀ ਕਿ ਕੈਨੇਡਾ ਵਿਚ ਇਕ ਦਿਨ ਦੀ ਕਮਾਈ 7 ਰੁਪਏ ਹੈ ਜਦਕਿ ਅੰਗਰੇਜ਼ੀ ਫੌਜ ਵਿਚ ਭਰਤੀ ਹੋਣ 'ਤੇ 9 ਰੁਪਏ ਮਹੀਨੇ ਦੇ ਮਿਲਦੇ ਸਨ। ਸੋ 1906 ਵਿਚ ਕਪੂਰ ਸਿੰਘ ਸਿੱਧੂ ਆਪਣੇ ਪਿੰਡ ਖੜੌਦੀ ਨੂੰ ਛੱਡ ਕੇ ਸਾਂ ਫਰਾਂਸਿਸਕੋ ਪਹੁੰਚ ਜਾਂਦਾ ਹੈ। ਇਥੇ ਪਹੁੰਚਣ ਲਈ ਕਿਰਾਏ ਅਤੇ ਹੋਰ ਖਰਚਿਆਂ ਲਈ ਬਸੰਤ ਕੌਰ ਦੇ ਗਹਿਣੇ ਵੇਚ ਕੇ ਪ੍ਰਬੰਧ ਕੀਤਾ ਗਿਆ। ਅਜੇ ਵੀ ਉਹ ਚੰਗਾ ਰਿਹਾ ਕਿ ਸਮੇਂ ਸਿਰ ਅਮਰੀਕਾ ਪਹੁੰਚ ਗਿਆ, ਉਸ ਤੋਂ ਬਾਅਦ ਜਲਦੀ ਹੀ ਭਾਰਤੀਆਂ ਦੇ ਉਥੇ ਜਾਣ ਉਤੇ ਸਖਤੀ ਹੋਣ ਲੱਗ ਪਈ ਸੀ।

ਉਥੇ ਉਸ ਨੇ ਉਸੇ ਕਿਸਮ ਦਾ ਸੰਘਰਸ਼ ਕੀਤਾ ਜੋ ਕਮਾਈ ਲਈ ਪਰਦੇਸ ਗਏ ਸਾਰੇ ਮਨੁੱਖਾਂ ਨੂੰ ਕਰਨਾ ਪੈਂਦਾ ਹੈ। ਗੋਰੇ ਲੋਕਾਂ ਦੇ ਦੇਸ਼ ਵਿਚ ਉਹ ਅਣਚਾਹੇ ਮਹਿਮਾਨ ਸਨ। ਨਸਲੀ ਵਿਤਕਰਾ ਸੀ, ਕੰਮ ਸਖਤ ਸੀ। ਕਮਾਈ ਓਨੀ ਨਹੀਂ ਸੀ ਜਿੰਨੀ ਸੋਚ ਕੇ ਗਏ ਸਨ ਪਰ ਕਪੂਰ ਸਿੰਘ ਨੇ ਧਾਰਿਆ ਹੋਇਆ ਸੀ ਕਿ ਹੁਣ ਇਥੇ ਹੀ ਰਹਿਣਾ ਹੈ। ਅਮਰੀਕਾ/ਕੈਨੇਡਾ ਨੇ ਚਾਹੇ ਉਸ ਨੂੰ ਨਹੀਂ ਅਪਣਾਇਆ ਸੀ ਪਰ ਉਸ ਨੇ ਅਮਰੀਕਾ/ਕੈਨੇਡਾ ਨੂੰ ਅਪਣਾਅ ਲਿਆ ਸੀ।

ਕਪੂਰ ਸਿੰਘ ਦੀ ਕਹਾਣੀ ਪਰਵਾਸੀ ਪੰਜਾਬੀਆਂ ਦੇ ਸੰਘਰਸ਼ ਦੀ ਉਸ ਧਾਰਾ ਦੀ ਕਹਾਣੀ ਹੈ ਜੋ ਗਦਰ ਲਹਿਰ ਤੋਂ ਵੱਖਰੀ ਚੱਲ ਰਹੀ ਸੀ। ਜਦ ਕਪੂਰ ਸਿੰਘ 1912 ਵਿਚ ਅਮਰੀਕਾ ਤੋਂ ਕੈਨੇਡਾ ਪਹੁੰਚ ਗਿਆ ਤਾਂ ਉਥੇ ਖਾੜਕੂ ਵਿਚਾਰ ਜ਼ੋਰ ਫੜ ਰਹੇ ਸਨ ਜੋ ਬਾਅਦ ਵਿਚ ਗਦਰ ਲਹਿਰ ਦੇ ਰੂਪ ਵਿਚ ਫੁੱਟ ਉਠੇ। ਕਪੂਰ ਸਿੰਘ ਅਤੇ ਉਸ ਦੇ ਸਾਥੀ ਪਰਵਾਸੀਆਂ ਨਾਲ ਹੁੰਦੇ ਵਿਤਕਰਿਆਂ ਨੂੰ ਦੂਰ ਕਰਵਾਉਣ ਲਈ ਉਥੋਂ ਦੇ ਮੋਹਤਬਰ ਬੰਦਿਆਂ ਨਾਲ ਚਿੱਠੀ ਪੱਤਰ ਕਰਦੇ, ਕੈਨੇਡੀਅਨ ਸਿਆਸਤਦਾਨਾਂ ਨੂੰ ਆਪਣਾ ਪੱਖ ਜਚਾਉਂਦੇ, ਅਖਬਾਰਾਂ ਵਿਚ ਦਲੀਲਾਂ ਨਾਲ ਭਰਪੂਰ ਲੇਖ ਲਿਖਦੇ, ਯਾਨੀ ਕਿ ਉਸ ਸਮੇਂ ਦੀ ਕਾਂਗਰਸ ਪਾਰਟੀ ਵਾਲੇ ਰਾਹ ਉਤੇ ਚੱਲ ਰਹੇ ਸਨ। ਇਸ ਦੇ ਮੁਕਾਬਲੇ ਗਦਰ ਲਹਿਰ ਵਾਲੇ ਸਾਰੇ ਵਿਤਕਰਿਆਂ ਦਾ ਕਾਰਨ ਦੇਸ਼ ਦੀ ਗੁਲਾਮੀ ਸਮਝਦੇ ਸਨ। ਉਹ ਇਨ੍ਹਾਂ ਨੂੰ ਦੇਸ਼ ਦੀ ਆਜਾਦੀ ਲਈ ਕੁਰਬਾਨ ਹੋਣ ਵਾਲਿਆਂ ਵਿਚ ਸ਼ਾਮਲ ਹੋਣ ਲਈ ਖਿੱਚਣ ਲੱਗੇ। ਕਪੂਰ ਸਿੰਘ ਦੇ ਧਰਮ ਭਰਾ ਬਣੇ ਪਿਆਰਾ ਸਿੰਘ ਲੰਗੇਰੀ ਨੇ ਵੀ ਉਸ ਨੂੰ ਆਜ਼ਾਦੀ ਲਈ ਲੜਨ ਵਾਸਤੇ ਭਾਰਤ ਜਾਣ ਲਈ ਪ੍ਰੇਰਿਆ, ਪਰ ਕਪੂਰ ਸਿੰਘ ਨੇ ਨਾਂਹ ਕਰ ਦਿੱਤੀ। ਕਪੂਰ ਸਿੰਘ ਦੇ ਸਾਥੀ ਕਰਤਾਰ ਸਿੰਘ ਅਤੇ ਡਾ. ਸੁੰਦਰ ਸਿੰਘ 'ਸੰਸਾਰ' ਨਾਂ ਦਾ ਪਰਚਾ ਕਢਦੇ ਸਨ। ਗਦਰੀ ਆਗੂ ਭਾਈ ਭਗਵਾਨ ਸਿੰਘ ਉਸ ਵਿਚ ਗਰਮ ਖਿਆਲੀ ਲੇਖ ਲਗਵਾਉਣਾ ਚਾਹੁੰਦੇ ਸਨ ਜਿਸ ਤੋਂ ਉਨ੍ਹਾਂ ਨਾਂਹ




***ਕਹਾਣੀਕਾਰ ਹਰਪ੍ਰੀਤ ਸੇਖਾ ਦੀ ਅਨੁਵਾਦ ਕੀਤੀ ਕਿਤਾਬ ਦਾ ਮੁਖੜਾ (ਸੱਜੇ) ਅਤੇ (ਖੱਬੇ) ਅੰਗਰੇਜ਼ੀ ਵਿਚ ਛਪੀ ਕਿਤਾਬ।***

ਕਰ ਦਿੱਤੀ। ਇਸ ਤਰ੍ਹਾਂ ਗਰਮ ਖਿਆਲੀ ਗਦਰੀ ਇਨ੍ਹਾਂ ਦੇ ਗਰੁੱਪ ਨੂੰ ਤ੍ਰਿਸਕਾਰਨ ਲੱਗੇ। ਗਰਮ ਖਿਆਲੀਆਂ ਨੇ 'ਸੰਸਾਰ' ਦੇ ਦਫਤਰ ਉਤੇ ਹਮਲਾ ਕੀਤਾ, ਇਨ੍ਹਾਂ ਦਾ ਗਰੁੱਪ ਲੜਨ ਵਾਲਾ ਨਹੀਂ ਸੀ; ਸੋ 'ਸੰਸਾਰ' ਪਰਚਾ ਬੰਦ ਕਰ ਦਿੱਤਾ। ਇਨ੍ਹਾਂ ਦਾ ਗਰੁੱਪ ਗਦਰੀਆਂ ਦਾ ਦੁਸ਼ਮਣ ਨਹੀਂ ਸੀ, ਨਾ ਹੀ ਉਨ੍ਹਾਂ ਖਿਲਾਫ ਕੁਝ ਕਰਦਾ ਸੀ ਪਰ ਇਹ ਉਨ੍ਹਾਂ ਦੇ ਸਾਥ ਵੀ ਨਹੀਂ ਦੇ ਸਕਦੇ ਸਨ। ਇਹ ਉਹ ਪਰਵਾਨੇ ਨਹੀਂ ਸਨ ਜੋ ਆਜ਼ਾਦੀ ਦੀ ਸ਼ਮ੍ਹਾ ਤੋਂ ਸੜ ਕੇ ਕੁਰਬਾਨ ਹੋ ਜਾਣ। ਇਹ ਤਾਂ ਆਪਣੀ ਮੱਠੀ-ਮੱਠੀ ਅੱਗ ਬਾਲ ਕੇ ਉਸ ਨੂੰ ਸੇਕਣ ਵਾਲੇ ਸਨ। ਸੋ, ਗਦਰ ਲਹਿਰ ਦੀ ਚੜ੍ਹਤ ਸਮੇਂ ਇਹ ਬ੍ਰਿਟਿਸ਼ ਕੋਲੰਬੀਆ ਤੋਂ ਪਾਸੇ ਖਿਸਕ ਗਏ। ਕੈਨੇਡਾ ਦੇ ਸਮਾਜ ਵਿਚ ਵੱਧ ਰਚਣ ਮਿਚਣ ਲਈ ਕਪੂਰ ਸਿੰਘ ਵਾਲ ਕਟਵਾ ਕੇ ਕਲੀਨ ਸ਼ੇਵ ਹੋ ਗਿਆ ਜਦਕਿ ਕਰਤਾਰ ਸਿੰਘ ਅਤੇ ਡਾ. ਸੁੰਦਰ ਸਿੰਘ ਪਹਿਲਾਂ ਹੀ ਇਹ ਰੂਪ ਧਾਰ ਚੁੱਕੇ ਸਨ।

ਅਸਲ ਵਿਚ ਇਸ ਵਰਗ (ਕਪੂਰ ਸਿੰਘ ਵਰਗੇ ਲੋਕ) ਨੇ ਆਪਣੀ ਹੋਣੀ ਕੈਨੇਡਾ ਨਾਲ ਜੋੜ ਲਈ ਸੀ, ਉਹ ਕੈਨੇਡਾ ਵਿਚ ਹੀ ਆਪਣੇ ਬਣਦੇ ਅਧਿਕਾਰ ਲੈਣ ਲਈ ਯਤਨਸ਼ੀਲ ਸਨ। ਕੈਨੇਡਾ ਵਿਚ ਅਧਿਕਾਰਾਂ ਲਈ ਤਾਂ ਕਾਨੂੰਨੀ ਢੰਗ ਅਤੇ ਸਿਆਸੀ ਲਾਬਿੰਗ ਹੀ ਕੀਤੀ ਜਾ ਸਕਦੀ ਸੀ, ਜੋ ਉਹ ਕਰ ਰਹੇ ਸਨ। ਇਸ ਵਾਸਤੇ ਹਿੰਸਾ ਤਾਂ ਕਿਸੇ ਕੰਮ ਨਹੀਂ ਆ ਸਕਦੀ ਸੀ। ਦੂਜੀ ਧਿਰ (ਗਦਰੀ) ਨੇ ਕੈਨੇਡਾ ਨੂੰ ਛੱਡ ਕੇ ਖੁਦ ਨੂੰ ਦੇਸ਼ ਵਾਪਸੀ ਲਈ ਤਿਆਰ ਕਰ ਲਿਆ ਸੀ, ਸੋ ਉਨ੍ਹਾਂ ਲਈ ਕੈਨੇਡਾ ਦੀਆਂ ਰਹਿਣ ਹਾਲਤਾਂ ਦੀ ਬਜਾਏ ਆਪਣੇ ਦੇਸ਼ ਦੀ ਆਜ਼ਾਦੀ ਵਧੇਰੇ ਮਹੱਤਵਪੂਰਨ ਸੀ। ਆਜ਼ਾਦੀ ਲਈ ਉਹ ਸੰਸਾਰ ਜੰਗ ਦਾ ਲਾਹਾ ਲੈਣਾ ਚਾਹੁੰਦੇ ਸਨ ਅਤੇ ਜੰਗ ਦੀਆਂ ਹਾਲਤਾਂ ਵਿਚ ਹਥਿਆਰ ਜ਼ਰੂਰੀ ਹੁੰਦੇ ਹਨ। ਸੋ ਪੰਜਾਬੀ ਪਰਵਾਸੀਆਂ ਦੇ ਇਨ੍ਹਾਂ ਦੋਹਾਂ ਵਰਗਾਂ ਨੂੰ ਇੱਕ ਦੂਜੇ ਦੇ ਵਿਰੋਧ ਵਿਚ ਦੇਖਣ ਦੀ ਬਜਾਏ ਅਲੱਗ-ਅਲੱਗ ਕਾਰਜ-ਖੇਤਰਾਂ ਵਿਚ ਸੰਘਰਸ਼ ਕਰਨ ਵਾਲੇ ਕਾਮਿਆਂ ਵਜੋਂ ਹੀ ਦੇਖਣਾ ਚਾਹੀਦਾ ਹੈ। ਇਸੇ ਲਈ ਭਾਰਤ ਅਤੇ ਕੈਨੇਡਾ ਵਸਣ ਵਾਲੇ ਪੰਜਾਬੀਆਂ ਲਈ ਸੰਘਰਸ਼ ਦੇ ਇਨ੍ਹਾਂ ਦੋਹਾਂ ਰਾਹਾਂ ਦੀ ਮਹੱਤਤਾ ਵੱਖੋ-ਵੱਖਰੀ ਹੈ।

ਇਸ ਵਰਣਨ ਤੋਂ ਇਹ ਨਹੀਂ ਸਮਝਣਾ ਚਾਹੀਦਾ ਕਿ ਕਪੂਰ ਸਿੰਘ ਹੋਰੀਂ ਭਾਰਤ ਦੀ ਆਜ਼ਾਦੀ ਲਹਿਰ ਨਾਲ ਕੋਈ ਸਰੋਕਾਰ ਹੀ ਨਹੀਂ ਰਖਦੇ ਸਨ। ਭਗਤ ਸਿੰਘ ਦੇ ਮੁਕੱਦਮੇ ਲਈ ਚੰਗੇ ਵਕੀਲ ਕਰਨ ਲਈ ਉਨ੍ਹਾਂ ਨੇ ਫੰਡ ਇਕੱਠਾ ਕਰ ਕੇ ਭੇਜਿਆ ਜਿਸ ਕਰ ਕੇ ਉਨ੍ਹਾਂ ਦਾ ਨਾਂ ਪੁਲਿਸ ਦੀਆਂ ਫਾਈਲਾਂ ਵਿਚ ਦਰਜ ਹੋ ਗਿਆ ਸੀ। ਪੁਲਿਸ ਰਿਕਾਰਡ ਅਨੁਸਾਰ ਉਹ ਗਦਰੀਆਂ ਦੀ ਵੀ ਮਦਦ ਕਰਦੇ ਰਹੇ ਸਨ, ਚਾਹੇ ਖੁਦ ਉਨ੍ਹਾਂ ਵਿਚ ਸ਼ਾਮਲ ਨਹੀਂ ਹੋਏ ਸਨ।

ਕੈਨੇਡਾ ਵਿਚ ਉਸ ਨੇ ਆਪਣੇ ਭਾਈਵਾਲ ਮੇਓ ਸਿੰਘ ਨਾਲ ਰਲ ਕੇ ਲੱਕੜ ਮਿੱਲਾਂ ਸਥਾਪਿਤ ਕੀਤੀਆਂ ਜਿਥੇ ਬਹੁਤ ਸਾਰੇ ਗੋਰਿਆਂ ਅਤੇ ਜਾਪਾਨੀਆਂ ਨੂੰ ਨੌਕਰੀਆਂ ਦਿੱਤੀਆਂ। ਮਿੱਲਾਂ ਨੂੰ ਕਈ ਵਾਰ ਅੱਗ ਲੱਗਣ ਦੇ ਬਾਵਜੂਦ ਉਹ ਮੁੜ ਖੜ੍ਹੀਆਂ ਕੀਤੀਆਂ ਅਤੇ ਕੁੱਲ ਮਿਲਾ ਕੇ ਕਾਰੋਬਾਰ ਵਿਚ ਚੰਗੀ ਸਫਲਤਾ ਹਾਸਲ ਕੀਤੀ। ਆਪਣਾ ਸਮਾਜਿਕ ਦਾਇਰਾ ਕੇਵਲ ਪੰਜਾਬੀ ਭਾਈਚਾਰੇ ਤੱਕ ਹੀ ਸੀਮਿਤ ਨਹੀਂ ਰੱਖਿਆ ਸਗੋਂ ਗੋਰਿਆਂ ਨਾਲ ਵੀ ਨੇੜਲੇ ਸਬੰਧ ਬਣਾਏ। ਕੈਨੇਡਾ ਸਰਕਾਰ ਉਤੇ ਆਪਣੇ ਮਸਲਿਆਂ ਦੇ ਹੱਲ ਲਈ ਦਬਾਅ ਪਾਉਣ ਵਾਸਤੇ ਉਹ ਗੋਰੇ ਦੋਸਤਾਂ ਤੋਂ ਇਲਾਵਾ ਤਾਮਿਲ ਮੂਲ ਦੇ ਡਾ. ਦੁਰਾਈ ਪਾਲ ਪਾਂਡੀਆ ਵਰਗੇ ਕਾਬਲ ਬੰਦਿਆਂ ਦੀਆਂ ਸੇਵਾਵਾਂ ਲੈਂਦੇ ਰਹੇ। ਟੈਗੋਰ ਅਤੇ ਨਹਿਰੂ ਤੱਕ ਦੇ ਆਗੂ ਉਨ੍ਹਾਂ ਕੋਲ ਠਹਿਰਦੇ ਸਨ। ਇਨ੍ਹਾਂ ਕਦਮਾਂ ਦੇ ਕੈਨੇਡਾ ਵਿਚਲੇ ਪੰਜਾਬੀ ਭਾਈਚਾਰੇ ਲਈ ਚੰਗੇ ਸਿੱਟੇ ਨਿਕਲਣ ਲੱਗੇ। ਇਸ ਦੌਰਾਨ 1922 ਵਿਚ ਉਹ ਆਪਣੀ ਪਤਨੀ ਬਸੰਤ ਕੌਰ ਨੂੰ ਆਪਣੇ ਪਾਸ ਮੰਗਵਾਉਣ ਵਿਚ ਸਫਲ ਹੋ ਗਿਆ। ਇਸ ਉਪਰੰਤ ਉਨ੍ਹਾਂ ਦੇ ਦੋ ਲੜਕੀਆਂ ਜਗਦੀਸ਼ ਕੌਰ (ਜੈਕੀ) ਅਤੇ ਸੁਰਜੀਤ ਪੈਦਾ ਹੋਈਆਂ ਜਿਨ੍ਹਾਂ ਨੂੰ ਉਨ੍ਹਾਂ ਨੇ ਕੈਨੇਡਾ ਵਿਚ ਡਾਕਟਰ ਬਣਨ ਦੀ ਪੜ੍ਹਾਈ ਕਰਵਾਈ।

---

ਇਥੋਂ ਤੱਕ ਦੀ ਕਹਾਣੀ ਸਫਲ ਪਰਵਾਸੀ ਦੀ ਆਮ ਕਹਾਣੀ ਹੈ। ਅਸਲ ਵਿਚ, ਇਸ ਪਰਿਵਾਰ ਦੀ ਦੂਸਰੀ ਪੀੜ੍ਹੀ ਇਸ ਕਹਾਣੀ ਨੂੰ ਖਾਸ ਬਣਾਉਂਦੀ ਹੈ। ਉਪਰੋਕਤ ਵੇਰਵਿਆਂ ਤੋਂ ਅਸੀਂ ਜਾਣ ਗਏ ਹਾਂ ਕਿ ਕਪੂਰ ਸਿੰਘ ਕੈਨੇਡਾ ਦੇ ਸਮਾਜਿਕ ਜੀਵਨ ਵਿਚ ਪੂਰੀ ਤਰ੍ਹਾਂ ਸੈੱਟ ਹੋ ਜਾਂਦਾ ਹੈ ਪਰ ਇਸ ਦੇ ਬਾਵਜੂਦ ਉਹ ਕੈਨੇਡਾ ਵਿਚ ਜੰਮੀਆਂ ਪਲੀਆਂ ਆਪਣੀਆਂ ਦੋਹਾਂ ਲੜਕੀਆਂ ਨੂੰ ਭਾਰਤ ਨਾਲੋਂ ਟੁੱਟਣ ਨਹੀਂ ਦਿੰਦਾ ਸਗੋਂ ਉਨ੍ਹਾਂ ਵਿਚ ਭਾਰਤ ਪ੍ਰਤੀ ਉਤਸੁਕਤਾ ਅਤੇ ਲਗਾਓ ਬਣਾਈ ਰਖਦਾ ਹੈ। ਜਦ ਕੁੜੀਆਂ ਡਾਕਟਰੀ ਦੀ ਪੜ੍ਹਾਈ ਮੁਕੰਮਲ ਕਰ ਲੈਂਦੀਆਂ ਹਨ ਤਾਂ ਕਪੂਰ ਸਿੰਘ ਅਤੇ ਉਸ ਦੀ ਪਤਨੀ ਉਨ੍ਹਾਂ ਨੂੰ ਕਹਿੰਦੇ ਹਨ ਕਿ ਉਨ੍ਹਾਂ ਦੀ ਪੜ੍ਹਾਈ ਦੀ ਵੱਧ ਲੋੜ ਭਾਰਤ ਨੂੰ ਹੈ। ਉਹ ਬਸੰਤ ਕੌਰ ਦੇ ਪਿੰਡ ਔੜ ਵਿਚ ਹਸਪਤਾਲ ਖੋਲ੍ਹਣ ਦਾ ਸੁਪਨਾ ਉਨ੍ਹਾਂ ਨਾਲ ਸਾਂਝਾ ਕਰਦੇ ਹਨ। ਕੁੜੀਆਂ ਉਨ੍ਹਾਂ ਦੇ ਸੁਪਨੇ ਨੂੰ ਅਪਣਾਅ ਲੈਂਦੀਆਂ ਹਨ ਅਤੇ 1951 ਵਿਚ ਉਹ ਸਾਰਾ ਪਰਿਵਾਰ ਪੰਜਾਬ ਪਹੁੰਚ ਜਾਂਦਾ ਹੈ। ਪੰਜਾਬ ਵਿਚ ਉਹ ਕੁੜੀਆਂ ਦੇ ਨਾਨਕੇ ਪਿੰਡ ਔੜ ਆ ਕੇ ਰਹੇ, ਜਿਥੇ ਬਸੰਤ ਕੌਰ ਦਾ ਵੱਡ-ਅਕਾਰੀ ਪੇਕਾ ਘਰ ਸੀ ਜਿਸ ਨੂੰ ਕਿਲ੍ਹਾ ਕਿਹਾ ਜਾਂਦਾ ਸੀ।

ਮੁੰਬਈ ਵਿਚ ਭਾਰਤ ਵੜਦਿਆਂ ਸਾਰ ਹੀ ਉਨ੍ਹਾਂ ਨੂੰ ਮਾੜੇ ਤਜਰਬੇ ਸ਼ੁਰੂ ਹੋ ਗਏ। ਕੁੜੀਆਂ ਨੇ ਦੇਖਿਆ ਕਿ ਲੋਕ ਥਾਂ-ਥਾਂ 'ਖੂਨ' ਥੁੱਕ ਰਹੇ ਹਨ ਜਿਸ ਬਾਰੇ ਉਨ੍ਹਾਂ ਨੂੰ ਬਾਅਦ ਵਿਚ ਪਤਾ ਲੱਗਿਆ ਕਿ ਇਹ ਕਿਸੇ ਬਿਮਾਰੀ ਕਾਰਨ ਨਹੀਂ ਸਗੋਂ ਪਾਨ ਨਾਂ ਦੀ ਵਸਤੂ ਚਬਾਉਣ ਦੇ ਸ਼ੌਕ ਕਰ ਕੇ ਹੈ। ਉਹ ਕਸਟਮ ਵਾਲਿਆਂ ਤੋਂ ਖੱਜਲ ਖੁਆਰ ਹੋਏ, ਬੈਂਕ ਵਿਚ ਪੈਸੇ ਕਢਵਾਉਣ ਸਮੇਂ ਥਾਂ-ਥਾਂ ਐਂਟਰੀਆਂ ਕਰਵਾਉਣ ਤੋਂ ਦੁਖੀ ਹੋਏ। ਪਿੰਡ ਵਿਚ ਗੰਦ, ਮੱਖੀਆਂ, ਮੱਛਰ, ਚਿੱਕੜ ਆਦਿ ਸਭ ਕੁਝ ਸੀ। 1951 ਦਾ ਪੰਜਾਬ ਅੱਜ ਵਾਲਾ ਪੰਜਾਬ ਨਹੀਂ ਸੀ। ਕੋਈ ਬਿਜਲੀ, ਟੈਲੀਫੋਨ ਨਹੀਂ ਸੀ, ਨਾ ਹੀ ਪਾਣੀ ਦੀਆਂ ਟੂਟੀਆਂ ਅਤੇ ਮਲਮੂਤਰ ਲਈ ਕਿਸੇ ਕਿਸਮ ਦੀਆਂ ਟੱਟੀਆਂ ਬਣੀਆਂ ਹੋਈਆਂ ਸਨ। ਉਨ੍ਹਾਂ ਦੇ ਕਮੀਜ਼ ਪੈਂਟਾਂ ਪਾਈਆਂ ਵੇਖ ਕੇ ਬੱਚੇ ਉਨ੍ਹਾਂ ਦੇ ਮਗਰ ਲੱਗ ਤੁਰਦੇ। ਕੁੱਲ ਮਿਲਾ ਕੇ ਜੋ ਉਨ੍ਹਾਂ ਨੇ ਆਪਣੇ ਮਾਪਿਆਂ ਤੋਂ ਗੱਲਾਂ ਸੁਣ ਸੁਣ ਕੇ ਕਲਪਨਾ ਕੀਤੀ ਹੋਈ ਸੀ, ਹਾਲਤਾਂ ਉਸ ਦੇ ਬਿਲਕੁਲ ਉਲਟ ਸਨ।

ਕੁਝ ਮਹੀਨਿਆਂ ਬਾਅਦ, ਇਕ ਵਾਰ ਸਾਰਾ ਪਰਿਵਾਰ ਕੈਨੇਡਾ ਮੁੜ ਗਿਆ। ਕੁੜੀਆਂ ਨੇ ਉਥੇ ਅੱਗੇ ਡਾਕਟਰੀ ਵਿਚ ਪੋਸਟ-ਗਰੈਜੂਏਸ਼ਨ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ ਪਰ ਪਰਿਵਾਰ ਵਿਚੋਂ ਪੰਜਾਬ ਵਿਚ ਹਸਪਤਾਲ ਖੋਲ੍ਹਣ ਦਾ ਸੁਪਨਾ ਮਰਿਆ ਨਹੀਂ ਸੀ। ਕੁੜੀਆਂ ਵੀ ਐਨੀਆਂ ਕੁ ਸਮਝਦਾਰ ਸਨ ਕਿ ਜੇ ਉਨ੍ਹਾਂ ਆਪਣੇ ਮਾਪਿਆਂ ਦੀ ਖਾਹਿਸ਼ ਪੂਰੀ ਕਰਨੀ ਹੈ ਤਾਂ ਉਨ੍ਹਾਂ ਨੂੰ ਭਾਰਤ ਵਿਚ ਰਹਿਣ ਸਹਿਣ ਬਾਰੇ ਆਪਣਾ ਨਜ਼ਰੀਆ ਬਦਲਣਾ ਪਵੇਗਾ। ਇਸ ਦੌਰਾਨ ਉਹ ਦੋਵੇਂ ਭੈਣਾਂ ਅਧਿਆਤਮਕ ਗੁਰੂਆਂ ਮਗਰ ਵੀ ਭਟਕਦੀਆਂ ਰਹੀਆਂ ਸਨ ਪਰ ਉਥੋਂ ਵੀ ਉਨ੍ਹਾਂ ਨੂੰ ਕੋਈ ਖਾਸ ਤਸੱਲੀ ਨਹੀਂ ਹੋਈ ਸੀ। ਸੋ ਉਹ ਆਪਣੇ ਪਿਤਰੀ ਦੇਸ਼ ਦੇ ਲੋਕਾਂ ਦੀ ਸੇਵਾ ਵਿਚੋਂ ਜੀਵਨ ਦੀ ਸਾਰਥਿਕਤਾ ਲੱਭਣ ਅਤੇ ਆਪਣੇ ਮਾਪਿਆਂ ਦਾ

***(ਬਾਕੀ ਅਗਲੇ ਸਫੇ 'ਤੇ)***





***ਲੇਖਕ ਹੀਊ ਜੇ. ਐਮ. ਜੌਹਨਸਟਨ ਅਤੇ ਅਨੁਵਾਦਕ ਹਰਪ੍ਰੀਤ ਸੇਖਾ***

# ਉਦਾਸ ਸੂਰਜ ਦੀ ਲਿਸ਼ਕ

ਸ਼ਿਵ ਕੁਮਾਰ ਬਾਰੇ ਲਿਖਣ ਦਾ ਮੈਨੂੰ ਚੇਤਾ ਨਾ ਆਉਂਦਾ, ਜੇ ਮੇਰੇ ਹੱਥੋਂ ਅਖਬਾਰ ਦਾ ਵਰਕਾ ਨਾ ਉਡਦਾ। ਅਖਬਾਰ ਦੇ ਉਡੇ ਵਰਕੇ ਮਗਰ ਮੈਂ ਕਾਫੀ ਦੂਰ ਤਕ ਦੌੜਿਆ। ਜਦ ਨੇੜੇ ਪਹੁੰਚਦਾ ਤਾਂ ਤੇਜ਼ ਹਵਾ ਦਾ ਬੁੱਲਾ ਉਸ ਨੂੰ ਹੋਰ ਦੂਰ ਉਡਾ ਦਿੰਦਾ। ਆਖਰ ਉਹ ਵਰਕਾ ਮੇਰੇ ਕਾਬੂ ਆ ਹੀ ਗਿਆ। ਮੌਕਾ ਮੇਲ ਐਸਾ ਸੀ ਕਿ ਉਸੇ ਹਫਤੇ ਸ਼ਿਵ ਕੁਮਾਰ ਦੀ 40ਵੀਂ ਬਰਸੀ ਸੀ। ਬਰਸੀ ਕਰਕੇ ਹੀ ਅਖਬਾਰ ਵਿਚ ਉਹਦੇ ਬਾਰੇ ਲੇਖ ਛਪਿਆ ਸੀ। ਮੈਂ ਤੁਰਦਾ ਤੁਰਦਾ ਉਹ ਲੇਖ ਪੜ੍ਹਨ ਲੱਗਾ ਤਾਂ ਹਵਾ ਨਾਲ ਉਹੋ ਵਰਕਾ ਹੀ ਅਖਬਾਰ 'ਚੋਂ ਉਡ ਗਿਆ। ਮੈਂ ਉਸ ਨੂੰ ਫੜਨ ਲਈ ਨੱਠਦਾ ਰਿਹਾ, ਪਰ ਉਹ ਅੱਗੇ ਹੀ ਅੱਗੇ ਉਡਦਾ ਰਿਹਾ। ਮੈਨੂੰ ਇਉਂ ਲੱਗਾ ਜਿਵੇਂ ਸ਼ਿਵ ਦਾ ਕਲਬੂਤ ਮੇਰੇ ਅੱਗੇ ਨੱਠਾ ਜਾ ਰਿਹਾ ਹੋਵੇ! ਉਦੋਂ ਮੈਂ 73ਵੇਂ ਸਾਲ 'ਚ ਸਾਂ। ਹੁਣ 80ਵੇਂ ਸਾਲ 'ਚ ਹਾਂ। ਜੇ ਸ਼ਿਵ ਕੁਮਾਰ ਜਿਉਂਦਾ ਰਹਿੰਦਾ ਤਾਂ ਹੁਣ ਉਹ 84ਵੇਂ ਸਾਲ ਵਿਚ ਹੋਣਾ ਸੀ।



ਆਖਰ ਉਹ ਵਰਕਾ ਥੋਹਰ ਜਿਹੀ ਝਾੜੀ 'ਚ ਜਾ ਫਸਿਆ, ਜਿਥੇ ਹਵਾ ਦਾ ਜ਼ੋਰ ਨਾ ਚੱਲਿਆ। ਉਡਿਆ ਵਰਕਾ ਝਾੜੀ 'ਚੋਂ ਕੱਢ ਕੇ ਪੜ੍ਹਦਿਆਂ ਮੈਂ ਸ਼ਿਵ ਬਟਾਲਵੀ ਦੀਆਂ ਯਾਦਾਂ 'ਚ ਖੋ ਗਿਆ। ਜੇ ਉਹ ਲੋੜੋਂ ਵੱਧ ਸ਼ਰਾਬ ਨਾ ਪੀਂਦਾ ਹੁੰਦਾ ਤਾਂ ਸੰਭਵ ਸੀ, ਉਹ ਵੀ ਲੰਮੀ ਉਮਰ ਭੋਗਦਾ। ਜਿਵੇਂ ਮੈਂ ਰਿਟਾਇਰ ਹੋਣ ਪਿੱਛੋਂ ਆਪਣੇ ਪੁੱਤਰ ਪਾਸ ਕੈਨੇਡਾ ਪੁੱਜਾ ਹਾਂ, ਉਵੇਂ ਸ਼ਿਵ ਕੁਮਾਰ ਵੀ ਆਪਣੀ ਧੀ ਪੂਜਾ ਕੋਲ ਅਮਰੀਕਾ ਪੁੱਜ ਜਾਂਦਾ। ਫਿਰ ਉਹ ਵੀ ਮੇਰੇ ਵਾਂਗ ਸਵੇਰੇ ਸੈਰ ਕਰਦਾ ਕਿਤੋਂ ਪੰਜਾਬੀ ਅਖਬਾਰ ਚੁੱਕ ਲਿਆਉਂਦਾ ਤੇ ਤੁਰਦਾ ਤੁਰਦਾ ਅਖਬਾਰ 'ਤੇ ਨਜ਼ਰ ਮਾਰਦਾ।

ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਗੱਲ 1958-59 ਦੀ ਹੈ। ਮੈਂ ਐਮ. ਆਰ. ਕਾਲਜ ਫਾਜ਼ਿਲਕਾ ਦਾ ਵਿਦਿਆਰਥੀ ਸਾਂ। ਅਸੀਂ ਪੰਜਾਬੀ ਸਾਹਿਤ ਸਭਾ ਵੱਲੋਂ ਕਵੀ ਦਰਬਾਰ ਕਰਵਾਇਆ। ਸੱਦੇ ਗਏ ਕਵੀਆਂ ਵਿਚ ਸ਼ਿਵ ਵੀ ਸੀ। ਉਹ ਮੈਥੋਂ ਚਾਰ ਸਾਲ ਵੱਡਾ ਸੀ। ਉਸ ਨੇ ਖੁੱਲ੍ਹੀ ਮੂਹਰੀ ਵਾਲਾ ਚਿੱਟਾ ਪਜਾਮਾ ਤੇ ਚਿੱਟਾ ਹੀ ਕੁੜਤਾ ਪਾਇਆ ਹੋਇਆ ਸੀ। ਮੋਢੇ 'ਤੇ ਲੋਈ ਤੇ ਪੈਰੀਂ ਚਪਲਾਂ ਸਨ। ਰੰਗ ਗੋਰਾ ਨਿਛੋਹ ਤੇ ਵਾਲ ਘੁੰਗਰਾਲੇ। ਅੱਖਾਂ ਮਸਤ ਤੇ ਮੋਟੀਆਂ, ਸਿਹਲੀਆਂ ਸੰਘਣੀਆਂ, ਨੱਕ ਤਿੱਖਾ ਤੇ ਬੁੱਲ੍ਹ ਪਤਲੇ। ਜੁੱਸਾ ਇਕਹਿਰਾ ਸੀ। ਸੁਣਿਆਂ ਸੀ ਉਹ ਪਟਵਾਰੀ ਲੱਗਾ ਹੋਇਐ, ਪਰ ਪਟਵਾਰੀਆਂ ਵਾਲਾ ਤਾਂ ਉਹਦੇ 'ਚੋਂ ਕੁਝ ਵੀ ਨਹੀਂ ਸੀ ਦਿਸਦਾ। ਨਾ ਪਟਵਾਰੀਆਂ ਜਿਹਾ ਗੋਲ ਢਿੱਡ, ਨਾ ਬੋਝੇ 'ਚ ਬੰਨ੍ਹਿਆ ਨਕਸ਼ੇ, ਨਾ ਝੱਗੀ ਤੇ ਨਾ ਗੁੱਝੀਆਂ ਜੇਬਾਂ। ਉਥੇ ਸੰਤੋਖ ਸਿੰਘ ਧੀਰ ਸੀ, ਗੁਰਚਰਨ ਰਾਮਪੁਰੀ ਤੇ ਸੁਰਜੀਤ ਰਾਮਪੁਰੀ, ਜਗਤਾਰ ਪਪੀਹਾ ਤੇ ਮਰਜਾਰਾ, ਬਰਕਤ ਰਾਮ ਯੁਮਨ ਤੇ ਗੁਰਦਾਸ ਰਾਮ ਆਲਮ ਅਤੇ ਇੰਦਰਜੀਤ ਸਿੰਘ ਤੁਲਸੀ ਤੇ ਹੋਰ ਵੀ ਕਵੀ ਸਨ, ਜਿਨ੍ਹਾਂ ਨਾਲ ਸਟੇਜ ਭਰੀ ਹੋਈ ਸੀ। ਲੰਮਾ ਪਤਲਾ ਜਸਵੰਤ ਸਿੰਘ ਕੰਵਲ ਪ੍ਰਧਾਨਗੀ ਕਰ ਰਿਹਾ ਸੀ। ਉਥੇ ਕੰਵਲ ਨੂੰ ਮੈਂ ਪਹਿਲੀ ਵਾਰ ਮਿਲਿਆ ਸਾਂ ਤੇ ਫਿਰ ਸੱਠ-ਬਾਹਟ ਸਾਲ ਉਹਦੇ ਅੰਤਲੇ ਦਮ ਤਕ ਮਿਲਦਾ ਰਿਹਾ।

ਜਗਤਾਰ ਨੇ ਗੀਤ ਗਾਇਆ, 'ਕਣਕਾਂ ਨਿੱਸਰ ਪਈਆਂ, ਸਾਨੂੰ ਘਰੇ ਬੜਾ ਰੁਜ਼ਗਾਰ, ਮੁੜ ਆ ਵਤਨਾਂ ਨੂੰ।' ਸੁਰਜੀਤ ਰਾਮਪੁਰੀ ਨੇ ਗਾਇਆ, 'ਕਦੇ ਰੋ ਲੈਨਾਂ, ਕਦੇ ਗਾ ਲੈਨਾਂ, ਮੈਂ ਦਿਲ ਦੀ ਅੱਗ ਬੁਝਾ ਲੈਨਾਂ।' ਸ਼ਿਵ ਕੁਮਾਰ ਦੀ ਵਾਰੀ ਆਈ ਤਾਂ ਉਸ ਨੇ ਮਸਤ ਅੱਖਾਂ ਮੁੰਦ ਕੇ ਇਕ ਹੱਥ ਕੰਨ 'ਤੇ ਧਰਿਆ, ਦੂਜਾ ਉਪਰ ਉਠਾਇਆ ਤੇ ਮਾਈਕ ਤੋਂ ਸੋਜ਼ਮਈ ਹੂਕ ਵਿਚ ਕਵਿਤਾ ਸੁਣਾਈ, 'ਮੈਂ ਕੰਡਿਆਲੀ ਥੋਹਰ ਵੇ ਸੱਜਣਾਂ ਉੱਗੀ ਵਿਚ ਉਜਾੜਾਂ।' ਉਸ ਨੇ ਗੀਤ ਵੀ ਗਾਏ, 'ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿਚੋਂ ਬਿਰਹੋਂ ਦੀ ਰੜਕ ਪਵੇ', 'ਮਾਏ ਨੀ ਮਾਏ ਮੈਂ ਇਕ ਸ਼ਿਕਰਾ ਯਾਰ ਬਣਾਇਆ, ਇਕ ਉਡਾਰੀ ਐਸੀ ਮਾਰੀ ਉਹ ਮੁੜ ਵਤਨੀ ਨਾ ਆਇਆ।'


ਉਸ ਦੀਆਂ ਦਿਲ 'ਚ ਲਹਿ ਜਾਣ ਵਾਲੀਆਂ ਦਰਦੀਲੀਆਂ ਹੂਕਾਂ ਨੇ ਸਰੋਤਿਆਂ 'ਤੇ ਟੂਣਾ ਕਰ ਦਿੱਤਾ, ਜਿਸ ਨਾਲ ਪੰਡਾਲ ਵਿਚ ਸੱਨਾਟਾ ਛਾ ਗਿਆ। ਵਾਰ ਵਾਰ ਉਹਦੀ ਮੰਗ ਹੋਣ ਲੱਗੀ। ਕਾਲਜੀਏਟ ਮੁੰਡਿਆਂ ਨੂੰ ਸ਼ਿਵ ਦੀ ਸ਼ਾਇਰੀ ਨੇ ਪੱਟ ਲਿਆ ਅਤੇ ਅਸੀਂ ਉਹਦੀ ਜਿੰਨੀ ਵੀ ਸੇਵਾ ਹੋ ਸਕਦੀ ਸੀ, ਕੀਤੀ। ਉਹਦੇ ਸੋਹਣੇ ਮੁਖੜੇ ਦਾ, ਪੇਂਡੂ ਬਿੰਬਾਂ ਵਾਲੀ ਸ਼ਾਇਰੀ ਦਾ ਤੇ ਉਹਦੀ ਸੁਰੀਲੀ/ਦਰਦੀਲੀ ਗਾਇਕੀ ਦਾ ਬਿੰਬ ਹਾਲੇ ਵੀ ਮੇਰੇ ਦਿਲੋ ਦਿਮਾਗ ਵਿਚ ਤਰੋ-ਤਾਜ਼ਾ ਹੈ। ਮੈਨੂੰ ਉਹ ਫਿਲਮਾਂ ਵਾਲੇ ਦੇਵਦਾਸ ਜਿਹਾ ਲੱਗਾ। ਉਹਦੀ ਪਹਿਲੀ ਪੁਸਤਕ 'ਕੰਡਿਆਲੀ ਥੋਹਰ' ਛਪੀ ਤਾਂ ਮੈਂ ਕਿਤਾਬ ਲੈਣ ਉਚੇਚਾ ਜਲੰਧਰ ਗਿਆ। ਐਨੀ ਖਿੱਚ ਸੀ ਉਹਦੀ ਕਵਿਤਾ ਦੀ!

1965 ਵਿਚ ਜਦੋਂ ਮੈਂ ਦਿੱਲੀ ਦੇ ਖਾਲਸਾ ਕਾਲਜ ਵਿਚ ਪੜ੍ਹਾਉਣ ਲੱਗਾ ਤਾਂ ਉਥੇ ਵੀ ਅਸੀਂ ਕਵੀ ਦਰਬਾਰ ਕਰਵਾਇਆ, ਜਿਸ ਵਿਚ ਸ਼ਿਵ ਨੂੰ ਉਚੇਚਾ ਸੱਦਿਆ। ਤਦ ਤਕ ਉਹ ਕਵੀ ਦਰਬਾਰਾਂ ਦਾ ਹੀਰੋ ਬਣ ਚੁਕਾ ਸੀ। ਕੁੜੀਆਂ ਆਟੋਗਰਾਫ ਲੈਣ ਉਹਦੇ ਮੋਢਿਆਂ ਉਤੋਂ ਦੀ ਉਲਰਦੀਆਂ। ਉਹਦੇ ਦਸਤਖਤ ਚੁੰਮਦੀਆਂ, 'ਹਾਏ' ਕਹਿੰਦਿਆਂ ਹਿੱਕ ਨਾਲ ਲਾਉਂਦੀਆਂ। ਦਿੱਲੀ ਉਹ ਕੁੜਤੇ ਪਜਾਮੇ ਵਿਚ ਨਹੀਂ, ਸਗੋਂ ਹਲਕੇ ਨਸਵਾਰੀ ਸੂਟ ਵਿਚ ਸੀ। ਪੈਰੀਂ ਮਹਿੰਗੇ ਬੂਟ ਸਨ। ਉਹਦੀ ਕਵਿਤਾ ਦਾ ਆਸ਼ਕ ਪ੍ਰੋ. ਗਿਆਨ ਸਿੰਘ ਸੰਧੂ ਸਟੇਜ ਸਕੱਤਰ ਸੀ। ਸਟੇਜ ਭਾਵੇਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੀ ਸੀ, ਪਰ ਸ਼ਿਵ ਅੰਦਰਖਾਤੇ ਸਿਗਰਟ ਸ਼ਰਾਬ ਪੀਣੋਂ ਨਾ ਰਹਿ ਸਕਿਆ। ਦਿੱਲੀ ਉਹ ਅੰਮ੍ਰਿਤਾ ਪ੍ਰੀਤਮ ਦਾ ਮਹਿਮਾਨ ਸੀ। ਉਹ ਉਸ ਨੂੰ ਨਾਲ ਲੈ ਕੇ ਆਈ ਸੀ ਤੇ ਨਾਲ ਹੀ ਲੈ ਗਈ। ਉਹਦੇ ਲਈ ਹਰ ਘਰ ਦੇ ਬੂਹੇ ਖੁੱਲ੍ਹੇ ਸਨ। ਉਹਦੀ ਉਦੋਂ ਉਹ ਗੱਲ ਸੀ-ਰਾਤਾਂ ਛੋਟੀਆਂ ਤੇ ਯਾਰ ਬਥੇਰੇ, ਕੀਹਦਾ ਕੀਹਦਾ ਮਾਣ ਰੱਖਲਾਂ।

ਤੁਰਦੇ ਤੁਰਦੇ ਮੈਨੂੰ ਯਾਦ ਆਇਆ, ਸ਼ਿਵ ਕੁਮਾਰ ਜਦੋਂ ਸਿਖਰਾਂ 'ਤੇ ਸੀ, ਉਹਦੇ ਆਲੋਚਕਾਂ ਵੱਲੋਂ ਉਹਦੀ ਬਦਖੋਹੀ ਵੀ ਹੋਣ ਲੱਗ ਪਈ ਸੀ। ਉਹਦੇ ਗੀਤਾਂ ਦੀਆਂ ਪੈਰੋਡੀਆਂ ਚੱਲ ਪਈਆਂ ਸਨ, ਜਿਨ੍ਹਾਂ ਵਿਚ ਉਹਦਾ ਮਜ਼ਾਕ ਉਡਾਇਆ ਜਾਂਦਾ। ਕਿਹਾ ਜਾਂਦਾ ਕਿ ਉਸ ਦੀ ਸ਼ਾਇਰੀ ਵਿਚ ਰੋਣ ਧੋਣ ਤੋਂ ਸਿਵਾ ਹੋਰ ਹੈ ਵੀ ਕੀ? ਪ੍ਰਗਤੀਵਾਦੀ ਆਲੋਚਕ ਸੁਆਲ ਕਰਦੇ ਕਿ ਉਹ ਸੰਦੇਸ਼ ਕੀ ਦਿੰਦੈ? ਹਾਏ ਬੂ ਦੀਆਂ ਦੁਹਾਈਆਂ ਤੋਂ ਬਿਨਾ ਕੀ ਐ ਉਹਦੀ ਕਵਿਤਾ 'ਚ? ਐਮ. ਏ. ਵਿਚ ਪ੍ਰੋ. ਜੋਗਿੰਦਰ ਸਿੰਘ ਸੋਢੀ ਸਾਨੂੰ ਆਧੁਨਿਕ ਕਵਿਤਾ ਦਾ ਪੇਪਰ ਪੜ੍ਹਾਉਂਦੇ ਸਨ। ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਬੇਸ਼ੱਕ ਸ਼ਿਵ ਕੁਮਾਰ ਦੇ ਗੀਤ ਗਾਉਂਦੀ, ਪਰ ਉਹ ਆਪ ਸ਼ਿਵ ਦੇ ਗੀਤਾਂ ਦੀ ਖੱਲ ਲਾਹੁੰਦੇ ਰਹਿੰਦੇ। ਕਹਿੰਦੇ, "ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿਚੋਂ ਬਿਰਹੋਂ ਦੀ ਰੜਕ ਪਵੇ ਵੀ ਕੋਈ ਗੱਲ ਐ? ਝੱਲ ਵਲੱਲੀਆਂ ਨੇ। ਵੈਣ ਨੇ, ਕੀਰਨੇ ਨੇ!"

ਅਜਿਹੀ ਆਲੋਚਨਾ ਦੇ ਬਾਵਜੂਦ ਸ਼ਿਵ ਕੁਮਾਰ ਮਸ਼ਹੂਰੀ ਫੜਦਾ ਗਿਆ। ਉਹ ਪੰਜਾਬੀ ਦਾ ਸਭ ਤੋਂ ਛੋਟੀ ਉਮਰ ਦਾ ਕਵੀ ਹੋ ਕੇ ਭਾਰਤੀ ਸਾਹਿਤ ਅਕਾਦਮੀ ਦਾ ਅਵਾਰਡ ਲੈ ਗਿਆ। ਉਸ ਦੇ ਕਾਵਿ-ਨਾਟਕ 'ਲੂਣਾ' ਨੂੰ ਬੜਾ ਵਡਿਆਇਆ ਗਿਆ। ਉਹਦੇ ਬਾਰੇ ਬਹੁਤ ਕੁਝ ਲਿਖਿਆ ਗਿਆ। ਉਹਦੀ ਪ੍ਰਸ਼ੰਸਾ ਵੀ ਹੋਈ ਤੇ ਬਦਖੋਹੀ ਵੀ। ਉਸ ਨੇ ਪੈਸੇ ਬਣਾਏ ਵੀ ਬਹੁਤ ਤੇ ਉਜਾੜੇ ਵੀ ਬਹੁਤ। ਜਦੋਂ ਸ਼ਿਵ ਕੁਮਾਰ ਬਿਰਹਾ/ਵਿਛੋੜੇ ਦੇ ਵੈਣ ਪਾਉਂਦਾ ਜੋਬਨ ਰੁੱਤੇ ਮਰ ਜਾਣ ਦਾ ਰੁਦਨ ਕਰ ਰਿਹਾ ਸੀ, ਉਦੋਂ ਸੰਤ ਰਾਮ ਉਦਾਸੀ ਉੱਚੀ ਹੇਕ ਵਿਚ ਇਨਕਲਾਬੀ ਗੀਤ ਗਾ ਰਿਹਾ ਸੀ, 'ਉਠ ਕਿਰਤੀਆ ਉਠ ਵੇ ਉਠਣ ਦਾ ਵੇਲਾ', 'ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ ਬੜੇ ਹੀ ਅਸੀਂ ਦੁੱਖੜੇ ਜਰੇ', 'ਮਘਦਾ ਰਹੀਂ ਤੂੰ ਸੂਰਜਾ ਕੰਮੀਆਂ ਦੇ ਵਿਹੜੇ।'

ਦੋਹਾਂ ਕਵੀਆਂ ਦੇ ਸਰੋਤਿਆਂ ਦੀ ਗਿਣਤੀ ਅਣਗਿਣਤ ਸੀ। ਦੋਹਾਂ ਦੀ ਸ਼ਾਇਰੀ ਐਸੀ ਸੀ, ਜੋ ਉਨ੍ਹਾਂ ਦੇ ਮੂੰਹੋਂ ਹੀ ਫਬਦੀ ਸੀ। ਉਨ੍ਹਾਂ ਦੇ ਨਾਂ ਨਾਲ ਕਵੀ ਦਰਬਾਰਾਂ ਦੇ ਪੰਡਾਲ ਭਰ ਜਾਂਦੇ। ਸ਼ਿਵ ਦੀਆਂ ਰੁਦਨਮਈ ਹੂਕਾਂ ਤੇ ਉਦਾਸੀ ਦੀਆਂ ਲਲਕਾਰਵੀਆਂ ਹੇਕਾਂ ਸਮਾਂ ਬੰਨ੍ਹ ਦਿੰਦੀਆਂ। ਇਕ ਦੀ ਸ਼ਾਇਰੀ ਨਾਲ ਸਰੋਤਿਆਂ ਦੀਆਂ ਅੱਖਾਂ ਨਮ ਹੋ ਜਾਂਦੀਆਂ, ਪਰ ਦੂਜੇ ਦੇ ਲਲਕਾਰਵੇਂ ਹੋਕਰਿਆਂ ਨਾਲ ਨਮ ਹੋਈਆਂ ਅੱਖਾਂ 'ਚ ਅੱਗ ਦਗਣ ਲੱਗਦੀ। ਉਨ੍ਹਾਂ ਦੀਆਂ ਕਿਤਾਬਾਂ 'ਚੋਂ ਉਨ੍ਹਾਂ ਦੀ ਰਚਨਾ ਪੜ੍ਹਨ ਨਾਲ ਉਹ ਗੱਲ ਨਹੀਂ ਬਣਦੀ, ਜੋ ਉਨ੍ਹਾਂ ਮੂੰਹੋਂ ਸੁਣਨ ਨਾਲ ਬਣਦੀ ਸੀ। ਕੈਸੀ ਵਿਡੰਬਨਾ ਹੈ ਕਿ ਦੋਹਾਂ ਹੋਣਹਾਰ ਕਵੀਆਂ ਨੂੰ ਛੋਟੀ ਉਮਰ ਵਿਚ ਹੀ ਸ਼ਰਾਬ ਨੇ ਸਮੇਟ ਲਿਆ।




ਬਲਵੰਤ ਗਾਰਗੀ ਸ਼ਿਵ ਕੁਮਾਰ ਨੂੰ 'ਕੌਡੀਆਂ ਵਾਲਾ ਸੱਪ' ਕਹਿੰਦਾ ਸੀ। ਉਸ ਨੇ ਲਿਖਿਆ, "ਸ਼ਿਵ ਬਟਾਲਵੀ ਨਾਲ ਮੇਰਾ ਠੇਕਾ ਸੀ। ਜਦੋਂ ਮੈ ਚੰਡੀਗੜ੍ਹ ਤੋਂ ਦਿੱਲੀ ਆਪਣੀ ਕਾਰ ਵਿਚ ਜਾਂਦਾ ਤਾਂ ਉਸ ਨੂੰ ਨਾਲ ਚੱਲਣ ਲਈ ਆਖਦਾ। ਰਸਤੇ ਵਿਚ ਬੀਅਰ ਦੀਆਂ ਦੋ ਬੋਤਲਾਂ, ਭੁੰਨਿਆ ਹੋਇਆ ਮੁਰਗਾ ਤੇ ਤੀਹ ਰੁਪਏ ਨਕਦ...। ਉਂਜ ਸ਼ਿਵ ਨੂੰ ਨਾ ਸ਼ਰਾਬ ਪਿਆਉਣ ਵਾਲਿਆਂ ਦਾ ਘਾਟਾ ਸੀ, ਨਾ ਮੁਰਗਾ ਖੁਆਉਣ ਵਾਲਿਆਂ ਦਾ। ਦਰਅਸਲ ਉਹਦੇ ਬਾਰੇ ਇਹ ਗੱਲ ਵੀ ਗਲਤ ਫੈਲੀ ਹੋਈ ਸੀ ਕਿ ਲੋਕ ਉਸ ਨੂੰ ਸ਼ਰਾਬ ਪਿਆਉਂਦੇ ਸਨ। ਉਸ ਕੋਲ ਜੇਬ ਵਿਚ ਜੇ ਇਕ ਹਜ਼ਾਰ ਹੁੰਦਾ ਤਾਂ ਉਹ ਦੋਸਤਾਂ ਨੂੰ ਸ਼ਰਾਬ ਪਿਆਉਣ ਤੇ ਖੁਆਉਣ ਉਤੇ ਖਰਚ ਦਿੰਦਾ। ਉਹ ਸ਼ਾਹੀ ਬੰਦਾ ਸੀ ਤੇ ਸ਼ਾਹੀ ਫਕੀਰ। ਉਸ ਵਿਚ ਆਪਣੇ ਆਪ ਨੂੰ ਉਜਾੜਨ ਦੀ ਬਹੁਤ ਸ਼ਕਤੀ ਸੀ।"

ਗਾਰਗੀ ਦੇ ਸ਼ਬਦਾਂ ਵਿਚ ਹੀ, "ਸਟੇਜ ਦੇ ਪਿਛਾੜੀ ਸ਼ਰਾਬ ਦੀ ਛਬੀਲ ਲੱਗੀ ਹੋਈ ਸੀ। ਸ਼ਿਵ ਨੂੰ ਤੇ ਮੈਨੂੰ ਦੇਖਣ ਸਾਰ ਦੋ-ਤਿੰਨ ਕਰਮਚਾਰੀ ਅੱਗੇ ਵਧੇ, ਸੁਆਗਤੀ ਜੱਫੀਆਂ ਪਾਈਆਂ ਤੇ ਵਿਸਕੀ ਦੇ ਗਲਾਸ ਪੇਸ਼ ਕੀਤੇ। ਸ਼ਿਵ ਨੇ ਪੰਜ-ਸੱਤ ਘੁੱਟਾਂ ਵਿਚ ਗਲਾਸ ਖਾਲੀ ਕੀਤਾ...। ਸ਼ਿਵ ਕਵੀ ਦਰਬਾਰ 'ਚ ਪੁੱਜਾ ਤਾਂ ਸਾਰੇ ਹਾਲ ਵਿਚ ਲੂਹਰੀ ਦੌੜ ਗਈ। ਅੱਖਾਂ ਬੰਦ ਕਰ ਕੇ ਤੇ ਬਾਂਹ ਉਲਾਰ ਕੇ ਉਹ ਮਾਈਕ੍ਰੋਫੋਨ ਸਾਹਮਣੇ ਗੁਣਗੁਣਾਇਆ। ਨਸ਼ੀਲੇ ਧੀਮੇ ਸੁਰ ਲਰਜ਼ੇ ਤੇ ਲੋਕਾਂ ਦੇ ਦਿਲਾਂ ਦੀਆਂ ਤਰਬਾਂ ਨੂੰ ਕਿਸੇ ਨੇ ਮਿਜ਼ਰਾਬ ਨਾਲ ਛੇੜਿਆ। ਯਕਦਮ ਉਸ ਦੀ ਅਵਾਜ਼ ਟੀਪ ਦੇ ਸੁਰਾਂ ਉਤੇ ਗੂੰਜੀ...। ਹਾਲ ਵਿਚ ਸੱਨਾਟਾ ਸੀ। ਕਿਸੇ-ਕਿਸੇ ਵੇਲੇ ਹਲਕੀ ਜਿਹੀ 'ਆਹ' ਨਿਕਲਦੀ। ਫਿਰ ਟੂਣੇਹਾਰੀ ਮੁਗਧਤਾ। ਨਜ਼ਮ ਖਤਮ ਹੋਈ ਤਾਂ ਕੁੜੀਆਂ ਨੇ ਹਾਕਾਂ ਮਾਰੀਆਂ, 'ਕੀ ਪੁੱਛਦੇ ਓ ਹਾਲ ਫਕੀਰਾਂ ਦਾ।' ਸ਼ਿਵ ਮੁਸਕਰਾਇਆ ਤੇ ਨਵਾਂ ਮੂਡ ਤਾਰੀ ਕਰਨ ਲਈ ਫਿਰ ਗੁਣਗੁਣਾਇਆ। ਜਦੋਂ ਉਸ ਨੇ ਉੱਚੀ ਹੇਕ ਲਾ ਕੇ ਗਾਇਆ,

ਤਕਦੀਰ ਤਾਂ ਸਾਡੀ ਸੌਂਕਣ ਸੀ,
ਤਦਬੀਰਾਂ ਸਾਥੋਂ ਨਾ ਹੋਈਆਂ,
ਨਾ ਝੰਗ ਛੁੱਟਿਆ, ਨਾ ਕੰਨ ਪਾਟੇ,
ਝੁੰਡ ਲੰਘ ਗਿਆ ਇੰਜ ਹੀਰਾਂ ਦਾ,
ਕੀ ਪੁਛਦੇ ਓ ਹਾਲ ਫਕੀਰਾਂ ਦਾ...।

ਹਾਲ ਵਿਚ ਬੈਠੇ ਲੋਕ ਤੜਪ ਉਠੇ। ਕਾਲਜ ਦੀਆਂ ਕੁੜੀਆਂ ਦੇ ਸੀਨੇ ਵਿਚ ਹੂਕ ਉਠੀ। ਉਹ ਹੀਰਾਂ ਦਾ ਹੀ ਰੂਪ ਸਨ। ਜਵਾਨਾਂ ਦੇ ਸੀਨੇ ਵਿਚ ਸੱਪਾਂ ਨੇ ਡੰਗ ਮਾਰੇ, ਕਿਉਂਕਿ ਉਹ ਸਾਰੇ ਅਜਿਹੇ ਰਾਂਝੇ ਸਨ, ਜੋ ਕੰਨ ਨਹੀਂ ਸਨ ਪੜਵਾ ਸਕੇ।

ਮੈਂ ਫਿਰ ਅਖਬਾਰ ਦੇ ਉਡੇ ਵਰਕੇ ਵੱਲ ਹੀ ਪਰਤਦਾਂ, ਜੋ ਇਸ ਲਿਖਤ ਦਾ ਸਬੱਬ ਬਣਿਆ। ਉਸ ਉਤੇ ਬਲਬੀਰ ਮੋਮੀ ਦਾ ਲੇਖ 'ਸ਼ਿਵ ਤੇ ਮੈਂ" ਛਪਿਆ ਸੀ। ਸ਼ਿਵ 11 ਸਾਲ ਦਾ ਸੀ ਜਦੋਂ ਪਾਕਿਸਤਾਨ ਬਣਿਆ। ਉਹ ਸਿਆਲਕੋਟ ਦੇ ਪਿੰਡ ਬੜਾ ਲੋਹਟੀਆਂ ਤੋਂ ਉਜੜ ਕੇ ਬਟਾਲੇ ਆਇਆ। ਦਸ ਜਮਾਤਾਂ ਪੜ੍ਹ ਕੇ ਕਾਲਜ ਪੜ੍ਹਨ ਲੱਗਾ ਤਾਂ ਉਸ ਦੇ ਨਾਇਬ ਤਹਿਸੀਲਦਾਰ ਪਿਤਾ ਨੇ ਕਾਲਜੋਂ ਹਟਾ ਕੇ ਪਟਵਾਰੀ ਬਣਾ ਦਿੱਤਾ। ਉਸ ਦਾ ਇਸ਼ਕ ਬੈਜਨਾਥ ਦੇ ਮੇਲੇ 'ਤੇ ਮਿਲੀ ਕੁੜੀ ਮੀਨਾ ਨਾਲ ਹੋਇਆ, ਜੋ ਮਿਆਦੀ ਬੁਖਾਰ ਨਾਲ ਮਰ ਗਈ। ਉਹਦੀ ਯਾਦ ਵਿਚ ਕਵਿਤਾਵਾਂ ਲਿਖਦਾ ਉਹ ਸ਼ਾਇਰ ਬਣ ਗਿਆ। ਇਕ ਹੋਰ ਕੁੜੀ ਨਾਲ ਇਸ਼ਕ ਹੋਇਆ ਤਾਂ ਉਹ ਇੰਗਲੈਂਡ ਉਡਾਰੀ ਮਾਰ ਗਈ, ਜਿਸ ਨੂੰ ਉਹ 'ਇਕ ਸ਼ਿਕਰਾ ਯਾਰ ਬਣਾਇਆ' ਕਹਿੰਦਾ ਰਿਹਾ।

ਸ਼ਿਵ ਦਾ ਵਿਆਹ 5 ਫਰਵਰੀ 1967 ਨੂੰ ਅਰੁਣਾ ਨਾਲ ਹੋਇਆ, ਜਿਸ ਦੀ ਕੁੱਖੋਂ ਧੀ ਪੂਜਾ ਤੇ ਪੁੱਤਰ ਮਿਹਰਬਾਨ ਪੈਦਾ ਹੋਏ। ਅਰੁਣਾ ਲਾਇਬ੍ਰੇਰੀਅਨ ਦੀ ਨੌਕਰੀ ਤੋਂ ਰਿਟਾਇਰ ਹੋ ਚੁਕੀ ਹੈ, ਮਿਹਰਬਾਨ ਲੈਕਚਰਾਰ ਹੈ ਤੇ ਪੂਜਾ ਅਮਰੀਕਾ ਵਸਦੀ ਹੈ। ਸ਼ਿਵ ਦੀ ਯਾਦ ਵਿਚ ਬਟਾਲੇ ਆਡੀਟੋਰੀਅਮ ਬਣਿਆ ਹੋਇਐ। ਉਸ ਦੀਆਂ ਕਿਤਾਬਾਂ ਅੱਜ ਵੀ ਵਿਕਦੀਆਂ, ਜਿਵੇਂ ਵਾਰਸ ਦੀ ਹੀਰ ਵਿਕਦੀ ਹੈ। ਸ਼ਿਵ ਸੋਗ ਤੇ ਬਿਰਹਾ ਦਾ ਸੁਲਤਾਨ ਸੀ। ਉਹਦੀ ਕਵਿਤਾ ਵਿਚ ਕਫਨ, ਮੌਤ, ਗਮ, ਉਜਾੜ, ਮੋਏ ਮਿੱਤਰ, ਹਿਜਰ, ਹੰਝੂ, ਕਲੇਜਾ, ਅਰਥੀ, ਕਬਰਾਂ ਤੇ ਸਿਵਿਆਂ ਜਿਹੇ ਸ਼ਬਦ ਵਾਰ ਵਾਰ ਆਉਂਦੇ ਸਨ।

ਗਾਰਗੀ ਨੇ ਲਿਖਿਆ ਕਿ ਸ਼ਰਾਬ ਨਾਲ ਭੰਨੇ ਸ਼ਿਵ ਦੇ ਅੰਤਲੇ ਦਿਨ ਉਸ ਦੇ ਸਹੁਰੇ ਘਰ ਬੀਤੇ। ਉਸ ਨੂੰ ਰਾਤ ਨੂੰ ਨੀਂਦ ਨਾ ਆਉਂਦੀ। ਕਈ ਵਾਰ ਉਹ ਮੌਤ ਨੂੰ ਹਾਕਾਂ ਮਾਰਦਾ ਤੇ ਰੋਂਦਾ, "ਮੈ ਇਕੱਲਾ ਹਾਂ ਲੋਕੋ! ਮੈਂ ਇਕੱਲਾ ਰਹਿ ਗਿਆ। ਕਿਥੇ ਨੇ ਮੇਰੇ ਯਾਰ?"

ਦੂਰ ਖੇਤਾਂ ਵਿਚ ਗਿੱਦੜ ਰੋਂਦੇ ਤੇ ਭਾਂ-ਭਾਂ ਕਰਦੀ ਰਾਤ ਵਿਚ ਸ਼ਿਵ ਦੀਆਂ ਹਾਕਾਂ ਗੁਆਚ ਜਾਂਦੀਆਂ।

ਆਖਰ 6 ਮਈ 1973 ਦੀ ਰਾਤ ਨੂੰ ਸ਼ਿਵ ਦੀ ਕੂਕਦੀ ਰੂਹ ਸ਼ਾਂਤ ਹੋਈ।

ਹੁਣ ਪੀਪਲਜ਼ ਫੋਰਮ ਬਰਗਾੜੀ ਨੇ ਕਿਤਾਬ ਛਾਪੀ ਹੈ, 'ਉਦਾਸ ਸੂਰਜ ਸ਼ਿਵ ਕੁਮਾਰ।' ਲੇਖਕ ਭੂਸ਼ਨ, ਸੰਪਾਦਕ ਸੁਭਾਸ਼ ਪਰਿਹਾਰ। ਪੁਸਤਕ ਪੜ੍ਹਨ ਵਾਲੀ ਹੈ। ਸ਼ਿਵ ਨੇ ਗਜ਼ਲਾਂ, ਗੀਤ ਤੇ ਨਜ਼ਮਾਂ ਹੀ ਨਹੀਂ ਲਿਖੀਆਂ, ਨਸਰ ਵਿਚ ਰੇਖਾ-ਚਿੱਤਰ ਲਿਖੇ ਤੇ ਟਿੱਪਣੀਆਂ ਵੀ ਕੀਤੀਆਂ:

-ਬੱਸ ਇੱਕੋ ਬੰਦੈ-ਬਲਵੰਤ, ਸਾਰੇ ਸ਼ਹਿਰ ਵਿਚ, ਜਿਹਨੂੰ ਮਿਲਿਆ ਜਾ ਸਕਦੈ। ਲੋਕੀ ਕਹਿੰਦੇ ਨੇ ਸ਼ਰਾਰਤੀ ਐ। ਝੂਠ ਲਿਖਦੈ, ਪਰ ਮੈਂ ਉਹਦੇ 'ਤੇ ਲੇਖ ਲਿਖਿਐ, 'ਪੰਜਾਬੀ ਨਾਟਕ ਦਾ ਖੱਬੀ ਖਾਂ।' ਆਪਣਾ ਯਾਰ ਐ।

-ਗਾਰਗੀ ਬਾਣੀਆ। ਰਾਵਣ ਵਰਗੇ ਕੰਨ। ਰੱਸੀਆਂ ਲਮਕਦੀਆਂ। ਸਾਰਾ ਪੈਸਾ ਖਾ ਗਿਆ। ਮੈਂ ਐਜੂਕੇਸ਼ਨ ਮਨਿਸਟਰ ਨੂੰ ਡੀ. ਓ. ਲਿਖ ਰਿਹਾਂ। 'ਜੱਗ ਚਾਨਣ ਹੋਆ' ਸਾਰਾ ਮੈਂ ਲਿਖਿਆ। 'ਗਗਨ ਮੈ ਥਾਲੁ' ਵਿਚ ਮੇਰੇ ਗੀਤ ਨੇ। ਹੜੱਪ ਕਰ ਗਿਆ। ਲਿਖਦਾ ਮੈਂ ਮਰ ਗਿਆ, ਸੁਥਣੀ ਉਹ ਭੁੜਕਾਈ ਫਿਰਦੈ। ਬਾਣੀਆ ਕਿਸੇ ਦਾ ਯਾਰ ਨਹੀਂ।

-ਸੇਖੋਂ ਨਰ ਬੰਦਾ। ਬਾਅਦ 'ਚ ਭਾਵੇਂ ਲੋਕਾਂ ਤੋਂ ਡਰ ਕੇ ਬਿਆਨ ਬਦਲ ਗਿਆ, ਪਰ ਇੱਕ ਵਾਰੀ ਤਾਂ ਜੱਟ ਕਹਿ ਗਿਆ ਨਾ-ਸ਼ਿਵ ਪੰਜਾਬੀ ਦਾ ਕੀਟਸ ਐ। ਬਾਕੀ ਆਲੋਚਕ ਤਾਂ ਵਿਚਾਰੇ ਸੂਰਦਾਸ ਨੇ।

-ਪੰਜ ਸੌ ਹੋਰ ਲੈ ਗਿਆ ਈ। ਲੂਣਾ ਟਰਾਂਸਲੇਟ ਕਰ ਰਿਹੈ ਨਾ, ਅੰਗਰੇਜ਼ੀ ਵਿਚ, ਸਾਹਿਤ ਦੇ ਸੌਦੇ ਨੇ ਜੱਟ ਨੂੰ ਵੀ ਬਾਣੀਆ ਬਣਾ ਕੇ ਰੱਖ ਦਿੱਤਾ। ਲਮਕਾਈ ਜਾਂਦੈ। ਮੈਂ ਕਹਿਨਾਂ ਪਰ੍ਹਾਂ ਮੁਕਾਏ ਤੇ ਪਬਲਿਸ਼ਰ ਦੇ ਮੱਥੇ ਮਾਰੀਏ। ਚਾਰ ਪੈਸੇ ਆਉਣ। ਅਜ ਕੱਲ੍ਹ ਕਵੀ ਦਰਬਾਰਾਂ ਨਾਲ ਤਾਂ ਮਸਾਂ ਸੇਖੋਂ ਈ ਭੁਗਤਦੈ!

ਭੂਸ਼ਨ ਲਿਖਦੈ, "ਸਮਕਾਲੀਆਂ ਬਾਰੇ ਏਦਾਂ ਦੀਆਂ ਨਿੱਕੀਆਂ-ਨਿੱਕੀਆਂ ਟਿੱਪਣੀਆਂ ਦਿੰਦਾ ਉਹ ਬਹੁਤ ਦਿਲਚਸਪ ਲੱਗਦਾ ਸੀ। ਖੁਦ ਨੂੰ ਵੀ ਮੁਆਫ ਨਹੀਂ ਸੀ ਕਰਦਾ। ਕਹਿੰਦਾ, ਕਵਿਤਾ ਵਿਚ ਤਾਂ ਮੈਂ ਰੋਣਾ ਈ ਐ। ਲੋਕੀਂ ਵੀ ਇਹੋ ਚਾਹੁੰਦੇ ਨੇ। ਮਜਬੂਰੀ ਐ, ਪਰ ਗੱਲਾਂ ਉਤੇ ਤਾਂ ਕੋਈ ਇਹੋ ਜਿਹੀ ਪਾਬੰਦੀ ਨਹੀਂ।"

ਉਸ ਨੇ ਸੱਤ ਸਮਕਾਲੀ ਲੇਖਕਾਂ ਦੇ ਰੇਖਾ-ਚਿੱਤਰ ਲਿਖ ਲਏ ਸਨ। ਤਿੰਨ ਹੋਰਨਾਂ ਦੇ ਤੇ ਗਿਆਰਵਾਂ ਆਪਣੇ ਬਾਰੇ ਲਿਖ ਕੇ ਗਿਆਰਾਂ ਰੇਖਾ-ਚਿੱਤਰਾਂ ਦਾ ਸੰਗ੍ਰਿਹ ਛਪਵਾਉਣਾ ਸੀ, ਜਿਸ ਦਾ ਨਾਂ ਰੱਖਣਾ ਸੀ, 'ਰਾਵਣ ਦੇ ਸਿਰ।' ਪਰ ਇਹ ਕਾਰਜ ਸਿਰੇ ਚਾੜ੍ਹਨ ਤੋਂ ਪਹਿਲਾਂ ਹੀ ਉਹ 6 ਮਈ 1973 ਨੂੰ ਅੰਬਰ ਦਾ ਤਾਰਾ ਬਣ ਗਿਆ। ਪਿੱਛੇ ਉਹਦੀ ਕਵਿਤਾ ਰਹਿ ਗਈ ਹੈ ਜਾਂ ਉਹਦੀਆਂ ਅਭੁੱਲ ਯਾਦਾਂ। ਸ਼ਿਵ ਨੂੰ ਚੰਨ ਜਾਂ ਤਾਰਾ ਕਹਿਣ ਦੀ ਥਾਂ ਭੂਸ਼ਨ ਨੇ 'ਉਦਾਸ ਸੂਰਜ' ਦਾ ਖਿਤਾਬ ਦਿੱਤਾ।

---

# ਪੰਜਾਬ ਤੋਂ ਕੈਨੇਡਾ: ਸਫਲਤਾ ਦੀ ਉਡਾਰੀ

*(ਪਿਛਲੇ ਸਫੇ ਦੀ ਬਾਕੀ)*

ਸੁਪਨਾ ਪੂਰਾ ਕਰਨ ਲਈ 1957 ਵਿਚ ਮੁੜ ਪੰਜਾਬ ਆ ਜਾਂਦੀਆਂ ਹਨ। ਇਥੇ ਫਿਰ ਉਹੀ ਜਦੋਜਹਿਦ ਚਲਦੀ ਹੈ; ਸਰਕਾਰੀ ਕੰਮਾਂ ਦੀਆਂ ਉਲਝਣਾਂ, ਲੋਕਾਂ ਦਾ ਮੱਠਾ ਹੁੰਗਾਰਾ, ਰਹਿਣ ਸਹਿਣ ਦੀਆਂ ਔਖੀਆਂ ਹਾਲਤਾਂ। ਇਸ ਤੋਂ ਪਰਿਵਾਰ ਕਦੇ ਨਿਰਾਸ਼ ਹੁੰਦਾ ਅਤੇ ਕਦੇ ਉਤਸ਼ਾਹ ਵਿਚ ਆ ਜਾਂਦਾ, ਵਿਚ-ਵਿਚ ਉਹ ਕੈਨੇਡਾ ਵੀ ਚਲੇ ਜਾਂਦੇ, ਫਿਰ ਵੀ ਉਹ ਆਪਣੇ ਮਿਸ਼ਨ ਨੂੰ ਪੂਰਾ ਕਰਨ ਵਿਚ ਲੱਗੇ ਰਹੇ। ਉਨ੍ਹਾਂ ਕੈਰੋਂ ਤੋਂ ਲੈ ਕੇ ਨਹਿਰੂ, ਇੰਦਰਾ ਗਾਂਧੀ ਨਾਲ ਇਸ ਪ੍ਰੋਜੈਕਟ ਬਾਰੇ ਮੁਲਾਕਾਤਾਂ ਕੀਤੀਆਂ। ਆਖਰ 'ਕਪੂਰ ਸਿੰਘ ਕੈਨੇਡੀਅਨ ਹਸਪਤਾਲ' ਬਣ ਕੇ ਤਿਆਰ ਹੋ ਗਿਆ ਜਿਸ ਦਾ 7 ਅਕਤੂਬਰ 1959 ਨੂੰ ਇੰਦਰਾ ਗਾਂਧੀ ਦੇ ਹੱਥੋਂ ਉਦਘਾਟਨ ਕਰਵਾਇਆ ਗਿਆ।

ਇਸ ਤੋਂ ਬਾਅਦ ਇਲਾਕੇ ਵਿਚ ਕੈਨੇਡੀਅਨ ਭੈਣਾਂ ਵਜੋਂ ਮਸ਼ਹੂਰ ਹੋਈਆਂ ਸੁਰਜੀਤ ਅਤੇ ਜੈਕੀ ਡਾਕਟਰਾਂ ਵਜੋਂ ਇਸ ਹਸਪਤਾਲ ਵਿਚ ਸੇਵਾਵਾਂ ਦਿੰਦੀਆਂ ਰਹੀਆਂ। ਸੁਰਜੀਤ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਵਤਾਰ ਸਿੰਘ ਅਟਵਾਲ ਨਾਲ ਵਿਆਹ ਕਰਵਾ ਲਿਆ ਜੋ ਵਿਦੇਸ਼ ਵਿਚੋਂ ਪੀ.ਐਚ.ਡੀ. ਕਰ ਕੇ ਆਇਆ ਸੀ। ਇਸੇ ਤਰ੍ਹਾਂ ਜੈਕੀ ਨੇ ਏਧਰ ਹੀ ਡੌਨੀ ਲੂਥਰ ਨਾਂ ਦੇ ਸ਼ਖਸ ਨਾਲ ਸ਼ਾਦੀ ਕਰਵਾ ਲਈ। ਇਸ ਦੌਰਾਨ ਉਹ ਹਰ ਸਾਲ ਕ੍ਰਿਸ਼ਨਾਮੂਰਤੀ ਦੇ ਭਾਸ਼ਨ ਸੁਣਨ ਸਵਿਟਜ਼ਰਲੈਂਡ ਵੀ ਜਾਂਦੀਆਂ ਰਹੀਆਂ ਅਤੇ ਆਪਣੇ ਬਚਪਨ ਦੇ ਦੇਸ਼ ਕੈਨੇਡਾ ਵੀ, ਪਰ ਉਨ੍ਹਾਂ ਨੇ ਹਸਪਤਾਲ ਨੂੰ ਉਸੇ ਲਗਨ ਨਾਲ ਚਲਾਇਆ। ਉਂਜ ਕੈਨੇਡਾ ਵਿਚ ਵੀ ਉਨ੍ਹਾਂ ਕ੍ਰਿਸ਼ਨਾਮੂਰਤੀ ਦੇ ਵਿਚਾਰਾਂ ਨੂੰ ਪ੍ਰਚਾਰਨ ਲਈ ਸੈਂਟਰ ਸਥਾਪਿਤ ਕੀਤਾ।


ਇਸ ਤਰ੍ਹਾਂ ਪੰਜਾਬੀ ਪਰਵਾਸੀਆਂ ਦੀ ਇਹ ਨਿਵੇਕਲੀ ਗਾਥਾ ਹੈ। ਇਹ ਕਪੂਰ ਸਿੰਘ ਵਰਗੇ ਲੋਕਾਂ ਦੀਆਂ ਕੋਸ਼ਿਸ਼ਾਂ ਦਾ ਸਿੱਟਾ ਹੈ ਕਿ ਜਿਨ੍ਹਾਂ ਪੰਜਾਬੀਆਂ ਲਈ ਵੋਟ ਦਾ ਹੱਕ ਵੀ ਨਹੀਂ ਸੀ, ਅੱਜ ਕੈਨੇਡਾ ਵਿਚ ਉਹ ਪੰਜਾਬੀ ਐਮ.ਐਲ.ਏ., ਮੰਤਰੀ ਅਤੇ ਮੁੱਖ ਮੰਤਰੀ ਤੱਕ ਬਣ ਰਹੇ ਹਨ। ਇਹ ਹੈਰਾਨੀਜਨਕ ਵਰਤਾਰਾ ਵੀ ਕਪੂਰ ਸਿੰਘ ਅਤੇ ਉਸ ਦੀ ਪਤਨੀ ਦੀਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਸੀ ਕਿ ਕੈਨੇਡਾ ਦੀਆਂ ਜੰਮਪਲ ਹੋ ਕੇ, ਉਥੋਂ ਉਚ ਡਾਕਟਰੀ ਸਿੱਖਿਆ ਹਾਸਲ ਕਰਕੇ, ਉਨ੍ਹਾਂ ਦੀਆਂ ਕੁੜੀਆਂ ਪੰਜਾਬ ਨੂੰ ਆਪਣੀ ਕਰਮਭੂਮੀ ਬਣਾਉਂਦੀਆਂ ਹਨ। ਇਹ ਵੀ ਕੁਰਬਾਨੀ ਸੀ, ਪਰ ਜਿਹੋ ਜਿਹੀਆਂ ਕੁਰਬਾਨੀਆਂ ਦੀਆਂ ਕਹਾਣੀਆਂ ਪਾਉਣ ਦੇ ਅਸੀਂ ਆਦੀ ਹਾਂ, ਇਹ ਉਨ੍ਹਾਂ ਤੋਂ ਵੱਖਰੀ ਤਰ੍ਹਾਂ ਦੀ ਕੁਰਬਾਨੀ ਸੀ।

ਲੇਖਕ ਹੀਊ ਜੌਹਨਸਟਨ ਦਾ ਕੰਮ ਸ਼ਲਾਘਾਯੋਗ ਹੈ, ਹਰਪ੍ਰੀਤ ਸੇਖਾ ਨੇ ਅਨੁਵਾਦ ਵੀ ਵਧੀਆ ਕੀਤਾ ਹੈ ਪਰ ਪੁਸਤਕ ਵਿਚ ਬੇਲੋੜਾ ਵਿਸਥਾਰ ਇਸ ਦੀ ਪੜ੍ਹਨਯੋਗਤਾ ਨੂੰ ਘਟਾਉਂਦਾ ਹੈ। ਪਰਿਵਾਰ ਦੇ ਵਾਹ ਵਿਚ ਆਉਂਦੇ ਰਹੇ ਹਰ ਬੰਦੇ ਬਾਰੇ ਲਿਖਣਾ, ਉਨ੍ਹਾਂ ਦੇ ਕੁੱਤਿਆਂ ਤੱਕ ਬਾਰੇ ਵਰਣਨ ਕਰਨਾ, ਨਾਵਲਾਂ ਵਾਂਗ ਮਾਹੌਲ ਦਾ ਚਿਤਰਨ ਕਰਨਾ, ਆਦਿ ਗੱਲਾਂ ਤੋਂ ਬਿਨਾਂ ਸਰ ਸਕਦਾ ਸੀ। ਅਜਿਹੀਆਂ ਕੁਝ ਕਮੀਆਂ ਦੇ ਬਾਵਜੂਦ ਇਹ ਪੁਸਤਕ ਪੰਜਾਬੀ ਪਰਵਾਸੀ ਵਰਤਾਰੇ ਦੇ ਨਵੇਂ ਪਸਾਰ ਪਾਠਕ ਦੇ ਸਨਮੁੱਖ ਕਰਦੀ ਹੈ।

ਸ਼ਰਧਾਂਜਲੀ

# ਨਾਬਰੀ ਦੀ ਕਵਿਤਾ ਛਿੰਦਾ

***ਅਖਬਾਰ 'ਪੰਜਾਬ ਟਾਈਮਜ਼' ਦੇ ਵੱਡੇ ਸ਼ੁਭਚਿੰਤਕ ਅਤੇ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੀਨੀਅਰ ਸਬ ਐਡੀਟਰ ਕੈਨੇਡਾ ਵਸਦੇ ਗੁਰਦਿਆਲ ਸਿੰਘ ਬੱਲ ਦੇ ਛੋਟੇ ਭਰਾ ਡਾ. ਸੁਰਿੰਦਰ ਸਿੰਘ (ਛਿੰਦਾ) ਬੱਲ ਲੰਘੀ ਪਹਿਲੀ ਮਈ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ। ਉਹ ਵੈਟਰਨਰੀ ਫਾਰਮਾਸਿਸਟ ਸਨ। ਉਨ੍ਹਾਂ ਦੇ ਮਿੱਤਰ ਦਾਇਰੇ ਵਿਚੋਂ ਬੱਲ ਪਰਿਵਾਰ ਦੇ ਸ਼ੁਭਚਿੰਤਕ ਡਾ. ਬਲਾਕਰ ਸਿੰਘ ਪਟਿਆਲਾ ਨੇ ਸੁਰਿੰਦਰ ਸਿੰਘ ਬੱਲ ਦੇ 'ਸੁਚੇਤ ਛਿੰਦੇ ਅਤੇ ਅਚੇਤ ਛਿੰਦੇ' ਵਿਚੋਂ ਉਪਜੀ ਚੇਤਨਾ ਨੂੰ ਫੜਨ ਦੀ ਕੋਸ਼ਿਸ਼ ਕੀਤੀ ਹੈ। -ਸੰਪਾਦਕ***



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਮੇਰੇ ਮਿੱਤਰਚਾਰੇ ਵਿਚ ਸੁਰਿੰਦਰ ਸਿੰਘ (ਛਿੰਦਾ) ਬੱਲ ਸਭ ਤੋਂ ਛੋਟਾ ਸੀ ਅਤੇ ਮਿੱਤਰ ਮੰਡਲੀ ਵਿਚ ਸ਼ਹਿਰੀਆਂ ਵਿਚ ਪੇਂਡੂਆਂ ਵਾਂਗ ਵਿਚਰਦਾ ਰਿਹਾ। ਉਹਦੀ ਲਚਕ ਅਤੇ ਦ੍ਰਿੜ੍ਹਤਾ ਇਕ ਦੂਜੇ ਨਾਲ ਕਰਿੰਘੜੀ ਪਾ ਕੇ ਤੁਰਦੀਆਂ ਰਹੀਆਂ ਸਨ। ਪਹਿਲੀ ਮਈ ਵਾਲੀ ਸਵੇਰ ਨੂੰ ਉਹ ਡਾਕਟਰਾਂ ਦੇ ਭਰੋਸੇ ਵੱਲ ਪਿੱਠ ਕਰਕੇ ਜਿਵੇਂ ਸਭ ਨੂੰ ਛੱਡ ਕੇ ਤੁਰ ਗਿਆ, ਇਸ ਨੂੰ 'ਹੈ' ਅਤੇ 'ਸੀ' ਦੇ ਫਰਕ ਵਾਂਗ ਵੇਖਦਾ ਹਾਂ ਤਾਂ ਇਹ ਸੋਚ ਕੇ ਉਦਾਸੀ ਹੁੰਦੀ ਹੈ ਕਿ ਮੇਰੇ ਨਾਲੋਂ ਬਾਰਾਂ ਸਾਲ ਛੋਟਾ ਛਿੰਦਾ (1952-2020) ਇਉਂ ਤੁਰ ਗਿਆ ਹੈ, ਜਿਵੇਂ ਉਹ ਕਿਸੇ ਦਾ ਕੁਝ ਲੱਗਦਾ ਹੀ ਨਾ ਹੋਵੇ? ਇਸ ਵੇਲੇ ਤਾਂ ਕੋਵਿਡ-19 ਨੇ ਸਭ ਨੂੰ ਮੌਤ ਨਾਲ ਪੈਰ ਮੇਚ ਕੇ ਤੁਰਨ ਵੱਲ ਤੋਰ ਦਿੱਤਾ ਹੈ।

ਇਸ ਬੇਭਰੋਸਗੀ ਵਾਲੇ ਮਾਹੌਲ ਤੋਂ ਪਹਿਲਾਂ ਅਕਸਰ ਇਸ ਬੱਲ ਜੋੜੀ (ਛਿੰਦਾ ਤੇ ਦਲਬੀਰ) ਦੀ ਪ੍ਰਾਹੁਣਾਚਾਰੀ ਨੂੰ ਹੰਢਾਉਣ ਦੇ ਮੌਕੇ ਮਿਲਦੇ ਰਹੇ ਸਨ। ਉਹ ਨਹੀਂ ਰਿਹਾ ਤਾਂ ਦਲਬੀਰ ਕੋਲ ਚੱਲ ਕੇ ਜਾਣ ਦੇ ਸਾਰੇ ਰਾਹ ਬੰਦ ਪਏ ਉਦਾਸ ਕਰ ਰਹੇ ਹਨ। ਪੰਜਾਬੀ ਸਭਿਆਚਾਰ ਵਿਚ ਉਦਾਸ ਮੌਕਿਆਂ ਤੇ ਇਕੱਲ ਨਾਲ ਲੜਨ ਦੇ ਮੁਹੱਬਤੀ ਅਤੇ ਭਾਈਚਾਰਕ ਵਰਤਾਰੇ ਆਮ ਸਨ, ਪਰ ਇਸ ਵੇਲੇ ਉਹ ਵੀ ਕਿਸੇ ਕੰਮ ਨਹੀਂ ਆ ਰਹੇ, ਕਿਉਂਕਿ ਉਨ੍ਹਾਂ ਨੂੰ ਨਾਲ ਲੈ ਕੇ ਤੁਰਨ ਦੀਆਂ ਸੰਭਾਵਨਾਵਾਂ ਬੰਦ ਪਈਆਂ ਹਨ। ਮੇਰੀ ਵਹੁਟੀ ਕਰਮਜੀਤ ਉਦਾਸ ਹੈ ਕਿ ਇਹ ਕਿਹੋ ਜਿਹੀ ਮਜਬੂਰੀ ਹੈ ਕਿ ਡਾਢੀ ਲੋੜ ਵੇਲੇ ਵੀ ਦਲਬੀਰ ਤੱਕ ਕੰਮੋਕੇ ਨਹੀਂ ਜਾ ਸਕਦੇ।

ਛਿੰਦੇ ਨਾਲ ਉਸ ਦੇ ਪਿੰਡ ਕੰਮੋਕੇ ਆਖਰੀ ਮੁਲਾਕਾਤ ਵਿਚ ਬਹੁਤ ਗੱਲਾਂ ਹੋਈਆਂ ਸਨ। ਕਹਿ ਸਕਣ ਦੀ ਸਮਰਥਾ ਨਾਲੋਂ ਭਾਵੇਂ ਬਹੁਤ ਘੱਟ ਸਾਂਝਾ ਹੋਇਆ ਸੀ, ਪਰ ਪਰਵਾਸ ਤੋਂ ਲੈ ਕੇ ਸਥਾਨਕ ਸੋਕਿਆਂ ਤੱਕ ਦੀ ਗੱਲ ਚੱਲਦੀ ਰਹੀ ਸੀ। ਪੁਸਤਕਾਂ, ਮੈਗਜ਼ੀਨਾਂ ਅਤੇ ਅਖਬਾਰਾਂ ਦੇ ਹਵਾਲੇ ਆਉਂਦੇ ਰਹੇ ਸਨ। ਉਸ ਕੋਲ ਚੁਫੇਰੇ ਫੈਲੀਆਂ ਕਹਾਣੀਆਂ ਦਾ ਭੰਡਾਰ ਸੀ ਅਤੇ ਉਸ ਨਾਲ ਜੁੜੇ ਪਾਤਰਾਂ ਦੀਆਂ ਕੀਤੀਆਂ ਨੂੰ ਵੇਖ ਕੇ ਵੀ ਜਿਸ ਤਰ੍ਹਾਂ ਉਹ ਅਣਡਿੱਠ ਕਰ ਰਿਹਾ ਸੀ, ਇਹ ਅੱਜ ਉਸ ਦੀ ਗੈਰਹਾਜ਼ਰੀ ਵਿਚ ਮੇਰੇ ਨਜ਼ਦੀਕ ਕਵਿਤਾ ਜਿਹਾ ਅਹਿਸਾਸ ਹੋ ਗਿਆ ਹੈ। ਛਿੰਦਾ ਸਭ ਦੀ ਸੁਣਦਾ ਸੀ, ਪਰ ਕਰਦਾ ਉਹੀ ਸੀ, ਜਿਸ ਨਾਲ ਉਹ ਸਹਿਮਤ ਹੁੰਦਾ ਸੀ।

ਕੋਈ ਵੀ ਜਿਉਂਦੇ ਜੀਅ ਇਹ ਚੇਤੇ ਨਹੀਂ ਰੱਖਦਾ ਕਿ ਘਰ ਵਾਲਿਆਂ ਦੀਆਂ ਵਧੀਕੀਆਂ ਅਤੇ ਕਮਜ਼ੋਰੀਆਂ ਦੀ ਕੀਮਤ ਘਰਵਾਲੀਆਂ ਨੂੰ ਹੀ ਦੇਣੀ ਪੈਂਦੀ ਹੈ। ਇਹੋ ਜਿਹੇ ਵਰਤਾਰੇ ਨਾਲ ਸਹਿਜ ਵਿਚ ਨਿਭਣ ਦੀ ਮੂਰਤ ਹੈ, ਛਿੰਦੇ ਦੀ ਪਤਨੀ ਦਲਬੀਰ। ਗੱਲਬਾਤ ਵਿਚ ਉਹ ਕਹਿੰਦੀ ਘੱਟ ਤੇ ਸੁਣਦੀ ਬਹੁਤਾ ਹੈ। ਸੁਣ ਕੇ ਹੱਸ ਪਵੇ ਤਾਂ ਉਸ ਦੀ ਸਹਿਮਤੀ ਦਾ ਸੰਕੇਤ ਹੁੰਦਾ ਹੈ। ਜੇ ਸੁਣ ਕੇ ਚੁੱਪ ਕਰ ਜਾਵੇ ਤਾਂ ਸਮਝੋ ਅਣਸੁਣਿਆ ਕਰ ਰਹੀ ਹੈ। ਘਰ ਵਿਚ ਦਲਬੀਰ ਦੀ ਸਹਿਣਸ਼ੀਲਤਾ ਨੇ ਹੀ ਸ਼ਾਇਦ ਛਿੰਦੇ ਨੂੰ ਨਾਬਰੀ ਦੇ ਰਾਹ 'ਤੇ ਚੱਲਦੇ ਰਹਿਣ ਦਾ ਮੌਕਾ ਦੇਈ ਰੱਖਿਆ ਸੀ। ਇਸ ਨਾਲ ਇਹ ਕਹਿਣਾ ਚਾਹ ਰਿਹਾ ਹਾਂ ਕਿ ਛਿੰਦਾ ਨਾਬਰੀ ਦਾ ਅਜਿਹਾ ਪਾਤਰ ਹੋ ਗਿਆ ਸੀ, ਜਿਸ ਨੂੰ ਕਵਿਤਾ ਵਾਂਗ ਹੀ ਸਮਝਿਆ ਜਾ ਸਕਦਾ ਹੈ। ਛਿੰਦੇ ਨੂੰ ਪਤਾ ਸੀ ਕਿ ਚੇਤਨਾ ਨਾਲੋਂ ਟੁੱਟੀ ਹੋਈ ਨਾਬਰੀ ਹਉਮੈ ਹੋ ਜਾਂਦੀ ਹੈ ਅਤੇ ਚੇਤਨਾ ਨਾਲ ਜੁੜੀ ਹੋਈ ਨਾਬਰੀ, ਇਕਬਾਲ ਵਾਲੀ ਖੁਦੀ ਹੋ ਜਾਂਦੀ ਹੈ। ਇਹੋ ਜਿਹੀ ਮਾਨਸਿਕਤਾ ਨੂੰ ਉਸਾਰਨ ਵਿਚ ਪੁਸਤਕ ਪਿਆਰ ਅਹਿਮ ਭੂਮਿਕਾ ਨਿਭਾਉਂਦਾ ਰਹਿੰਦਾ ਹੈ।

ਛਿੰਦੇ ਨੂੰ ਜਾਣਨ ਵਾਲੇ ਜਾਣਦੇ ਹਨ ਕਿ ਉਹ ਲਗਾਤਾਰ ਪੜ੍ਹਦਾ ਰਹਿੰਦਾ ਸੀ। ਗੁਰਦਿਆਲ ਜਿਸ ਤਰ੍ਹਾਂ ਕਿਤਾਬਾਂ ਇਕੱਠੀਆਂ ਕਰਦਾ ਹੈ, ਛਿੰਦਾ ਉਸੇ ਸ਼ਿੱਦਤ ਨਾਲ ਕਿਤਾਬਾਂ ਸੰਭਾਲਦਾ ਸੀ। ਉਸ ਦੇ ਪਿੰਡ ਦੇ ਸਕੂਲ ਵਿਚ ਲਾਇਬਰੇਰੀ ਹੈ ਕਿ ਨਹੀਂ, ਪਤਾ ਨਹੀਂ! ਪਰ ਛਿੰਦੇ ਦੇ ਘਰ ਵਿਚ ਲਾਇਬਰੇਰੀ ਵੇਖ ਕੇ ਰੂਹ ਖੁਸ਼ ਹੁੰਦੀ ਹੈ। ਉਸ ਨੇ ਪੈਸਾ ਕਮਾਇਆ ਵੀ ਸਿਆਣਪ ਨਾਲ ਅਤੇ ਖਰਚਿਆ ਵੀ ਸਿਆਣਪ ਨਾਲ। ਰੀਝ ਨਾਲ ਪਾਈ ਕੋਠੀ ਦੇ ਚੁਬਾਰੇ ਵਿਚ ਪੁਸਤਕਾਂ ਬੱਚਿਆਂ ਵਾਂਗ ਸੁਰੱਖਿਅਤ ਰੱਖੀਆਂ ਹੋਈਆਂ ਹਨ। ਜਿਸ ਸਲੀਕੇ ਨਾਲ ਇਸ ਬੱਲ ਜੋੜੀ ਨੇ ਘਰ ਸਜਾਇਆ ਹੋਇਆ ਹੈ, ਉਸ ਵਿਚੋਂ ਵੇਖਣ ਵਾਲੇ ਨੂੰ ਉਚੇਚ ਘੱਟ ਅਤੇ ਮੁਹੱਬਤ ਵੱਧ ਨਜ਼ਰ ਆ ਸਕਦੀ ਹੈ।

ਇਸ ਬੱਲ ਜੋੜੀ ਨਾਲ ਗੱਲਾਂ ਕਿਤੇ ਵੀ ਹੋ ਰਹੀਆਂ ਹੋਣ, ਉਸ ਵਿਚ ਗੁਰਨੀਤ ਦਾ ਉਦਰੇਵਾਂ ਅਤੇ ਗੁਰਦਿਆਲ ਸਿੰਘ ਬੱਲ ਦੀ ਗੈਰਹਾਜ਼ਰੀ ਅਕਸਰ ਦਾਖਲ ਹੁੰਦੀ ਰਹਿੰਦੀ ਸੀ। ਘਰ ਦੀ ਨੂੰਹ ਅੰਮ੍ਰਿਤਾ ਏਧਰ-ਓਧਰ ਪਈਆਂ ਫੋਟੋਆਂ ਵਿਚ ਖੂਬਸੂਰਤੀ ਭਰਦੀ ਨਜ਼ਰ ਆ ਜਾਂਦੀ ਹੈ। ਮੱਧਵਰਗੀ ਕਿਸਾਨੀ ਦੇ ਅਜਿਹੇ ਪਰਿਵਾਰ ਆਮ ਵੇਖਣ ਨੂੰ ਨਹੀਂ ਮਿਲਦੇ, ਜਿਨ੍ਹਾਂ ਵਿਚ ਕੋਈ ਵੀ ਪ੍ਰਤੱਖ ਸਮੱਸਿਆ ਨਾ ਹੋਣ ਦੇ ਬਾਵਜੂਦ ਸਮੱਸਿਆਵਾਂ ਹੀ ਸਮੱਸਿਆਵਾਂ ਹੋਣ। ਅਜਿਹੀ ਸਥਿਤੀ ਦੀ ਛਿੰਦਾ ਕਵਿਤਾ ਵੀ ਸੀ ਅਤੇ ਵਾਰਤਕ ਵੀ।

ਜੇ ਦਲਬੀਰ ਨਾ ਦੱਸੇ ਤਾਂ ਛਿੰਦਾ ਆਪਣੀ ਉਦਾਸੀ ਨੂੰ ਹਵਾ ਵੀ ਨਹੀਂ ਲੱਗਣ ਦਿੰਦਾ ਸੀ, ਕਿਉਂਕਿ ਉਹ ਉਦਾਸੀਆਂ ਨੂੰ ਮਹਿਮਾਨ ਨਿਵਾਜੀ ਦੀ ਹੱਤਕ ਸਮਝਦਾ ਸੀ। ਸੁਚੇਤ ਛਿੰਦਾ ਅਤੇ ਅਚੇਤ ਛਿੰਦਾ ਇਕੋ ਜਿਹੇ ਨਹੀਂ ਹੁੰਦੇ ਸਨ। ਛਿੰਦੇ ਦੀ ਚੇਤਨਾ ਚੰਗੇ ਮਾਹੌਲ ਵਿਚ ਮੁਹੱਬਤ ਵਾਂਗ ਖਿੜੀ ਰਹਿੰਦੀ ਸੀ ਅਤੇ ਇਕਹਿਰੀਆਂ ਉਦਾਸੀਆਂ ਵਿਚ ਧੜੰਮ ਡਿੱਗੀ ਰਹਿੰਦੀ ਸੀ। ਕਦੇ ਕਦੇ ਪੰਜਾਬੀ ਪਤੀਆਂ ਵਾਂਗ ਉਹ ਬੇਲਗਾਮ ਵੀ ਹੋ ਜਾਂਦਾ ਸੀ। ਦਲਬੀਰ ਨੇ ਇਸ ਨਾਲ ਨਿਭਣ ਵਿਚ ਮੁਹਾਰਤ ਹਾਸਲ ਕਰ ਲਈ ਸੀ। ਛਿੰਦੇ ਦੀਆਂ ਗਲਤੀਆਂ ਨੂੰ ਵੀ ਦਲਬੀਰ ਨੇ ਬੀਮਾਰੀ ਦੀਆਂ ਅਲਾਮਤਾਂ ਵਾਂਗ ਸਮਝਣਾ ਸਿੱਖ ਲਿਆ ਸੀ। ਲੱਗਦੀ ਵਾਹ ਉਹ ਆਪੋ ਆਪਣੀ ਹਉਮੈ ਨੂੰ ਬੜਾ ਬੋਚ ਕੇ ਰੱਖਦੇ ਰਹੇ ਅਤੇ ਇਕ ਦੂਜੇ ਦੀਆਂ ਆਦਤਾਂ ਵਿਚ ਦਖਲਅੰਦਾਜ਼ੀ ਕਰਨ ਤੋਂ ਗੁਰੇਜ਼ ਕਰਦੇ ਰਹੇ। ਇਨ੍ਹਾਂ ਰੰਗਾਂ ਨੂੰ ਮੈਂ ਕਵਿਤਾ ਵਾਂਗ ਵੇਖਦਾ ਹਾਂ ਤਾਂ ਲੱਗਦਾ ਹੈ ਕਿ ਕੋਸ਼ਿਸ਼ ਕਰੀਏ ਤਾਂ ਲਮਹਿਆਂ ਨੂੰ ਖਿੜੀ ਹੋਈ ਖੂਬਸੂਰਤੀ ਵਾਂਗ ਹੰਢਾਇਆ ਜਾ ਸਕਦਾ ਹੈ।

ਛਿੰਦਾ ਨਹੀਂ ਰਿਹਾ ਤਾਂ ਉਸ ਨਾਲ ਜੁੜੀਆਂ ਯਾਦਾਂ ਦਾ ਇਕ ਵਹਿਣ ਉਸ ਦੇ ਹਾਮੀਆਂ ਹਿਤੈਸ਼ੀਆਂ ਦੇ ਸਾਹਮਣੇ ਵਹਿੰਦਾ ਰਹਿਣਾ ਹੈ। ਬੰਦਾ ਬੰਦੇ ਨੂੰ ਧਿਆਨ ਨਾਲ ਸੁਣੇ ਤਾਂ ਇਹੋ ਜਿਹਾ ਵਰਤਾਰਾ ਖਾਸ ਤੋਂ ਆਮ ਹੋ ਸਕਦਾ ਹੈ। ਇਸ ਨੂੰ ਗੁਰਬਖਸ਼ ਸਿੰਘ ਪ੍ਰੀਤਲੜੀ ਨੇ 'ਪਹੁਤਾ ਪਾਂਧੀ' ਵਜੋਂ ਲਿਖਿਆ ਹੈ। ਛਿੰਦੇ ਦੇ ਹਵਾਲੇ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਬੰਦੇ ਦੀਆਂ ਬਹੁਤੀਆਂ ਸਮੱਸਿਆਵਾਂ ਨਾਲ ਪੁਸਤਕ ਸਭਿਆਚਾਰ ਰਾਹੀਂ ਨਿਭਿਆ ਜਾ ਸਕਦਾ ਹੈ, ਕਿਉਂਕਿ ਪੁਸਤਕ ਨੂੰ ਪਾਠਕ ਦੀ ਛੋਹ ਸੱਚੇ ਦੋਸਤ ਵਿਚ ਬਦਲ ਦਿੰਦੀ ਹੈ। ਛਿੰਦੇ ਨੂੰ ਯਾਦ ਕਰਦਾ ਹਾਂ ਤਾਂ ਕਹਿ ਸਕਦਾ ਹਾਂ ਕਿ ਉਸ ਨੇ ਅਸਹਿਮਤੀ ਨਾਲ ਤੁਰਨ ਦਾ ਸਾਹਸ ਪੈਦਾ ਕਰ ਲਿਆ ਸੀ। ਜ਼ਿੰਦਗੀ ਵਿਚੋਂ ਵੀ ਉਸ ਨੇ ਇਹੀ ਸਿੱਖਿਆ ਸੀ। ਉਸ ਦਾ ਇਕ ਦੋਸਤ ਆਸ਼ੂਤੋਸ਼ੀਆਂ ਨਾਲ ਚਲਾ ਗਿਆ ਸੀ। ਉਹ ਚਾਹੁੰਦਾ ਸੀ ਕਿ ਛਿੰਦਾ ਵੀ ਉਸ ਅਨੰਦ ਦੇ ਦੀਦਾਰੇ ਕਰੇ ਅਤੇ ਲਾਹਾ ਲਵੇ, ਜਿਸ ਵਿਚ ਉਹ ਭਿੱਜਿਆ ਹੋਇਆ ਹੈ। ਛਿੰਦਾ ਉਸ ਨਾਲ ਸਹਿਮਤ ਨਾ ਹੋ ਕੇ ਅਤੇ ਉਸ ਦੀ ਨਾ ਮੰਨ ਕੇ ਵੀ ਉਸ ਨਾਲ ਨਿਭਦਾ ਰਿਹਾ ਸੀ। ਰਾਧਾਸਵਾਮੀਆਂ ਦੇ ਡੇਰੇ ਵਿਚ ਉਸ ਦੇ ਬਹੁਤ ਸਾਰੇ ਦੋਸਤ ਅਜਿਹੇ ਸਨ, ਜਿਨ੍ਹਾਂ ਨਾਲ ਛਿੰਦਾ ਉਸੇ ਤਰ੍ਹਾਂ ਨਿਭਦਾ ਰਿਹਾ ਸੀ, ਜਿਵੇਂ ਉਹ ਇਸ ਦੀਆਂ ਆਦਤਾਂ ਨਾਲ ਨਿਭ ਰਹੇ ਸਨ।

ਨਕਸਲੀਆਂ ਨੂੰ ਜਦੋਂ ਪੰਜਾਬ ਵਿਚੋਂ ਹੁੰਗਾਰਾ ਭਰਿਆ ਜਾ ਰਿਹਾ ਸੀ ਤਾਂ ਛਿੰਦਾ ਵੀ ਉਸ ਰੁਮਾਂਸ ਦਾ ਪ੍ਰਸ਼ੰਸਕ ਹੋ ਗਿਆ ਸੀ। ਇਹੀ ਸਮਾਂ ਸੀ ਜਦੋਂ ਉਸ ਦੇ ਸਾਥੀ ਬੰਦੂਕ ਦੀ ਨਾਲੀ ਵਿਚੋਂ ਇਨਕਲਾਬ ਲੱਭ ਰਹੇ ਸਨ ਅਤੇ ਉਹ ਉਨ੍ਹਾਂ ਦੀ ਪਨਾਹਗਾਹ ਵੀ ਬਣਿਆ ਰਿਹਾ। ਮੇਰੀ ਨਜ਼ਰ ਵਿਚ ਪੁਸਤਕ ਸਭਿਆਚਾਰ ਉਸ ਦੇ ਨਕਸਲੀ-ਹੁੰਗਾਰੇ ਦਾ ਹਾਸਲ ਹੋ ਗਿਆ ਸੀ। ਸਮਕਾਲੀ ਸਿਆਸੀ ਲਹਿਰਾਂ ਵਿਚੋਂ ਕੇਵਲ ਖਾੜਕੂ ਲਹਿਰ ਵੇਲੇ ਉਹ ਉਦਾਸੀ ਵੱਲ ਧੱਕਿਆ ਗਿਆ ਸੀ। ਉਸ ਨੂੰ ਪਤਾ ਸੀ ਕਿ ਚੇਤਨਾ, ਕੱਟੜ ਨਹੀਂ ਹੋ ਸਕਦੀ ਅਤੇ ਕੱਟੜ ਹੋਏ ਬਿਨਾ ਸਿਆਸਤ ਨਾਲ ਨਹੀਂ ਨਿਭਿਆ ਜਾ ਸਕਦਾ। ਇਹ ਸਮਝ ਉਸ ਨੇ ਖਾਲਿਸਤਾਨੀ ਦਾਨਿਸ਼ਵਰਾਂ ਤੋਂ ਬਿਨਾ ਦੱਸਿਆਂ ਹਾਸਲ ਕਰ ਲਈ ਸੀ।

ਬੱਲ ਪਰਿਵਾਰ ਵਿਚ ਕਿਸੇ ਵੀ ਰੰਗ ਦੀ ਦਾਨਿਸ਼ਵਰੀ ਦਾ ਸਵਾਗਤ ਹੁੰਦਾ ਰਿਹਾ ਹੈ। ਗੁਰਦਿਆਲ ਇਸ ਨੂੰ ਸ਼ਾਮ ਦੀਆਂ ਮਹਿਫਿਲਾਂ ਵਿਚ ਵੀ ਢਾਲਦਾ ਰਿਹਾ। ਡਾ. ਗੁਰਨਾਮ ਕੌਰ ਦਾ ਲੋਹ ਲੰਗਰ ਚੱਲਦਾ ਰਿਹਾ। ਛਿੰਦਾ ਇਸ ਸਾਰੇ ਕੁਝ ਨੂੰ ਕ੍ਰਿਕਟ ਦੇ ਮੈਚ ਵਾਂਗ ਦੇਖਦਾ ਰਿਹਾ। ਅੱਜ ਉਹ ਮੈਦਾਨ ਖਾਲੀ ਕਰ ਗਿਆ ਹੈ ਤਾਂ ਸੱਖਣੇ ਨੂੰ ਭਰਨ ਦੀ ਕੋਸ਼ਿਸ਼ ਕਰਦਿਆਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਚੇਤਨਾ ਆਪਣੇ ਸਮਕਾਲੀ ਪ੍ਰਸੰਗ ਵਿਚ ਪੁਸਤਕ ਵਾਂਗ ਵੇਖੀ ਤੇ ਪੜ੍ਹੀ ਜਾ ਸਕਦੀ ਹੈ। ਛਿੰਦੇ ਦੇ ਤੁਰ ਜਾਣ ਨਾਲ ਪੈਦਾ ਹੋਏ ਇਸ ਖਲਾਅ ਵਿਚ ਛਿੰਦਾ ਮੈਨੂੰ ਐਬਾਂ ਅਤੇ ਗੁਣਾਂ ਦੀ ਸਾਂਝੀ ਯਾਤਰਾ 'ਤੇ ਤੁਰਦਾ ਰਿਹਾ ਜਗਿਆਸੂ ਲੱਗਦਾ ਹੈ।

ਪਿੰਡ ਵਿਚ ਅੱਜ ਵੀ ਉਹ ਡਾ. ਛਿੰਦਾ ਨਹੀਂ, ਛਿੰਦਾ ਡਾਕਟਰ ਵਜੋਂ ਜਾਣਿਆ ਜਾਂਦਾ ਹੈ। ਦੋਹਾਂ ਵਿਚ ਫਰਕ ਕਰ ਸਕਾਂਗੇ ਤਾਂ ਸਮਝ ਸਕਾਂਗੇ ਕਿ ਉਸ ਦੀ ਕਿੱਤੇ ਪ੍ਰਤੀ ਦਿਆਨਤਦਾਰੀ ਉਸ ਦੀ ਪਛਾਣ ਹੋ ਗਈ ਹੈ। ਉਹ ਡੰਗਰਾਂ ਨੂੰ ਬੰਦਿਆਂ ਵਾਂਗ ਸੰਭਾਲਦਾ ਰਿਹਾ ਸੀ। ਮੇਰੀ ਆਖਰੀ ਮੁਲਾਕਾਤ ਵੇਲੇ ਕੰਮ ਕਰਨਾ ਛੱਡ ਜਾਣ ਦੇ ਬਾਵਜੂਦ ਉਹ ਬੀਮਾਰ ਕੁੱਤੇ ਦੇ ਇਲਾਜ ਵਾਸਤੇ ਗਿਆ ਸੀ। ਉਸ ਨੂੰ ਆਪਣੇ ਕਿੱਤੇ ਵਾਂਗ ਹੀ ਆਪਣੇ ਸਰੀਰ ਬਾਰੇ ਬਹੁਤ ਸਮਝ ਸੀ, ਪਰ ਇਹ ਉਸ ਦੇ ਆਪਣੇ ਕੰਮ ਕਦੀ ਨਹੀਂ ਸੀ ਆਈ। ਮੈਂ ਉਸ ਨੂੰ ਗੁਰਦਿਆਲ ਦੇ ਵਿਆਹ ਤੋਂ ਪਿਛੋਂ ਜਾਣਨ ਲੱਗਾ ਸੀ। ਮਿਲਣ ਤੋਂ ਪਹਿਲਾਂ ਹੀ ਉਸ ਨੇ ਮੈਨੂੰ ਗੁਰਦਿਆਲ ਮੁਤਾਬਿਕ ਵੇਖਣਾ ਸ਼ੁਰੂ ਕਰ ਦਿੱਤਾ ਸੀ। ਗੁਰਦਿਆਲ ਸਾਹਮਣੇ ਉਹ ਨਹੀਂ ਸੀ ਬੋਲਦਾ, ਪਰ ਉਸ ਨਾਲ ਅਸਹਿਮਤੀ ਨੂੰ ਲੁਕਾ ਕੇ ਰੱਖਣ ਦੀ ਕੋਸ਼ਿਸ਼ ਵੀ ਨਹੀਂ ਸੀ ਕਰਦਾ। ਪੱਕੇ ਮਝੈਲਾਂ ਵਾਂਗ ਉਸ ਦੀ ਸਮਝ ਵਿਚ ਰਿਸ਼ਤਿਆਂ ਦੀ ਵਿਆਕਰਣ ਪੱਕੇ ਤੌਰ 'ਤੇ ਲਿਖੀ ਹੋਈ ਸੀ। ਆਪਣੀਆਂ ਕਮਜ਼ੋਰੀਆਂ ਨੂੰ ਦੂਜਿਆਂ ਦੇ ਹਵਾਲੇ ਨਾਲ ਪ੍ਰਗਟਾ ਕੇ ਉਹ ਖੁਸ਼ ਨਹੀਂ ਸੀ ਹੁੰਦਾ, ਸਗੋਂ ਉਦਾਸ ਹੀ ਹੋ ਜਾਂਦਾ ਸੀ।

ਮੇਰੇ ਨਜ਼ਦੀਕ ਘਰ ਵਿਚ ਗੁਰਦਿਆਲ, ਦਾਦੀ ਦਾ ਪੁੱਤਰ ਸੀ ਅਤੇ ਛਿੰਦਾ, ਮਾਂ ਦਾ ਪੁੱਤਰ ਸੀ। ਦੋਹਾਂ ਨੇ ਸ਼ਰਾਬ ਪੀਣੀ ਪਿਉ ਤੋਂ ਸਿੱਖੀ ਸੀ ਅਤੇ ਤਿੰਨੇ ਪਿਉ-ਪੁੱਤ ਅਸਹਿਮਤੀ ਵਿਚ ਇਕੱਠੇ ਤੁਰਨ ਦੀ ਕੋਸ਼ਿਸ਼ ਕਰਦੇ ਰਹੇ ਸਨ। ਇਸ ਇਖਤਲਾਫੀ ਮੁਹੱਬਤ ਦਾ ਹੱਲ ਗੁਰਨੀਤ ਦੇ ਜਨਮ ਨਾਲ ਦਾਦੇ-ਪੋਤੇ ਦੀ ਸਾਂਝ ਵਿਚ ਪ੍ਰਗਟ ਹੁੰਦਾ ਮੈਂ ਅੱਖੀਂ ਵੇਖਦਾ ਰਿਹਾ ਹਾਂ। ਗੁਰਨੀਤ ਨੂੰ ਮੈਂ ਰਿਸ਼ਤਿਆਂ ਦੀ ਭੀੜ ਵਿਚ ਬੌਂਦਲਿਆ ਹੋਇਆ ਵੀ ਵੇਖਦਾ ਰਿਹਾ ਹਾਂ। ਛਿੰਦੇ ਨੇ ਤਾਂ ਗੁਰਦਿਆਲ ਨੂੰ ਵੀ ਗੁਰਨੀਤ ਰਾਹੀਂ ਵੇਖਣਾ ਸ਼ੁਰੂ ਕੀਤਾ ਹੋਇਆ ਸੀ। ਛਿੰਦੇ ਦੇ ਤੁਰ ਜਾਣ ਨਾਲ ਰਿਸ਼ਤਿਆਂ ਦੀ ਫੱਟੀ ਪੋਚੀ ਹੋਈ ਲੱਗਣ ਲੱਗ ਪਈ ਹੈ। ਇਸ ਉਤੇ ਜੋ ਕੋਈ ਜੋ ਕੁਝ ਲਿਖੇਗਾ, ਉਸੇ ਨੇ ਉਘੜਦੇ ਰਹਿਣਾ ਹੈ। ਰਿਸ਼ਤੇ ਨਿਭਦੇ ਰਹਿਣ ਤਾਂ ਗੁਰੂ ਅੰਗ-ਸੰਗ ਲੱਗਦਾ ਹੈ। ਰਿਸ਼ਤਿਆਂ ਵਿਚੋਂ ਕਿਸੇ ਇਕ ਦੇ ਕਿਰ ਜਾਣ ਵਾਲਿਆਂ ਲਈ ਵੀ ਇਹੀ ਅਰਦਾਸ ਹੈ ਕਿ ਅਕਾਲ ਵਿਚ ਪਰਵੇਸ਼ ਕਰ ਗਿਆਂ ਦੇ ਗੁਰੂ ਜੀ ਅੰਗ-ਸੰਗ ਹੋਵਣ!





*(ਖੱਬਿਓਂ) ਡਾ. ਸੁਰਿੰਦਰ ਸਿੰਘ (ਛਿੰਦਾ) ਬੱਲ, ਗੋਦੀ 'ਚ ਗੁਰਨੀਤ ਬੱਲ, ਡਾ. ਗੁਰਨਾਮ ਕੌਰ, ਗੁਰਦਿਆਲ ਸਿੰਘ ਬੱਲ, ਦਲਬੀਰ ਕੌਰ ਅਤੇ ਮਨਬੀਰ ਬੱਲ। ਇਹ ਤਸਵੀਰ ਕੋਈ 25 ਸਾਲ ਪੁਰਾਣੀ ਹੈ।*



*ਚਾਚਾ-ਭਤੀਜਾ: ਕਰੀਬ 25 ਸਾਲ ਪੁਰਾਣੀ ਇਸ ਤਸਵੀਰ ਵਿਚ ਸੁਰਿੰਦਰ ਸਿੰਘ ਬੱਲ ਤੇ ਮਨਬੀਰ ਸਿੰਘ ਬੱਲ*

# ਜਿਨ੍ਹਾਂ ਲਾਹੌਰ ਨਹੀਂ ਵੇਖਿਆ

## ਪਾਕਿਸਤਾਨ ਯਾਤਰਾ



ਡਾ. ਗੁਰਨਾਮ ਕੌਰ, ਕੈਨੇਡਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸੋਮਵਾਰ, 17 ਫਰਵਰੀ ਨੂੰ ਪਹਿਲਾਂ ਸਾਡਾ ਪ੍ਰੋਗਰਾਮ ਇਸਲਾਮਾਬਾਦ ਜਾਣ, ਉਥੇ ਰਾਤ ਠਹਿਰ ਕੇ ਦੂਜੇ ਦਿਨ ਸਵੇਰੇ ਹਸਨ ਅਬਦਾਲ ਪੰਜਾ ਸਾਹਿਬ ਤੋਂ ਹੋ ਕੇ ਵਾਪਸੀ 'ਤੇ ਮਰੀ ਦਾ ਚੱਕਰ ਕੱਟ ਕੇ ਲਾਹੌਰ ਆਉਣ ਦਾ ਸੀ; ਪਰ ਇਹ ਦੋ ਤਿੰਨ ਕਾਰਨਾਂ ਕਰਕੇ ਸਿਰੇ ਨਾ ਚੜ੍ਹ ਸਕਿਆ। ਇਸਲਾਮਾਬਾਦ ਦਾ ਰਸਤਾ ਕਾਫੀ ਲੰਬਾ ਹੈ ਤੇ ਕਰੀਬ 400 ਕਿਲੋਮੀਟਰ ਪੈ ਜਾਂਦਾ ਹੈ ਅਤੇ ਪੰਜਾ ਸਾਹਿਬ ਉਸ ਤੋਂ ਵੀ ਅੱਗੇ ਹੈ; ਮਰੀ ਬਰਫ ਪਈ ਹੋਈ ਸੀ ਅਤੇ ਕਾਫੀ ਠੰਢ ਸੀ। ਵੈਸੇ ਵੀ 19 ਫਰਵਰੀ ਨੂੰ ਵਾਪਸ ਆਉਣ ਦਾ ਪ੍ਰੋਗਰਾਮ ਸੀ; ਜਿਸ ਕਰਕੇ ਲਾਹੌਰ ਦੇਖਣ ਦਾ ਸਮਾਂ ਨਹੀਂ ਸੀ ਬਚਣਾ; ਮੁੜ ਲਾਹੌਰ ਦੇਖਣ ਦਾ ਮੌਕਾ ਕਦੀ ਮਿਲੇਗਾ, ਕਹਿਣਾ ਮੁਸ਼ਕਿਲ ਹੈ। ਗਿੱਲ ਪਰਿਵਾਰ ਦੇ ਬੱਚਿਆਂ ਨੂੰ ਵੀ ਲਗਦਾ ਸੀ ਕਿ ਉਨ੍ਹਾਂ ਫਿਰ ਲਾਹੌਰ ਚੰਗੀ ਤਰ੍ਹਾਂ ਨਹੀਂ ਦੇਖ ਸਕਣਾ। ਇਸ ਲਈ ਇਸਲਾਮਾਬਾਦ ਅਤੇ ਪੰਜਾ ਸਾਹਿਬ, ਮਰੀ ਦਾ ਪ੍ਰੋਗਰਾਮ ਛੱਡ ਦਿੱਤਾ।

ਦੂਰੋਂ-ਨੇੜਿਓਂ ਲੰਘਦਿਆਂ ਲਾਹੌਰ ਮਿਲਟਰੀ ਮਿਊਜ਼ੀਅਮ ਦੀ ਕਾਫੀ ਚਰਚਾ ਸੁਣੀ ਸੀ ਕਿ ਇਹ ਬਹੁਤ ਸ਼ਾਨਦਾਰ ਬਣੀ ਹੋਈ ਹੈ। ਇਸ ਲਈ ਉਹ ਦੇਖਣ ਦਾ ਪ੍ਰੋਗਰਾਮ ਬਣਾ ਲਿਆ। ਉਥੇ ਪਹੁੰਚ ਕੇ ਪਤਾ ਲੱਗਾ ਕਿ ਸਾਨੂੰ ਮਿਊਜ਼ੀਅਮ ਦੇਖਣ ਦੀ ਆਗਿਆ ਨਹੀਂ ਮਿਲਣੀ। ਅਧਿਕਾਰੀਆਂ ਵੱਲੋਂ ਸਾਡੇ ਪਾਸਪੋਰਟ ਲੈ ਕੇ, ਹੈਡਕੁਆਟਰ ਉਪਰਲੇ ਅਧਿਕਾਰੀਆਂ ਤੋਂ ਪਤਾ ਕਰਦਿਆਂ ਨੂੰ ਕੋਈ ਦੋ ਘੰਟੇ ਲੱਗ ਗਏ। ਅਖੀਰ ਉਨ੍ਹਾਂ ਨੇ ਆਗਿਆ ਨਾ ਮਿਲਣ 'ਤੇ ਅਫਸੋਸ ਪਰਗਟ ਕੀਤਾ ਅਤੇ ਸਾਨੂੰ ਆਪਣੀ ਸੁਰੱਖਿਆ ਵਿਚ ਬਾਹਰਲੇ ਗੇਟ ਤੱਕ ਛੱਡ ਕੇ ਗਏ। ਇੱਥੇ ਇਹ ਜ਼ਿਕਰ ਕਰਨਾ ਖਾਸ ਅਹਿਮੀਅਤ ਰੱਖਦਾ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਸਾਨੂੰ ਮਿਲਟਰੀ ਦੀ ਮਿਊਜ਼ੀਅਮ ਦੇਖਣ ਦੀ ਆਗਿਆ ਭਾਵੇਂ ਨਹੀਂ ਮਿਲੀ, ਅਧਿਕਾਰੀਆਂ ਨੇ ਉਪਰਲੇ ਅਫਸਰਾਂ ਨਾਲ ਪੂਰੀ ਤਰ੍ਹਾਂ ਗੱਲ ਬਾਤ ਕਰਕੇ ਨਾ ਆਗਿਆ ਮਿਲਣ 'ਤੇ ਅਫਸੋਸ ਵੀ ਜਾਹਰ ਕੀਤਾ, ਪਰ ਉਨ੍ਹਾਂ ਦਾ ਵਤੀਰਾ ਬੇਹੱਦ ਹੀ ਸਤਿਕਾਰ ਭਰਿਆ, ਨਰਮ ਅਤੇ ਹਲੀਮੀ ਵਾਲਾ ਸੀ।





*(ਖੱਬੇ) ਸ਼ਾਹੀ ਕਿਲੇ ਵਿਚ ਹੱਥ ਵਿਚ ਬਰਛਾ ਲਈ ਵੱਖੋ ਵੱਖਰੀ ਵੇਸ-ਭੂਸ਼ਾ ਵਿਚ ਤਾਇਨਾਤ ਦੋ ਸ਼ਖਸਾਂ ਅਤੇ (ਸੱਜੇ) ਗਾਇਕ ਪੰਮੀ ਗਿੱਲ ਤੇ ਹੋਰਾਂ ਨਾਲ ਫੋਟੋ ਖਿਚਵਾਉਂਦਿਆਂ*

ਸੋਮਵਾਰ, 17 ਫਰਵਰੀ ਨੂੰ ਹੀ ਪ੍ਰੋਫੈਸਰ ਡਾ. ਨਬੀਲਾ ਰਹਿਮਾਨ, ਜੋ ਯੂਨੀਵਰਸਿਟੀ ਓਰੀਐਂਟਲ ਕਾਲਜ, ਲਾਹੌਰ ਦੇ ਪੰਜਾਬੀ ਅਧਿਐਨ ਵਿਭਾਗ ਦੇ ਮੁਖੀ ਹਨ, ਨੇ ਹਰਜੀਤ ਸਿੰਘ ਗਿੱਲ ਨਾਲ ਸੰਪਰਕ ਕਰਕੇ ਦੱਸਿਆ ਕਿ ਉਨ੍ਹਾਂ ਨੇ ਸਾਨੂੰ ਆਪਣੇ ਵਿਭਾਗ ਵਿਚ ਦੁਪਹਿਰ ਦੇ ਖਾਣੇ 'ਤੇ ਬੁਲਾਇਆ ਹੈ। ਉਨ੍ਹਾਂ ਨੇ ਪੰਜਾਬੀ ਕਾਨਫਰੰਸ ਵਿਚ ਬਾਹਰੋਂ ਆਏ ਕੁਝ ਡੈਲੀਗੇਟਾਂ ਨੂੰ ਵੀ ਸੱਦਿਆ ਹੋਇਆ ਸੀ। ਇਸ ਲਈ ਅਸੀਂ ਮਿਲਟਰੀ ਮਿਊਜ਼ੀਅਮ ਵੱਲੋਂ ਸਿੱਧੇ ਯੂਨੀਵਰਸਿਟੀ ਓਰੀਐਂਟਲ ਕਾਲਜ, ਲਾਹੌਰ ਵੱਲ ਆ ਗਏ।

ਯੂਨੀਵਰਸਿਟੀ ਓਰੀਐਂਟਲ ਕਾਲਜ, ਲਾਹੌਰ ਜਾਂ ਜਿਸ ਨੂੰ ਪੰਜਾਬ ਯੂਨੀਵਰਸਿਟੀ ਕਾਲਜ ਵੀ ਕਿਹਾ ਜਾਂਦਾ ਹੈ, 1870 ਈਸਵੀ ਵਿਚ ਸਥਾਪਤ ਕੀਤਾ ਗਿਆ ਸੀ। ਉਸ ਸਮੇਂ ਪੂਰਬੀ ਸਿੱਖਿਆ ਦੇ ਨਾਲ ਨਾਲ ਪੱਛਮੀ ਵਿੱਦਿਆ ਵੀ ਦਿੱਤੀ ਜਾਂਦੀ ਸੀ। ਪਰੰਪਰਕ ਬੋਲੀਆਂ ਜਿਵੇਂ ਅਰਬੀ, ਫਾਰਸੀ ਤੇ ਸੰਸਕ੍ਰਿਤ ਅਤੇ ਪੂਰਬੀ ਦੇਸੀ ਬੋਲੀਆਂ-ਉਰਦੂ, ਹਿੰਦੀ, ਪੰਜਾਬੀ ਤੇ ਪਸ਼ਤੋ ਵੀ ਸਿਖਾਈਆਂ ਜਾਂਦੀਆਂ ਸਨ। ਦੂਜੇ ਖੇਤਰ, ਜਿਨ੍ਹਾਂ ਵਿਚ ਸਿੱਖਿਆ ਸ਼ੁਰੂ ਕੀਤੀ ਗਈ, ਉਨ੍ਹਾਂ ਵਿਚ ਇੰਜੀਨੀਅਰਿੰਗ, ਗਣਿਤ ਵਿਗਿਆਨ, ਡਾਕਟਰੀ, ਇਤਿਹਾਸ, ਜੁਗਰਾਫੀਆ, ਮੁਹੰਮਦਨ ਕਾਨੂੰਨ, ਧਰਮ ਸ਼ਾਸਤਰ, ਯੂਨਾਨੀ ਮੈਡੀਸਨ ਤੇ ਵੈਦਿਕ, ਅਰਥ ਸ਼ਾਸਤਰ, ਫਿਲਾਸਫੀ, ਤਰਕ-ਸ਼ਾਸਤਰ ਅਤੇ ਫੋਟੋਗ੍ਰਾਫੀ ਆਦਿ ਸ਼ਾਮਲ ਸਨ। ਸੰਨ 1888 ਵਿਚ ਕਾਲਜ ਵਿਚ ਪੂਰਬੀ ਬੋਲੀਆਂ ਵਿਚ ਸਿਰਫ ਆਲਮ, ਫਾਜ਼ਿਲ ਦੀਆਂ ਜਮਾਤਾਂ ਹੀ ਪੜ੍ਹਾਈਆਂ ਜਾਂਦੀਆਂ ਸਨ ਅਤੇ ਦੂਜੇ ਵਿਸ਼ਿਆਂ ਦੀਆਂ ਜਮਾਤਾਂ ਅਲੱਗ ਅਲੱਗ ਕਾਲਜਾਂ ਵਿਚ ਤਬਦੀਲ ਕਰ ਦਿਤੀਆਂ ਗਈਆਂ ਸਨ। ਸੰਨ 1888-89 ਦੇ ਸੈਸ਼ਨ ਤੋਂ ਅਰਬੀ ਅਤੇ ਸੰਸਕ੍ਰਿਤ ਬੋਲੀ ਦੀ ਮਾਸਟਰ ਡਿਗਰੀ ਅਤੇ 1921-22 ਸੈਸ਼ਨ ਤੋਂ ਫਾਰਸੀ ਦੀ ਮਾਸਟਰ ਡਿਗਰੀ ਦੀ ਪੜ੍ਹਾਈ ਸ਼ੁਰੂ ਕੀਤੀ ਗਈ; 1928 ਵਿਚ ਉਰਦੂ, ਹਿੰਦੀ ਅਤੇ ਪੰਜਾਬੀ ਦੇ ਖੋਜ ਵਿਭਾਗ ਸਥਾਪਤ ਕੀਤੇ ਗਏ।

ਆਜ਼ਾਦੀ ਵੇਲੇ ਅਰਥਾਤ ਮੁਲਕ ਦੀ ਵੰਡ ਹੋਣ 'ਤੇ ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਦੇ ਵਿਭਾਗ ਬੰਦ ਕਰ ਦਿੱਤੇ ਗਏ। ਉਰਦੂ, ਫਾਰਸੀ ਵਿਚ ਆਲਮ, ਫਾਜ਼ਿਲ ਦੀਆਂ ਜਮਾਤਾਂ ਬੰਦ ਕਰਕੇ ਫਾਰਸੀ ਅਤੇ ਉਰਦੂ ਵਿਚ ਮਾਸਟਰ ਡਿਗਰੀ ਦੇ ਨਾਲ ਨਾਲ ਵਿਦੇਸ਼ੀਆਂ ਲਈ ਏਸ਼ੀਅਨ ਅਤੇ ਯੂਰਪੀਨ ਬੋਲੀਆਂ ਜਿਵੇਂ ਸਪੇਨੀ, ਫਰਾਂਸਿਸੀ, ਜਰਮਨ, ਰੂਸੀ, ਇਤਾਲਵੀ, ਤੁਰਕੀ, ਹਿੰਦੀ, ਜਪਾਨੀ, ਕਸ਼ਮੀਰੀ ਅਤੇ ਉਰਦੂ ਸਿੱਖਣ ਦਾ ਇੰਤਜ਼ਾਮ ਸ਼ੁਰੂ ਕਰ ਦਿੱਤਾ ਗਿਆ। ਸੰਨ 1970 ਵਿਚ ਪੰਜਾਬੀ ਦੀ ਐਮ. ਏ. ਅਤੇ 1974 ਵਿਚ ਫਰੈਂਚ ਵਿਚ ਐਮ. ਏ. ਦੀ ਜਮਾਤ ਸ਼ੁਰੂ ਕੀਤੀ ਗਈ। ਸੰਨ 1987 ਵਿਚ ਕਸ਼ਮੀਰੀਅਤ ਵਿਚ ਮਾਸਟਰ ਡਿਗਰੀ ਸ਼ੁਰੂ ਕਰ ਦਿਤੀ।

ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਪੰਜਾਬ ਹੈ ਅਤੇ ਪੰਜਾਬੀ ਇਸ ਖਿੱਤੇ ਦੀ ਮਾਂ-ਬੋਲੀ ਹੈ, ਆਪਸੀ ਸੰਚਾਰ ਦੀ ਭਾਸ਼ਾ ਹੈ; ਇਸ ਖਿੱਤੇ ਦੇ ਇਤਿਹਾਸ, ਵਿਰਸੇ, ਧਾਰਮਿਕ ਸਭਿਆਚਾਰ ਦਾ ਸੋਮਾ ਹੈ। ਇਸ ਦੌਲਤ ਦੀ ਰੱਖਿਆ ਅਤੇ ਇਸ ਨੂੰ ਅੱਗੇ ਵਧਾਉਣ ਲਈ ਪੰਜਾਬੀ ਬੋਲੀ ਤੇ ਸਾਹਿਤ ਦਾ ਵਿਭਾਗ ਪੰਜਾਬ ਯੂਨੀਵਰਸਿਟੀ ਕਾਲਜ ਵਿਚ ਸ਼ੁਰੂ ਕੀਤਾ ਗਿਆ। ਇਸ ਵੇਲੇ ਪ੍ਰੋਫੈਸਰ ਡਾ. ਨਬੀਲਾ ਰਹਿਮਾਨ ਇਸ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨਾਲ ਡਾ. ਨਵੀਦ ਅਹਿਮਦ ਸ਼ਾਜ਼ਾਦ ਪ੍ਰੋਫੈਸਰ ਅਤੇ ਡਾ. ਸਾਦਤ ਅਲੀ ਸਕੀਬ, ਡਾ. ਅਸਮਾ ਕਾਦੂ ਤੇ ਡਾ. ਜ਼ਹੀਰ ਅਹਿਮਦ ਸ਼ਫੀਕ ਐਸੋਸੀਏਟ ਪ੍ਰੋਫੈਸਰ ਹਨ। ਇਥੇ ਮਾਸਟਰ ਡਿਗਰੀ ਤੋਂ ਇਲਾਵਾ ਐਮ.ਫਿਲ. ਅਤੇ ਪੀਐਚ.ਡੀ. ਦੀਆਂ ਡਿਗਰੀਆਂ ਲਈ ਪੜ੍ਹਾਈ ਤੇ ਖੋਜ ਕਰਨ ਦਾ ਪ੍ਰਬੰਧ ਵੀ ਹੈ।

ਯੂਨੀਵਰਸਿਟੀ ਓਰੀਐਂਟਲ ਕਾਲਜ ਦੀ ਬਿਲਡਿੰਗ ਦੀ ਦਿਖ ਕਾਫੀ ਕਲਾਸੀਕਲ ਹੈ, ਖਾਲਸਾ ਕਾਲਜ ਅੰਮ੍ਰਿਤਸਰ ਵਾਂਗ। ਬਿਲਡਿੰਗ ਦੇਖਦਿਆਂ ਹੀ ਪਤਾ ਲਗਦਾ ਹੈ ਕਿ ਇਹ ਅੰਗਰੇਜ਼ਾਂ ਦੇ ਵੇਲੇ ਦੀ ਬਣੀ ਹੋਈ ਹੈ, ਜਿਸ ਦੀ ਖਾਸ ਪਰੰਪਰਕ ਦਿੱਖ ਹੈ। ਅੰਦਰ ਲੰਘਦਿਆਂ ਬੂਟੇ, ਬ੍ਰਿਛ ਅਤੇ ਦਰਖਤਾਂ ਥੱਲੇ ਬਣੇ ਬੈਂਚਾਂ 'ਤੇ ਵਿਦਿਆਰਥੀ ਬੈਠੇ ਨਜ਼ਰ ਆ ਰਹੇ ਸਨ, ਕੁਝ ਇਧਰ-ਉਧਰ ਆ ਜਾ ਰਹੇ ਸਨ। ਸਭ ਤੋਂ ਪਹਿਲਾਂ ਡਾ. ਨਬੀਲਾ ਦੇ ਨਿਜੀ ਦਫਤਰ ਗਏ, ਜਿੱਥੇ ਪੂਰਬੀ ਪੰਜਾਬ ਦੀਆਂ ਨਾਮਵਰ ਸਾਹਿਤਕ ਹਸਤੀਆਂ ਨਾਲ ਖਿੱਚੀਆਂ ਕਾਫੀ ਤਸਵੀਰਾਂ ਕੰਧਾਂ 'ਤੇ ਲੱਗੀਆਂ ਹੋਈਆਂ ਸਨ। ਫਿਰ ਇਕ ਲੈਕਚਰ ਹਾਲ ਵਿਚ ਇਕੱਠੇ ਹੋਏ, ਜਿੱਥੇ ਪਹਿਲਾਂ ਸਭ ਨੇ ਵਾਰੋ ਵਾਰੀ ਆਪਣੀ ਜਾਣਕਾਰੀ ਦਿੱਤੀ। ਕੁਝ ਫੋਟੋਆਂ ਖਿਚਵਾਈਆਂ ਗਈਆਂ ਅਤੇ ਫਿਰ ਸ਼ੇਅਰੋ-ਸ਼ਾਇਰੀ ਅਤੇ ਸੰਖੇਪ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋਇਆ। ਇਥੇ ਹੀ ਪੰਜਾਬੀ ਦੇ ਨਾਮੀ ਸਾਹਿਤਕਾਰਾਂ, ਅਦੀਬਾਂ ਨਾਲ ਮੁਲਾਕਾਤ ਹੋਈ। ਨਾਭੇ ਤੋਂ ਦਰਸ਼ਨ ਬੁੱਟਰ, ਅੰਮ੍ਰਿਤਸਰ ਤੋਂ ਡਾ. ਹਰਭਜਨ ਸਿੰਘ ਭਾਟੀਆ, ਸਮਰਾਲੇ ਤੋਂ ਦਲਜੀਤ ਸ਼ਾਹੀ, ਚੰਡੀਗੜ੍ਹ ਤੋਂ ਸੁਸ਼ੀਲ ਦੁਸਾਂਝ ਤੇ ਉਸ ਦੀ ਪਤਨੀ ਕਮਲ ਦੁਸਾਂਝ ਅਤੇ ਸਹਿਜਪ੍ਰੀਤ ਸਿੰਘ ਆਏ ਹੋਏ ਸਨ। ਸੁਸ਼ੀਲ ਦੁਸਾਂਝ ਪੱਗ ਬੰਨ੍ਹ ਕੇ ਆਇਆ ਸੀ ਅਤੇ ਸਰਦਾਰੀ ਟੌਹਰ ਵਿਚ ਬਿਲਕੁਲ ਪਛਾਣਿਆ ਨਹੀਂ ਸੀ ਜਾ ਰਿਹਾ। ਪਹਿਰਾਵੇ ਨਾਲ ਹੀ ਬੰਦੇ ਦੀ ਦਿੱਖ ਕਿੰਨੀ ਬਦਲ ਜਾਂਦੀ ਹੈ; ਉਸ ਦੇ ਖੁਸ਼ ਚਿਹਰੇ ਤੋਂ ਲੱਗ ਰਿਹਾ ਸੀ ਜਿਵੇਂ ਆਪਣੀ ਨਵੀਂ ਦਿੱਖ ਦਾ ਅਨੰਦ ਉਹ ਖੂਬ ਮਾਣ ਰਿਹਾ ਹੋਵੇ। ਏਨੀ ਦੇਰ ਨੂੰ ਖਾਣਾ ਵੀ ਲੱਗ ਗਿਆ। ਸਮੇਤ ਪੁਲਿਸ ਪਾਰਟੀ ਅਤੇ ਸਾਡੇ ਮੇਜ਼ਬਾਨਾਂ ਦੇ, ਸਭ ਨੇ ਖਾਣੇ ਦਾ ਅਨੰਦ ਮਾਣਿਆ।

ਇੱਥੋਂ ਅਸੀਂ ਸਿੱਧੇ ਗੁਰਦੁਆਰਾ ਡੇਰਾ ਸਾਹਿਬ ਗਏ। ਗੁਰਦੁਆਰਾ ਡੇਰਾ ਸਾਹਿਬ ਉਹ ਸਥਾਨ ਹੈ, ਜਿੱਥੇ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਜੇਠ ਦੇ ਤਪਦੇ ਮਹੀਨੇ ਸਰੀਰ 'ਤੇ ਗਰਮ ਰੇਤ ਪਾ ਕੇ ਸ਼ਹੀਦ ਕੀਤਾ ਗਿਆ ਸੀ। ਇਤਿਹਾਸਕਾਰਾਂ ਅਨੁਸਾਰ 'ਤੁਜ਼ਕ-ਏ-ਜਹਾਂਗੀਰੀ' (ਜਹਾਂਗੀਰ ਦੀਆਂ ਯਾਦਾਂ) ਵਿਚ ਜਹਾਂਗੀਰ ਬਾਦਸ਼ਾਹ ਨੇ ਲਿਖਿਆ ਹੈ, "ਗੋਇੰਦਵਾਲ ਵਿਚ ਬਿਆਸ ਦਰਿਆ ਦੇ ਕੰਢੇ 'ਤੇ ਅਰਜਨ ਨਾਮ ਦਾ ਇਕ ਹਿੰਦੂ ਸੀ, ਸੰਤਗਿਰੀ ਅਤੇ ਪਾਵਨਤਾ ਦੇ ਭੇਸ ਵਿਚ, ਉਸ ਨੇ ਬਹੁਤ ਸਾਰੇ ਸਿੱਧੇ-ਸਾਦੇ ਹਿੰਦੂਆਂ, ਇਥੋਂ ਤੱਕ ਕਿ ਇਸਲਾਮ ਦੇ ਮੰਨਣ ਵਾਲੇ ਅਗਿਆਨੀ ਅਤੇ ਮੂਰਖਾਂ ਨੂੰ ਵੀ, ਆਪਣੇ ਤੌਰ-ਤਰੀਕਿਆਂ ਨਾਲ ਮੋਹ ਲਿਆ, ਤੇ ਉਨ੍ਹਾਂ ਨੇ ਉਸ ਦੀ ਪਾਵਨਤਾ ਦਾ ਢੋਲ ਵਜਾ ਦਿੱਤਾ। ਉਹ ਉਸ ਨੂੰ ਗੁਰੂ ਕਹਿੰਦੇ ਸੀ, ਅਤੇ ਸਾਰੇ ਪਾਸਿਆਂ ਤੋਂ ਮੂਰਖ ਲੋਕ ਉਸ ਦੇ ਦੁਆਲੇ ਇਕੱਠੇ ਹੁੰਦੇ ਸੀ, ਉਸ ਦੀ ਪੂਜਾ ਕਰਦੇ ਸੀ ਅਤੇ ਉਸ ਵਿਚ ਪੂਰਨ ਭਰੋਸਾ ਪਰਗਟ ਕਰਦੇ ਸੀ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ (ਅਧਿਆਤਮਕ ਜਾਂਨਸ਼ੀਨ) ਉਨ੍ਹਾਂ ਨੇ ਇਹ ਦੁਕਾਨ ਭਖਾਈ ਹੋਈ ਸੀ। ਕਈ ਵਾਰ ਮੈਨੂੰ ਇਹ ਖਿਆਲ ਆਇਆ ਸੀ ਕਿ ਮੈਂ ਇਸ ਮਾਮਲੇ ਨੂੰ ਰੋਕਾਂ ਜਾਂ ਉਸ ਨੂੰ ਇਸਲਾਮ ਦੇ ਲੋਕਾਂ ਦੀ ਸਭਾ ਵਿਚ ਲੈ ਆਵਾਂ। ਆਖਰ ਜਦੋਂ ਖੁਸਰੋ ਇਸ ਰਸਤੇ ਤੋਂ ਲੰਘਿਆ ਤਾਂ ਇਸ ਨਾਖਾਸ ਸ਼ਖਸ ਨੇ ਖੁਸਰੋ ਨੂੰ ਠਹਿਰਨ ਲਈ ਕਿਹਾ। ਖੁਸਰੋ ਉਸ ਦੇ ਸਥਾਨ 'ਤੇ ਠਹਿਰਿਆ ਅਤੇ ਇਹ ਬਾਹਰ ਆਇਆ ਤੇ ਖੁਸਰੋ ਨੂੰ ਸ਼ਰਧਾਂਜਲੀ ਦਿਤੀ। ਇਸ ਨੇ ਖੁਸਰੋ ਨਾਲ ਖਾਸ ਤਰ੍ਹਾਂ ਨਾਲ ਵਰਤਾਉ ਕੀਤਾ, ਉਸ ਦੇ ਮੱਥੇ ਤੇ ਕੇਸਰ ਦਾ ਨਿਸ਼ਾਨ ਲਾਇਆ, ਜਿਸ ਨੂੰ ਹਿੰਦੂ ਲੋਕ ਤਿਲਕ ਕਹਿੰਦੇ ਹਨ ਅਤੇ ਸ਼ੁਭ ਮੰਨਿਆ ਜਾਂਦਾ ਹੈ। ਜਦੋਂ ਇਹ ਗੱਲ ਮੇਰੇ ਕੰਨਾਂ ਤੱਕ ਪਹੁੰਚੀ, ਮੈਂ ਉਸ ਦੀ ਹਿਮਾਕਤ ਨੂੰ ਸਪੱਸ਼ਟ ਸਮਝ ਗਿਆ। ਮੈਂ ਹੁਕਮ ਦਿੱਤਾ ਕਿ ਉਸ ਨੂੰ, ਉਸ ਦੇ ਘਰ, ਰਹਿਣ ਦੀਆਂ ਥਾਂਵਾਂ ਅਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਨੂੰ ਸੌਂਪਿਆ ਜਾਵੇ ਅਤੇ ਉਸ ਦੀ ਜਾਇਦਾਦ ਕੁਰਕ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ।"

ਜੋ ਮੌਖਿਕ ਇਤਿਹਾਸ ਅਸੀਂ ਬਚਪਨ ਤੋਂ ਸੁਣਦੇ ਆਏ ਹਾਂ, ਉਸ ਵਿਚ ਜ਼ਿਆਦਾ ਜ਼ੋਰ ਚੰਦੂ ਦੀ ਸਾਜਿਸ਼ 'ਤੇ ਹੀ ਦਿੱਤਾ ਜਾਂਦਾ ਹੈ, ਪਰ ਇਤਿਹਾਸਕਾਰਾਂ ਅਨੁਸਾਰ ਜਹਾਂਗੀਰ ਨੇ 'ਤੁਜ਼ਕ-ਏ-ਜਹਾਂਗੀਰੀ' ਵਿਚ ਚੰਦੂ ਦਾ ਕੋਈ ਜ਼ਿਕਰ ਨਹੀਂ ਕੀਤਾ ਹੋਇਆ। ਸਾਈਂ ਮੀਆਂ ਮੀਰ ਨੇ ਦਖਲਅੰਦਾਜ਼ੀ ਕਰਨੀ ਚਾਹੀ ਸੀ, ਸ਼ਹਾਦਤ ਨੂੰ ਰੋਕਣ ਲਈ, ਪਰ ਪੰਚਮ ਪਾਤਿਸ਼ਾਹ ਨੇ ਸਾਈਂ ਜੀ ਨੂੰ ਅਜਿਹਾ ਕਰਨੋਂ ਰੋਕ ਦਿੱਤਾ। ਇਸ ਤਰ੍ਹਾਂ ਪੰਚਮ ਪਾਤਿਸ਼ਾਹ ਹਜ਼ੂਰ ਜੇਠ ਸੁਦੀ 4, ਸੰਮਤ 1663 (ਇੱਕ ਹਾੜ) ਅਰਥਾਤ 16 ਮਈ 1606 ਨੂੰ ਸ਼ਹੀਦੀ ਪਾ ਗਏ।



*ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਕੋਲ ਖੜ੍ਹੇ ਤਸਵੀਰ ਖਿਚਵਾਉਂਦੇ ਹੋਏ ਸਿਮਰ, ਜੋਤੀ ਅਤੇ ਵੱਕਾਰ ਗਿੱਲ*

ਗੁਰਦੁਆਰਾ ਡੇਰਾ ਸਾਹਿਬ ਦੀ ਕਾਰ ਸੇਵਾ ਚੱਲ ਰਹੀ ਸੀ, ਹੋਰ ਉਸਾਰੀ ਕੀਤੀ ਜਾ ਰਹੀ ਸੀ, ਜਿਸ ਕਰਕੇ ਅੰਦਰ ਜਾਣਾ ਸੰਭਵ ਨਹੀਂ ਸੀ। ਪਾਕਿਸਤਾਨ ਦੇ ਗੁਰਧਾਮਾਂ ਦੀ ਇੱਕ ਖਾਸ ਗੱਲ ਹੈ ਕਿ ਨਵੀਂ ਉਸਾਰੀ ਵੇਲੇ ਪੁਰਾਤਨ ਉਸਾਰੀ ਦਾ, ਜਿਵੇਂ ਕਾਰ ਸੇਵਾ ਵਾਲੇ ਬਾਬਿਆਂ ਵੱਲੋਂ ਭਾਰਤੀ ਗੁਰਦੁਆਰਿਆਂ ਵਿਚ ਕੀਤਾ ਜਾਂਦਾ ਹੈ, ਢਾਉਵਾੜਾ ਨਹੀਂ ਕੀਤਾ ਜਾਂਦਾ। ਨਵੀਂ ਉਸਾਰੀ ਪੁਰਾਣੀ ਦੇ ਆਲੇ-ਦੁਆਲੇ ਕੀਤੀ ਜਾਂਦੀ ਹੈ ਅਤੇ ਪੁਰਾਣੀਆਂ ਨਿਸ਼ਾਨੀਆਂ ਉਵੇਂ ਕਾਇਮ ਰੱਖੀਆਂ ਜਾਂਦੀਆਂ ਹਨ। ਇਹ ਤੱਥ ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ ਅਤੇ ਡੇਰਾ ਸਾਹਿਬ ਸਪੱਸ਼ਟ ਦੇਖਣ ਨੂੰ ਮਿਲਿਆ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਨਾਲ ਲਗਦੇ ਸ਼ਾਹੀ ਸਮਾਧਾਂ ਵਾਲੇ ਸਥਾਨ 'ਤੇ ਕੀਤਾ ਹੋਇਆ ਸੀ। ਗੁਰਦੁਆਰਾ ਡੇਰਾ ਸਾਹਿਬ ਦੇ ਨੇੜੇ ਹੀ ਲਾਹੌਰ ਦਾ ਕਿਲਾ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਹਜ਼ੂਰੀ ਬਾਗ, ਰੋਸ਼ਨੀ ਦਰਵਾਜਾ ਅਤੇ ਬਾਦਸ਼ਾਹੀ ਮਸਜਿਦ ਹੈ। ਸ਼ਾਹੀ ਸਮਾਧਾਂ ਵਾਲੀ ਇਸ ਇਮਾਰਤ ਦੀ ਉਸਾਰੀ 18ਵੀਂ ਸਦੀ ਵਿਚ ਹੋਈ ਮੰਨੀ ਜਾਂਦੀ ਹੈ, ਜੋ ਗੁਰਦੁਆਰਾ ਡੇਰਾ ਸਾਹਿਬ, ਸ਼ਾਹੀ ਮਸਜਿਦ ਅਤੇ ਸ਼ਾਹੀ ਕਿਲੇ ਦੇ ਨਾਲ ਲਗਦੀ ਹੈ। ਇਹ ਸਿੱਖ, ਹਿੰਦੂ ਅਤੇ ਇਸਲਾਮਿਕ ਇਮਾਰਤਸਾਜ਼ੀ ਦਾ ਸੁਮੇਲ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੈ ਅਤੇ ਨਾਲ ਹੀ ਇੱਕ ਤਰਫ ਮਹਾਰਾਜਾ ਰਣਜੀਤ ਸਿੰਘ ਦੇ ਹੋਣਹਾਰ ਪੋਤੇ, ਜਿਸ ਵਿਚ ਮਹਰਾਜਾ ਰਣਜੀਤ ਸਿੰਘ ਦਾ ਵਾਰਸ ਬਣਨ ਦੀਆਂ ਸੰਭਾਵਨਾਵਾਂ ਬਹੁਤ ਹੱਦ ਤੱਕ ਕਾਇਮ ਸਨ, ਕੰਵਰ ਨੌਨਿਹਾਲ ਸਿੰਘ ਦੀ ਸਮਾਧ ਤੇ ਮਹਾਰਾਜੇ ਦੇ ਪਰਿਵਾਰ ਦੇ ਹੋਰ ਜੀਆਂ ਦੀਆਂ ਵੀ ਸਮਾਧਾਂ ਹਨ।

ਇਸ ਇਮਾਰਤ ਨੂੰ ਅੰਦਰੋਂ-ਬਾਹਰੋਂ ਚੰਗੀ ਤਰ੍ਹਾਂ ਦੇਖਦਿਆਂ ਉਹ ਸਾਜਿਸ਼ਾਂ ਇੱਕ ਵਾਰ ਚੇਤਿਆਂ ਵਿਚ ਉਭਰ ਆਈਆਂ, ਜੋ ਸਿੱਖ ਰਾਜ ਨੂੰ ਖਤਮ ਕਰਨ ਲਈ ਧਿਆਨ ਸਿੰਘ ਡੋਗਰੇ ਅਤੇ ਉਸ ਦੀ ਲੂਣ-ਹਰਾਮ ਜੁੰਡਲੀ ਨੇ ਰਚੀਆਂ ਸਨ। ਗੁਰਦੁਆਰਾ ਡੇਰਾ ਸਾਹਿਬ ਵੱਲੋਂ ਜਦੋਂ ਸਮਾਧਾਂ ਵੱਲ ਚੜ੍ਹਾਈ ਚੜ੍ਹਦੇ ਹਾਂ ਤਾਂ ਖੱਬੇ ਹੱਥ ਉਹ ਇਮਾਰਤ ਹੈ, ਜਿਸ ਦੀ ਡਿਉੜੀ ਦਾ ਛੱਜਾ ਧਿਆਨ ਸਿੰਘ ਡੋਗਰੇ ਦੀ ਸਾਜਿਸ਼ ਨਾਲ ਕੰਵਰ ਨੌਨਿਹਾਲ ਸਿੰਘ 'ਤੇ ਅੰਦਰ ਵੜਨ ਵੇਲੇ ਗਿਰਾਇਆ ਗਿਆ ਸੀ ਅਤੇ ਕੰਵਰ ਨੂੰ ਮੌਤ ਦੇ ਮੂੰਹ ਵੱਲ ਧਕੇਲ ਦਿਤਾ ਸੀ; ਜਿਸ ਨਾਲ ਇੱਕ ਤਰ੍ਹਾਂ ਨਾਲ ਸਿੱਖ ਰਾਜ ਦੇ ਅੰਤ ਦੀ ਸੰਭਾਵਨਾ ਬਣ ਗਈ ਸੀ। ਬਾਕੀ ਜੋ ਵਾਪਰਿਆ ਉਹ ਇਤਿਹਾਸ ਦਾ ਹਿੱਸਾ ਬਣ ਕੇ ਰਹਿ ਗਿਆ ਹੈ।

ਇੱਥੋਂ ਅਸੀਂ ਸ਼ਾਹੀ ਕਿਲਾ ਦੇਖਣ ਵੱਲ ਤੁਰ ਪਏ। ਰਾਵੀ ਦਰਿਆ ਕਦੀ, ਗੁਰਦੁਆਰਾ ਡੇਰਾ ਸਾਹਿਬ ਸਮੇਤ ਸ਼ਾਹੀ ਕਿਲੇ ਦੇ, ਇਨ੍ਹਾਂ ਸਾਰੀਆਂ ਇਮਾਰਤਾਂ ਦੇ ਬਿਲਕੁਲ ਕੋਲੋਂ ਵਗਦਾ ਹੁੰਦਾ ਸੀ, ਪਰ ਹੌਲੀ ਹੌਲੀ ਇਸ ਦਾ ਰੁਖ ਬਦਲ ਗਿਆ। ਰਾਵੀ ਦਰਿਆ ਦੇ ਸ਼ਾਹੀ ਕਿਲੇ ਨਾਲੋਂ ਖਹਿ ਕੇ ਲੰਘਣ ਦਾ ਜ਼ਿਕਰ ਛੋਟੇ ਹੁੰਦਿਆਂ ਭਾਈ ਬਿਧੀ ਚੰਦ ਦੇ ਪ੍ਰਸੰਗ ਵਿਚ ਵੀ ਪੜ੍ਹਿਆ ਹੈ, ਜਦੋਂ ਉਸ ਨੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਦੋ ਘੋੜੇ ਵਾਰੀ ਵਾਰੀ ਸ਼ਾਹੀ ਕਿਲੇ ਵਿਚੋਂ ਕੱਢ ਕੇ ਲਿਆਂਦੇ ਸਨ।

ਲਾਹੌਰ ਕਿਲੇ ਵੱਲ ਜਦੋਂ ਅਸੀਂ ਆਪਣੀ ਗੱਡੀ ਵਿਚ ਉਪਰ ਜਾ ਰਹੇ ਸਾਂ ਤਾਂ ਰਸਤੇ ਵਿਚ ਹਰਕੇਸ਼ ਸਿੰਘ ਸਿੱਧੂ ਅਤੇ ਪੰਮੀ ਬਾਈ ਵੀ ਉਪਰ ਵੱਲ ਪੈਦਲ ਤੁਰਦੇ ਆ ਰਹੇ ਸਨ। ਆਮ ਤੌਰ 'ਤੇ ਪੈਦਲ ਹੀ ਉਤੇ ਜਾਣਾ ਪੈਂਦਾ ਹੈ, ਪਰ ਪੁਲਿਸ ਦੀ ਗੱਡੀ ਨਾਲ ਹੋਣ ਕਰਕੇ ਸਾਡੀ ਗੱਡੀ ਉਪਰ ਜਾ ਸਕਦੀ ਸੀ। ਜਦੋਂ ਕਿਲੇ ਅੰਦਰ ਜਾਣ ਲਈ ਅਸੀਂ ਗੱਡੀ ਰੋਕ ਕੇ ਉਤਰੇ ਤਾਂ ਸਾਡੇ ਨਾਲ ਸਬ-ਇੰਸਪੈਕਟਰ ਨੇ ਕਿਹਾ, "ਸਰਦਾਰ ਜੀ! ਪੰਮੀ ਬਾਈ ਤੁਰਿਆ ਆ ਰਿਹਾ ਸੀ। ਇੱਕ ਫੋਟੋ ਖਿਚਵਾ ਦਿਉ ਉਸ ਨਾਲ।" ਮੈਂ ਉਸ ਨੂੰ ਦੱਸਿਆ ਕਿ ਪੰਮੀ ਬਾਈ ਅਤੇ ਹਰਕੇਸ਼ ਸਿੰਘ ਸਿੱਧੂ ਮੈਨੂੰ ਜਾਣਦੇ ਹਨ; ਫੋਟੋ ਹੋ ਜਾਵੇਗੀ। ਪੰਮੀ ਬਾਈ ਦੇ ਪਿਤਾ ਜੀ ਸ. ਪ੍ਰਤਾਪ ਸਿੰਘ ਕਦੀ ਕਦੀ ਸਾਡੇ ਘਰ ਪਟਿਆਲੇ ਮੇਰੇ ਪਤੀ ਗੁਰਦਿਆਲ ਬੱਲ ਕੋਲ ਵਿਚਾਰ-ਚਰਚਾ ਲਈ ਆਉਂਦੇ ਹੁੰਦੇ ਸਨ ਅਤੇ ਪੰਮੀ ਬਾਈ ਉਨ੍ਹਾਂ ਨੂੰ ਸਾਡੇ ਵੱਲ ਛੱਡਣ ਆਉਂਦੇ ਰਹੇ ਸੀ। ਹਰਕੇਸ਼ ਸਿੰਘ ਸਿੱਧੂ ਸਾਡੇ ਧਰਮ-ਅਧਿਐਨ ਕੋਰਸ ਦੇ ਵਿਦਿਆਰਥੀ ਰਹੇ ਸਨ।

ਲਾਹੌਰ ਦਾ ਕਿਲਾ ਕਈ ਵਾਰ ਉਸਰਿਆ, ਢਹਿਆ ਅਤੇ ਮੁੜ ਬਣਿਆ। ਬਾਦਸ਼ਾਹ ਅਕਬਰ ਨੇ 1566 ਈਸਵੀ ਵਿਚ ਇਸ ਨੂੰ ਲਾਹੌਰ ਦੀ ਰਾਜਧਾਨੀ ਬਣਾਇਆ, ਇਸ ਦੀ ਵਰਤਮਾਨ ਦਿਖ ਕਾਇਮ ਕੀਤੀ। ਲਾਹੌਰ ਦਾ ਕਿਲਾ ਪੁਰਾਣੇ ਲਾਹੌਰ ਸ਼ਹਿਰ ਦੀ ਸ਼ਾਨ ਹੈ। ਜਹਾਂਗੀਰ ਨੇ 1618 ਈਸਵੀ

(ਬਾਕੀ ਅਗਲੇ ਸਫੇ 'ਤੇ)

# ਮੋਗੇ ਦਾ ਸਰਦਾਰ

## ਜਿਸ ਨੂੰ ਨੋਬੇਲ ਪੁਰਸਕਾਰ ਮਿਲਦਾ ਮਿਲਦਾ ਰਹਿ ਗਿਆ

**ਡਾ. ਨਰਿੰਦਰ ਸਿੰਘ ਕਪਾਨੀ ਸਾਇੰਸਦਾਨੀ ਹੀ ਨਹੀਂ, ਸਿਰੇ ਦਾ ਉਦਮੀ ਅਤੇ ਸਭਿਆਚਾਰਕ ਜਿਊੜਾ ਵੀ ਹੈ। ਉਸ ਨੂੰ ਫਾਈਬਰ ਔਪਟਿਕਸ ਦਾ ਪਿਤਾਮਾ ਕਿਹਾ ਜਾਂਦਾ ਹੈ। ਨੋਬੇਲ ਪੁਰਸਕਾਰ ਵਾਲਿਆਂ ਨੇ ਭਾਵੇਂ ਉਸ ਨੂੰ ਅਣਗੌਲਿਆ ਕੀਤਾ, ਪਰ ਉਸ ਦੀ ਦੇਣ ਨੂੰ ਭੁਲਾਇਆਂ ਵੀ ਨਹੀਂ ਭੁਲਾਇਆ ਜਾ ਸਕਦਾ। ਇਸ ਲੇਖ ਵਿਚ ਡਾ. ਕੁਲਦੀਪ ਸਿੰਘ ਧੀਰ ਨੇ ਵਿਸਥਾਰ ਸਹਿਤ ਚਰਚਾ ਕੀਤੀ ਹੈ। -ਸੰਪਾਦਕ**





ਡਾ. ਨਰਿੰਦਰ ਸਿੰਘ ਕਪਾਨੀ ਅਤੇ (ਸੱਜੇ) ਆਪਣੇ ਇਕ ਸਾਥੀ ਨਾਲ ਮਸ਼ਵਰੇ ਦੌਰਾਨ।

ਪੰਜਾਬ ਦੇ ਨਿੱਕੇ ਜਿਹੇ ਸ਼ਹਿਰ ਮੋਗੇ ਦਾ ਜੰਮਪਲ ਸਰਦਾਰ ਭੌਤਿਕ ਵਿਗਿਆਨ ਦੇ ਨੋਬੇਲ ਪੁਰਸਕਾਰ ਦਾ ਤਕੜਾ ਦਾਅਵੇਦਾਰ ਸੀ। ਉਸ ਦੇ ਨਾਂ ਦਾ ਜ਼ਿਕਰ ਕਈ ਵਾਰ ਤੁਰਿਆ ਅਤੇ ਉਸੇ ਦੇ ਸ਼ੁਰੂ ਕੀਤੇ ਖੇਤਰ ਵਿਚ ਹੀ ਨੋਬੇਲ ਪੁਰਸਕਾਰ ਦਿੱਤਾ ਗਿਆ ਪਰ ਉਸ ਨੂੰ ਨਹੀਂ, ਚਾਰਲਸ ਕੇ. ਕਾਓ ਨੂੰ। ਸ਼ਿਵਾਨੰਦ ਕਾਨਵੀ ਨਾਂ ਦੇ ਭੌਤਿਕ ਵਿਗਿਆਨੀ ਨੇ ਆਪਣੀ ਕਿਤਾਬ 'ਸੈਂਡ ਟੂ ਸਿਲੀਕਾਨ' ਵਿਚ ਇਸ ਬਾਰੇ ਤੱਥਾਂ ਅਤੇ ਦਲੀਲਾਂ ਆਸਰੇ ਵਿਸਥਾਰ ਸਹਿਤ ਵਿਗਿਆਨਕ ਚਰਚਾ ਕੀਤੀ ਹੈ। ਅੱਜ ਕੱਲ੍ਹ ਇਹ ਸਰਦਾਰ ਅਮਰੀਕੀ ਨਾਗਰਿਕ ਹੈ। ਉਹ ਸਿਰਫ ਕੁਰਸੀ ਉਤੇ ਬਹਿ ਕੇ ਪੜ੍ਹਾਉਣ ਵਾਲਾ ਪ੍ਰੋਫੈਸਰ ਨਹੀਂ ਸਗੋਂ ਆਪਣੀ ਖੋਜ ਨੂੰ ਵਿਹਾਰਕ ਤਕਨਾਲੋਜੀ ਦੇ ਖੇਤਰ ਵਿਚ ਉਤਾਰ ਕੇ ਭਾਂਤ-ਭਾਂਤ ਦੀਆਂ ਸਮੱਸਿਆਵਾਂ ਹੱਲ ਕਰਨੀਆਂ ਜਾਣਦਾ ਹੈ।

ਇਸ ਪੱਖੋਂ ਇੱਕ-ਦੋ ਜਾਂ ਪੰਜ-ਦਸ ਨਹੀਂ, ਇੱਕ ਸੌ ਤੋਂ ਵਧੇਰੇ ਪੇਟੈਂਟ ਉਸ ਦੀਆਂ ਕਾਢਾਂ ਦੇ ਉਸ ਕੋਲ ਹਨ। ਉਚਾ-ਲੰਮਾ, ਸਾਬਤ ਸੂਰਤ, ਦਾੜ੍ਹੀ ਪਗੜੀ ਵਾਲਾ, ਰੋਅਬ-ਦਾਬ ਵਾਲਾ ਇਹ ਸਰਦਾਰ ਉਦਯੋਗਪਤੀ ਵੀ ਹੈ, ਪ੍ਰੋਫੈਸਰ ਵੀ, ਖੋਜੀ ਵੀ, ਸਿੱਖ ਸਭਿਆਚਾਰ ਦੀ ਸੁਰੱਖਿਆ, ਪ੍ਰਚਾਰ ਤੇ ਪਸਾਰ ਲਈ ਲੱਖਾਂ ਡਾਲਰ ਖਰਚ ਕਰਨ ਵਾਲਾ ਦਾਨੀ ਵੀ। ਉਹ ਕਈ

ਡਾ. ਕੁਲਦੀਪ ਸਿੰਘ ਧੀਰ


ਯੂਨੀਵਰਸਿਟੀਆਂ ਦਾ ਵਿਜ਼ਿਟਿੰਗ ਸਕਾਲਰ ਤੇ ਕੰਸਲਟੈਂਟ ਹੈ। ਉਹ ਉਦਯੋਗਿਕ ਉਦਮੀ ਹੈ ਤੇ ਹੋਰਾਂ ਨੂੰ ਇਸ ਲਈ ਪ੍ਰੇਰਦਾ ਅਤੇ ਉਤਸ਼ਾਹਿਤ ਕਰਦਾ ਹੈ। ਵੱਡੀਆਂ-ਵੱਡੀਆਂ ਕੰਪਨੀਆਂ ਸਥਾਪਤ ਕਰਨਾ, ਪੱਕੇ ਪੈਰੀਂ ਖੜ੍ਹੀਆਂ ਕਰਨਾ, ਵੇਚਣਾ ਤੇ ਫਿਰ ਨਵੀਆਂ ਕੰਪਨੀਆਂ ਸਥਾਪਤ ਕਰ ਦੇਣਾ ਉਸ ਨੂੰ ਕਦੇ ਔਖਾ ਨਹੀਂ ਲੱਗਾ। ਇਸ ਅਨੋਖੀ ਤੇ ਬਹੁਮੁਖੀ ਪੰਜਾਬੀ ਪ੍ਰਤਿਭਾ ਬਾਰੇ ਬੜੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ।

ਇਹ ਸਰਦਾਰ ਡਾ. ਨਰਿੰਦਰ ਸਿੰਘ ਕਪਾਨੀ ਹੈ। ਮੂਲ ਰੂਪ ਵਿਚ ਉਹ ਭੌਤਿਕ ਵਿਗਿਆਨੀ ਹੈ। ਉਸ ਨੇ ਭੌਤਿਕ ਵਿਗਿਆਨ ਵਿਚ ਨਵੇਂ ਖੇਤਰ ਦੀ ਸ਼ੁਰੂਆਤ ਕੀਤੀ ਜਿਸ ਨੂੰ ਫਾਈਬਰ ਔਪਟਿਕਸ ਕਿਹਾ ਜਾਂਦਾ ਹੈ। ਉਸ ਨੂੰ ਇਸ ਖੇਤਰ ਦੇ ਪਿਤਾਮਾ (ਫਾਦਰ ਆਫ ਫਾਈਬਰ ਔਪਟਿਕਸ) ਦੇ ਵਿਸ਼ੇਸ਼ਣ ਨਾਲ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਹੈ। ਉਸ ਬਾਰੇ ਹੋਰ ਗੱਲਾਂ ਕਰਨ ਤੋਂ ਪਹਿਲਾਂ ਰਤਾ ਕੁ ਉਸ ਦੇ ਜੀਵਨ ਬਾਰੇ ਗੱਲ ਕਰਨੀ ਬਣਦੀ ਹੈ ਜਿਸ ਬਾਰੇ ਉਹ ਆਪ ਵੀ ਬਹੁਤੀ ਗੱਲ ਨਹੀਂ ਕਰਦਾ। ਉਸ ਦਾ ਜਨਮ ਮੋਗੇ ਵਿਚ 31 ਅਕਤੂਬਰ 1926 ਨੂੰ ਹੋਇਆ। ਮੁੱਢਲੇ ਕੁਝ ਵਰ੍ਹੇ ਮੋਗੇ ਵਿਚ ਗੁਜ਼ਾਰ ਕੇ ਉਹ ਦੇਹਰਾਦੂਨ ਚਲਾ ਗਿਆ। ਉਥੇ ਉਸ ਦੇ ਪਿਤਾ ਨੇ ਗੁਰੂ ਨਾਨਕ ਪ੍ਰਾਇਮਰੀ ਸਕੂਲ ਸ਼ੁਰੂ ਕੀਤਾ ਜੋ ਬਾਅਦ ਵਿਚ ਗੁਰੂ ਨਾਨਕ ਪਬਲਿਕ ਸਕੂਲ ਬਣਿਆ। ਇਸੇ ਨਾਮ ਨਾਲ ਬਾਅਦ ਵਿਚ ਦੋ ਕਾਲਜ ਬਣੇ। ਇੱਕ ਮੁੰਡਿਆਂ ਦਾ ਅਤੇ ਦੂਜਾ ਕੁੜੀਆਂ ਦਾ। ਉਸ ਦੇ ਪਿਤਾ ਨੇ ਬਿਨਾਂ ਕੋਈ ਪੈਸਾ ਲਏ ਇਨ੍ਹਾਂ ਸੰਸਥਾਵਾਂ ਦੀ ਸਥਾਪਨਾ ਤੇ ਪ੍ਰਬੰਧ ਚੁਰਾਨਵੇਂ ਸਾਲ ਦੀ ਉਮਰ ਤੱਕ ਕੀਤੇ। ਇੰਜ ਮਿਹਨਤ, ਉਦਮ, ਸੇਵਾ ਤੇ ਸਿੱਖ ਸਿਧਾਂਤਾਂ ਨਾਲ ਪ੍ਰਤੀਬੱਧਤਾ ਨਰਿੰਦਰ ਸਿੰਘ ਨੂੰ ਵਿਰਸੇ ਵਿਚ ਮਿਲੀ।

ਉਸ ਨੇ ਆਗਰਾ ਯੂਨੀਵਰਸਿਟੀ ਤੋਂ ਬੀ.ਐਸ.ਸੀ. ਕੀਤੀ। ਇਸ ਉਪਰੰਤ ਅਗਲੇਰੀ ਪੜ੍ਹਾਈ ਲਈ ਇੰਪੀਰੀਅਲ ਕਾਲਜ, ਲੰਡਨ ਚਲਾ ਗਿਆ। ਲੰਡਨ ਜਾਣ ਤੋਂ ਪਹਿਲਾਂ ਉਸ ਨੇ ਆਪਣੇ ਹੀ ਭਾਰਤ ਵਿਚ ਆਰਡੀਨੈਂਸ ਫੈਕਟਰੀ ਵਿਚ ਕੰਮ ਕੀਤਾ। ਇਹ ਕੰਮ ਤਕਨੀਕੀ ਕਿਸਮ ਦਾ ਸੀ ਅਤੇ ਇਸੇ ਵਿਚ ਅਗਲੇਰੀ ਖੋਜ ਲਈ ਉਹ ਲੰਡਨ ਗਿਆ। ਸਕੂਲ, ਕਾਲਜ ਅਤੇ ਨੌਕਰੀ ਦੇ ਇਸ ਸਾਰੇ ਸਮੇਂ ਦੌਰਾਨ ਉਸ ਦੇ ਦਿਮਾਗ ਵਿਚ ਇਹ ਗੱਲ ਵਾਰ-ਵਾਰ ਆਉਂਦੀ ਕਿ ਸਿੱਧੀ ਲਕੀਰ ਵਿਚ ਤੁਰਦੀ ਰੌਸ਼ਨੀ ਦਾ ਰਾਹ ਮੋੜ ਕੇ ਇਸ ਨੂੰ ਦੂਰ ਤੱਕ ਵਿੰਗੇ-ਟੇਢੇ ਰਾਹਾਂ ਉਤੇ ਨਹੀਂ ਤੋਰਿਆ ਜਾ ਸਕਦਾ? ਇੰਜ ਕਰ ਕੇ ਸ਼ੀਸ਼ੇ ਦੀਆਂ ਵਿੰਗੀਆਂ-ਟੇਢੀਆਂ ਲੰਮੀਆਂ ਟਿਊਬਾਂ ਵਿਚ ਇੱਕ ਸਿਰੇ ਤੋਂ ਭੇਜੇ ਰੌਸ਼ਨੀ ਦੇ ਸਿਗਨਲ ਦੂਜੇ ਸਿਰੇ ਉਤੇ ਮਿਲ ਸਕਦੇ ਹਨ। ਇਸ ਨਾਲ ਕਈ ਕੰਮ ਹੋ ਸਕਦੇ ਹਨ। ਮਨੁੱਖੀ ਸਰੀਰ ਅੰਦਰਲੇ ਕਿਸੇ ਹਿੱਸੇ ਦੀ ਤਸਵੀਰ ਮਿਲ ਸਕਦੀ ਹੈ। ਇਸ ਬਾਰੇ ਉਹ ਭਾਂਤ-ਭਾਤ ਦੀਆਂ ਸ਼ੀਸ਼ੇ ਦੀਆਂ ਟਿਊਬਾਂ ਨੂੰ ਅੰਦਰੋਂ ਪਾਲਿਸ਼ ਕਰ ਕੇ ਵਰਤਦਾ। ਇਸ ਨਾਲ ਪੂਰਨ ਅੰਦਰੂਨੀ ਪਰਾਵਰਤਨ (ਟੋਟਲ ਇੰਟਰਨਲ ਰਿਫਲੈਕਸ਼ਨ) ਦੀ ਵਰਤੋਂ ਕਰ ਕੇ ਅੱਗੇ ਤੁਰਿਆ।

ਇਸ ਦੌਰਾਨ ਉਹ ਰੌਸ਼ਨੀ ਦੇ ਮੂਲ ਸਿਗਨਲ ਵਿਚ ਆਈ ਕਮਜ਼ੋਰੀ ਨੂੰ ਖਤਮ ਕਰਨ ਦੇ ਨਵੇਂ-ਨਵੇਂ ਤਰੀਕੇ ਲੱਭਦਾ ਰਿਹਾ। ਇਹ ਕਾਰਜ ਨਿਰਾ ਸਿਧਾਂਤਕ ਨਹੀਂ, ਸਗੋਂ ਵਿਹਾਰਕ ਅਤੇ ਤਕਨੀਕੀ ਵੀ ਸੀ। ਲੰਡਨ ਵਿਚ ਵੀ ਉਸ ਨੇ ਇਹ ਕਾਰਜ ਜਾਰੀ ਰੱਖਿਆ। ਇੰਪੀਰੀਅਲ ਕਾਲਜ ਵਿਚ ਪੜ੍ਹਾਈ ਖਤਮ ਹੋਣ ਉਤੇ ਉਸ ਨੂੰ ਆਪਣੇ ਮਨਭਾਉਂਦੇ ਖੇਤਰ ਵਿਚ ਖੋਜ ਲਈ ਰਾਇਲ ਸੁਸਾਇਟੀ ਆਫ ਇੰਜਨੀਅਰਿੰਗ ਨੇ ਵਜ਼ੀਫਾ ਦੇ ਦਿੱਤਾ। ਉਸ ਨੇ 18 ਮਹੀਨੇ ਖੋਜ ਕੀਤੀ। ਕਈ ਖੋਜ ਪੱਤਰ ਲਿਖੇ। ਉਸ ਨੂੰ ਇਸ ਖੇਤਰ ਵਿਚ ਕਾਫੀ ਸਫਲਤਾ ਮਿਲੀ। ਉਸ ਨੇ ਆਪਣੇ ਖੋਜ ਪੱਤਰ ਅਤੇ ਕੰਮ ਦੀ ਰਿਪੋਰਟ ਆਪਣੇ ਖੋਜ ਨਿਗਰਾਨ ਨੂੰ ਦਿੱਤੀ ਅਤੇ ਦੱਸਿਆ, "ਹੁਣ ਮੈਂ ਆਪਣੇ ਦੇਸ਼ ਪਰਤ ਕੇ ਕੰਮ ਸ਼ੁਰੂ ਕਰਨਾ ਚਾਹੁੰਦਾ ਹਾਂ। ਮੈਂ ਇਨ੍ਹਾਂ ਸਿਧਾਂਤਾਂ ਦੀ ਵਿਹਾਰਕ ਵਰਤੋਂ ਕਰਾਂਗਾ।"

ਨਰਿੰਦਰ ਸਿੰਘ ਕਪਾਨੀ ਦੇ ਨਿਗਰਾਨ ਪ੍ਰੋਫੈਸਰ ਨੇ ਕਿਹਾ, "ਕੰਮ ਤੂੰ ਬਾਅਦ ਵਿਚ ਸ਼ੁਰੂ ਕਰੀਂ, ਤੇਰਾ ਖੋਜ ਕਾਰਜ ਠੀਕ ਲੀਹ ਉਤੇ ਤੁਰ ਰਿਹਾ ਹੈ। ਤੂੰ ਡਾਕਟਰੇਟ ਦੀ ਡਿਗਰੀ ਲੈ ਕੇ ਜਾ।" ਕਪਾਨੀ ਹੱਸ ਪਿਆ। ਉਸ ਦਾ ਮੰਨਣਾ ਹੈ ਕਿ ਪ੍ਰੋਫੈਸਰ ਤੇ ਡਾਕਟਰ ਅਕਸਰ ਹੀ ਉਦਯੋਗਿਕ ਉਦਮੀ ਬਣਨ ਤੋਂ ਕਤਰਾਉਂਦੇ ਹਨ ਅਤੇ ਆਰਾਮਪ੍ਰਸਤ ਹੋ ਜਾਂਦੇ ਹਨ ਪਰ ਉਸ ਦਾ ਨਿਗਰਾਨ ਪਿੱਛੇ ਪੈ ਗਿਆ। ਉਸ ਨੇ ਲੰਡਨ ਯੂਨੀਵਰਸਿਟੀ ਦੀ ਸੈਨੇਟ ਤੋਂ ਇਜਾਜ਼ਤ ਲਈ ਅਤੇ ਕਪਾਨੀ ਨੂੰ ਥੀਸਿਜ਼ ਲਿਖਣਾ ਸ਼ੁਰੂ ਕਰਨ ਲਈ ਕਿਹਾ। ਕਪਾਨੀ ਨੇ ਬਿਨਾਂ ਕਿਸੇ ਢਿੱਲ ਦੇ ਥੀਸਿਜ਼ ਪੂਰਾ ਕੀਤਾ ਅਤੇ 1955 ਵਿਚ ਉਹ ਡਾਕਟਰ ਬਣ ਗਿਆ।



ਫਾਈਬਰ ਔਪਟਿਕਸ ਦਾ ਨਜ਼ਾਰਾ।

ਵਿਗਿਆਨੀ ਵਜੋਂ ਉਸ ਦਾ ਪਹਿਲਾ ਖੋਜ ਪੱਤਰ 'ਨੇਚਰ ਜਨਰਲ' ਵਿਚ ਡਾਕਟਰੇਟ ਤੋਂ ਪਹਿਲਾਂ ਹੀ 1954 ਵਿਚ ਪ੍ਰਕਾਸ਼ਿਤ ਹੋ ਗਿਆ ਸੀ। ਇਸ ਦੀ ਮੂਲ ਧਾਰਨਾ ਸੀ ਕਿ ਸ਼ੀਸ਼ੇ ਦੇ ਮੁੜੇ ਹੋਏ ਰੇਸ਼ਿਆਂ ਵਿਚੋਂ ਰੌਸ਼ਨੀ ਦੂਰ ਤੱਕ ਲੰਘਾਉਣੀ ਸੰਭਵ ਹੈ। ਇਸੇ ਵਿਸ਼ੇ ਉਤੇ ਉਸ ਦਾ ਸਿਧਾਂਤਕ ਖੋਜ ਪੱਤਰ 'ਸਾਇੰਟਿਫਿਕ ਅਮੈਰੀਕਨ' ਵਿਚ 1960 ਵਿਚ ਛਪਿਆ। ਇਸ ਵਿਚ ਉਸ ਨੇ ਫਾਈਬਰ ਔਪਟਿਕਸ ਦਾ ਸੰਕਲਪ ਸਮਝਾਇਆ। ਇਹ ਨਵੇਂ ਵਿਗਿਆਨ ਦਾ ਜਨਮ ਸੀ। ਸੰਕਲਪਿਤ ਵਿਗਿਆਨ ਦੇ ਵਿਕਾਸ ਦੇ ਸਿਧਾਂਤ/ਵਿਹਾਰ ਨਾਲ ਸਬੰਧਿਤ ਕਪਾਨੀ ਨੇ ਤਕਰੀਬਨ 150 ਖੋਜ ਪੱਤਰ ਲਿਖੇ ਹਨ। ਉਸ ਨੂੰ ਇਸ ਵਿਗਿਆਨ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਸ ਦੇ 1954 ਤੋਂ 1960 ਦੇ ਖੋਜ ਪੱਤਰ ਅੱਜ ਇਸ ਵਿਗਿਆਨ ਦੇ ਨਵੇਂ ਖੋਜਾਰਥੀਆਂ ਲਈ ਮੂਲ ਹਵਾਲਾ ਬਿੰਦੂ ਹਨ। ਕਪਾਨੀ ਨੇ ਔਪਟੋ-ਇਲੈਕਟ੍ਰਾਨਿਕਸ ਦੇ ਖੇਤਰ ਵਿਚ ਵੀ ਕੰਮ ਕੀਤਾ ਅਤੇ ਉਦਯੋਗਿਕ ਉਦਮੀ ਵਜੋਂ ਵੀ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਔਪਟੋ-ਇਲੈਕਟ੍ਰਾਨਿਕਸ ਅਤੇ ਉਦਯੋਗਿਕ ਉਦਮਾਂ ਸਬੰਧੀ ਉਸ ਨੇ ਕਈ ਕਿਤਾਬਾਂ ਲਿਖੀਆਂ ਤੇ ਲੈਕਚਰ ਦਿੱਤੇ।

ਡਾਕਟਰੇਟ ਮੁਕੰਮਲ ਕਰਨ ਤੋਂ ਬਾਅਦ ਨਰਿੰਦਰ ਸਿੰਘ ਕਪਾਨੀ ਨੇ ਇਟਲੀ ਵਿਚ ਫਲੋਰੈਂਸ ਵਿਖੇ ਹੋਈ ਫਾਈਬਰ ਔਪਟਿਕਸ ਕਾਨਫਰੰਸ ਵਿਚ ਪੇਪਰ ਪੜ੍ਹਿਆ ਤਾਂ ਅਮਰੀਕਾ ਦੀ ਰੋਚੈਸਟਰ ਯੂਨੀਵਰਸਿਟੀ ਦੇ ਇਕ ਪ੍ਰੋਫੈਸਰ ਨੇ ਉਸ ਨੂੰ ਭਾਰਤ ਪਰਤਣ ਦੀ ਥਾਂ ਅਮਰੀਕਾ ਦੀ ਰੋਚੈਸਟਰ ਯੂਨੀਵਰਸਿਟੀ ਵਿਚ ਪੜ੍ਹਾਉਣ ਲਈ ਮਨਾ ਲਿਆ। 1954 ਵਿਚ ਉਸ ਦਾ ਸਤਿੰਦਰ ਕੌਰ ਨਾਲ ਵਿਆਹ ਵੀ ਹੋ ਗਿਆ ਸੀ। ਉਹ ਪਤਨੀ ਸਮੇਤ ਅਮਰੀਕਾ ਜਾ ਪੁੱਜਾ। ਉਸ ਨੇ ਪਹਿਲਾਂ ਰੋਚੈਸਟਰ ਯੂਨੀਵਰਸਿਟੀ ਅਤੇ ਫਿਰ ਇਲੀਨਾਏ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਪੜ੍ਹਾਇਆ। ਉਹ ਸਟੈਂਫਰਡ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਦਾ ਵਿਜ਼ਿਟਿੰਗ ਸਕਾਲਰ ਲੱਗਾ। ਇਸੇ ਯੂਨੀਵਰਸਿਟੀ ਦੇ ਇਲੈਕਟਰੀਕਲ ਇੰਜਨੀਅਰਿੰਗ ਵਿਭਾਗ ਦੀ ਕਨਸਲਟੈਂਟ ਪ੍ਰੋਫੈਸਰੀ ਕੀਤੀ। ਯੂਨੀਵਰਸਿਟੀ ਆਫ ਕੈਲੀਫੋਰਨੀਆ ਬਰਕਲੇ ਵਿਚ ਰੀਜੈਂਟਸ ਪ੍ਰੋਫੈਸਰ ਲੱਗਿਆ। ਯੂਨੀਵਰਸਿਟੀ ਆਫ ਕੈਲੀਫੋਰਨੀਆ ਸੈਂਟਾ ਕਰੂਜ਼ ਵਿਚ ਸੱਤ ਸਾਲ ਇਨੋਵੇਸ਼ਨ ਐਂਡ ਐਂਟਰਪਰੀਨੀਅਰਸ਼ਿਪ ਸੈਂਟਰ ਦਾ ਡਾਇਰੈਕਟਰ ਰਿਹਾ। ਇਸ ਯੂਨੀਵਰਸਿਟੀ ਵਿਚ ਉਸ ਨੇ ਔਪਟੋ- ਇਲੈਕਟ੍ਰਾਨਿਕਸ ਦੀ ਚੇਅਰ ਸਥਾਪਤ ਕਰਵਾਈ। ਸੈਂਟਾ ਬਾਰਬਰਾ ਦੀ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਉਸ ਨੇ ਸਿੱਖ ਸਟੱਡੀਜ਼ ਲਈ ਚੇਅਰ ਸਥਾਪਤ ਕਰਵਾਈ। ਸਿੱਖ ਵਿਰਸੇ ਦੀ ਸੰਭਾਲ ਲਈ ਉਸ ਨੇ ਸਾਂ ਫਰਾਂਸਿਸਕੋ ਦੇ ਏਸ਼ੀਅਨ ਆਰਟ ਮਿਊਜ਼ੀਅਮ ਨੂੰ 1999 ਵਿਚ ਪੰਜ ਲੱਖ ਡਾਲਰ ਦਿੱਤੇ। ਇਹੀ ਨਹੀਂ, ਉਸ ਨੇ ਸਾਰੀ ਉਮਰ ਦੀ ਮਿਹਨਤ ਨਾਲ ਆਪਣੇ ਤੇ ਆਪਣੇ ਪਰਿਵਾਰ ਵਲੋਂ ਇਕੱਤਰ ਸਿੱਖ ਵਿਰਸੇ ਦੀਆਂ ਯਾਦਗਾਰਾਂ ਵੀ ਭੇਟ ਕੀਤੀਆਂ।

ਉਦਯੋਗਿਕ ਉਦਮੀ ਵਜੋਂ ਕਪਾਨੀ ਦੀ ਹਿੰਮਤ ਅਤੇ ਪ੍ਰਾਪਤੀਆਂ ਦੀ ਗੱਲ ਕਰੀਏ ਤਾਂ 1960 ਵਿਚ ਉਸ ਨੇ ਔਪਟਿਕਸ ਟੈਕਨਾਲੋਜੀ ਇਨਕਾਰਪੋਰੇਟਿਡ ਸਥਾਪਤ ਕੀਤੀ। ਬਾਰਾਂ ਸਾਲ ਖੂਬ ਚਲਾਈ ਅਤੇ ਫਿਰ ਵੇਚ ਦਿੱਤੀ। 1973 ਵਿਚ ਕੈਪਟਰਾਨ ਇਨਕਾਰਪੋਰੇਟਿਡ ਸਥਾਪਤ ਕੀਤੀ। 1990 ਤੱਕ ਇਸ ਦਾ ਕਰਤਾ-ਧਰਤਾ ਰਿਹਾ ਅਤੇ ਫਿਰ ਵੇਚ ਦਿੱਤੀ। 1999 ਵਿਚ 'ਫਾਰਚੂਨ' ਮੈਗਜ਼ੀਨ ਨੇ ਬੀਤੀ ਸਦੀ ਦੇ ਸੱਤ ਮਹਾਂਨਾਇਕ ਉਦਯੋਗਪਤੀਆਂ ਵਿਚ ਉਸ ਦਾ ਜ਼ਿਕਰ ਕੀਤਾ। ਪੈਨ ਏਸ਼ੀਅਨ ਅਮੈਰੀਕਨ ਚੈਂਬਰ ਆਫ ਕਾਮਰਸ ਨੇ ਉਸ ਨੂੰ 1998 ਵਿਚ ਐਕਸੀਲੈਂਸ ਐਵਾਰਡ ਦਿੱਤਾ। ਕਪਾਨੀ ਨੂੰ 2004 ਵਿਚ ਭਾਰਤ ਸਰਕਾਰ ਵਲੋਂ ਪਰਵਾਸੀ ਭਾਰਤੀ ਸਨਮਾਨ ਦਿੱਤਾ ਗਿਆ। ਉਹ ਬ੍ਰਿਟਿਸ਼ ਰਾਇਲ ਅਕੈਡਮੀ ਆਫ ਇੰਜਨੀਅਰਿੰਗ, ਔਪਟੀਕਲ ਸੁਸਾਇਟੀ ਆਫ ਅਮੈਰਿਕਾ, ਅਮੈਰੀਕਨ ਐਸੋਸੀਏਸ਼ਨ ਫਾਰ ਐਡਵਾਂਸਮੈਂਟ ਆਫ ਸਾਇੰਸ ਜਿਹੀਆਂ ਕਈ ਸੁਸਾਇਟੀਆਂ ਤੇ ਸੰਸਥਾਵਾਂ ਦਾ ਫੈਲੋ ਹੈ।

ਕਪਾਨੀ ਦਾ ਬੇਟਾ ਰਾਜਿੰਦਰ ਸਿੰਘ ਤਕਨਾਲੋਜੀ ਦੇ ਖੇਤਰ ਵਿਚ ਉਚੇ ਅਹੁਦੇ 'ਤੇ ਹੈ। ਉਸ ਦੀ ਬੇਟੀ ਕਿਰਨ ਕੌਰ ਵਕਾਲਤ ਦੀ ਪੜ੍ਹਾਈ ਕਰਨ ਉਪਰੰਤ ਅਟਾਰਨੀ ਅਤੇ ਫਿਲਮਸਾਜ਼ ਵਜੋਂ ਸਰਗਰਮ ਹੈ। ਉਸ ਦੀ ਅਗਲੇਰੀ ਪੀੜ੍ਹੀ ਦੇ ਚਾਰੇ ਬੱਚੇ ਯੂਨੀਵਰਸਿਟੀਆਂ ਵਿਚ ਉਚੀ ਸਿੱਖਿਆ ਲਈ ਸਰਗਰਮ ਹਨ। ਅੱਜ ਵੀ ਕਪਾਨੀ ਵਿਚ ਜਵਾਨਾਂ ਵਾਲਾ ਦਮ-ਖਮ ਹੈ।

# ਜਿਨ੍ਹਾਂ ਲਾਹੌਰ ਨਹੀਂ ਵੇਖਿਆ

(ਪਿਛਲੇ ਸਫੇ ਦੀ ਬਾਕੀ)

ਵਿਚ ਕਿਲੇ ਵਿਚ ਕੁਝ ਤਬਦੀਲੀਆਂ ਕੀਤੀਆਂ। ਇਸ ਵਿਚ ਮੁਗਲ ਬਾਦਸ਼ਾਹਾਂ ਅਕਬਰ, ਜਹਾਂਗੀਰ, ਸ਼ਾਹਜਹਾਨ ਅਤੇ ਔਰੰਗਜ਼ੇਬ ਦੇ ਬਣਾਏ ਹੋਏ ਕੁਝ ਸ਼ਾਹੀ ਮਹਿਲ, ਹਾਲ ਅਤੇ ਬਾਗ ਹਨ। ਪੱਛਮ ਵਾਲੇ ਪਾਸਿਉਂ 1674 ਵਿਚ ਔਰੰਗਜ਼ੇਬ ਵੱਲੋਂ ਬਣਾਏ ਜਬਰਦਸਤ ਆਲਮਗੀਰੀ ਦਰਵਾਜੇ, ਜੋ ਉਸ ਨੇ ਨਿਜੀ ਸ਼ਾਹੀ ਮਹਿਲਾਂ ਵਿਚ ਜਾਣ ਲਈ ਬਣਾਇਆ ਸੀ, ਤੋਂ ਕਿਲੇ ਵਿਚ ਦਾਖਲ ਹੋਇਆ ਜਾਂਦਾ ਹੈ। ਇਹ ਏਨਾ ਵੱਡਾ ਸੀ ਕਿ ਇਸ ਵਿਚੋਂ ਇਕੋ ਵੇਲੇ ਕਈ ਹਾਥੀ ਇਕੱਠੇ ਸ਼ਾਹੀ ਪਰਿਵਾਰਾਂ ਨੂੰ ਲੈ ਕੇ ਦਾਖਲ ਹੋ ਸਕਦੇ ਸਨ।

1644 ਵਿਚ ਸ਼ਾਹਜਹਾਨ ਨੇ ਔਰਤਾਂ ਦੀ ਇਬਾਦਤ ਵਾਸਤੇ ਛੋਟੀ ਮੋਤੀ ਮਸਜਿਦ ਬਣਾਈ। 1631 ਵਿਚ ਸ਼ਾਹਜਹਾਨ ਨੇ ਦੀਵਾਨ-ਏ-ਆਮ ਬਣਾਇਆ ਅਤੇ ਉਪਰਲੀ ਬਾਲਕੋਨੀ ਅਕਬਰ ਨੇ ਬਣਾਈ ਸੀ। ਇਥੇ ਖਵਾਬਗਾਹ, ਜੋ ਜਹਾਂਗੀਰ ਦਾ ਸੌਣ ਦਾ ਕਮਰਾ ਸੀ, ਉਸ ਨੂੰ ਮੁਗਲ ਕਾਲ ਦੀਆਂ ਪੁਰਾਤਨ ਵਸਤਾਂ ਦਾ ਮਿਊਜ਼ੀਅਮ ਬਣਾਇਆ ਹੋਇਆ ਹੈ। ਪੱਛਮ ਵਾਲੇ ਪਾਸੇ ਸ਼ਾਹਜਹਾਨ ਨੇ ਮਹਿਮਾਨਾਂ ਨੂੰ ਮਿਲਣ ਲਈ ਦੀਵਾਨ-ਏ-ਖਾਸ ਬਣਾਇਆ ਅਤੇ 1631 ਈਸਵੀ ਵਿਚ ਉਸ ਨੇ ਸ਼ੀਸ਼ ਮਹਿਲ ਬਣਾਇਆ ਸੀ। ਸਿੱਖ ਰਾਜ ਵੇਲੇ ਇਸ ਦੀਆਂ ਕੰਧਾਂ ਮੁੜ ਬਣਾਈਆਂ ਗਈਆਂ ਸਨ। ਸੰਗਮਰਮਰ ਦਾ ਬਣਿਆ ਨੌ-ਲੱਖਾ ਮਹਿਲ ਵੀ ਪੱਛਮ ਵਾਲੇ ਪਾਸੇ 1631 ਈਸਵੀ ਵਿਚ ਬਣਿਆ, ਜਿੱਥੋਂ ਤੁਸੀਂ ਕਿਲੇ ਵਿਚੋਂ ਹਾਥੀ ਰਾਹ ਤੇ ਸ਼ਾਹ ਬੁਰਜ ਗੇਟ ਰਾਹੀਂ ਬਾਹਰ ਆ ਜਾਂਦੇ ਹੋ। ਕਿਲੇ ਵਿਚ ਆਰਮਰ ਗੈਲਰੀ ਹੈ, ਜਿਸ ਵਿਚ ਭਿੰਨ ਭਿੰਨ ਕਿਸਮ ਦੇ ਵੱਖ ਵੱਖ ਸਮਿਆਂ ਨਾਲ ਸਬੰਧਤ ਪਿਸਤੌਲ, ਤਲਵਾਰਾਂ ਅਤੇ ਇਸ ਤਰ੍ਹਾਂ ਦੇ ਹੋਰ ਹਥਿਆਰ ਰੱਖੇ ਹੋਏ ਹਨ; ਸਿੱਖ ਗੈਲਰੀ ਜਿਸ ਵਿਚ ਦੁਰਲੱਭ ਤੇਲ-ਚਿੱਤਰ ਰੱਖੇ ਹੋਏ ਹਨ ਅਤੇ ਮੁਗਲ ਗੈਲਰੀ ਵਿਚ ਪੁਰਾਣੇ ਹੱਥ ਲਿਖਤ ਦਸਤਾਵੇਜ਼, ਸੁਲੇਖ, ਲਘੂ ਚਿੱਤਰ ਤੇ ਹਾਥੀ ਦੰਦ ਦੀਆਂ ਵਸਤਾਂ ਰੱਖੀਆਂ ਹੋਈਆਂ ਹਨ।

ਕਿਲੇ ਵਿਚ ਇੱਕ ਥਾਂ ਹੱਥ ਵਿਚ ਬਰਛੇ ਲਈ ਵੱਖੋ ਵੱਖਰੀ ਵੇਸ-ਭੂਸ਼ਾ ਵਿਚ ਸੰਤਰੀ ਨੁਮਾ ਦੋ ਸ਼ਖਸ ਖੜ੍ਹੇ ਰਹਿੰਦੇ ਹਨ, ਜੋ ਦੇਖਣ ਆਏ ਸੈਲਾਨੀਆਂ ਨਾਲ ਫੋਟੋ ਵੀ ਖਿਚਾਉਂਦੇ ਹਨ। ਅਸੀਂ ਵੀ ਉਨ੍ਹਾਂ ਨਾਲ ਵੱਖ ਵੱਖ ਅਤੇ ਇਕੱਠਿਆਂ ਫੋਟੋਆਂ ਖਿਚਾਈਆਂ। ਸਿਮਰ, ਜੋਤੀ ਅਤੇ ਵੱਕਾਰ ਗਿੱਲ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਕੋਲ ਖੜ੍ਹੇ ਹੋ ਕੇ ਤਸਵੀਰ ਖਿਚਾਈ। ਜਦੋਂ ਅਸੀਂ ਕਿਲਾ ਘੁੰਮ ਕੇ ਬਾਹਰ ਵੱਲ ਨੂੰ ਆਉਣ ਲੱਗੇ ਤਾਂ ਸਾਨੂੰ ਹਰਕੇਸ਼ ਸਿੰਘ ਸਿੱਧੂ ਅਤੇ ਪੰਮੀ ਬਾਈ ਬੜੇ ਤਪਾਕ ਨਾਲ ਮਿਲੇ। ਮੈਂ ਗਿੱਲ ਪਰਿਵਾਰ ਅਤੇ ਆਪਣੇ ਮੇਜ਼ਬਾਨਾਂ ਨਾਲ ਤੁਆਰਫ ਕਰਾਇਆ ਅਤੇ ਨਾਲ ਹੀ ਪੰਮੀ ਬਾਈ ਨੂੰ ਦੱਸਿਆ ਕਿ ਸਾਡੇ ਨਾਲ ਪੁਲਿਸ ਪਾਰਟੀ ਉਨ੍ਹਾਂ ਦੇ ਗੀਤਾਂ ਦੀ ਬਹੁਤ ਪ੍ਰਸ਼ੰਸਕ ਹੈ ਅਤੇ ਫੋਟੋ ਖਿਚਾਉਣਾ ਚਾਹੁੰਦੀ। ਉਹ ਇੱਕ ਦਮ ਹੱਸ ਕੇ ਬੋਲੇ ਕਿ ਪਾਕਿਸਤਾਨ ਵਿਚ ਉਨ੍ਹਾਂ ਦੇ ਬਹੁਤ ਫੈਨ ਹਨ ਅਤੇ ਨਾਲ ਹੀ ਉਨ੍ਹਾਂ ਨੇ ਪੁਲਿਸ ਪਾਰਟੀ ਦੀ ਫੋਟੋ ਖਿਚਾਉਣ ਦੀ ਇੱਛਾ ਪੂਰੀ ਕਰ ਦਿੱਤੀ।

(ਚਲਦਾ)

# ਬਾਜ਼ੀਗਰ ਔਰਤਾਂ ਦਾ ਗਿੱਧਾ

**ਪੰਜਾਬ ਦੇ ਵਿਆਹਾਂ ਮੌਕੇ ਬਾਜ਼ੀਗਰ ਔਰਤਾਂ ਦੇ ਗਿੱਧੇ ਵਾਲੇ ਦ੍ਰਿਸ਼ ਚਿਰੋਕਣੇ ਖਤਮ ਹੋ ਚੁਕੇ ਹਨ। ਮੈਰਿਜ ਪੈਲੇਸ ਕਲਚਰ ਨੇ ਅਜਿਹੇ ਨਿਵੇਕਲੇ ਅਤੇ ਜਾਨਦਾਰ ਦ੍ਰਿਸ਼ ਹੜੱਪ ਹੀ ਲਏ ਹਨ। ਪਿੰਡ ਬਾਦਲ (ਜ਼ਿਲਾ ਸ੍ਰੀ ਮੁਕਤਸਰ ਸਾਹਿਬ) ਦੇ ਦਸਮੇਸ਼ ਗਰਲਜ਼ ਕਾਲਜ ਵਿਚ ਪੰਜਾਬੀ ਦੀ ਪ੍ਰੋਫੈਸਰ ਸੰਦੀਪ ਕੌਰ ਨੇ ਇਸ ਗਿੱਧੇ ਬਾਰੇ ਕੁਝ ਖਾਸ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। ਇਸ ਵਿਚ ਬਦਲਦੇ ਪੰਜਾਬ ਦੀ ਨੁਹਾਰ ਦੀਆਂ ਝਾਕੀਆਂ ਵੀ ਦੇਖੀਆਂ ਜਾ ਸਕਦੀਆਂ ਹਨ। -ਸੰਪਾਦਕ**

ਮਨੋਰੰਜਨ ਮਨੁੱਖ ਦੀ ਰੂਹ ਦੀ ਖੁਰਾਕ ਹੈ। ਇਹ ਸਰੀਰਕ ਸਿਹਤਯਾਬੀ ਅਤੇ ਜਗਿਆਸਾ ਦਾ ਆਧਾਰ ਬਣਦਾ ਹੈ। ਇਹ ਪਰੰਪਰਾ ਮਨੁੱਖੀ ਜੀਵਨ ਦੇ ਇਤਿਹਾਸ ਜਿੰਨੀ ਹੀ ਪੁਰਾਣੀ ਹੈ। ਜਿਉਂ-ਜਿਉਂ ਮਨੁੱਖ ਵਿਕਾਸ ਕਰਦਾ ਗਿਆ, ਤਿਉਂ-ਤਿਉਂ ਉਸ ਨੇ ਆਪਣੇ ਮਨੋਰੰਜਨ ਦੇ ਸਾਧਨਾਂ ਨੂੰ ਤਰਾਸ਼ਿਆ, ਬਣਾਇਆ ਅਤੇ ਨਵਿਆਇਆ ਹੈ। ਲੋਕ-ਮਨੋਰੰਜਨ ਸਮੂਹਕ ਚਿੱਤਰ ਦਾ ਧਾਰਨੀ ਹੁੰਦਾ ਹੈ। ਇਹ ਕਰਤੇ ਨਿਯਮਾਂ ਜਾਂ ਬੰਧਨਾਂ ਦਾ ਮੁਹਤਾਜ ਨਹੀਂ ਹੁੰਦਾ। ਇਹ ਲਚਕੀਲਾ ਅਤੇ ਆਪ-ਮੁਹਾਰੇ ਚੱਲਣ ਵਾਲਾ ਹੋਣ ਸਦਕਾ ਲਗਾਤਾਰ ਵਹਿੰਦਾ ਜਾਂਦਾ ਹੈ। ਇਸ ਵਿਚੋਂ ਕਿਸੇ ਲੋਕ-ਸਮੂਹ ਜਾਂ ਜਾਤੀ-ਵਿਸ਼ੇਸ਼ ਦੇ ਲੋਕ ਮਨਾਂ ਦੇ ਜਜ਼ਬੇ, ਵਿਸ਼ਵਾਸ, ਰਹੁ-ਰੀਤਾਂ, ਸਮਾਜਿਕ-ਸਭਿਆਚਾਰਕ ਕਦਰਾਂ-ਕੀਮਤਾਂ ਆਦਿ ਸਮੋਈਆਂ ਹੁੰਦੀਆਂ ਹਨ।

ਪੰਜਾਬੀ ਲੋਕਧਾਰਾ ਦੀਆਂ ਮੁੱਖ ਵੰਨਗੀਆਂ ਸਿਰਜਣ ਵਿਚ ਪੇਸ਼ਾਵਰ ਜਾਤੀਆਂ ਨੇ ਮੁੱਖ ਭੂਮਿਕਾ ਨਿਭਾਈ ਹੈ। ਇਨ੍ਹਾਂ ਜਾਤੀਆਂ ਨੇ ਨਾ ਕੇਵਲ ਲੋਕ ਕਲਾਵਾਂ ਦੀ ਸਿਰਜਣਾ ਕੀਤੀ ਹੈ ਸਗੋਂ ਆਧੁਨਿਕ

**ਪ੍ਰੋ. ਸੰਦੀਪ ਕੌਰ**

ਸਮੇਂ ਵਿਚ ਪ੍ਰਚਲਤ ਕਲਾਵਾਂ ਦਾ ਪਿਛੋਕੜ ਵੀ ਤਿਆਰ ਕੀਤਾ ਹੈ। ਪੇਸ਼ਾਵਰ ਜਾਤੀਆਂ ਦੇ ਲੋਕ ਕਲਾਕਾਰ ਨਿਮਨ ਜਾਤੀਆਂ ਨਾਲ ਸਬੰਧਤ ਰਹੇ ਹਨ। ਇਨ੍ਹਾਂ ਕਲਾਕਾਰਾਂ ਅੰਦਰ ਜ਼ਿੰਦਗੀ ਨੂੰ ਸਮਝਣ ਦੀਆਂ ਰਮਜ਼ਾਂ ਝਾਤੀਆਂ ਮਾਰਦੀਆਂ ਦਿਸਦੀਆਂ ਹਨ। ਇਨ੍ਹਾਂ ਅੰਦਰ ਹੱਸਣ ਹਸਾਉਣ ਦੀਆਂ ਜੁਗਤਾਂ, ਹਾਲਤਾਂ, ਭਾਸ਼ਾ ਤੇ ਭਾਸ਼ਾ ਪ੍ਰਯੋਗ ਹਮੇਸ਼ਾ ਅਹਿਮ ਰਹੇ ਹਨ। ਇਸੇ ਲਈ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ 'ਤੇ ਹਾਸਰਸ ਭਰਪੂਰ ਮਸ਼ਕਰੀ, ਟਿੱਚਰ, ਮਖੌਲ, ਵਿਅੰਗ, ਚੋਟ, ਤਨਜ਼ ਆਦਿ ਲਈ ਇਹ ਸਿੱਠਣੀਆਂ, ਮੇਲ ਨਾਲ ਸੰਵਾਦ, ਜੰਞ ਬੰਨ੍ਹਣ ਆਦਿ ਰਾਹੀਂ ਰੰਗ ਬੰਨ੍ਹਦੇ ਹਨ। ਇਸ ਅਮਲ ਨੂੰ ਭੰਡਾਂ, ਮਰਾਸੀਆਂ, ਡੂੰਮਾਂ, ਖੁਸਰਿਆਂ ਆਦਿ ਨੇ ਲਗਾਤਾਰ ਸੁਰਜੀਤ ਰੱਖਿਆ ਹੋਇਆ ਹੈ।

ਬਾਜ਼ੀਗਰ ਕਬੀਲਾ ਇਨ੍ਹਾਂ ਜਾਤੀਆਂ ਵਿਚੋਂ ਇਕ ਹੈ। ਬਾਜ਼ੀ ਪਾਉਣਾ, ਲੋਕ ਸਾਜ਼ ਅਤੇ ਲੋਕ ਗਾਇਕੀ ਤਿੰਨ ਅਜਿਹੇ ਖੇਤਰ ਹਨ ਜਿਨ੍ਹਾਂ ਨਾਲ ਬਾਜ਼ੀਗਰ ਕਬੀਲਾ ਸਿੱਧੇ ਰੂਪ ਵਿਚ ਸਬੰਧਤ ਹੈ। ਇਸ ਪ੍ਰਸੰਗ ਵਿਚ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦਾ ਗਿੱਧਾ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਵਿਲੱਖਣ ਕਲਾ, ਮਨੋਰੰਜਨ ਦਾ ਸਾਧਨ ਤਾਂ ਹੈ ਹੀ, ਇਹ ਕਿੱਤਾ ਵੀ ਹੈ।

ਬਾਜ਼ੀਗਰਨੀਆਂ ਗਿੱਧੇ ਦੀ ਪੇਸ਼ਕਾਰੀ ਸਮੇਂ ਕੋਈ ਵਿਸ਼ੇਸ਼ ਕਿਸਮ ਦਾ ਪਹਿਰਾਵਾ ਨਹੀਂ ਪਹਿਨਦੀਆਂ ਸਗੋਂ ਆਪਣੀ ਰੋਜ਼ਮਰਾ ਜ਼ਿੰਦਗੀ ਵਾਲਾ ਲਿਬਾਸ ਹੀ ਧਾਰਨ ਕਰਦੀਆਂ ਹਨ। ਖੁੱਲ੍ਹੀ ਸਲਵਾਰ, ਕਫਾਂ ਤੇ ਕਾਲਰਾਂ ਵਾਲਾ ਕਮੀਜ਼, ਖੱਬੀ ਬੁੱਕਲ, ਸੱਜੇ ਪਾਸਿਓਂ ਵਿੰਨ੍ਹਿਆ ਹੋਇਆ ਨੱਕ, ਨੱਕ ਵਿਚ ਪਾਇਆ ਮੋਟਾ ਕੋਕਾ, ਮੱਥੇ 'ਤੇ ਚੰਨ ਤਾਰਾ, ਠੋਡੀ 'ਤੇ ਖੁਣਿਆਂ ਤਿੰਨ-ਦਾਣਾ, ਦੰਦਾਂ ਵਿਚ ਸੋਨੇ ਦੀਆਂ ਮੇਖਾਂ, ਪੈਰਾਂ ਵਿਚ ਪਾਏ ਬਿਛੂਏ, ਬਾਜ਼ੀਗਰਨੀਆਂ ਦੀ ਪਛਾਣ ਹਨ।

ਬਾਜ਼ੀਗਰਨੀਆਂ ਦੇ ਗਿੱਧੇ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਸਪਸ਼ਟ ਕਰਨਾ ਬਣਦਾ ਹੈ ਕਿ ਇਸ ਨੂੰ ਬਾਜ਼ੀਗਰਨੀਆਂ ਦੇ ਗਿੱਧੇ ਦਾ ਨਾਮ ਕਿਉਂ ਦਿੱਤਾ ਗਿਆ। ਇਸ ਲਈ 'ਨਾਚ' ਸ਼ਬਦ ਵੀ ਵਰਤਿਆ ਜਾ ਸਕਦਾ ਸੀ। ਇਸ ਪ੍ਰਸੰਗ ਵਿਚ ਅਸੀਂ ਬਾਜ਼ੀਗਰਨੀਆਂ ਦੀਆਂ ਉਨ੍ਹਾਂ ਨਾਟ ਮੁਦਰਾਵਾਂ ਬਾਰੇ ਗੱਲ ਕਰਾਂਗੇ ਜਿਹੜੀਆਂ ਇਸ ਕਲਾ ਨੂੰ ਗਿੱਧੇ ਦੇ ਕਰੀਬ ਲੈ ਆਉਂਦੀਆਂ ਹਨ।

ਬਾਜ਼ੀਗਰਨੀਆਂ ਦਾ ਗਿੱਧਾ ਰਵਾਇਤੀ ਗਿੱਧੇ ਵਾਂਗ ਕੇਵਲ ਤਾੜੀ ਦੇ ਨਾਮ 'ਤੇ ਹੀ ਸੱਦਿਆ ਜਾਂਦਾ ਹੈ। ਇਸ ਵਿਚ ਵੱਖਰੇ ਲੋਕ ਸਾਜ਼ਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਰਵਾਇਤੀ ਗਿੱਧੇ ਵਾਂਗ ਹੀ ਇਸ ਵਿਚ ਬੋਲੀਆਂ ਪਾਈਆਂ ਜਾਂਦੀਆਂ ਹਨ ਜਿਨ੍ਹਾਂ ਦੀ ਸਿਰਜਣਾ ਮੌਕੇ, ਸਮੇਂ ਅਤੇ ਸਥਾਨ ਅਨੁਸਾਰ ਤੁਰੰਤ ਕੀਤੀ ਜਾ ਸਕਦੀ ਹੈ। ਆਮ ਗਿੱਧੇ ਵਾਂਗ ਹੀ ਇਸ ਦੀ ਸ਼ੁਰੂਆਤ ਮੰਗਲਾਚਰਨ ਦੀਆਂ ਬੋਲੀਆਂ ਤੋਂ ਕੀਤੀ ਜਾਂਦੀ ਹੈ। ਆਮ ਗਿੱਧੇ ਵਾਂਗ ਇਹ ਗਿੱਧਾ ਵੀ ਕੋਈ ਕਰੜੀ ਨਿਯਮਾਵਲੀ 'ਤੇ ਆਧਾਰਤ ਨਹੀਂ। ਇਸ ਗਿੱਧੇ ਵਿਚ ਵੀ ਰਵਾਇਤੀ ਗਿੱਧੇ ਵਾਂਗ ਸਵਾਂਗ ਅਤੇ ਤਮਾਸ਼ੇ ਸ਼ਾਮਲ ਹੁੰਦੇ ਹਨ। ਇਸ ਗਿੱਧੇ ਦੀ ਪੇਸ਼ਕਾਰੀ ਰਵਾਇਤੀ ਗਿੱਧੇ ਵਾਂਗ ਔਰਤਾਂ ਹੀ ਕਰਦੀਆਂ ਹਨ। ਇਸ ਵਿਚ ਮਰਦ ਸ਼ਾਮਿਲ ਨਹੀਂ ਹੁੰਦੇ।

ਇਹ ਗਿੱਧਾ ਪੇਸ਼ਾਵਰ ਜਾਤੀਆਂ ਦੁਆਰਾ ਪੇਸ਼ ਕੀਤਾ ਜਾਂਦਾ ਹੈ ਜਿਸ ਦਾ ਸੰਬੰਧ ਉਨ੍ਹਾਂ ਦੇ ਪੇਸ਼ਕਾਰਾਂ ਦੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ। ਕਿੱਤਾ-ਮੁਖੀ ਨਾਚ ਹੋਣ ਕਰਕੇ ਇਸ ਵਿਚ ਕੁਝ ਅਜੋਕੇ ਲੱਛਣ ਵੀ ਹਨ ਜਿਹੜੇ ਇਸ ਨੂੰ ਰਵਾਇਤੀ ਗਿੱਧੇ ਨਾਲੋਂ ਵੱਖਰਾ ਕਰਦੇ ਹਨ। ਇਸ ਨਾਚ ਵਿਚੋਂ ਸਮੁੱਚੀ ਜਾਤੀ ਦੇ ਰਹਿਣ-ਸਹਿਣ ਦਾ ਵੀ ਪਤਾ ਲਗਦਾ ਹੈ।

ਬਾਜ਼ੀਗਰਨੀਆਂ ਦੇ ਗਿੱਧੇ ਦਾ ਆਧਾਰ ਆਰਥਿਕਤਾ 'ਤੇ ਉਸਰਿਆ ਹੋਇਆ ਹੈ ਪਰ ਬਾਜ਼ੀਗਰ ਔਰਤਾਂ ਨੇ ਆਪਣੀ ਵਿਲੱਖਣ ਪ੍ਰਤਿਭਾ ਨਾਲ ਇਸ ਗਿੱਧੇ ਨੂੰ ਵੱਖਰੀ ਪਛਾਣ ਵੀ ਦਿੱਤੀ ਹੈ। ਰਵਾਇਤੀ ਗਿੱਧੇ ਵਿਚ ਦਰਸ਼ਕਾਂ ਅਤੇ ਨਚਾਰਾਂ ਵਿਚ ਕੋਈ ਅੰਤਰ ਨਹੀਂ ਹੁੰਦਾ। ਗੋਲ ਘੇਰੇ ਵਿਚ ਕੁਝ ਕਾਵਿ ਸਤਰਾਂ ਖੜ੍ਹੇ-ਖਲੋਤਿਆਂ ਹੀ ਬਗੈਰ ਸਰੀਰਕ ਮੁਦਰਾਵਾਂ ਤੋਂ ਉਚੀ ਹੇਕ ਵਿਚ ਗਾ ਕੇ ਪੇਸ਼ ਕੀਤੀਆਂ ਜਾਂਦੀਆਂ ਹਨ। ਬੋਲੀ ਪਾਉਣ ਦੌਰਾਨ ਤ੍ਰੀਮਤਾਂ ਹੱਥਾਂ ਨਾਲ ਤਾੜੀ ਮਾਰਨ ਦਾ ਐਕਸ਼ਨ ਕਰਦੀਆਂ ਹਨ ਪਰ ਤਾੜੀ ਨਹੀਂ ਮਾਰਦੀਆਂ। ਅਖੀਰਲੀ ਸਤਰ ਦਾ ਦੁਹਰਾਉ ਕਰਦੀਆਂ ਹਨ ਜਿਸ ਨੂੰ ਬੋਲੀ ਚੁੱਕਣਾ ਕਿਹਾ ਜਾਂਦਾ ਹੈ। ਬੋਲੀ ਪਾਉਣ ਵਾਲੀ ਮੁਟਿਆਰ ਬੋਲੀ ਚੁੱਕਣ ਸਮੇਂ ਪੈਰਾਂ ਨੂੰ ਸਰਕਾਉਂਦੀ ਹੋਈ ਕੋਈ ਸਾਦੀਆਂ ਜਿਹੀਆਂ ਮੁਦਰਾਵਾਂ ਵੀ ਦਿਖਾਉਂਦੀ ਹੈ। ਝੁਕਦੀ ਹੋਈ ਤਾੜੀ ਮਾਰ ਕੇ ਜ਼ਮੀਨ ਨਾਲ ਅੱਡੀ ਟਕਰਾਉਂਦੀ ਹੋਈ ਤਾਲ ਵੀ ਪੈਦਾ ਕਰਦੀ ਹੈ। ਹੋਰ ਨਚਾਰ ਉਸ ਦਾ ਸਾਥ ਦੇਣ ਲਈ ਆ ਜਾਂਦੀ ਹੈ ਜਿਸ ਨਾਲ ਆਹਮੋ-ਸਾਹਮਣੇ ਹੋ ਕੇ ਉਹ ਘੁੰਮਦੀਆਂ ਹੋਈਆਂ ਘੁੰਮਣਘੇਰੀ ਜਿਹੀ ਬਣਾਉਂਦੀਆਂ ਹਨ।

ਬਾਜ਼ੀਗਰਨੀਆਂ ਨੱਚਦੀਆਂ ਹੋਈਆਂ ਘੱਗਰੀ ਪਿੜ ਨਹੀਂ ਬਣਾਉਂਦੀਆਂ। ਉਨ੍ਹਾਂ ਦਾ ਮੂੰਹ ਦਰਸ਼ਕਾਂ ਵਲ ਹੋਣ ਕਰਕੇ ਅਰਧ-ਚੰਨ ਦੇ ਅਕਾਰ ਦਾ ਪਿੜ ਬਣਾਇਆ ਜਾਂਦਾ ਹੈ ਜਿਸ ਨਾਲ ਉਹ ਦਰਸ਼ਕ ਧਿਰ ਨੂੰ ਬਿਲਕੁਲ ਸਾਹਮਣੇ ਹੋ ਕੇ ਸੰਬੋਧਨ ਕਰਦੀਆਂ ਹਨ। ਰਵਾਇਤੀ ਗਿੱਧੇ ਵਾਂਗ ਇਕ ਤੋਂ ਬਾਅਦ ਇਕ ਕਰਕੇ ਗਿੱਧੇ ਵਿਚ ਗੇੜੇ ਨਹੀਂ ਦਿੰਦੀਆਂ ਸਗੋਂ ਪੂਰੇ ਟੋਲੇ ਵਿਚੋਂ ਦੋ ਜਾਂ ਤਿੰਨ ਨਿਰਤਕੀਆਂ ਹੀ ਵਾਰ-ਵਾਰ ਆਪਣੀਆਂ ਨਾਚ ਮੁਦਰਾਵਾਂ ਪੇਸ਼ ਕਰਦੀਆਂ ਹਨ। ਬਾਜ਼ੀਗਰਨੀਆਂ ਦੇ ਗਿੱਧੇ ਵਿਚ ਸਾਜ਼ਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਸਗੋਂ ਹੱਥਾਂ ਦੀਆਂ ਤਾੜੀਆਂ ਨਾਲ ਤਾਲ ਦਿੱਤਾ ਜਾਂਦਾ ਹੈ। ਅਕਸਰ ਖੱਬੇ ਹੱਥ ਦੀ ਤਲੀ ਉਤੇ ਸੱਜੇ ਹੱਥ ਦੀ ਤਲੀ ਮਾਰੀ ਜਾਂਦੀ ਹੈ। ਤਲੀ ਦੇ ਵਿਚਕਾਰ ਛੋਟਾ ਜਿਹਾ ਟੋਆ ਬਣਾ ਲਿਆ ਜਾਂਦਾ ਹੈ। ਉਨ੍ਹਾਂ ਨੂੰ ਤਕਰੀਬਨ ਸੱਠ-ਸੱਤਰ ਦੇ ਕੋਣ 'ਤੇ ਰੱਖਿਆ ਜਾਂਦਾ ਹੈ, ਜਾਂ ਦੋਵਾਂ ਹੱਥਾਂ ਨੂੰ ਛਾਤੀ ਦੇ ਸਾਹਮਣੇ ਲਿਆ ਕੇ ਸਮਾਨ ਰੂਪ ਵਿਚ ਟਕਰਾਇਆ ਜਾਂਦਾ ਹੈ ਜਿਸ ਨਾਲ ਠੱਪ-ਠੱਪ ਦੀ ਆਵਾਜ਼ ਪੈਦਾ ਹੁੰਦੀ ਹੈ। ਇਸ ਤਾੜੀ ਦੀ ਤਾਲ 'ਤੇ ਬਾਜ਼ੀਗਰਨੀਆਂ ਅੱਖਾਂ ਨੂੰ ਮਟਕਾਉਂਦੀਆਂ ਤੇ ਹੱਥ ਨੂੰ ਹਿਲਾਉਂਦੀਆਂ ਵਿਸ਼ੇਸ਼ ਮੁਦਰਾਵਾਂ ਪੇਸ਼ ਕਰਦੀਆਂ ਹਨ।

ਰਵਾਇਤੀ ਗਿੱਧੇ ਵਿਚ ਆਮ ਕਰਕੇ ਔਰਤਾਂ ਵਿਹੜੇ ਦੇ ਵਿਚਕਾਰ ਆਪੇ ਪਿੜ ਬਣਾਉਂਦੀਆਂ ਹਨ ਪਰ ਬਾਜ਼ੀਗਰਨੀਆਂ ਦਰਾਂ ਵਿਚ ਜਾਂ ਵਿਹੜੇ ਦੇ ਇਕ ਪਾਸੇ ਨੱਚਣਾ ਸ਼ੁਰੂ ਕਰਦੀਆਂ ਹਨ। ਰਵਾਇਤੀ ਗਿੱਧੇ ਵਿਚ ਨਚਾਰਾਂ ਅਤੇ ਦਰਸ਼ਕਾਂ ਵਿਚ ਕੋਈ ਅੰਤਰ ਨਹੀਂ ਹੁੰਦਾ। ਉਨ੍ਹਾਂ ਦੀ ਸਮਾਜਿਕ ਹਾਲਤ ਤਕਰੀਬਨ ਇਕੋ ਜਿਹੀ ਹੁੰਦੀ ਹੈ ਜਿਸ ਕਾਰਨ ਇਕ-ਦੂਜੀ ਨੂੰ ਸਿੱਠਣੀਆਂ ਬਿਨਾਂ ਗੁਰੇਜ਼ ਦਿੱਤੀਆਂ ਜਾਂਦੀਆਂ ਹਨ ਪਰ ਬਾਜ਼ੀਗਰਨੀਆਂ ਨਿਮਨ-ਜਾਤੀ ਨਾਲ ਸਬੰਧਤ ਹੋਣ ਕਰਕੇ ਸਿੱਠਣੀਆਂ ਦਿੰਦੀਆਂ ਹੋਈਆਂ ਆਪਣੀ ਸੀਮਾ ਦੀ ਉਲੰਘਣਾ ਨਹੀਂ ਕਰਦੀਆਂ। ਰਵਾਇਤੀ ਗਿੱਧੇ ਵਿਚ ਬੋਲੀ ਪਾਉਣ ਸਮੇਂ ਔਰਤਾਂ ਤਾੜੀ ਮਾਰਦੀਆਂ ਹਨ ਪਰ ਤਾੜੀ ਦੀ ਆਵਾਜ਼ ਨਹੀਂ ਆਉਂਦੀ, ਉਥੇ ਬਾਜ਼ੀਗਰਨੀਆਂ ਔਰਤਾਂ ਬਿਨਾਂ ਰੁਕੇ ਤਾੜੀ ਨਾਲ ਤਾਲ ਦਿੰਦੀਆਂ ਹਨ। ਅਗਵਾਈ ਕਰ ਰਹੀ ਨਚਾਰ ਪਹਿਲੀ ਸਤਰ ਦਾ ਉਚਾਰਨ ਕਰਦੀ ਹੈ। ਪਿਛਲੀਆਂ ਤ੍ਰੀਮਤਾਂ ਉਸ ਦਾ ਉਚੀ ਆਵਾਜ਼ ਵਿਚ ਦੁਹਰਾਉ ਕਰਦੀਆਂ ਸਾਥ ਦਿੰਦੀਆਂ ਹਨ। ਬਾਜ਼ੀਗਰਨੀਆਂ ਦੇ ਗਿੱਧੇ ਦੀਆਂ ਕੁਝ ਮੁਦਰਾਵਾਂ ਸੰਮੀ (ਨਾਚ) ਨਾਲ ਵੀ ਮਿਲਦੀਆਂ ਹਨ। ਬਾਜ਼ੀਗਰਨੀਆਂ ਦਾ ਅੱਖਾਂ ਮਟਕਾਉਣਾ, ਲੱਕ ਹਿਲਾਉਣਾ ਅਤੇ ਬਾਹਾਂ ਨੂੰ ਉਗਾਹ ਕੇ ਉਲਾਰਨਾ ਸੰਮੀ ਦੀ ਝਲਕ ਪਾਉਂਦਾ ਹੈ। ਸੰਮੀ ਬਾਰੇ ਡਾ. ਨਾਹਰ ਸਿੰਘ ਲਿਖਦੇ ਹਨ: 'ਇਹ ਨਾਚ ਔਰਤਾਂ ਦੇ ਅੰਗਾਂ ਦੀਆਂ ਸੈਨਤਾਂ ਦਾ ਨਾਚ ਹੈ। ਇਸ ਵਿਚ ਚੰਚਲਤਾ, ਨਖਰਾ, ਲੱਕ ਦੇ ਹੁਲਾਰੇ, ਹੱਥਾਂ ਦੇ ਇਸ਼ਾਰੇ, ਅੱਖਾਂ ਦੀਆਂ ਰਮਜ਼ਾਂ, ਬਾਕੀ ਨਾਚ ਅਦਾਵਾਂ ਵਿਚੋਂ ਇਸ਼ਕ ਦੇ ਰੰਗ-ਰੱਤੇ ਜੋਬਨ ਦਾ ਲਚਕ ਭਰੇ ਰੂਪ ਵਿਚ ਜਿਸਮਾਨੀ ਪ੍ਰਗਟਾਵਾ ਹੁੰਦਾ ਹੈ।'



(ਉਪਰ) ਗਿੱਧਾ ਪਾ ਰਹੀਆਂ ਬਾਜ਼ੀਗਰ ਔਰਤਾਂ ਅਤੇ (ਹੇਠਾਂ) ਇਕ ਬਾਜ਼ੀਗਰ ਔਰਤ



ਜੇਕਰ ਬਾਜ਼ੀਗਰ ਕਬੀਲੇ ਦੇ ਨਾਚ ਪਿਛੋਕੜ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਰਾਜਸਥਾਨੀ ਘੂਮਰ ਨੂੰ ਝੂਮਰ ਵਿਚ ਤਬਦੀਲ ਕਰਨ ਵਾਲੇ ਬਾਜ਼ੀਗਰ ਹੀ ਹਨ। ਪੰਜਾਬ ਦਾ ਪ੍ਰਸਿਧ ਲੋਕ ਨਾਚ ਸੰਮੀ ਵੀ ਬਾਜ਼ੀਗਰ ਹੀ ਨੱਚਦੇ ਰਹੇ ਹਨ। ਬਾਜ਼ੀਗਰਾਂ ਦਾ ਇਸ ਨਾਚ ਨਾਲ ਗੂੜ੍ਹਾ ਸਬੰਧ ਹੈ। ਅਸਲ ਵਿਚ, ਸੰਮੀ ਮਾਰਵਾੜ ਦੀ ਰਾਜ ਕੁਮਾਰੀ ਸੀ ਅਤੇ ਢੋਲ ਨਰਵਰ ਵੰਸ਼ ਦਾ ਰਾਜਾ ਸੀ। ਬਾਜ਼ੀਗਰਨੀਆਂ ਦਾ ਗਿੱਧਾ ਕੇਵਲ ਲੋਕਾਂ ਦੇ ਮਨੋਰੰਜਨ ਨਾਲ ਹੀ ਨਹੀਂ ਜੁੜਿਆ ਹੋਇਆ ਸਗੋਂ ਇਸ ਵਿਚਲੇ ਚਿੰਨ੍ਹਾਂ ਵਿਚ ਬਾਜ਼ੀਗਰ ਕਬੀਲੇ ਦਾ ਇਤਿਹਾਸ, ਸਮਾਜਿਕ, ਆਰਥਿਕ ਹਾਲਾਤ ਵੀ ਦੇਖੇ ਜਾ ਸਕਦੇ ਹਨ। ਪੰਜਾਬੀ ਰਵਾਇਤੀ ਗਿੱਧੇ ਵਿਚ ਕੇਵਲ ਨਾਨਕਾ ਧਿਰ ਵਲੋਂ ਛੱਜ ਤੋੜਿਆ ਜਾਂਦਾ ਹੈ ਪਰ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਪਰਾਤ ਅਤੇ ਥਾਲੀ ਖੜਕਾਉਂਦੀਆਂ ਹਨ। ਦੋਵੇਂ ਚਿੰਨ੍ਹ ਵੱਖ-ਵੱਖ ਆਰਥਿਕ ਹਾਲਾਤ ਵਲ ਇਸ਼ਾਰਾ ਵੀ ਕਰਦੇ ਹਨ।

ਬਾਜ਼ੀਗਰ ਔਰਤਾਂ ਦਾ ਵਿਹੜੇ ਦੀ ਨੁੱਕਰ ਵਿਚ ਨੱਚਣਾ, ਪੇਸ਼ਾਵਰ ਜਾਤੀ ਦੀ ਹਾਸ਼ੀਆਗਤ ਹਾਲਤ ਨੂੰ ਦਰਸਾਉਂਦਾ ਹੈ। ਵਿਦਵਾਨਾਂ ਦਾ ਮੰਨਣਾ ਹੈ ਕਿ ਨੱਚਦੇ ਸਮੇਂ ਜਿਸ ਸਮਾਜ ਦੀਆਂ ਔਰਤਾਂ ਝੁਕਦੀਆਂ ਹਨ, ਉਸ ਸਮਾਜ ਵਿਚ ਔਰਤਾਂ ਦੀ ਹਾਲਤ ਗੌਣ ਹੁੰਦੀ ਹੈ। ਨਾਚ ਪੇਸ਼ ਕਰਦੇ ਸਮੇਂ ਬਾਹਾਂ ਦਾ ਉਪਰ ਵਲ ਫੈਲਾਉਣਾ ਔਰਤਾਂ ਦੀ ਆਜ਼ਾਦੀ ਦਾ ਪ੍ਰਤੀਕ ਹੈ। ਜਿਥੇ ਪੰਜਾਬਣਾਂ ਦਾ ਗਿੱਧਾ ਝੁਕ ਕੇ ਪਾਇਆ ਜਾਂਦਾ ਹੈ, ਉਥੇ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਪੂਰੇ ਗਿੱਧੇ ਦੌਰਾਨ ਝੁਕਦੀਆਂ ਨਹੀਂ। ਉਹ ਬਿਨਾਂ ਝੁਕੇ ਆਪਣਾ ਲੱਕ ਹਿਲਾਉਂਦੀਆਂ ਹਨ। ਬਾਹਾਂ ਨੂੰ ਆਕਾਸ਼ ਵਲ ਫੈਲਾਉਂਦੀਆਂ ਹਨ ਜੋ ਉਨ੍ਹਾਂ ਦੀ ਕਬੀਲੇ ਵਿਚਲੀ ਹਾਲਤ ਨੂੰ ਦਰਸਾਉਂਦਾ ਹੈ। ਡਾ. ਦਰਿਆ ਨੇ ਆਪਣੇ ਖੋਜ-ਪੱਤਰ 'ਕਬੀਲਾਈ ਸਭਿਆਚਾਰ ਵਿਚਲੀ ਔਰਤ ਦੀ ਸਥਿਤੀ ਦੇ ਵਿਭਿੰਨ ਪ੍ਰਤੀਮਾਨ' ਵਿਚ ਔਰਤ ਦੀ ਬਰਾਬਰੀ ਵਾਲੀ ਸਥਿਤੀ ਨੂੰ ਪੇਸ਼ ਕਰਦਿਆਂ ਲਿਖਿਆ ਹੈ: 'ਕਬੀਲਾਈ ਸਭਿਆਚਾਰ ਵਿਚ ਔਰਤ ਘਰ ਦੇ ਕੰਮਾਂ ਤਕ ਸੀਮਤ ਨਾ ਰਹਿ ਕੇ ਆਰਥਿਕਤਾ ਨਾਲ ਜੁੜੀ ਹੋਈ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਕਰਕੇ ਉਸ ਦੀ ਸਥਿਤੀ ਦਮਨ ਵਾਲੀ ਨਾ ਹੋ ਕੇ ਬਰਾਬਰੀ ਵਾਲੀ ਹੋ ਜਾਂਦੀ ਹੈ। ਮਨੁੱਖ ਦੀ ਆਜ਼ਾਦੀ ਵਿਚ ਆਰਥਿਕ ਸੰਪੰਨਤਾ ਮੂਲ ਆਧਾਰ ਬਣਾਈ ਹੈ। ਕਬੀਲਾਈ ਔਰਤ ਕਬੀਲੇ ਨਾਲ ਜੁੜੇ ਹੋਏ ਕਿੱਤੇ ਅਤੇ ਕਾਰੋਬਾਰ ਨਾਲ ਜੁੜੀ ਹੋਣ ਕਰਕੇ ਪਰਿਵਾਰ ਵਿਚ ਆਪਣੀ ਬਰਾਬਰੀ ਵਾਲੀ ਹੋਂਦ ਦਾ ਅਹਿਸਾਸ ਕਰਦੀ ਹੈ। ਬਹੁਤ ਸਾਰੇ ਕਬੀਲਿਆਂ ਵਿਚ ਕਬੀਲੇ ਦੇ ਕਿੱਤਿਆਂ ਅਤੇ ਕਾਰੋਬਾਰਾਂ ਵਿਚ ਔਰਤ ਗੌਣ ਨਹੀਂ ਸਗੋਂ ਮੁੱਖ ਭੂਮਿਕਾ ਨਿਭਾਉਂਦੀ ਹੈ'।

ਰਵਾਇਤੀ ਗਿੱਧਾ ਆਪਣੇ ਮਨ ਦੇ ਵਲਵਲੇ, ਖਾਹਿਸ਼ਾਂ ਤੇ ਉਮੰਗਾਂ ਪੇਸ਼ ਕਰਦਾ ਹੈ। ਇਸ ਦੀ ਪੇਸ਼ਕਾਰੀ ਕਰਨ ਵਾਲੀਆਂ ਦੇ ਵਿਸ਼ੇ ਅਸੀਮ ਹੁੰਦੇ ਹਨ। ਬਾਜ਼ੀਗਰਨੀਆਂ ਦੀਆਂ ਬੋਲੀਆਂ ਦੇ ਵਿਸ਼ੇ ਉਹ ਹਨ ਜਿਹੜੇ ਉਨ੍ਹਾਂ ਦੀ ਆਰਥਿਕਤਾ ਦੁਆਲੇ ਘੁੰਮਦੇ ਹਨ। ਉਂਜ, ਬਾਜ਼ੀਗਰਨੀਆਂ ਦੀਆਂ ਬੋਲੀਆਂ ਜ਼ਿਆਦਾਤਰ ਪ੍ਰਸ਼ੰਸਾ ਵਾਲੀਆਂ ਹੁੰਦੀਆਂ ਹਨ; ਮਸਲਨ ਰਵਾਇਤੀ ਗਿੱਧੇ ਦੀ ਬੋਲੀ ਹੈ:

> ਉਰੀ ਉਰੀ ਉਰੀ
> ਇਹ ਦਿਨ ਸ਼ਗਨਾਂ ਦਾ,
> ਨੱਚ-ਨੱਚ ਹੋ ਜਾ ਦੂਹਰੀ।

ਬਾਜ਼ੀਗਰਨੀਆਂ ਦੀ ਬੋਲੀ ਹੈ:

> ਘੱਟ ਕੇ ਲਿਆਂਦਾ ਕਾਂ
> ਗਿੱਧਾ ਤਾਂ ਰਚਨਾ, ਜੇ ਵੇਲ ਕਰਾਵੇ ਮਾਂ
> ਗਿੱਧਾ ਤਾਂ ਰਚਨਾ...।

ਬਾਜ਼ੀਗਰਨਾਂ ਦੇ ਗਿੱਧੇ ਵਿਚ ਲੜੀਦਾਰ ਬੋਲੀਆਂ ਆਉਂਦੀਆਂ ਹਨ। ਇਕ ਤੋਂ ਬਾਅਦ ਇਕ ਬੋਲੀ ਪਾਈ ਜਾਂਦੀ ਹੈ। ਦੋਹਾਂ ਬੋਲੀਆਂ ਵਿਚਕਾਰ ਕੇਵਲ ਛਿਣ-ਮਾਤਰ ਦਾ ਹੀ ਫਰਕ ਹੁੰਦਾ ਹੈ। ਪਹਿਲੀ ਤੁਕ ਕੇਵਲ ਕਾਵਿ ਸਤਰ ਦੀ ਪੂਰਤੀ ਲਈ ਹੁੰਦੀ ਹੈ। ਪ੍ਰਧਾਨਗੀ ਹਰ ਹਾਲ ਵਿਚ ਅਖੀਰਲੇ ਬੋਲ ਦੀ ਹੀ ਹੁੰਦੀ ਹੈ:

> ਘੱਟ ਕੇ ਲਿਆਂਦਾ ਘਿਓ
> ਗਿੱਧਾ ਤਾਂ ਰਚਨਾ, ਜੇ ਨੱਚੇ ਮੁੰਡੇ ਦਾ ਪਿਉ।
> ਘੱਟ ਕੇ ਲਿਆਂਦਾ ਘਾਹ
> ਮੁੰਡੇ ਦੇ ਵੀਰੇ ਨੂੰ, ਗੋਡੇ-ਗੋਡੇ ਚਾਅ।

ਬਾਜ਼ੀਗਰਨੀਆਂ ਦੇ ਗਿੱਧੇ ਵਿਚ ਹੋਰ ਰੰਗ ਵੀ ਦੇਖਣ ਨੂੰ ਮਿਲਦੇ ਹਨ। ਉਹ ਆਪਣੇ ਸਰੋਤਿਆਂ ਅਨੁਸਾਰ ਆਪਣੀਆਂ ਬੋਲੀਆਂ ਬਦਲਦੀਆਂ ਹਨ:

> ਅੰਬਰਸਰੋ ਦੇ ਮੁੰਡੇ ਸੁਣੀਂਦੇ
> ਪੱਗਾਂ ਬੰਨ੍ਹਦੇ ਹਰੀਆਂ
> ਮਾੜੀ ਕੁੜੀ ਨਾਲ ਵਿਆਹ ਨੀ ਕਰਾਉਂਦੇ
> ਵਿਆਹ ਕੇ ਲਿਆਉਂਦੇ ਪਰੀਆਂ
> ਸੁਣ ਲੈ ਬਚਨ ਕੁਰੇ
> ਗੱਲਾਂ ਹੋ ਗਈਆਂ ਖਰੀਆਂ।

ਬਾਜ਼ੀਗਰ ਔਰਤਾਂ ਕੁਝ ਖਾਸ ਮੌਕਿਆਂ 'ਤੇ ਆਪਣਾ ਨਾਚ ਪੇਸ਼ ਕਰਦੀਆਂ ਹਨ। ਮੁੰਡੇ ਦੀ ਲੋਹੜੀ ਅਤੇ ਵਿਆਹ ਸਮੇਂ ਪੇਸ਼ਕਾਰੀ ਦੇ ਨਾਲ ਹੀ ਇਨ੍ਹਾਂ ਦੀਆਂ ਬੋਲੀਆਂ ਦੇ ਵਿਸ਼ੇ ਵੀ ਬਦਲ ਜਾਂਦੇ ਹਨ। ਮੁੰਡੇ ਦੇ ਜੰਮਣ ਸਮੇਂ ਉਨ੍ਹਾਂ ਦੀਆਂ ਬੋਲੀਆਂ ਵਿਚ ਲੋਰੀ ਦੇ ਤੱਤ ਆ ਜਾਂਦੇ ਹਨ।

ਹੁਣ ਬਹੁਤ ਸਾਰੀਆਂ ਅਮੀਰ ਰਵਾਇਤਾਂ ਹੌਲੀ-ਹੌਲੀ ਲੋਪ ਹੋ ਰਹੀਆਂ ਹਨ। ਅੱਜ ਦੇ ਬਦਲਦੇ ਸਮੇਂ ਵਿਚ ਬਾਜ਼ੀਗਰਨੀਆਂ ਦਾ ਲਿਬਾਸ ਵੀ ਕੋਈ ਵਿਸ਼ੇਸ਼ ਨਹੀਂ ਰਿਹਾ ਸਗੋਂ ਇਹ ਆਮ ਵਾਂਗ ਸਾਧਾਰਨ ਸਲਵਾਰ ਕਮੀਜ਼ ਪਹਿਨਦੀਆਂ ਹਨ। ਅੱਜ ਤੋਂ ਤੀਹ ਸਾਲ ਪਹਿਲਾਂ ਜਦ ਮੈਰਿਜ ਪੈਲੇਸਾਂ ਵਿਚ ਵਿਆਹ ਕਰਨ ਦਾ ਰਿਵਾਜ ਨਹੀਂ ਸੀ, ਬਾਜ਼ੀਗਰ ਔਰਤਾਂ ਜੰਞ ਸਾਹਮਣੇ ਆਪਣੇ ਹੁਨਰ ਦੀ ਪੇਸ਼ਕਾਰੀ ਕਰਦੀਆਂ ਸਨ। ਲੈਅ ਵਿਚ ਸਿੱਠਣੀਆਂ ਉਚਾਰਨ ਕਰਦੀਆਂ ਹੋਈਆਂ ਨਾਚ ਪੇਸ਼ ਕਰਦੀਆਂ ਸਨ:

> ਸਾਲੀ ਸ਼ਗਨ ਲਾਉਂਦੀ,
> ਸਾਲੀ ਤਰਗੇ ਪਾਇਆ
> ਸਾਲਾ ਤੈਨੂੰ ਕੌਣ ਛੁਡਾਵੇ
> ਲੇਖਾ ਦੇਵੇ ਬਾਪੂ ਤੇਰਾ ਵੇ,
> ਤੈਨੂੰ ਆਪ ਛੁਡਾਵੇ
> ---
> ਲੈ ਲੈ ਲੋਰੀਆਂ ਤੇਰੇ ਸ਼ਗਨ ਮਨਾਵਾਂ
> ਇਹ ਲੋਰੀ ਤੇਰੀ ਦਾਦੀ ਦਵਾਵੇ
> ਸ਼ਾਵਾ ਬਈ ਵੇ ਲੋਰੀਆਂ,
> ਬੱਬਲੂ ਨੂੰ ਲੋਰੀਆਂ।
> ---
> ਤੇਰੀ ਥਾਲੀ ਵਿਚ ਪਤਾਸਾ,
> ਤੇਰੀ ਮਾਂ ਮਲੇ ਦੰਦਾਸਾ
> ਤੇਰੀ ਮਾਂ ਮਲੇ ਦੰਦਾਸਾ,
> ਤੇਰੇ ਪਿਉ ਨੂੰ ਆਵੇ ਹਾਸਾ
> ਲੋਹੜੀ ਵਾਲਿਆਂ ਗੋਪੀ,
> ਵੇ ਤੇਰੀ ਸੋਨੇ ਦੀ ਟੋਪੀ
> ਤੇਰੀ ਲੋਹੜੀ ਗਾਵਾਂ ਵੇ,
> ਸਾਰੇ ਪਿੰਡ ਨੂੰ ਸੁਣਾਵਾਂ ਵੇ।

ਪੰਜਾਬੀ ਲੋਕ ਕਾਵਿ ਵਿਚ ਕਾਵਿ ਰੂਪ ਘੋੜੀਆਂ ਬਾਜ਼ੀਗਰ ਔਰਤਾਂ ਵਲੋਂ ਵੱਖਰੀ ਸ਼ੈਲੀ ਵਿਚ ਗਾਈਆਂ ਜਾਂਦੀਆਂ ਹਨ ਜਿਹੜੀਆਂ ਇਸ ਕਬੀਲੇ ਦੀਆਂ ਔਰਤਾਂ ਨੂੰ ਹੀ ਆਉਂਦੀਆਂ ਹਨ। ਬਾਜ਼ੀਗਰ ਔਰਤਾਂ ਆਪਣੇ ਨਾਚ ਲਈ ਕੋਈ ਬੱਝਵਾਂ ਲਾਗ ਨਹੀਂ ਲੈਂਦੀਆਂ ਸਗੋਂ ਇਨ੍ਹਾਂ ਦੀ ਆਮਦਨ ਹੋਣ ਵਾਲੇ ਸਿਰ-ਵਾਰਨਿਆਂ ਅਤੇ ਵੇਲਾਂ 'ਤੇ ਆਧਾਰਤ ਹੈ। ਬਾਜ਼ੀਗਰਨੀਆਂ ਜਦੋਂ ਆਪਣੇ ਗਿੱਧੇ ਦੀ ਪੇਸ਼ਕਾਰੀ ਕਰਦੀਆਂ ਹਨ ਤਾਂ ਜਜਮਾਨਾਂ ਵਲੋਂ ਆਂਢ-ਗੁਆਂਢ, ਸ਼ਰੀਕੇ ਭਾਈਚਾਰੇ ਦੀਆਂ ਔਰਤਾਂ ਨੂੰ ਬੁਲਾਇਆ ਜਾਂਦਾ ਹੈ। ਇਹ ਔਰਤਾਂ ਆਪੋ-ਆਪਣੀ ਥਾਲੀਆਂ ਵਿਚ ਆਟਾ, ਗੁੜ, ਕਣਕ ਆਦਿ ਲੈ ਕੇ ਆਉਂਦੀਆਂ ਹਨ ਜਿਸ ਨੂੰ ਵੇਲਾਂ ਆਖਿਆ ਜਾਂਦਾ ਹੈ। ਇਸ ਤੋਂ ਇਲਾਵਾ ਜਜਮਾਨਾਂ ਵਲੋਂ ਆਪਣੇ ਪਿਆਰਿਆਂ ਦੇ ਸਿਰ ਤੋਂ ਪੈਸੇ ਆਦਿ ਵਾਰ ਕੇ ਦਿੱਤੇ ਹਨ।

ਪਿਛਲੇ ਸਮੇਂ ਵਿਚ ਇਹ ਮਨੋਰੰਜਨ ਦਾ ਪ੍ਰਮੁੱਖ ਸਾਧਨ ਸੀ ਪਰ ਅੱਜ ਦੇ ਦੌਰ ਵਿਚ ਚਮਕਦੀਆਂ ਚੀਜ਼ਾਂ ਸਾਡੇ ਰੁਤਬੇ ਨਾਲ ਜੁੜ ਗਈਆਂ ਹਨ। ਹਰ ਵਰਗ ਦੇ ਲੋਕ ਆਪਣੇ ਆਪ ਨੂੰ ਅਮੀਰ ਅਤੇ ਕਲਾਸਿਕ ਦਿਖਾਉਣ ਲਈ ਵਿਆਹ ਸਮੇਂ ਨਾਚ ਗਾਣੇ ਦੇ ਵਿਸ਼ੇਸ਼ ਪ੍ਰਬੰਧ ਕਰਦਾ ਹੈ। ਬੁੱਕ ਕੀਤੀਆਂ ਮਾਡਲਾਂ ਸਟੇਜ 'ਤੇ ਨੱਚਦੀਆਂ ਹਨ। ਉਥੇ ਇਹ ਬਾਜ਼ੀਗਰਨੀਆਂ ਆਪਣੇ ਸਾਦੇ ਲਿਬਾਸ ਵਿਚ ਮੈਰਿਜ ਪੈਲਸ ਦੀ ਇਕ ਨੁੱਕਰ ਵਿਚ ਖਲੋਤੀਆਂ ਵਧਾਈ ਲੈਣ ਦੀ ਉਡੀਕ ਕਰ ਰਹੀਆਂ ਹੁੰਦੀਆਂ ਹਨ। ਹਕੀਕਤ ਦੇ ਇਹ ਰੌਲੇ-ਰੱਪੇ ਵਿਚ ਨਾ ਕੇਵਲ ਇਨ੍ਹਾਂ ਦਾ ਕਿੱਤਾ ਲੋਪ ਹੋ ਰਿਹਾ ਹੈ ਸਗੋਂ ਵਿਸ਼ੇਸ਼ ਗਾਇਨ ਸ਼ੈਲੀ ਵਿਚ ਗਾਈਆਂ ਜਾਂਦੀਆਂ ਘੋੜੀਆਂ, ਲੋਰੀਆਂ ਅਤੇ ਉਨ੍ਹਾਂ ਨਾਲ ਜੁੜੀਆਂ ਅਨੇਕਾਂ ਦੁਆਵਾਂ ਵੀ ਲੋਪ ਹੋ ਰਹੀਆਂ ਹਨ।

# ਸੁਪਨੇ ਵਾਂਗ ਚਲਾ ਗਿਆ ਇਰਫਾਨ ਖਾਨ ਉਰਫ ਰੂਹਦਾਰ

***ਇਰਫਾਨ ਖਾਨ (7 ਜਨਵਰੀ 1967-29 ਅਪਰੈਲ 2020) ਬਾਰੇ ਲਿਖਿਆ ਸਾਰਾ ਕੁਝ ਅਧੂਰਾ ਹੈ, ਜੇ 'ਲੰਚ ਬਾਕਿਸ' ਅਤੇ 'ਪੀਕੂ' ਦੀ ਗੱਲ ਨਾ ਕੀਤੀ ਜਾਵੇ। ਇਨ੍ਹਾਂ ਫਿਲਮਾਂ ਵਿਚ ਉਹ ਅਜਿਹੇ ਕਿਰਦਾਰਾਂ ਵਿਚ ਹੈ ਜਿਨ੍ਹਾਂ ਨੇ ਅੱਜ ਦੇ ਦੌਰ ਵਿਚ ਘਟਨਾਵਾਂ ਅਤੇ ਚੀਜ਼ਾਂ ਨੂੰ ਇਨ੍ਹਾਂ ਦੇ ਠੀਕ-ਗਲਤ, ਨੈਤਿਕ-ਅਨੈਤਿਕ ਅਤੇ ਕਾਇਦਿਆਂ-ਨਿਯਮਾਂਵਲੀਆਂ ਤੋਂ ਪਾਰ ਜਾ ਕੇ ਜਿਉਣਾ ਸਿੱਖ ਲਿਆ ਹੈ। ਇਨ੍ਹਾਂ ਨੇ ਜ਼ਿੰਦਗੀ ਵਿਚੋਂ ਆਪਣੇ ਹਿੱਸੇ ਦੇ ਨੈਣ-ਨਕਸ਼ ਘੜ ਲਏ ਹਨ ਤੇ ਉਹ ਇਸ ਲਈ ਬਿਲਕੁਲ ਸ਼ਰਮਿੰਦਾ ਨਹੀਂ।***



**ਡਾ. ਕੁਲਦੀਪ ਕੌਰ**
ਫੋਨ: +91-98554-04330

ਰਾਜ ਕਮਲ ਪ੍ਰਕਾਸ਼ਨ ਦੇ ਇਕ ਪ੍ਰੋਗਰਾਮ ਵਿਚ ਇਰਫਾਨ ਖਾਨ ਇਹ ਕਹਿੰਦਿਆਂ ਕਿ ਇਕ ਕਵਿਤਾ ਤਾਂ ਸੁਣਾਉਣੀ ਹੀ ਸੁਣਾਉਣੀ ਹੈ, ਵਾਅਦਾ ਹੈ ਕਿ ਅਗਲਾ ਪੰਨਾ ਨਹੀਂ ਪਰਤਾਗਾਂ, 'ਠਾਕੁਰ ਕਾ ਕੂੰਆਂ' ਕਵਿਤਾ ਸੁਣਾਉਂਦੇ ਹਨ। ਇਹ ਕਵਿਤਾ ਉਨ੍ਹਾਂ ਕਿਉਂ ਚੁਣੀ? ਇਸ ਤੋਂ ਅਗਲਾ ਅਹਿਮ ਸਵਾਲ ਇਹ ਬਣਦਾ ਹੈ ਕਿ ਆਖਿਰ ਫਿਲਮ 'ਹੈਦਰ' ਵਿਚ 'ਰੂਹਦਾਰ' ਵਰਗੇ 'ਹੋਏ ਤੇ ਅਣਹੋਏ' ਕਿਰਦਾਰ ਲਈ ਵਿਸ਼ਾਲ ਭਾਰਦਵਾਜ ਨੇ ਸਾਰੀ ਫਿਲਮ ਇੰਡਸਟਰੀ ਵਿਚੋਂ ਇਰਫਾਨ ਖਾਨ ਨੂੰ ਹੀ ਕਿਉਂ ਚੁਣਿਆ? ਇਸ ਨੂੰ ਇਦਾਂ ਕਿਉਂ ਨਾ ਸਮਝਿਆ ਜਾਵੇ ਕਿ ਸ਼ਾਇਦ ਉਹ ਭਾਰਤੀ ਫਿਲਮ ਇੰਡਸਟਰੀ ਦਾ ਇਕੋ-ਇਕ ਅਜਿਹਾ ਕਲਾਕਾਰ ਸੀ ਜਿਸ ਦੀ ਰੂਹ ਅਤੇ ਜਿਸਮ ਇਸ ਤੱਥ ਤੋਂ ਵਾਕਿਫ ਸਨ ਕਿ 'ਗੁਲੋਂ ਮੇਂ ਰੰਗ ਭਰੇ, ਬਾਦ-ਏ-ਨੌ ਬਹਾਰ ਚਲੇ, ਚਲੇ ਭੀ ਆਉ ਕਿ ਗੁਲਸ਼ਨ ਕਾ ਕਾਰੋਬਾਰ ਚਲੇ' ਦਾ ਅਤੇ 'ਠਾਕੁਰ ਕਾ ਕੂੰਆਂ' ਕਵਿਤਾ ਦਾ ਆਪਸੀ ਰਿਸ਼ਤਾ ਕੀ ਹੈ? ਇਰਫਾਨ ਦਾ ਇੰਨੀ ਛੇਤੀ, ਖਾਸ ਤੌਰ 'ਤੇ ਮੌਜੂਦਾ ਦੌਰ ਵਿਚ ਤੁਰ ਜਾਣਾ ਤਹਿਜ਼ੀਬ ਅਤੇ ਸਾਂਝੀ ਵਿਰਾਸਤ ਦੇ ਉਸ ਹਰਫ ਦਾ ਮਿਟ ਜਾਣਾ ਹੈ ਜਿਹੜਾ ਇਨ੍ਹਾਂ ਔਖੇ ਸਮਿਆਂ ਵਿਚ ਸਾਡੀ ਸਾਂਝੀ ਢਾਲ ਵਜੋਂ ਕੰਮ ਕਰ ਰਿਹਾ ਸੀ।

ਪ੍ਰਸਿਧ ਸ਼ਾਇਰ ਅਲੀ ਸਰਦਾਰ ਜਾਫਰੀ ਨੇ 1990 ਦੇ ਦਹਾਕੇ ਵਿਚ ਉਰਦੂ ਦੇ ਛੇ ਮੁੱਖ ਸ਼ਾਇਰਾਂ 'ਤੇ ਖੂਬਸੂਰਤ ਲੜੀ ਨਿਰਦੇਸ਼ਤ ਕੀਤੀ ਸੀ ਜਿਸ ਦਾ ਨਾਮ ਸੀ- 'ਕਹਿਕਸ਼ਾ'। ਇਸ ਦੇ ਇਕ ਭਾਗ ਵਿਚ ਇਰਫਾਨ ਖਾਨ ਨੇ ਸ਼ਾਇਰ ਮਖਦੂਮ ਮੋਹਸਿਨ ਦਾ ਕਿਰਦਾਰ ਅਦਾ ਕੀਤਾ ਸੀ। ਇਸ ਕਿਰਦਾਰ ਦੀਆਂ ਬਹੁਤ ਸਾਰੀਆਂ ਪੇਚਦਗੀਆਂ ਸਨ। ਮਖਦੂਮ ਸ਼ਾਇਰ ਹੋਣ ਦੇ ਨਾਲ-ਨਾਲ ਮਾਰਕਸਵਾਦੀ ਤੇ ਕ੍ਰਾਂਤੀਕਾਰੀ ਸ਼ਾਇਰ ਸਨ ਜਿਨ੍ਹਾਂ ਨੇ 1946-1947 ਵਿਚ ਹੈਦਰਾਬਾਦ ਦੇ ਨਿਜ਼ਾਮ ਖਿਲਾਫ ਉਠੇ ਤਿਲੰਗਾਨਾ ਵਿਦਰੋਹ ਨੂੰ ਆਪਣੀ ਸ਼ਾਇਰੀ ਰਾਹੀਂ ਉਹ ਜ਼ੁਬਾਨ ਦਿੱਤੀ ਕਿ ਉਨ੍ਹਾਂ ਨੂੰ ਅੱਜ ਵੀ 'ਇਨਕਲਾਬ ਦਾ ਸ਼ਾਇਰ' ਕਿਹਾ ਜਾਂਦਾ ਹੈ। ਦੂਜਾ ਮਹਤੱਵਪੂਰਨ ਕਿਰਦਾਰ ਜਿਹੜਾ ਇਰਫਾਨ ਦੇ ਹਿੱਸੇ ਆਇਆ, ਉਹ ਹਿੰਦੀ ਕਵੀ ਉਦੈ ਪ੍ਰਕਾਸ਼ ਦੁਆਰਾ ਰੂਸ ਦੇ ਮਕਬੂਲ ਲੇਖਕ ਮਿਖਾਈਲ ਸ਼ੋਲੋਖੋਵ ਦੇ ਲਿਖੇ ਨਾਟਕ 'ਤੇ ਆਧਾਰਿਤ ਟੀ.ਵੀ. ਡਰਾਮੇ 'ਲਾਲ ਘਾਸ ਪਰ ਨੀਲੇ ਘੋੜੇ' ਨਿਭਾਇਆ ਲੈਨਿਨ ਦਾ ਕਿਰਦਾਰ ਸੀ। ਅਜਿਹੇ ਗੁੰਝਲਦਾਰ ਕਿਰਦਾਰ ਅਦਾ ਕਰਨ ਤੋਂ ਬਾਅਦ ਜਦੋਂ ਇਰਫਾਨ ਖਾਨ ਪ੍ਰਸਿਧ ਟੈਲੀ ਸੀਰੀਅਲ 'ਚੰਦਰਕਾਂਤਾ' ਵਿਚ ਬਹੁਰੂਪੀਏ ਜਾਂ ਆਯਾਰ ਦੇ ਰੂਪ ਵਿਚ ਪਰਦਾਪੇਸ਼ ਹੁੰਦਾ ਹੈ ਤਾਂ ਉਹਦੀ ਇਕੋ ਸਮੇਂ ਦੋ ਭਰਾਵਾਂ ਬਦਰੀਨਾਥ ਉਰਫ ਸੋਮਨਾਥ ਦੀ ਨਿਭਾਈ ਭੂਮਿਕਾ ਨੇ ਜਿਸ ਤਰ੍ਹਾਂ ਨਾਲ ਕਰੂਰ ਸਿੰਘ ਦੇ ਕਿਰਦਾਰ ਨੂੰ ਵਕਤ ਪਾਈ ਰੱਖਿਆ, ਉਸ ਨੇ ਦਰਸ਼ਕਾਂ ਨੂੰ ਸਾਲਾਂ ਤੱਕ ਆਪਣੇ ਨਾਲ ਜੋੜੀ ਰੱਖਿਆ।

ਇਰਫਾਨ ਦੇ ਫੌਤ ਹੋਣ ਤੋਂ ਬਾਅਦ ਲਗਾਤਾਰ ਇਹੀ ਜਾਪਦਾ ਰਿਹਾ ਕਿ ਉਹ ਹੁਣੇ ਕਿਤੇ ਦੁਬਾਰਾ ਰੂਪ ਬਦਲ ਕੇ ਆ ਸਕਦਾ ਹੈ ਅਤੇ ਕਹਿ ਸਕਦਾ ਹੈ ਕਿ 'ਆਯਾਰ ਕਭੀ ਮਰਤਾ ਨਹੀਂ, ਸਿਰਫ ਰੂਪ ਬਦਲਤਾ ਹੈ'। ਇਹ ਵੀ ਕਿੰਨਾ ਅਜੀਬ ਹੈ ਕਿ ਕਿ ਉਸ ਦੁਆਰਾ 'ਹੈਦਰ' ਵਿਚ ਨਿਭਾਇਆ ਕਿਰਦਾਰ ਵੀ 'ਚੰਦਰਕਾਂਤਾ' ਖਤਮ ਹੋਣ ਦੇ ਵੀਹ ਸਾਲਾਂ ਬਾਅਦ ਆਖਦਾ ਹੈ:

ਆਪ ਜਿਸਮ ਹੈ ਤੋ ਮੈਂ ਰੂਹ,
ਦਰਿਆ ਭੀ ਮੈਂ, ਦਰੱਖਤ ਵੀ ਮੈਂ
ਜਿਹਲਮ ਵੀ ਮੈਂ, ਚਿਨਾਰ ਵੀ ਮੈਂ
ਦੈਰ ਵੀ ਮੈਂ, ਹਰਮ ਵੀ ਮੈਂ
ਸ਼ਾਹੀ ਵੀ ਮੈਂ, ਸੁੰਨੀ ਵੀ ਮੈਂ।
ਮੈਂ ਹੂੰ ਪੰਡਿਤ
ਮੈਂ ਥਾਂ, ਮੈਂ ਹੂੰ, ਮੈਂ ਹੀ ਰਹੂੰਗਾ।

ਜੇ ਅਸੀਂ ਸਿਆਸਤ ਦੀ ਥੋੜ੍ਹੀ ਜਿਹੀ ਵੀ ਸਮਝ ਰੱਖਦੇ ਹਾਂ ਤਾਂ ਸਾਨੂੰ ਇਹ ਸਮਝ ਆ ਜਾਣਾ ਚਾਹੀਦਾ ਕਿ ਇਨ੍ਹਾਂ ਸਤਰਾਂ ਦਾ ਹੈਦਰ ਦੇ ਕਿਰਦਾਰ ਦੁਆਰਾ ਬੋਲੀ ਗਈ ਲਾਈਨ: 'ਮੈਂ ਹਾਂ ਜਾਂ ਮੈਂ ਨਹੀਂ ਹਾਂ' ਨਾਲ ਕੀ ਰਿਸ਼ਤਾ ਬਣਦਾ ਹੈ!

ਫਿਲਮਸਾਜ਼ ਦੀਪਾ ਮਹਿਤਾ ਨੇ ਇਰਫਾਨ ਨੂੰ 'ਸਲਾਮ ਬੰਬੇ' ਰਾਹੀ ਕੌਮਾਂਤਰੀ ਦ੍ਰਿਸ਼ 'ਤੇ ਲਿਆਂਦਾ। ਇਸ ਫਿਲਮ ਵਿਚ ਉਸ ਦਾ ਕਿਰਦਾਰ ਛੋਟਾ ਸੀ ਪਰ ਉਹਨੇ ਆਪਣੀਆਂ ਬੋਲਦੀਆਂ ਅੱਖਾਂ ਅਤੇ ਸਰੀਰਕ ਹਾਵ-ਭਾਵ ਰਾਹੀਂ ਅਜਿਹਾ ਜਾਦੂ ਸਿਰਜਿਆ ਕਿ ਉਹਦੀ ਗਿਣਤੀ ਉਭਰਦੇ ਹੋਏ ਚਰਿਤਰ ਅਭਿਨੇਤਾਵਾਂ ਵਿਚ ਹੋਣ ਲੱਗੀ। ਫਿਲਮ ਨੇ ਕੌਮਾਂਤਰੀ ਚਰਚਾ ਤਾਂ ਛੇੜੀ, ਐਪਰ ਇਰਫਾਨ ਦਾ ਸੰਘਰਸ਼ ਜਾਰੀ ਰਿਹਾ।

ਜੇ ਬੰਬਈ ਫਿਲਮ ਇੰਡਸਟਰੀ ਨੂੰ ਧਿਆਨ



*ਅਦਾਕਾਰ ਇਰਫਾਨ ਖਾਨ।*

ਨਾਲ ਦੇਖਿਆ ਜਾਵੇ ਤਾਂ ਗਲੈਮਰ ਤੇ ਸਟਾਰਡਮ ਦੀ ਚਕਾਚੌਂਧ ਦੇ ਪਿੱਛੇ ਵਾਲਾ ਸੱਚ ਬਿਲਕੁਲ ਕਾਲਾ ਹੈ। ਇਸ ਕਲਿੱਤਣ ਦਾ ਇਕ ਸਿਰਾ ਫਿਲਮ ਇੰਡਸਟਰੀ ਵਿਚ ਅਜਿਹੇ ਮੱਠਾਂ ਦੀ ਹੋਂਦ ਨਾਲ ਜਾ ਜੁੜਦਾ ਹੈ ਜਿਨ੍ਹਾਂ ਦੀ ਰਜ਼ਾ ਵਿਚ ਰਾਜ਼ੀ ਰਹਿਣ ਤੋਂ ਬਿਨਾਂ ਇਥੇ ਵੱਡੇ-ਵੱਡੇ ਅਦਾਕਾਰਾਂ ਦੇ ਪੈਰ ਉਖੜ ਜਾਂਦੇ ਹਨ। ਮਸਲਾ ਹੋਰ ਵੀ ਗੰਭੀਰ ਹੋ ਜਾਂਦਾ ਹੈ, ਜਦੋਂ ਛੋਟੇ ਸ਼ਹਿਰਾਂ ਅਤੇ ਪਿੰਡਾਂ ਦੇ ਮੁੰਡੇ-ਕੁੜੀਆਂ ਆਪਣੀਆਂ ਅੱਖਾਂ ਵਿਚ ਅਜਿਹੇ ਸੁਪਨੇ ਪਾਲ ਲੈਂਦੇ ਹਨ ਜਿਨ੍ਹਾਂ ਦੀਆਂ ਕੀਚਰਾਂ ਪੂਰੀ ਉਮਰ ਉਨ੍ਹਾਂ ਦੇ ਜ਼ਿਹਨ ਨੂੰ ਲਹੂ-ਲੁਹਾਣ ਕਰਦੀਆਂ ਰਹਿੰਦੀਆਂ ਹਨ। ਇਰਫਾਨ ਇਹ ਸਾਰੀਆਂ ਕਿਰਚਾਂ ਆਪਣੀ ਸਾਦਗੀ ਅਤੇ ਟੇਢੀ ਮੁਸਕਰਾਹਟ ਨਾਲ ਝੱਲਦਾ ਰਿਹਾ। ਉਹਦੇ ਫੌਤ ਹੋਣ ਤੋਂ ਬਾਅਦ ਜੇ ਸਿਰਫ ਸ਼ੋਸ਼ਲ ਮੀਡੀਆ 'ਤੇ ਹੋਈ ਪ੍ਰਤੀਕਿਰਿਆ ਨੂੰ ਹੀ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਹਰ ਕਿਸੇ ਵਿਚੋਂ ਉਸ ਦਾ ਕੋਈ ਨਾ ਕੋਈ 'ਮੇਰਾ ਇਰਫਾਨ ਖਾਨ' ਤੁਰ ਗਿਆ ਹੈ। ਕੋਈ ਅਦਾਕਾਰ ਇਸ ਤੋਂ ਵੱਧ ਕੀ ਭਾਲ ਸਕਦਾ ਹੈ?

ਫਿਲਮ 'ਹਾਸਿਲ' ਵਿਚ ਇਰਫਾਨ ਖਲਨਾਇਕ ਦੇ ਰੂਪ ਵਿਚ ਸੀ। 2003 ਵਿਚ ਆਈ ਇਸ ਫਿਲਮ ਦਾ ਆਧਾਰ ਅਲਾਹਾਬਾਦ ਯੂਨੀਵਰਸਿਟੀ ਵਿਚ ਹੁੰਦੀ ਵਿਦਿਆਰਥੀ ਸਿਆਸਤ ਸੀ। ਇਸ ਫਿਲਮ ਵਿਚ ਇਰਫਾਨ ਨੇ ਅਜਿਹੇ ਵਿਦਿਆਰਥੀ ਨੇਤਾ ਦਾ ਰੋਲ ਅਦਾ ਕੀਤਾ ਜਿਹੜਾ ਭਾਰਤੀ ਸਿਆਸਤ ਦੇ ਮੂਲ-ਮੰਤਰ 'ਸਾਮ-ਦੰਡ-ਭੇਦ' ਦੀ ਨੀਤੀ 'ਤੇ ਚੱਲਦਿਆਂ ਆਪਣੇ ਵਿਰੋਧੀਆਂ ਦਾ ਕਤਲ ਕਰਦਾ ਚਲਾ ਜਾਂਦਾ ਹੈ। 2004 ਵਿਚ ਆਈ ਫਿਲਮ 'ਮਕਬੂਲ' ਨੂੰ ਇਰਫਾਨ ਖਾਨ ਦੀ ਫਿਲਮੀ ਦੌੜ ਵਿਚ ਮੀਲ ਦਾ ਪੱਥਰ ਮੰਨਿਆ ਜਾ ਸਕਦਾ ਹੈ।

ਫਿਲਮਸਾਜ਼ ਵਿਸ਼ਾਲ ਭਾਰਦਵਾਜ ਨੇ ਸ਼ੇਕਸਪੀਅਰ ਦੇ ਡਰਾਮੇ 'ਮੈਕਬਿਥ' ਦੇ ਮੁੱਖ ਕਿਰਦਾਰ ਨੂੰ ਜਿੰਨੀ ਬਾਰੀਕੀ ਨਾਲ ਪੁਨਰ-ਜੀਵਤ ਕੀਤਾ, ਓਨੀ ਹੀ ਸ਼ਿੱਦਤ ਨਾਲ ਇਰਫਾਨ ਖਾਨ ਨੇ ਇਸ ਕਿਰਦਾਰ ਵਿਚ ਰੂਹ ਫੂਕ ਦਿੱਤੀ। ਵਿਸ਼ਾਲ ਭਾਰਦਵਾਜ ਦੀ ਜੀਵੰਤ ਕਲਪਨਾ ਅਤੇ ਕੈਮਰੇ ਦੁਆਰਾ ਸਿਰਜੇ ਖੂਬਸੂਰਤ ਤਲਿੱਸਮ ਦੇ ਬਾਵਜੂਦ ਫਿਲਮ ਦਰਸ਼ਕਾਂ ਦੀ ਚੇਤਨਾ ਨੂੰ ਸੁੰਨ ਕਰ ਦਿੰਦੀ ਹੈ। ਫਿਲਮ ਵਿਚ 'ਪਛਤਾਵੇ' ਦੇ ਭਾਵ ਜਿਵੇਂ ਤੱਬੂ ਅਤੇ ਇਰਫਾਨ ਨੂੰ ਤਿਲ-ਤਿਲ ਕਰ ਕੇ ਮਾਰਦੇ ਹਨ, ਉਸ ਦਾ ਬਿਆਨ ਮੁਸ਼ਕਿਲ ਹੈ।

ਇਸ ਤੋਂ ਅਗਲੀ ਫਿਲਮ 'ਨੇਮਸੇਕ' ਵਿਚ ਇਰਫਾਨ ਖਾਨ ਅਤੇ ਤੱਬੂ ਆਪਣੀ ਸਕਰੀਨ ਕੈਮਿਸਟਰੀ ਦੁਹਰਾਉਂਦੇ ਹਨ। ਇਹ ਫਿਲਮ ਜੁੰਪਾ ਲਹਿਰੀ ਦੇ ਇਸੇ ਨਾਮ ਦੇ ਨਾਵਲ 'ਤੇ ਬਣੀ ਸੀ ਅਤੇ ਇਹ ਬੰਗਾਲੀ ਜੋੜੇ ਦੇ ਅਮਰੀਕਾ ਪਰਵਾਸ ਕਰਨ ਉਪਰੰਤ ਆਪਣੀਆਂ ਜੜ੍ਹਾਂ ਦੀ ਤਲਾਸ਼ 'ਤੇ ਆਧਾਰਿਤ ਹੈ। ਹਰ ਅਗਲੀ ਫਿਲਮ ਨਾਲ ਇਰਫਾਨ ਖਾਨ ਦੀ ਅਦਾਕਾਰੀ ਲਗਾਤਾਰ ਨਿੱਖਰਦੀ ਗਈ।

ਇਸ ਤੋਂ ਅਗਲੀਆਂ ਕੁੱਝ ਫਿਲਮਾਂ ਜਿਵੇਂ 'ਲਾਈਫ ਇੰਨ ਏ ਮੈਟਰੋ', 'ਪਾਨ ਸਿੰਘ ਤੋਮਰ' ਅਤੇ 'ਤਲਵਾਰ' ਵਿਚ ਇਰਫਾਨ ਪਟਕਥਾ ਵਿਚ ਗੁੰਨ੍ਹਿਆ ਹੋਇਆ ਮਿਲਦਾ ਹੈ, ਖਾਸ ਤੌਰ 'ਤੇ 'ਪਾਨ ਸਿੰਘ ਤੋਮਰ' ਵਿਚ, ਜਿਵੇਂ ਉਸ ਦੀ ਸਰੀਰਕ ਭਾਸ਼ਾ, ਵਿਅੰਗਆਤਮਕ ਤੱਕਣੀ ਅਤੇ ਟੋਨ ਨੂੰ ਵਰਤਿਆ ਗਿਆ ਹੈ, ਉਹ ਤਾਰੀਫ ਦੇ ਕਾਬਿਲ ਹੈ। ਉਹਦੀ ਇਸ ਲਈ ਵੀ ਤਾਰੀਫ ਬਣਦੀ ਹੈ ਕਿ ਭਾਰਤੀ ਸਿਨੇਮੇ ਤੋਂ ਹਾਲੀਵੁੱਡ ਫਿਲਮਾਂ ਵਿਚ ਆਪਣੀ ਪੈਂਠ ਕਾਇਮ ਕਰਨ ਦਾ ਔਖਾ ਕਾਰਜ ਉਹ ਜਿੰਨੀ ਸ਼ਿੱਦਤ ਅਤੇ ਸਹਿਜਤਾ ਨਾਲ ਕਰਦਾ ਹੈ, ਉਹ ਆਪਣੇ-ਆਪ ਵਿਚ ਮਿਸਾਲ ਹੈ।

ਇਰਫਾਨ ਖਾਨ ਸ਼ਾਇਦ ਪਹਿਲਾ ਅਜਿਹਾ ਅਦਾਕਾਰ ਹੈ ਜਿਸ ਨੇ ਆਪਣੀਆਂ ਅਮਰੀਕਨ ਫਿਲਮਾਂ ਬਾਰੇ ਕਸੀਦੇ ਨਹੀਂ ਪੜ੍ਹੇ ਸਗੋਂ ਸ਼ਾਨਦਾਰ ਤੇ ਸੰਵੇਦਨਸ਼ੀਲ ਮਨੁੱਖ ਵਾਂਗ ਆਪਣੇ ਪੈਰ ਜ਼ਮੀਨ 'ਤੇ ਟਿਕਾਈ ਰੱਖੇ। ਉਹਦੀ ਖਸਲਤ ਵਿਚ ਮਿੱਟੀ ਦੀ ਮੁਹੱਬਤ ਓਦਾਂ ਹੀ ਮਹਿਕਦੀ ਰਹੀ।

ਇਰਫਾਨ ਖਾਨ ਬਾਰੇ ਲਿਖਿਆ ਸਾਰਾ ਕੁਝ ਅਧੂਰਾ ਹੈ, ਜੇ 'ਲੰਚ ਬਾਕਿਸ' ਅਤੇ 'ਪੀਕੂ' ਦੀ ਗੱਲ ਨਾ ਕੀਤੀ ਜਾਵੇ। ਇਨ੍ਹਾਂ ਫਿਲਮਾਂ ਵਿਚ ਉਹ ਅਜਿਹੇ ਕਿਰਦਾਰਾਂ ਵਿਚ ਹਨ ਜਿਨ੍ਹਾਂ ਨੇ ਅੱਜ ਦੇ ਦੌਰ ਵਿਚ ਘਟਨਾਵਾਂ ਅਤੇ ਚੀਜ਼ਾਂ ਨੂੰ ਉਨ੍ਹਾਂ ਦੇ ਠੀਕ-ਗਲਤ, ਨੈਤਿਕ-ਅਨੈਤਿਕ ਅਤੇ ਕਾਇਦਿਆਂ-ਨਿਯਮਾਂਵਲੀਆਂ ਤੋਂ ਪਾਰ ਜਾ ਕੇ ਜਿਊਣਾ ਸਿੱਖ ਲਿਆ ਹੈ। ਇਨ੍ਹਾਂ ਨੇ ਜ਼ਿੰਦਗੀ ਵਿਚੋਂ ਆਪਣੇ ਹਿੱਸੇ ਦੇ ਨੈਣ-ਨਕਸ਼ ਘੜ ਲਏ ਹਨ, ਤੇ ਉਹ ਇਸ ਲਈ ਬਿਲਕੁਲ ਸ਼ਰਮਿੰਦਾ ਨਹੀਂ।

ਇਰਫਾਨ ਖਾਨ ਦੇ ਫੌਤ ਹੋਣ ਦੀ ਖਬਰ ਸੁਣਦਿਆਂ ਹੀ ਉਸ ਦੀ ਪਾਰਟਨਰ ਸੁਤਾਪਾ ਵਲ ਧਿਆਨ ਜਾਂਦਾ ਹੈ। ਦੋਵਾਂ ਦੀ ਮੁਲਾਕਾਤ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਪੜ੍ਹਦਿਆਂ ਹੋਈ। ਉਨ੍ਹਾਂ ਦੇ ਵਿਆਹ ਨੂੰ ਪੰਝੀ ਸਾਲ ਹੋ ਗਏ ਹਨ। ਸੁਤਾਪਾ ਨੇ 'ਖਾਮੋਸ਼ੀ', 'ਸ਼ਬਦ' ਵਰਗੀਆਂ ਫਿਲਮਾਂ ਦੇ ਸੰਵਾਦ ਲਿਖੇ ਹਨ। ਇਰਫਾਨ ਖਾਨ ਦੀ ਬਿਮਾਰੀ ਦੇ ਦਿਨਾਂ ਵਿਚ ਉਹ ਆਪਣੀ ਇਕ ਪੋਸਟ ਵਿਚ ਲਿਖਦੀ ਹੈ:

ਜ਼ਿੰਦਗੀ ਦੇ ਗੀਤ 'ਤੇ ਧਿਆਨ ਦੇਵੋ।
ਜ਼ਿੰਦਗੀ ਦੀ ਜਿੱਤ ਦਾ ਧਿਆਨ ਧਰੋ।
ਆਉ ਦੁੱਖ ਦਾ ਇਹ ਪੰਨਾ ਪਲਟ ਦਈਏ।

## ਇਰਫਾਨ ਖਾਨ ਦਾ ਖਤ

ਜ਼ਿੰਦਗੀ ਦੀ ਅਜਬ ਜਿਹੀ ਅਤੇ ਅਤਿ-ਫੁਰਤੀਲੇ ਵੇਗ ਵਾਲੀ ਟ੍ਰੇਨ 'ਤੇ ਚੜ੍ਹਿਆ ਹੋਇਆ ਹਾਲੇ ਤੱਕ ਮੈਂ ਆਪਣੀ ਹੀ ਕਿਸੇ ਅਣਜਾਣੀ ਧੁਨ ਵਿਚ ਬੜੀ ਤੇਜ਼ ਗਤੀ ਨਾਲ ਅੱਗੇ, ਅੱਗੇ ਤੇ ਹੋਰ ਅੱਗੇ ਵਧ ਰਿਹਾ ਸੀ। ਮੇਰੇ ਕਿੰਨੇ ਹੀ ਸੁਪਨੇ, ਸੱਧਰਾਂ ਅਤੇ ਨਿਸ਼ਾਨੇ ਸੀ ਜਿਨ੍ਹਾਂ ਦੇ ਸੁਪਨਈ ਸੰਸਾਰ ਵਿਚ ਕੁੱਦਣ ਲਈ ਮੈਂ ਪੂਰੀ ਵਾਹ ਲਾਈ ਹੋਈ ਸੀ। ਇਸ ਲੰਮੀ ਕਸ਼ਮਕਸ਼ ਦੀਆਂ ਬਣਦੀਆਂ-ਵਿਗੜਦੀਆਂ ਬਣਤਰਾਂ ਦੇ ਵਿਚ ਇਕ ਦਿਨ ਅਚਾਨਕ ਟੀ.ਟੀ. ਨੇ ਮੇਰੇ ਮੋਢੇ 'ਤੇ ਹੱਥ ਮਾਰ ਮੈਨੂੰ ਥੋੜ੍ਹਾ ਜਿਹਾ ਹਲੂਣਿਆ ਤੇ ਕਿਹਾ, "ਅਹੁ ਤੇਰਾ ਸਟੇਸ਼ਨ ਆ ਗਿਆ ਏ ਜਵਾਨਾ! ਤਿਆਰੀ ਖਿੱਚ ਲੈ!" ਮੈਂ ਉਲਝਣ ਜਿਹੀ ਵਿਚ ਉਹਦੇ ਨਾਲ ਥੋੜ੍ਹਾ ਬਹਿਸਿਆ ਕਿ ਨਹੀਂ! ਨਹੀਂ!! ਅਜੇ ਮੇਰਾ ਸਟੇਸ਼ਨ ਕਿਥੋਂ ਆ ਗਿਆ, ਮੈਂ ਤਾਂ ਹਾਲੇ ਬੜੀ ਦੂਰ ਜਾਣਾ। ਬੋਲਿਆ, "ਇਹੀ ਤੇਰਾ ਸਟੇਸ਼ਨ ਤੈਅ ਹੋਇਆ ਏ ਪੁੱਤਰਾ। ਕਦੇ-ਕਦੇ ਇੰਝ ਹੀ ਹੁੰਦੈ। ਝੱਲਾ ਨਾ ਬਣ। ਉਤਰ ਜਾ।"

ਕਾਲੀ-ਬੋਲੀ ਨ੍ਹੇਰੀ ਵਾਂਗੂੰ ਚੜ੍ਹ ਕੇ ਆਈ ਇਸ ਘੜੀ ਨੇ ਮੇਰੇ ਮਨ ਦੀਆਂ ਡੂੰਘੀਆਂ ਪਰਤਾਂ ਦੇ ਟੱਲ ਖੜਕਾ ਦਿੱਤੇ ਅਤੇ ਉਦੋਂ ਮੈਨੂੰ ਅਹਿਸਾਸ ਹੋਇਆ ਕਿ ਅਸੀਂ ਤਾਂ ਮਹਿਜ਼ ਕਿਸੇ ਰੁੱਖ ਦੇ ਪਤਲੇ ਜਿਹੇ ਸੱਕ ਜਾਂ ਫਿਰ ਕਿਸੇ ਖਾਲੀ ਬੋਤਲ ਦੇ ਉਸ ਢੱਕਣ ਤੋਂ ਵੱਧ ਕੁਝ ਵੀ ਨਹੀਂ ਜਿਹੜਾ ਕਿਸੇ ਮਹਾਂ ਵਿਸ਼ਾਲ ਸਮੁੰਦਰ ਦੀਆਂ ਅਗਿਆਤ ਲਹਿਰਾਂ 'ਤੇ ਉਤੇ-ਥੱਲੇ ਹੁੰਦਾ, ਡਿੱਕ-ਡੋਲੇ ਖਾਂਦਾ ਵਹਿ ਰਿਹਾ।

ਇਸ ਅਫਰਾ-ਤਫਰੀ ਅਤੇ ਹੜਬੜਾਹਟ ਦੇ ਵਿਚ ਮੈਂ ਆਪਣੇ ਪੁੱਤ ਨੂੰ ਕਿਹਾ, "ਯਾਰ, ਮੈਂ ਇਸ ਸਹਿਮ ਅਤੇ ਡਰ ਦੇ ਭੈੜੇ ਜਿਹੇ ਮਾਹੌਲ ਵਿਚ ਨਹੀਂ ਜਿਊਣਾ ਚਾਹੁੰਦਾ, ਜਿਹੜਾ ਮੇਰੇ ਤਨ ਅਤੇ ਮਨ ਦੋਵਾਂ ਨੂੰ ਅਸਲੋਂ ਸਿੱਥਲ ਅਤੇ ਅਪੰਗ ਬਣਾਉਣ 'ਤੇ ਤੁਲਿਆ ਹੋਇਆ। ਮੈਨੂੰ ਕਿਸੇ ਵੀ ਕੀਮਤ ਉਤੇ ਮੇਰੇ ਪੈਰ ਚਾਹੀਦੇ ਨੇ। ਉਹੀ ਪੈਰ, ਜਿਹੜੇ ਸਾਰੀ ਉਮਰ ਮੈਨੂੰ ਨਵੀਆਂ ਤੇ ਨਰੋਈਆਂ ਦਿਸ਼ਾਵਾਂ ਵਲ ਲਿਜਾਂਦੇ ਰਹੇ। ਮੇਰੇ ਪੈਰ।

ਤੇ ਫਿਰ ਇਕ ਦਰਦ, ਜੀਹਦੇ ਨਾਲ ਮੇਰਾ ਕੋਈ ਵਾਹ-ਵਾਸਤਾ ਨਹੀਂ ਸੀ, ਮੈਨੂੰ ਚਾਰੇ ਪਾਸਿਓਂ ਜਕੜ ਲੈਂਦਾ। ਮੈਨੂੰ ਆਪਣੇ ਲੰਮੇ-ਚੌੜੇ ਜਾਲ ਵਿਚ ਕੱਸ ਕੇ ਮੇਰੀ ਦੇਹ ਅਤੇ ਮੇਰੀ ਰੂਹ ਨੂੰ ਆਪਣੇ ਹੀ ਭਿਆਨਕ ਢੰਗ ਨਾਲ ਵਲ ਲੈਂਦਾ। ਇਹ ਉਹ ਵਕਤ ਸੀ, ਜਦੋਂ ਜ਼ਿੰਦਗੀ ਵਿਚ ਪਹਿਲੀ ਦਫਾ ਮੈਂ 'ਦਰਦ' ਦੀ ਮੂਲ ਤਾਸੀਰ, ਉਸ ਦੀ ਵਿਆਪਕਤਾ ਅਤੇ ਉਸ ਦੀ ਬੇਜੋੜ ਤੀਬਰ ਤਾਕਤ ਨੂੰ ਨੇੜਿਓਂ ਦੇਖ ਰਿਹਾ ਸੀ। ਸਹੁੰ ਰੱਬ ਦੀ! ਕੋਈ ਦਿਲਾਸਾ, ਕੋਈ ਹਮਦਰਦੀ ਕੰਮ ਨਹੀਂ ਸੀ ਕਰ ਰਹੀ। ਚਹੁੰ ਪਾਸੇ ਦਰਦ ਹੀ ਦਰਦ ਸੀ। ਨਿਰੋਲ ਦਰਦ। ਰੱਬ ਤੋਂ ਵੀ ਵੱਡਾ ਦਰਦ। ਕੁਝ ਸਮਝ ਆ ਰਿਹਾ ਸੀ: ਇਥੇ ਇਕੋ ਹੀ ਗੱਲ ਸਥਾਈ ਹੈ ਕਿ ਇਥੇ ਕੱਖ ਵੀ ਸਥਾਈ ਨਹੀਂ।

ਮੈਂ ਜਿਹੜੇ ਹਸਪਤਾਲ ਵਿਚ ਹਾਂ, ਇਹ ਸੜਕ ਦੇ ਇਕ ਪਾਸੇ ਹੈ ਅਤੇ ਸੜਕ ਦੇ ਦੂਜੇ ਪਾਸੇ ਲਾਰਡ ਸਟੇਡੀਅਮ ਹੈ ਜਿਥੇ ਵਿਵੀਅਨ ਰਿਚਰਡਸ ਦਾ ਮੁਸਕਰਾਉਂਦਾ ਹੋਇਆ ਪੋਸਟਰ ਲੱਗਿਆ ਹੋਇਆ। ਤੁਹਾਨੂੰ ਦੱਸ ਦਿਆਂ ਕਿ ਵਿਵੀਅਨ ਰਿਚਰਡਸ ਉਹ ਇਨਸਾਨ ਸੀ ਜਿਹੜਾ ਮੇਰੇ ਬਚਪਨ ਵਿਚ ਮੇਰੇ ਸੁਪਨਿਆਂ ਦਾ ਮੱਕਾ ਹੀ ਬਣ ਗਿਆ ਸੀ। ਇਹ ਪਹਿਲੀ ਵਾਰੀ ਹੋ ਰਿਹਾ ਸੀ ਕਿ ਵਿਵੀਅਨ ਨੂੰ ਦੇਖਦਿਆਂ ਮੇਰੇ ਮਨ 'ਚ ਕੁਝ ਵੀ ਨਹੀਂ ਸੀ ਆ ਰਿਹਾ। ਬੱਸ ਇਕ ਖਾਲੀ-ਖਾਲੀ ਜਿਹਾ ਅਹਿਸਾਸ ਸੀ। ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਇਹ ਸਭ ਗੱਲਾਂ ਦਾ ਮੇਰੇ ਨਾਲ ਕਦੇ ਕੋਈ ਰਿਸ਼ਤਾ ਰਿਹਾ ਹੀ ਨਾ ਹੋਵੇ। ਇਹ ਸਭ ਕਿਸੇ



ਬੇਗਾਨੀ ਦੁਨੀਆ ਦਾ ਹਿੱਸਾ ਲੱਗ ਰਿਹਾ ਸੀ। ਹਸਪਤਾਲ ਦੀ ਬਾਲਕੋਨੀ 'ਚ ਖੜ੍ਹੇ ਨੂੰ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਮੇਰੇ ਹੁਣ ਤੱਕ ਦੇ ਸਾਰੇ ਦਾਅਵੇ ਝੂਠੇ ਪੈ ਰਹੇ ਨੇ ਅਤੇ ਇਕ-ਇਕ ਕਰ ਕੇ ਮੇਰੀਆਂ ਹੀ ਅੱਖਾਂ ਮੂਹਰੇ ਕਿਰ ਰਹੇ ਨੇ। ਹੱਥ-ਪੈਰ ਮਾਰਦਿਆਂ ਕੁਝ ਵੀ ਐਸਾ ਨਹੀਂ ਸੀ ਲੱਭ ਰਿਹਾ ਜੀਹ'ਤੇ ਮੈਂ ਆਪਣਾ ਹੱਕ ਜਤਾ ਸਕਦਾ। ਵਿਸ਼ਾਲ ਘੁੰਮਣਘੇਰੀ ਅੱਗੇ ਸ਼ਾਇਦ ਇਹ ਹਸਪਤਾਲ ਵੀ ਛਿੱਦਾ ਪੈ ਜਾਵੇਗਾ। ਸਾਹਮਣੇ ਕੁਝ ਹੋਰ ਦਿਸ ਰਿਹਾ ਸੀ। ਮੇਰੇ ਅੰਦਰੋਂ ਬਾਕੀ ਸਭ ਕੁਝ ਖਤਮ ਹੋ ਰਿਹਾ ਸੀ ਪਰ ਹਾਂ, ਹੁਣ ਖੁਦਾ ਦੀ ਅਨੰਤ ਸ਼ਕਤੀ ਅਤੇ ਪਾਵਨ ਬੁੱਧੀ ਦੇ ਕਰਾਮਾਤੀ ਲਿਸ਼ਕਾਰੇ ਮੇਰੀ ਖੱਲ ਵਿਚ ਵਰੋਲੇ ਵਾਂਗੂੰ ਉਠ ਰਹੇ ਸੀ। ਥੋੜ੍ਹੀ ਹਿੰਮਤ ਉਸਰ ਰਹੀ ਸੀ ਕਿ ਇਸ ਮੁਸ਼ਕਿਲ ਦੌਰ ਨੂੰ ਦਲੇਰੀ ਨਾਲ ਨਜਿੱਠਿਆ ਜਾਵੇ। ਇਸ ਨਵੇਂ ਜੁਟ ਰਹੇ ਸਾਰੇ ਅਹਿਸਾਸ ਨੇ ਮੈਨੂੰ ਵੱਡਾ ਸਹਾਰਾ ਦਿੱਤਾ। ਇਕ ਸਮਰਪਣ, ਇਕ ਵਿਸ਼ਵਾਸ, ਇਕ ਭਰੋਸੇ ਦਾ ਆਲਮ ਮੈਨੂੰ ਆਪਣੇ ਕਲਾਵੇ ਵਿਚ ਲੈਣ ਲੱਗਾ। ਨਤੀਜਾ ਕੁਝ ਵੀ ਹੋਵੇ, ਇਹ ਬਿਮਾਰੀ ਅੱਜ ਤੋਂ ਚਾਰ ਮਹੀਨੇ, ਅੱਠ ਮਹੀਨੇ ਜਾਂ ਦੋ ਸਾਲਾਂ ਬਾਅਦ ਮੈਨੂੰ ਕਿਤੇ ਵੀ ਲੈ ਜਾਵੇ, ਮੈਂ ਹਿੰਮਤ ਨਹੀਂ ਹਾਰਨੀ। ਹੌਲੀ-ਹੌਲੀ ਮੇਰੀ ਚਿੰਤਾ ਧੁੰਦਲੀ ਪੈਣ ਲੱਗੀ ਅਤੇ ਫਿਰ ਮੇਰੇ ਮਨ 'ਚੋਂ ਕੋਈ ਰਾਹ ਜਿਹਾ ਬਣਾ ਕੇ ਨਿਕਲ ਹੀ ਗਈ।

ਪਹਿਲੀ ਵਾਰੀ ਮੈਂ ਜਾਣਿਆ ਕਿ 'ਆਜ਼ਾਦੀ' ਕਿਸ ਸ਼ੈਅ ਦਾ ਨਾਮ ਹੁੰਦਾ ਹੈ। ਜਿਵੇਂ ਮੈਨੂੰ ਕੋਈ ਨਵਾਂ ਅਹੁਦਾ ਮਿਲ ਗਿਆ ਹੋਵੇ। ਪਹਿਲੀ ਵਾਰੀ ਮੈਂ ਜ਼ਿੰਦਗੀ ਦੀਆਂ ਜਾਦੂਮਈ ਸੁਰਾਂ ਦਾ ਸਵਾਦ ਚੱਖ ਰਿਹਾ ਸੀ। ਪਰਮਾਤਮਾ ਦੀ ਅਸੀਮ ਸੱਤਾ ਵਿਚ ਮੇਰਾ ਅਟੱਲ ਯਕੀਨ ਸਥਾਪਿਤ ਹੋ ਗਿਆ। ਇਹ ਯਕੀਨ ਮੇਰੇ ਸਰੀਰ ਦੇ ਇਕੱਲੀ-ਇਕੱਲੀ ਕੋਸ਼ਿਕਾ ਵਿਚ ਫੈਲ ਗਿਆ। ਇਹ ਤਾਂ ਸਮੇਂ ਨੇ ਦੱਸਣਾ ਕਿ ਇਹ ਵਿਸ਼ਵਾਸ ਕਿੰਨਾ ਕੁ ਚਿਰ ਰੁਕੇਗਾ ਪਰ ਹਾਲ ਦੀ ਘੜੀ ਮੈਂ ਪੂਰੀ ਆਜ਼ਾਦੀ ਅਤੇ ਸਮਰਪਣ ਵਿਚ ਹਾਂ।

ਦਰਦ ਦੀ ਇਸ ਲੰਮੀ ਯਾਤਰਾ ਵਿਚ ਦੁਨੀਆ ਭਰ ਦੇ ਲੋਕ, ਜਿਨ੍ਹਾਂ ਨੂੰ ਮੈਂ ਕਦੇ ਮਿਲਿਆ ਵੀ ਨਹੀਂ, ਜਾਣਦਾ ਵੀ ਨਹੀਂ, ਮੇਰੇ ਠੀਕ ਹੋਣ ਲਈ ਦੁਆਵਾਂ ਕਰ ਰਹੇ ਨੇ। ਮੈਨੂੰ ਇਉਂ ਲਗਦੈ ਕਿ ਸਾਰੇ ਲੋਕਾਂ ਦੀ ਅਣਗਿਣਤ ਅਰਦਾਸਾਂ ਇਕੱਠੀਆਂ ਹੋ ਕੇ ਕਿਸੇ ਇਕ ਇਕਾਈ ਵਿਚ ਹੀ ਢਲ ਗਈਆਂ ਨੇ ਅਤੇ ਜ਼ਿੰਦਗੀ ਦੀ ਇਹ ਸਾਂਝੀ ਅਤੇ ਜਗਦੀ ਹੋਈ ਜੋਤ ਮੇਰੀ ਕੰਗਰੋੜ 'ਚੋਂ ਗੁਜ਼ਰਦੀ ਹੋਈ ਮੇਰੇ ਸਿਰ ਦੇ ਉਪਰਲੇ ਹਿੱਸੇ ਵਿਚ ਜਾ ਕੇ ਨਵੀਨਤਾ ਅਤੇ ਉਤਸ਼ਾਹ ਨਾਲ ਹਰੀ ਹੋ ਰਹੀ ਹੈ। ਪੁੰਗਰ ਰਹੀ ਹੈ। ਪੁੰਗਰਦਿਆਂ-ਪੁੰਗਰਦਿਆਂ ਇਹ ਰੌਸ਼ਨੀ ਕਦੇ ਫੁੱਲ-ਕਲੀ, ਕਦੇ ਪੱਤੀ ਅਤੇ ਕਦੇ ਇਕ ਟਾਹਣੀ ਦਾ ਸਰੂਪ ਅਖਤਿਆਰ ਕਰ ਰਹੀ ਹੈ। ਟਾਹਣੀਆਂ-ਪੱਤਰਾਂ ਦੀ ਇਹ ਹਰਿਆਲੀ ਮੈਨੂੰ ਹੈਰਾਨੀ, ਖੁਸ਼ੀ ਅਤੇ ਉਤੇਜਨਾ ਨਾਲ ਲਬਰੇਜ਼ ਕਰ ਰਹੀ ਹੈ। ਮੈਨੂੰ ਫਿਰ ਉਹੀ ਮਹਾਂ-ਵਿਸ਼ਾਲ ਸਾਗਰ ਦੀਆਂ ਅਗਿਆਤ ਲਹਿਰਾਂ ਵਾਲੀ ਗੱਲ ਯਾਦ ਆ ਰਹੀ ਹੈ ਅਤੇ ਹੁਣ ਮੈਂ ਮਹਿਸੂਸ ਵੀ ਕਰ ਰਿਹਾਂ ਹਾਂ ਕਿ ਉਨ੍ਹਾਂ ਲਹਿਰਾਂ ਨੂੰ ਕਾਬੂ ਜਾਂ ਕੰਟਰੋਲ ਕਰਨਾ ਸਾਡਾ ਕੰਮ ਨਹੀਂ। ਅਸੀਂ ਕਰ ਵੀ ਨਹੀਂ ਸਕਦੇ। ਬੱਸ ਮੁੱਕਦੀ ਗੱਲ ਇਹੀ ਹੈ ਕਿ ਤੁਸੀਂ ਕੁਦਰਤ ਦੀਆਂ ਲਹਿਰਾਂ ਦੇ ਮਹਾਨ ਪੰਘੂੜੇ ਵਿਚ ਸਮਰਪਣ ਅਤੇ ਆਸਥਾ ਨਾਲ ਝੂਲਦੇ ਰਹੋ। ਸੱਚੀਂ! ਬੱਸ ਇਹੀ ਗੱਲ ਹੈ ਹੋਰ ਕੁਝ ਨਹੀਂ।

***-ਇਰਫਾਨ ਖਾਨ, ਲੰਡਨ, 2018***
***(ਅਨੁਵਾਦ: ਹਰਮਨਜੀਤ ਸਿੰਘ)***



Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR
COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੋਰ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com